ਦਸ਼ਮੇਸ਼ ਦਰਪਣ

ਡਾ: ਤਾਰਨ ਸਿੰਘ

ਦਸਮੇਸ਼ ਦਰਪਨ

ਡਾ: ਤਾਰਨ ਸਿੰਘ
ਐਮ. ਏ; ਪੀ-ਐਚ. ਡੀ.

ਭਾਈ ਫ਼ਕੀਰ ਸਿੰਘ ਐਂਡ ਸਨਜ਼
ਘੰਟਾ ਘਰ, ਅੰਮ੍ਰਿਤਸਰ

ਲੇਖਕ :

ਡਾ: ਤਾਰਨ ਸਿੰਘ

ਪੰਜਾਬੀ ਯੂਨੀਵਰਸਟੀ, ਪਟਿਆਲਾ

ਪ੍ਰਕਾਸ਼ਕ :

ਫ਼ਕੀਰ ਸਿੰਘ ਐਂਡ ਸਨਜ਼

ਬਜ਼ਾਰ ਮਾਈ ਸੇਵਾਂ,

ਘੰਟਾ ਘਰ, ਅੰਮ੍ਰਿਤਸਰ

ਪ੍ਰਿੰਟਰ :

ਤੇਜਾ ਸਿੰਘ ਸੇਠੀ

ਤੇਜ ਪ੍ਰਿੰਟਿੰਗ ਪ੍ਰੈਸ

ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ

ਮੁਲ : ਸੱਤ ਰੁਪਏ

ਦਸਮੇਸ਼ ਸਿਮਰਤੀ ਗ੍ਰੰਥ

— ਜੋ —

ਦਸਮੇਸ਼ ਜੀ ਦੇ ਜਨਮ-ਉਤਸ਼ਵ ਦਿਵਸ ਦੀ ਤੀਜੀ ਸ਼ਤਾਬਦੀ ਤੇ
ਮਿਤੀ ੧੮ ਜਨਵਰੀ, ੧੯੬੭ ਨੂੰ
ਭਾਈ ਫ਼ਕੀਰ ਸਿੰਘ ਐਂਡ ਸਨਜ਼ ਵਲੋਂ ਪ੍ਰਕਾਸ਼ਤ ਕੀਤਾ ਗਿਆ ।

‘ਜਾਗਤ ਜੋਤ ਜਪੈ ਨਿਸ ਬਾਸਰ’

ਵਾਲੇ

ਖਾਲਸਾ ਜੀ

ਨੂੰ

ਦਸਮੇਸ਼ ਦਰਪਣ

ਦਸਮੇਸ਼ ਜੀ ਦੇ

ਆਤਮਾ, ਉਦੇਸ਼ਾਂ ਤੇ ਆਦਰਸ਼ਾਂ

ਦਾ

ਦਰਪਣ

ਇਸੇ ਕਲਮ ਤੋਂ—

ਤਤਕਰਾ

ਭਾਗ ਦੂਜਾ : ਦਸਮ ਗ੍ਰੰਥ

ਭਾਗ ਤੀਜਾ : ਖਾਲਸਾ

ਭਾਗ ਚੌਥਾ : ਮੁਦ੍ਰਾ

ਵਾਹਿਗੁਰੂ ਜੀ ਕਾ ਖਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫ਼ਤਹ

ਜੋ ਬੋਲੇ, ਸੋ ਨਿਹਾਲ
ਸਤਿ ਸ੍ਰੀ ਅਕਾਲ

ਭੂਮਿਕਾ

(੧)

ਸ੍ਰੀ ਗੁਰੂ ਗੋਬਿੰਦ ਸਿੰਘ, ਦਸਮੇਸ਼ ਪਿਤਾ ਜੀ ਦੇ ਜੀਵਨ ਵਿਚ 'ਸਪਤ ਸ਼੍ਰਿੰਗ' ਅਵਸ਼ ਪ੍ਰਕਾਸ਼ਮਾਨ ਹੋਏ ਜਿਨ੍ਹਾਂ ਦੀਆਂ ਥਿਤਾਂ ਸੰਨ ੧੬੬੬, ੧੬੭੫, ੧੬੮੫, ੧੬੯੯, ੧੭੦੫, ੧੭੦੮ ਤੇ ਸਦੀਵਤਾ (Eternity) ਹਨ। ਸਨ ੧੬੬੬ ਵਿਚ ਦਸਮੇਸ਼ ਜੀ ਨੂੰ ਅਕਾਲ ਪੁਰਖ ਵਲੋਂ ਆਦੇਸ਼ (Commission) ਪ੍ਰਾਪਤ ਹੋਇਆ ਅਤੇ ਆਪ ਨੂੰ ਅਕਾਲ ਪੁਰਖ ਨੇ 'ਅਪਨਾ ਸੁਤ' (ਪੁਤਰ) ਬਣਾ ਕੇ, ਪੂਰਨ ਤੇ ਵਿਸ਼ਾਲ ਅਧਿਕਾਰ, ਸ਼ਕਤੀ ਦੇ ਕੇ, 'ਪੰਥ ਪ੍ਰਚੁਰ' ਲਈ ਭੇਜਿਆ। ਜਦੋਂ ਕਿਸੇ ਜੀਵ-ਆਤਮਾ ਨੂੰ ਅਕਾਲ ਪੁਰਖ ਵਲੋਂ ਕਿਸੇ ਸੇਵਾ-ਉਦੇਸ਼ ਲਈ ਚੁਣਿਆ(ਥਾਪਿਆ) ਜਾਏ,ਇਹੋ ਹੀ ਉਸ ਆਤਮਾ ਲਈ ਮਹਾਨ ਸੁਹਾਵਣਾ ਜੀਵਨ ਸ਼੍ਰਿੰਗ (ਸਿਖਰ, ਚੋਟੀ) ਹੈ। ਇਸ ਤੋਂ ਉੱਚੀ ਇਜ਼ਤ ਕਿਸੇ ਨੂੰ ਕੀ ਮਿਲ ਸਕਦੀ ਹੈ। ਜਦੋਂ ਕਿਸੇ ਨੂੰ ਉਦੇਸ਼ (Mission) ਮਿਲ ਗਿਆ, ਉਸ ਨੂੰ ਮਹਾਨ ਜੀਵਨ ਪਦਵੀ ਮਿਲ ਗਈ। ਸੰਨ ੧੬੭੫ ਵਿਚ ਦਸਮੇਸ਼ ਜੀ ਨੇ ਅਕਾਲ ਪੁਰਖ ਵਲੋਂ ਮਿਲੇ ਉਦੇਸ਼ ਦੀ ਪੂਰਤੀ ਲਈ ਪਹਿਲਾ ਮਹਾਨ ਕਰਤਵ ਕੀਤਾ—ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਉਸ ਉਦੇਸ਼-ਸਿਧੀ ਲਈ ਕੁਰਬਾਨ ਕੀਤਾ ਜਿਸ ਕੁਰਬਾਨੀ ਵਿਚ ਮਹਾਨ ਆਦਰਸ਼ ਇਹ ਹੈ ਕਿ ਸਿਖ-ਖਾਲਸਾ ਸਾਰੇ ਧਰਮਾਂ, ਤੇ ਮਨੁਖਤਾ ਦੇ ਹਰ ਭਾਗ ਦਾ ਰਾਖਾ ਹੈ—ਇਹੋ ਉਸ ਦਾ ਆਪਣਾ ਧਰਮ ਹੈ। ਸੰਨ ੧੬੮੫ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਾਉਂਟਾ ਸਾਹਿਬ ਵਿਖੇ ਨਿਵਾਸ ਕੀਤਾ। ਇਸ ਸਮੇਂ ਆਪ ਨੇ ਉਦੇਸ਼-ਪੂਰਤੀ ਲਈ ਇਕ ਹੋਰ ਸਿਖਰ ਨੂੰ ਛੋਹਿਆ ਕਿ ਭਾਰਤੀਆਂ ਦੀ ਜਾਗਰਤੀ ਲਈ ਉਹਨਾਂ ਵਿਚ ਭਾਰਤੀਅਤਾ ਦਾ ਗੌਰਵ ਮੁੜ ਸੁਰਜੀਤ ਕੀਤਾ ਜਾਏ। ਇਸ ਮੰਤਵ ਸਿਧੀ ਲਈ ਉਨ੍ਹਾਂ ਨੇ ਭਾਰਤੀ ਸਾਹਿਤ (ਵੇਦ, ਪੁਰਾਣ, ਸ਼ਾਸਤ੍ਰ) ਦਾ ਪੁਨਰ ਵਿਕਾਸ਼ ਕੀਤਾ। ਅਵਤਾਰਾਂ, ਰਾਮਾਇਣ, ਮਹਾਂਭਾਰਤ, ਚੰਡੀ ਕਥਾ ਦੇ ਸੰਕੇਤ ਸਪਸ਼ਟ ਕਰਨ ਲਈ ਉਨ੍ਹਾਂ ਦੀ ਮੁੜ ਵਿਆਖਿਆ ਕੀਤੀ। ਉਨ੍ਹਾਂ ਦੁਆਰਾ ਭਾਰਤੀ ਸਭਿਆਚਾਰ ਤੇ ਆਦਰਸ਼ ਨੂੰ ਸੁਰਜੀਤ ਕੀਤਾ। ਸੰਨ ੧੬੯੯ ਵਿਚ ਆਪ ਨੇ

ਖਾਲਸਾ ਫੌਜ ਦਾ ਨਿਰਮਾਣ ਕੀਤਾ ਤੇ ਪੰਥ ਨੂੰ ਸਪਸ਼ਟ ਪ੍ਰਗਟ ਕੀਤਾ । 'ਸੰਤ ਉਬਾਰਨ' ਤੇ 'ਦੁਸ਼ਟ ਉਪਾਰਨ' ਲਈ ਜਥੇਬੰਦੀ ਕਾਇਮ ਕੀਤੀ। ਸੰਨ ੧੭੦੫ ਵਿਚ ਦਸਮੇਸ਼ ਜੀ ਨੇ 'ਜ਼ਫ਼ਰਨਾਮਾ' ਔਰੰਗਜ਼ੇਬ ਨੂੰ ਭੇਜਿਆ, ਹਕੂਮਤ ਨੂੰ ਭੇਜਿਆ ਤੇ ਸਪਸ਼ਟ ਕੀਤਾ ਕਿ ਸੰਸਾਰ ਵਿਚ ਸੱਚ ਤੇ ਝੂਠ, ਨਿਆਂ ਅਤੇ ਅਨਿਆਂ ਵਾਲੀਆਂ ਸ਼ਕਤੀਆਂ ਦਾ ਘੋਲ ਸਦਾ ਹੁੰਦਾ ਰਹੇਗਾ; ਪਰ ਖਾਲਸਾ ਸਦਾ ਸੱਚ-ਨਿਆਂ ਵਾਸਤੇ ਝੂਠ-ਅਨਿਆਂ ਵਿਰੁਧ ਲੜਦਾ ਰਹੇਗਾ, 'ਸ਼ੁਭ ਕਰਮਨ' ਤੋਂ ਕਦੇ ਨਹੀਂ ਟਰੇਗਾ, ਜੂਝਦਾ ਰਹੇਗਾ ਪਰ ਉਸ ਦਾ ਇਹ ਨਿਸਚਾ ਕਦੇ ਨਹੀਂ ਡੋਲੇਗਾ ਕਿ ਜਿੱਤ 'ਨਿਸਚੈ ਕਰ' ਸੱਚ-ਨਿਆਂ ਦੀ ਹੋਵੇਗੀ। ਸੱਚ ਲਈ ਜੂਝਣ ਵਾਲੇ ਦੀ ਕਦੇ ਹਾਰ ਨਹੀਂ ਹੁੰਦੀ। ਸੰਨ ੧੭੦੮ ਵਿਚ ਆਪ ਨੇ ਆਪਣਾ ਆਪ (ਦਸ ਗੁਰ-ਜੋਤੀ ਨੂੰ) ਸ਼ਬਦ-ਗੁਰੂ ਵਿਚ ਲੀਨ ਕਰ ਦਿਤਾ ਤੇ ਦਸਿਆ ਕਿ ਸੱਚ ਦੇ ਉਦੇਸ਼ ਤੇ ਆਦਰਸ਼, ਜਿਨ੍ਹਾਂ ਦੀ ਵਿਆਖਿਆ ਗੁਰੂ-ਗਿਆਨ, ਗੁਰੂ-ਜੋਤਿ, ਜਨਤਾ ਦੇ ਪ੍ਰਤਿਪਾਲਣ, ਦੁਰਮਤਿ ਮਲ ਹਿਰਣ, ਬੰਧਨ ਕਟਣ, ਨਾਮ ਧਨ ਦੇਣ ਲਈ ਕਰਦੀ ਹੈ, ਉਹ ਹੀ ਅਸਲ ਗੁਰੂ ਹਨ, ਵਿਅਕਤੀ ਕੋਈ ਗੁਰੂ ਨਹੀਂ ਹੈ। ਖਾਲਸਾ ਜੀ ਦੀ ਅਗਵਾਈ ਸੱਚ-ਨਿਆਂ ਦੇ ਉਦੇਸ਼ਾਂ-ਆਦਰਸ਼ਾਂ ਨੇ ਕਰਨੀ ਹੈ। ਸੰਨ ੧੭੦੮ ਤੋਂ ਮਗਰੋਂ ਦਸਮੇਸ਼ ਜੀ ਸਦੀਵਤਾ ਦਾ ਭਾਗ ਬਣ ਗਏ ਜੋ ਚਿੱਟੇ ਬਾਜ਼, ਨੀਲੇ ਘੋੜੇ ਤੇ ਕਲਗੀ ਦੀ ਆਭਾ—ਸ਼ਾਨ ਦੁਆਰਾ, ਚਾਨਣ ਮੁਨਾਰ੍ਹੇ ਦਾ ਕੰਮ ਕਰਦੀ, ਪ੍ਰਗਟ-ਲੋਪ ਹੁੰਦੀ ਖਾਲਸਾ ਜੀ ਨੂੰ ਉਤਸ਼ਾਹਤ ਕਰਦੀ ਰਹਿੰਦੀ ਹੈ ਅਤੇ ਲਲਕਾਰਦੀ ਰਹਿੰਦੀ ਹੈ, ਸੱਚ-ਨਿਆਂ ਲਈ ਸੰਘਰਸ਼ ਜਾਰੀ ਰਖਣ ਲਈ। ਦਸਮੇਸ਼ ਜੀ ਦਾ ਇਹ ਖਾਲਸਾ ਜੀ ਦੇ ਹਿਰਦੇ ਵਿਚ ਉਕਰਿਆ ਚਿਤ੍ਰ (Image) ਸਦੀਵੀ ਹੈ, ਇਹ ਸਥਿਰ ਸਥਾਈ 'ਸ਼੍ਰਿੰਗ' ਹੈ।

ਇਹ 'ਸਪਤ ਸ਼੍ਰਿੰਗ' ਦਸਮੇਸ਼ ਪਿਤਾ ਦੇ 'ਦ੍ਵੈ ਤੇ ਏਕ' ਹੋਏ ਤੇ ਸਦਾ ਰਹੇ ਜੀਵਨ ਵਿਚ ਸੋਭਦੀਆਂ ਹਨ। ਇਹ 'ਸਪਤ ਸ਼੍ਰਿੰਗ' ਖਾਲਸਾ ਜੀ ਦੇ ਉਦੇਸ਼ ਦੇ ਸਪਤ ਪੱਖ ਹਨ। ਖਾਲਸਾ ਜੀ ਨੇ ਉਦੇਸ਼ ਲਈ ਜੀਣਾ ਹੈ ਕਿਉਂਕਿ ਖਾਲਸਾ ਵੀ ਆਦੇਸ਼ ਦੇ ਕੇ ਪ੍ਰਗਟ ਕੀਤਾ ਹੋਇਆ ਹੈ, ਖਾਲਸਾ Commissioned ਹੈ। ਖਾਲਸੇ ਨੇ ਸੰਸਾਰ ਤੇ ਮਨੁਖਤਾ ਲਈ ਆਪਣੀ ਅਹੂਤੀ ਦੇਣੀ ਹੈ। ਖਾਲਸਾ

ਨੇ ਭਾਰਤੀਅਤਾ ਦੀ ਰਾਖੀ ਕਰਨੀ ਹੈ। ਖਾਲਸਾ ਨੇ ਤਿਆਰ ਤੇ ਜਥੇਬੰਦ ਹੋ ਕੇ 'ਆਦਿਸ' ਨੂੰ ਪਾਲਣਾ ਹੈ। ਖਾਲਸਾ ਜੀ ਨੇ ਸਦਾ ਸੱਚ-ਨਿਆਂ ਲਈ ਜੂਝਣਾ ਹੈ ਅਤੇ ਜਿੱਤ ਦਾ ਵਿਸ਼ਵਾਸ਼ੀ ਰਹਿ ਕੇ। ਖਾਲਸੇ ਨੇ ਸੱਚ-ਨਿਆਂ ਨੂੰ ਪੂਜਣਾ ਹੈ। ਖਾਲਸੇ ਨੇ ਦਸਮੇਸ਼ ਦੇ ਲਕਸ਼ ਵਿਚ ਰਹਿਣਾ ਤੇ ਜੀਣਾ ਹੈ। ਸਪਤ-ਸ਼੍ਰਿੰਗ' ਦਸਮੇਸ਼ ਜੀ ਨੇ ਖਾਲਸੇ ਦੀ ਅਗਵਾਈ ਲਈ ਸਥਾਪਤ ਕੀਤੇ।

(੨)

ਦਸਮੇਸ਼ ਪਿਤਾ ਜੀ ਨੇ ਸਾਨੂੰ, ਖਾਲਸੇ ਨੂੰ, ਵਾਹਿਗੁਰੂ ਜੀ ਦੇ ਲੜ ਲਾਇਆ। ਸਾਨੂੰ 'ਵਾਹਿਗੁਰੂ ਜੀ ਕਾ ਖਾਲਸਾ' ਹੋਣ ਦਾ ਮਾਣ ਬਖਸ਼ਿਆ। ਖਾਲਸਾ ਉਹ ਹੀ ਹੈ ਜੋ ਵਾਹਿਗੁਰੂ-ਪੱਧਰ ਤੀਕ ਪੁਜਦਾ ਹੈ। ਵਾਹਿਗੁਰੂ ਦਾ ਹੋ ਕੇ ਹੀ ਕੋਈ ਖਾਲਸਾ ਬਣਦਾ ਹੈ। ਵਾਹਿਗੁਰੂ ਦੀ ਜੋਤਿ ਅੰਦਰ ਜਗਾ ਕ ਹੀ ਕੋਈ ਖਾਲਸਾ ਬਣਦਾ ਹੈ। ਕੀ ਭਾਵ ਹੈ ਕਿ ਖਾਲਸਾ ਵਾਹਿਗੁਰੂ ਜੀ ਦਾ ਹੈ ?

ਵਾਹ ! ਵਾਹ ! ਕੇਵਲ ਆਤਮਕ-ਅਵਸਥਾ ਦਾ ਸੂਚਕ ਹੈ; ਵਾਹ, ਵਾਹ ਰੱਬ ਦੀ ਸੂਝ ਦਾ ਸੂਚਕ ਹੈ। ਵਾਹ ਅਧਿਆਤਮਕ ਅਵਸਥਾ ਹੈ। ਜਦੋਂ ਕਿਸੇ ਅੰਦਰ 'ਗੁਰੂ' ਪ੍ਰਗਟ ਹੁੰਦਾ ਹੈ, ਉਹ 'ਵਾਹ' ਆਖਦਾ ਹੈ। ਜਦੋਂ 'ਕਿਸੇ' ਅੰਦਰ 'ਉਸ' ਦਾ ਗਿਆਨ ਪ੍ਰਗਟ ਹੁੰਦਾ ਹੈ, ਉਹ ਆਪ-ਮੁਹਾਰੇ 'ਵਾਹ' ਆਖਦਾ ਹੈ। ਉਸ ਦਾ ਗੁਰ-ਗਿਆਨ ਤਦ ਪ੍ਰਗਟ ਹੁੰਦਾ ਹੈ ਜਦੋਂ ਆਤਮਾ, ਸਰੀਰ, ਮਾਇਆ, ਇੰਦ੍ਰਿਆਂ, ਮਨ ਤੇ ਬੁਧੀ ਤੋਂ ਉਪਰ ਨਿਕਲ ਜਾਂਦਾ ਹੈ ਤੇ ਉਹਨਾਂ ਮਸਲਿਆਂ ਨੂੰ ਸਮਝਣ ਲਗਦਾ ਹੈ ਜੋ ਸਰੀਰਕ ਇੰਦ੍ਰਿਆਂ, ਤ੍ਰੈਗੁਣੀ ਮਾਇਆ, ਜੜਤਾ, ਮਾਨਸਕ ਤੇ ਬੌਧਿਕ ਪ੍ਰਾਪਤੀਆਂ ਦੀ ਵਲਗਣ ਵਿਚ ਨਹੀਂ ਹਨ। ਭਾਵ, ਜਦੋਂ ਕੋਈ ਵਿਸਮਾਦ ਵਿਚ ਪਹੁੰਚਦਾ ਹੈ ਅਤੇ ਇਹਨਾਂ ਵਿਸਮਾਦੀ ਮਸਲਿਆਂ ਦੀ ਪਛਾਣ ਵਿਚ 'ਖਾਲਸਾ' 'ਨਿਖਾਲਸ' ਨੂੰ ਪਛਾਣਦਾ ਹੈ--

ਵਿਸਮਾਦੁ ਨਾਦ ਵਿਸਮਾਦੁ ਵੇਦ ॥
ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥
ਵਸਮਾਦੁ ਨਾਗੇ ਫਿਰਹਿ ਜੰਤ ॥

ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥
ਵਿਸਮਾਦੁ ਭੁਖ ਵਿਸਮਾਦੁ ਭੋਗੁ ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥
ਵਿਸਮਾਦੁ ਉਝੜ ਵਿਸਮਾਦੁ ਰਾਹ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥
ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖ ਵਿਡਾਣੁ ਰਹਿਆ ਵਿਸਮਾਦੁ ॥
ਨਾਨਕ ਬੁਝਣੁ ਪੂਰੈ ਭਾਗਿ ॥ ੧ ॥

ਇਹ ਮਜ਼ਮੂਨ ਬੜਾ ਸੂਖਮ ਹੈ । ਪਰ ਪਰਮਾਤਮਾ ਨੂੰ ਪ੍ਰਗਟ ਕਰਨ ਵਾਲਾ ਵਾਹਿਗੁਰੂ ਤੋਂ ਚੰਗੇਰਾ ਸਮਰਥ ਕੋਈ ਹੋਰ ਸ਼ਬਦ ਨਹੀਂ ਹੈ । ਖਾਲਸਾ ਵਾਹਿਗੁਰੂ ਦਾ ਹੈ, ਦਾ ਸਪਸ਼ਟ ਭਾਵ ਇਹ ਹੈ ਕਿ ਖਾਲਸਾ ਉਹ ਬਣਦਾ ਹੈ ਜੋ ਸਰੀਰਕ ਇੰਦ੍ਰੀ ਰਸਾਂ (Physical) ਮਾਨਸਕ ਰਸਾਂ (Emotional) ਅਤੇ ਬੌਧਿਕ ਰਸਾਂ (Intellectual) ਤੋਂ ਉਚੇਰਾ ਉਠਦਾ ਹੈ ਅਤੇ ਆਤਮਕ ਮੰਡਲ (Spiritual) ਵਿਚ ਜਾ ਕੇ ਵਸਦਾ ਹੈ। ਨਿਖਾਲਸ (Purity) ਨੂੰ ਉਹ ਪਹੁੰਚਦਾ ਹੈ ਜੋ ਕਾਮਨਾ (ਕਾਮਾਦਿਕ ਰਸਾਂ) ਤੋਂ ਉਚੇਰਾ ਹੁੰਦਾ ਹੈ, ਜੋ ਰਾਗ-ਅਨੁਰਾਗ ਤੋਂ ਉਪਰ ਉਠਦਾ ਹੈ, ਜੋ ਕੇਵਲ 'ਵਿਦਿਆ ਵਿਚਾਰੀ' ਨਹੀਂ ਰਹਿੰਦਾ, ਸਗੋਂ ਪ੍ਰਭੂ ਤੇ ਉਸ ਦੀ ਮਨੁਖਤਾ ਨਾਲ ਇਕ-ਮਿਕ ਹੋ ਕੇ ਪਰਉਪਕਾਰੀ ਬਣਦਾ ਹੈ । ਖਾਲਸਾ ਸੇਵਕ ਹੈ, ਪਰ ਸੇਵਕ ਤੇ ਉਹ ਹੀ ਬਣਦਾ ਹੈ ਜੋ ਜਾਤੀ ਸੁਆਦਾਂ ਤੇ ਰਸਾਂ ਤੋਂ ਉਚਾ ਹੁੰਦਾ ਹੈ । ਖਾਲਸਾ ਇੰਦ੍ਰੀ-ਰਸਾਂ ਅਧੀਨ ਨਹੀਂ, ਖਾਲਸਾ ਰਾਗ-ਅਨੁਰਾਗ (Passions) ਅਧੀਨ ਨਹੀਂ, ਖਾਲਸਾ ਨਿਰੀ ਬੌਧਿਕਤਾ (Knowledge, Intellect) ਅਧੀਨ ਨਹੀਂ;

ਉਹ ਆਤਮਕ ਮੰਡਲਾਂ (Spiritual plane) ਦਾ ਵਾਸੀ ਹੈ। ਜਦੋਂ ਇਸ ਤਰ੍ਹਾਂ ਦਾ ਸਬਰ, ਧੀਰਜ, ਸੰਤੋਖ ਕਿਸੇ ਵਿਚ ਪ੍ਰਵੇਸ਼ ਕਰਦਾ ਹੈ, ਉਹ ਖਾਲਸਾ ਬਣਦਾ ਹੈ।

ਗੁਰੂ ਜੀ ਨੇ 'ਵਾਹਿਗੁਰੂ' ਦੀ ਸੋਝੀ ਦਿਤੀ ਅਤੇ 'ਖਾਲਸੇ' ਨੂੰ 'ਵਾਹਿਗੁਰੂ' ਵਾਲਾ ਕੀਤਾ।

(੩)

ਜੋ ਵਾਹਿਗੁਰੂ ਵਾਲਾ ਹੋਇਆ ਹੈ, ਉਹ 'ਖਾਲਸਾ' ਹੋਇਆ ਹੈ। ਜੋ ਆਤਮਕ ਮੰਡਲ ਦੇ ਸਚਖੰਡ ਵਿਚ ਪੁਜਿਆ ਹੈ, ਉਹ ਖਾਲਸਾ ਹੈ।

ਇਹ ਖਾਲਸਾ ਆਪਣੇ ਕਰਤਵ ਵਿਚੋਂ ਪਛਾਣਿਆ ਜਾਂਦਾ ਹੈ। ਕਰਤਵ ਇਹ ਹੈ ਕਿ ਉਹ 'ਵਾਹਿਗੁਰੂ ਜੀ ਕੀ ਫ਼ਤਹ' ਲਈ ਜੂਝਦਾ ਹੈ, ਪੂਰਾ ਯਤਨ ਕਰਦਾ ਹੈ, ਸਦਾ ਯਤਨ ਕਰਦਾ ਹੈ। ਉਹ 'ਸੁਭ ਕਰਮਨ' ਤੋਂ ਕਦੀ ਨਹੀਂ ਪਿੱਠ ਮੋੜਦਾ, ਉਹ ਸਦਾ ਜਿੱਤਦਾ ਹੈ।

'ਵਾਹਿਗੁਰੂ ਜੀ ਕੀ ਫ਼ਤਹ' ਇਹ ਹੈ ਕਿ ਸੰਸਾਰ ਵਿਚ ਵਾਹਿਗੁਰੂ ਦਾ ਰਾਜ ਸਥਾਪਤ ਕੀਤਾ ਜਾਏ, ਸਚਖੰਡ ਸੰਸਾਰ ਵਿਚ ਲਿਆਂਦਾ ਜਾਵੇ, ਸਤਿਜੁਗ ਇਥੇ ਵਰਤੇ। ਸੰਸਾਰ ਵਿਚ ਵਾਹਿਗੁਰੂ ਜੀ ਦਾ ਰਾਜ ਸਥਾਪਤ ਹੋਵੇ ਤਾਂ ਇਥੇ ਸਚਖੰਡ (Kingdom of Heaven) ਬਣਦੀ ਹੈ। ਜਿਥੇ ਸਚ-ਖੰਡ ਹੈ, ਉਥੇ ਕੂੜ, ਅਧਰਮ, ਅਨਿਆਂ, ਜਾਤੀ, ਨਸਲੀ ਵਿਤਕਰੇ, ਧਾਰਮਕ ਠਾਰਵਾਦਾਰੀ, ਆਦਿ ਨਹੀਂ ਰਹਿੰਦੇ, ਉਥੇ 'ਸਰਬਤ ਕਾ ਭਲਾ' ਹੁੰਦਾ ਹੈ। ਬਸ, ਖਾਲਸੇ ਨੇ ਉਸ ਸੰਸਾਰ ਲਈ ਯਤਨ ਕਰਨਾ ਹੈ ਜਿਥੇ 'ਵਾਹਿਗੁਰੂ ਦਾ ਰਾਜ—ਫ਼ਤਹ' ਹੋਵੇ। ਹਰ ਖਾਲਸਾ ਇਹੋ ਫ਼ਤਹ ਬੁਲਾਂਦਾ ਹੈ।

ਇਹ 'ਫ਼ਤਹ ਬੁਲਾਣਾ' ਦਸਮੇਸ਼ ਜੀ ਨਾਲ ਕੀਤੇ 'ਪ੍ਰਣ' ਨੂੰ ਮੁੜ ਮੁੜ ਯਾਦ ਕਰਾਣਾ ਹੈ। ਹਰ ਸਿਖ ਦੂਜੇ ਸਿਖ ਨੂੰ ਹਰ ਸਮੇਂ ਯਾਦ ਕਰਾਂਦਾ ਹੈ ਕਿ ਅਸੀਂ ਆਪ ਉਸ ਪੱਧਰ ਤੇ ਜੀਣਾ ਹੈ ਜਿਸ ਨੂੰ ਵਾਹਿਗੁਰੂ ਜੀ ਦਾ ਆਤਮਕ ਵਿਸਮਾਦੀ ਪੱਧਰ ਕਿਹਾ ਜਾ ਸਕੇ ਅਤੇ ਅਸੀਂ ਉਸ ਉਦੇਸ਼ ਲਈ ਜੀਅ ਰਹੇ ਹਾਂ ਜਿਥੇ ਸੰਸਾਰ ਵਾਹਿਗੁਰੂ ਵਾਲਾ ਹੋ ਜਾਵੇ ਤੇ ਉਥੇ 'ਸਰਬਤ ਦਾ ਭਲਾ' ਹੋਵੇ।

(੪)

ਇਸ 'ਪ੍ਰਣ' ਦੀ ਪੂਰਤੀ ਲਈ, ਖਾਲਸਾ ਸਦਾ 'ਜੈਕਾਰਾ' ਬੁਲਾਂਦਾ ਹੈ। 'ਜੈਕਾਰਾ' 'ਜੋ ਬੋਲੇ, ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਹੈ। ਸ੍ਰੀ ਅਕਾਲ ਜਾਂ ਸਤਿ ਦੀ ਸਥਾਪਨਾ ਲਈ ਖਾਲਸੇ ਨੇ ਹਰ ਇਕ ਦੀ ਆਵਾਜ਼ ਸੁਣਨੀ ਹੈ ਤੇ 'ਬੋਲਣਾ' ਹੈ ਕਿ ਮੈਂ ਤੇਰੇ ਨਾਲ ਹੋ ਰਹੇ ਅਨਿਆਂ—ਧੱਕੇ ਦੇ ਦੂਰ ਕਰਨ ਲਈ ਪਹੁੰਚਿਆ। ਚੀਖ-ਪੁਕਾਰ, ਰੋਣਾ-ਧੋਣਾ ਸੁਣ ਕੇ ਬੋਲਣਾ ਹੈ ਤੇ ਪਹੁੰਚਣਾ ਹੈ, ਸਹਾਇਤਾ—ਮਦਦ ਲਈ ਤੇ ਆਪਾ ਵਾਰਨ ਲਈ।

ਦਸਮੇਸ਼ ਜੀ ਖਾਲਸੇ ਨੂੰ ਇਹ 'ਜੈਕਾਰੇ' ਦਾ ਉਦੇਸ਼—ਆਦਰਸ਼ ਦੇ ਗਏ ਹਨ।

(੫)

ਪੰਥ ਖਾਲਸਾ ਜੀ ਨੂੰ ਲੱਖ ਲੱਖ ਵਧਾਈ ਹੋਵੇ। ਦਸਮੇਸ਼ ਜੀ ਦੇ ਜਨਮ-ਉਤਸ਼ਵ ਦੀ ਤੀਜੀ ਸ਼ਤਾਬਦੀ ਤੇ ਵਧਾਈ ਹੋਵੇ।

(੬)

ਇਸ ਸਿਮਰਤੀ ਗ੍ਰੰਥ ਵਿਚ ਪ੍ਰਕਾਸ਼ਤ ਕੀਤੇ ਜਾ ਰਹੇ ਬਹੁਤੇ ਲੇਖ 'ਗੁਰਮਤਿ ਪ੍ਰਕਾਸ਼' ਵਿਚ ਸਮੇਂ ਸਮੇਂ ਛਪਦੇ ਰਹੇ ਹਨ। ਮੈਂ 'ਗੁਰਮਤਿ ਪ੍ਰਕਾਸ਼' ਦੇ ਪ੍ਰਬੰਧਕਾਂ ਦਾ ਧੰਨਵਾਦੀ ਹਾਂ।

ਮੈਂ ਭਾਈ ਫ਼ਕੀਰ ਸਿੰਘ ਐਂਡ ਸਨਜ਼ ਦਾ ਧੰਨਵਾਦੀ ਹਾਂ, ਜਿਹੜੇ ਤੀਜੀ ਸ਼ਤਾਬਦੀ ਦੇ ਇਸ ਸੁਭਾਗ ਮੌਕੇ ਤੇ ਇਹ ਲੇਖ 'ਸਿਮਰਤੀ ਗ੍ਰੰਥ' ਰੂਪ ਵਿਚ ਪ੍ਰਕਾਸ਼ਤ ਕਰ ਰਹੇ ਹਨ।

ਪੰਜਾਬੀ ਯੂਨੀਵਰਸਟੀ,
ਪਟਿਆਲਾ।
ਮਿਤੀ ੧੮-੧-੬੭

ਤਾਰਨ ਸਿੰਘ

ਭਾਗ ਪਹਿਲਾ

ਦਸਮੇਸ਼

ਆਦਿਸ

ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥
ਤਬ ਹਮ ਜਨਮ ਕਲੂ ਮਹਿ ਲੀਆ ॥ ੪ ॥

— — —

ਜਬ ਆਇਸੁ ਪ੍ਰਭ ਕੋ ਭਯੋ,
ਜਨਮ ਧਰਾ ਜਗ ਆਇ ॥ ੬੪ ॥
(ਬਚਿਤ੍ਰ ਨਾਟਕ)

(੧)

'ਆਇਸ' ਦਾ ਭਾਵ ਆਗਿਆ, ਹੁਕਮ ਹੈ । 'ਆਇਸ' ਦਾ ਭਾਵ ਉਹ ਕੁਝ ਹੈ ਜਿਸ ਨੂੰ Commissioned ਕਹਿੰਦੇ ਹਨ । ਜਦੋਂ ਬਾਦਸ਼ਾਹ ਕਿਸੇ ਵਿਅਕਤੀ ਨੂੰ ਕੋਈ ਵਿਸ਼ੇਸ਼ ਅਧਿਕਾਰ ਕਿਸੇ ਕਰਤਵ ਦੀ ਪੂਰਤੀ ਲਈ ਦੇ ਦੇਂਦਾ ਹੈ, ਉਸ ਨੂੰ 'ਕਮਿਸ਼ਨ' ਮਿਲ ਜਾਣਾ ਆਖਦੇ ਹਨ । ਫੌਜ ਵਿਚ ਕੁਝ ਅਹੁਦੇ ਐਸੇ ਹਨ । ਇਹ ਵਿਸ਼ੇਸ਼ ਅਹੁਦੇ ਤੇ ਪੁਜ ਕੇ ਵਿਅਕਤੀ ਕਮਿਸ਼ਨਡ ਅਫ਼ਸਰ ਬਣ ਜਾਂਦਾ ਹੈ । ਇਸੇ ਤਰ੍ਹਾਂ ਜਦੋਂ ਵਾਹਿਗੁਰੂ ਸ਼ਹਿਨਸ਼ਾਹ ਕਿਸੇ ਮਹਾਂਪੁਰਸ਼ ਨੂੰ ਕਿਸੇ ਕਰਤਵ ਲਈ ਭੇਜਦਾ ਹੈ ਤਾਂ ਉਹਨੂੰ ਵਾਹਿਗੁਰੂ ਉਚੇਰੇ ਅਧਿਕਾਰ ਦੇ ਕੇ

ਭੇਜਦਾ ਹੈ। 'ਕਰਤਵ' ਨੂੰ ਹੀ 'ਮਿਸ਼ਨ' ਕਹਿੰਦੇ ਹਨ। ਜਦੋਂ ਕੋਈ ਵਿਅਕਤੀ ਕਿਸੇ ਕਰਤਵ ਦੀ ਪੂਰਤੀ ਲਈ ਆਪਣਾ ਆਪ ਸਮਰਪਣ (Dedicate) ਕਰ ਦੇਂਦਾ ਹੈ ਤਾਂ ਉਹ ਮਿਸ਼ਨਰੀ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਇਸ ਰੂਪ ਵਿਚ ਮਿਸ਼ਨਰੀ ਸਨ, ਆਪ ਨੇ ਆਪਣਾ ਸਭ ਕੁਝ ਤਨ, ਮਨ, ਧਨ, ਪਿਤਾ, ਪੁਤਰ, ਕਿਸੇ ਮਿਸ਼ਨ ਲਈ ਲਗਾ ਦਿਤਾ। ਗੁਰੂ ਨਾਨਕ ਸਾਹਿਬ ਐਸੇ ਮਿਸ਼ਨਰੀ ਸਨ। ਸਾਰੇ ਗੁਰੂ ਸਾਹਿਬਾਨ ਐਸੇ ਮਿਸ਼ਨਰੀ ਸਨ।

ਗੁਰੂ ਨਾਨਕ ਸਾਹਿਬ ਨੇ ਕਿਸੇ ਮਿਸ਼ਨ (ਕਰਤਵ) ਨੂੰ ਸ਼ੁਰੂ ਕੀਤਾ। ਗੁਰੂ ਨਾਨਕ ਸਾਹਿਬ ਨੂੰ ਵੀ ਵਾਹਿਗੁਰੂ ਨੇ 'ਆਦਿਸ' ਦਿਤਾ ਸੀ। ਗੁਰੂ ਨਾਨਕ ਜੋਤਿ ਵਿਚਰਦੀ ਰਹੀ—

ਨਾਨਕ ਅੰਗਦ ਕੋ ਬਪੁ ਧਰਾ ॥
ਧਰਮ ਪ੍ਰਚੁਰ ਇਹ ਜਗ ਮੋ ਕਰਾ ॥
ਅਮਰਦਾਸ ਪੁਨਿ ਨਾਮੁ ਕਹਾਯੋ ॥
ਜਨ ਦੀਪਕ ਤੇ ਦੀਪ ਜਗਾਯੋ ॥ ੭ ॥
ਜਬ ਬਰਦਾਨ ਸਮੈ ਵਹੁ ਆਵਾ ॥
ਰਾਮਦਾਸ ਤਬ ਗੁਰੂ ਕਹਾਵਾ ॥
ਤਿਹ ਬਰਦਾਨ ਪੁਰਾਤਨ ਦੀਆ ॥
ਅਮਰਦਾਸ ਸੁਰ ਪੁਰਿ ਮਗੁ ਲੀਆ ॥ ੮ ॥
ਸ੍ਰੀ ਨਾਨਕ ਅੰਗਦਿ ਕਰਿ ਮਾਨਾ ॥
ਅਮਰਦਾਸ ਅੰਗਦ ਪਹਿਚਾਨਾ ॥
ਅਮਰਦਾਸ ਰਾਮਦਾਸ ਕਹਾਯੋ ॥
ਸਾਧਨ ਲਖਾ ਮੂੜ ਨਹਿ ਪਾਯੋ ॥ ੯ ॥
ਭਿੰਨ ਭਿੰਨ ਸਭਹੂੰ ਕਰ ਜਾਨਾ ॥
ਏਕ ਰੂਪ ਕਿਨਹੂੰ ਪਹਿਚਾਨਾ ॥
ਜਿਨ ਜਾਨਾ ਤਿਨ ਹੀ ਸਿਧ ਪਾਈ ॥
ਬਿਨ ਸਮਝੇ ਸਿਧ ਹਾਥ ਨ ਆਈ ॥ ੧੦ ॥

ਰਾਮਦਾਸ ਹਰਿ ਸੋ ਮਿਲ ਗਏ ॥
ਗੁਰਤਾ ਦੇਤ ਅਰਜਨਹਿ ਭਏ ॥
ਜਬ ਅਰਜਨ ਪ੍ਰਭੁ ਲੋਕ ਸਿਧਾਏ ॥
ਹਰਿ ਗੋਬਿੰਦ ਤਿਹ ਠਾਂ ਠਹਿਰਾਏ ॥ ੧੧ ॥
ਹਰਿ ਗੋਬਿੰਦ ਪ੍ਰਭ ਲੋਕ ਸਿਧਾਰੇ ॥
ਹਰੀਰਾਇ ਤਿਹ ਠਾਂ ਬੈਠਾਰੇ ॥
ਹਰੀ ਕ੍ਰਿਸ਼ਨ ਤਿਨ ਕੇ ਸੁਤ ਵਏ ॥
ਤਿਨ ਤੇ ਤੇਗ ਬਹਾਦਰ ਭਏ ॥ ੧੨ ॥

(ਬਚਿਤ੍ਰ ਨਾਟਕ)

ਗੁਰੂ ਨਾਨਕ ਦੇਵ ਜੀ ਨੂੰ 'ਧਰਮ ਪ੍ਰਚੁਰ' ਵਾਸਤੇ 'ਆਇਸੁ' ਮਿਲਿਆ ਸੀ। ਅੱਠ ਸਿਖ-ਗੁਰੂ ਉਸ 'ਜੋਤਿ', 'ਨਾਨਕ-ਜੋਤਿ', ਤੋਂ ਪਰਦੀਪਤ ਹੋ ਕੇ ਹੁੰਦੇ ਆਏ। ਇਹਨਾਂ ਅੱਠਾਂ ਨੇ ਜ਼ਾਤੀ-ਆਇਸੁ (Commission) ਦਾ ਦਾਹਵਾ ਨਹੀਂ ਕੀਤਾ। ਇਹਨਾਂ ਵਿਚੋਂ ਕਿਸੇ ਨੂੰ ਜਨਮ ਤੋਂ ਆਪਣੇ 'ਆਇਸੁ' (Commissioned) ਹੋਣ ਦਾ ਪਤਾ ਵੀ ਨਹੀਂ ਸੀ। ਭਾਈ ਲਹਿਣਾ ਜੀ ਨੂੰ ਗੁਰੂ ਨਾਨਕ ਸਾਹਿਬ ਨੇ ਪਰਵਾਣ ਕਰ ਕੇ 'ਆਇਸ ਦਿਤਾ ਅਤੇ ਚੇਲਾ' ਜਾਂ 'ਸਿਖ' 'ਗੁਰੂ' ਹੋ ਗਿਆ। (ਗੁਰੂ) ਅਮਰਦਾਸ ਜੀ ਨੂੰ ਗੁਰੂ ਅੰਗਦ ਸਾਹਿਬ ਨੇ 'ਆਇਸ' ਦਿਤਾ ਅਤੇ ਉਹ 'ਨਾਨਕ-ਜੋਤਿ' ਦਾ ਤੀਜੇ ਥਾਂਵੇਂ ਪ੍ਰਕਾਸ਼ ਨਿਸਚਿਤ ਹੋਏ। ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਪੁਤਰ-ਸਿਖ ਨੂੰ 'ਆਇਸੁ' ਦਿਤਾ। ਸੋ ਇਸ ਤਰ੍ਹਾਂ 'ਸਿਖ-ਗੁਰੂ' ਹੁੰਦੇ ਗਏ। ਗੁਰੂ 'ਨਾਨਕ-ਜੋਤਿ' ਦਾ ਇਹ ਸਾਰੇ ਪ੍ਰਕਾਸ਼ ਹਨ।

ਸੋ ੧੪੬੯ ਤੋਂ ੧੬੭੫ (ਸ਼ਹਾਦਤ ਗੁਰੂ ਤੇਗ ਬਹਾਦਰ ਸਾਹਿਬ) ਸਮਾਂ ਲੰਘਿਆ। ੧੬੬੬ ਈ: ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਆਪ ਨੂੰ ਉਸੇ 'ਨਾਨਕ-ਜੋਤਿ' ਨਾਲ ਸਬੰਧਤ ਕੀਤਾ ਹੈ। ਆਪ ਨੇ ਗੁਰੂ ਤੇਗ ਬਹਾਦਰ ਸਾਹਿਬ ਤੀਕ ਹੋ ਚੁਕੇ ਕੰਮ ਨੂੰ ਹੀ ਅਗੇ ਲੈ ਜਾਣਾ ਸੀ। ਇਸ ਲਈ 'ਬਚਿਤ੍ਰ ਨਾਟਕ' ਵਿਚ ਆਪ 'ਸੋਢ ਬੰਸ' ਅਤੇ

'ਗੁਰੂ ਤੇਗ ਬਹਾਦਰ' ਜੀ ਦੀ ਕਥਾ ਨਾਲ ਅਗੇ ਆਪਣੀ ਕਥਾ ਤੋਰਦੇ ਹਨ :—

ਅਬ ਮੈ ਅਪਨੀ ਕਥਾ ਬਖਾਨੋ ॥
ਤਪ ਸਾਧਤ ਜਿਹ ਬਿਧਿ ਮਹਿ ਆਨੋ ॥

ਆਪ ਉਸੇ 'ਸੋਢ ਬੰਸ' ਵਿਚ ਅਗਲੀ ਜੋਤਿ ਹਨ । ਪਰ ਇਹ ਵੀ ਆਪ ਦੇ ਬਿਆਨ ਤੋਂ ਪਰਤੱਖ ਹੈ ਕਿ ਆਪ ਨੂੰ ਮੁੜ ਹੋਰ 'ਅਧਿਕਾਰ' ਜਾਂ 'ਆਦਿਸੁ' ਵੀ ਦਿਤਾ ਗਇਆ ।

ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥
ਤਬ ਹਮ ਜਨਮ ਕਲੂ ਮਹਿ ਲੀਆ ॥ ੪ ॥

ਆਪ ਨੂੰ ਨਿਰਾਲੀ ਸ਼ਕਤੀ ਦਿਤੀ ਗਈ । ਨਵੇਂ ਹਾਲਾਤ ਵਿਚ ਆਪ ਨੇ ਨਵਾਂ ਕਰਤਵ ਕਰਨਾ ਸੀ । ਆਪ ਨੂੰ ਉਚੇਚੀ ਤੇ ਵਿਸ਼ੇਸ਼ ਸ਼ਕਤੀ ਮਿਲੀ । 'ਜੋਤਿ' ਉਹ ਤੁਰ ਰਹੀ ਸੀ, ਬਲ ਵਧਾ ਦਿਤਾ । ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਕਰਤਵ ਸ਼ੁਰੂ ਕਰ ਦਿਤਾ ਤੇ ਆਪਣਾ ਮਿਸ਼ਨ ਪ੍ਰਗਟ ਕਰਨਾ ਅਰੰਭ ਦਿਤਾ ।

(੨)

ਇਸ ਕਰਤਵ ਦੀ ਪੂਰਤੀ ਲਈ ਆਪ ਨੇ ਦੋ ਗਲਾਂ ਵਿਸ਼ੇਸ਼ ਤੌਰ ਤੇ ਸਪੱਸ਼ਟ ਕੀਤੀਆਂ । ਪਹਿਲੀ ਗਲ ਇਹ ਕਹੀ ਕਿ ਮੈਂ ਉਹ ਕੁਝ ਪ੍ਰਗਟ ਕਰਨਾ ਹੈ ਜੋ ਵਾਹਿਗੁਰੂ ਨੇ ਮੈਨੂੰ ਹੁਕਮ ਦਿਤਾ ਹੈ ਅਤੇ ਜਿਸ ਲਈ ਉਸ ਨੇ ਮੈਨੂੰ ਵਿਸ਼ੇਸ਼ ਅਧਿਕਾਰ-ਬਲ ਦਿਤਾ ਹੈ । ਦੂਜੀ ਗਲ ਇਹ ਹੈ ਕਿ ਮੈਂ ਆਪਣਾ ਕਰਤਵ 'ਆਇਸ-ਪੂਰਤੀ' ਲਈ ਕਰਾਂਗਾ, ਕਿਸੇ ਪਾਸੋਂ ਡਰਾਂਗਾ ਵੀ ਨਹੀਂ :

ਚੌਪਈ ॥ ਇਹ ਕਾਰਨਿ ਪ੍ਰਭ ਮੋਹਿ ਪਠਾਯੋ ॥
ਤਬ ਮੈ ਜਗਤ ਜਨਮ ਧਰਿ ਆਯੋ ॥
ਜਿਮ ਤਿਨ ਕਹੀ ਤਿਨੈ ਤਿਮ ਕਹਿਹੋਂ ॥
ਔਰ ਕਿਸੂ ਤੇ ਬੈਰ ਨ ਗਹਿਹੋਂ ॥ ੩੧ ॥
ਮੈ ਹੋ ਪਰਮ ਪੁਰਖ ਕੋ ਦਾਸਾ ॥

ਦੇਖਨ ਆਯੋ ਜਗਤ ਤਮਾਸਾ ।।
ਜੋ ਪ੍ਰਭ ਜਗਤਿ ਕਹਾ ਸੋ ਕਹਿਹੋਂ ।।
ਮ੍ਰਿਤ ਲੋਕ ਤੇ ਮੋਨ ਨ ਰਹਿਹੋਂ ।। ੧੩ ।।
ਨਰਾਜ ਛੰਦ ।। ਕਹਿਓ ਪ੍ਰਭੂ ਸੁ ਭਾਖਿਹੋਂ ।।
ਕਿਸੂ ਨ ਕਾਨ ਰਾਖਿਹੋ ।।......।। ੩੪ ।।
(ਬਚਿਤ੍ਰ ਨਾਟਕ)

'ਔਰ ਕਿਸੂ ਤੇ ਬੈਰ ਨ ਗਹਿਹੋਂ' ਅਤੇ 'ਕਹਿਓ ਪ੍ਰਭੂ ਸੁ ਭਾਖਿ ਹੋਂ' ਇਹ ਦੋ ਗੱਲਾਂ ਆਪ ਨੇ ਸਧਸ਼ਟ ਕੀਤੀਆਂ ।

(੩)

ਤੀਜੀ ਗਲ ਆਪ ਨੇ ਹੋਰ ਮਹਾਨਤਾ ਵਾਲੀ ਕਹੀ ਅਤੇ ਉਸੇ ਕਰਕੇ ਹੀ ਆਪ ਭਾਰਤੀ ਧਰਮ ਇਤਿਹਾਸ ਵਿਚ ਵਖਰੇ ਹਨ । 'ਨਾਨਕ ਜੋਤਿ' ਦਾ ਇਤਿਹਾਸ ਤੇ 'ਆਦਿਸ ਪੂਰਤੀ' ਹਿੰਦੁਸਤਾਨ ਦੇ ਬਾਕੀ ਅਵਤਾਰਾਂ ਜਾਂ ਧਰਮਾ-ਚਾਰੀਆਂ ਤੋਂ ਭਿੰਨ ਹੈ । ਗੁਰੂ ਗੋਬਿੰਦ ਸਿੰਘ ਜੀ ਨੇ ਉਸ ਭਿੰਨਤਾ ਨੂੰ ਬੜੇ ਜ਼ੋਰਦਾਰ ਤਰੀਕੇ ਨਾਲ ਪਰਗਟ ਕੀਤਾ ਹੈ । 'ਭਿੰਨਤਾ' ਇਹ ਹੈ ਕਿ ਬਾਕੀ 'ਧਰਮਾਚਾਰੀਆਂ' ਨੇ ਤਿੰਨ ਗਲਾਂ ਕੀਤੀਆਂ ਜੋ 'ਨਾਨਕ ਜੋਤਿ' ਨੇ ਨਹੀਂ ਕੀਤੀਆਂ । ਤਿੰਨ ਗਲਾਂ ਇਹ ਕੀਤੀਆਂ—

(ੳ) 'ਤੇ ਭੀ ਬਲ ਪੂਜਾ ਉਰਝਾਏ ।।
ਆਪਨ ਹੀ ਪਰਮੇਸ਼ਰ ਕਹਾਏ ।। ੫ ।।
(ਅ) 'ਜੋ ਕੋਈ ਹੋਤ ਭਯੋ ਜਗਿ ਸਿਆਨਾ ।।
ਤਿਨ ਤਿਨ ਅਪਨੋ ਪੰਥ ਚਲਾਨਾ ।। ੧੪ ।।
(ੲ) ਪਰਮ ਪੁਰਖ ਕਿਨਹੂੰ ਨਹ ਪਾਯੋ ।।
ਬੈਰ ਬਾਦ ਅਹੰਕਾਰ ਬਢਾਯੋ ।। ੧੫ ।।
(ਬਚਿਤ੍ਰ ਨਾਟਕ)

ਭਾਵ—ਉਹਨਾਂ ਅਵਤਾਰਾਂ ਜਾਂ ਆਚਾਰੀਆਂ ਨੇ ਵਾਹਿਗੁਰੂ ਦੀ ਥਾਂ ਲੈਣ ਦਾ ਯਤਨ ਕੀਤਾ, ਇਸ ਲਈ ਮਨੁਖਤਾ ਲਈ ਸਾਂਝਾ ਕਲਿਆਨ ਨ ਹੀ ਧਰਮ ਪੰਥ ਲਈ ਦਸਿਆ ਸਗੋਂ ਵੰਡੀਆਂ ਕੀਤੀਆਂ ਤੇ ਸੰਪ੍ਰਦਾਇਤਾ ਵਧਾਈ ਅਤੇ ਮਨੁਖਤਾ ਨੂੰ ਪਾੜਿਆ ਤੇ ਲੜਾਇਆ। 'ਮੇਰਾ ਧਰਮ ਵਡਾ ਹੈ, ਦਾ ਭਾਵ ਪੈਦਾ ਕਰਕੇ, ਬਹਿਸਾਂ ਝਗੜੇ ਕਰਾਕੇ ਵੈਰ ਵਧਾਇਆ।

ਗੁਰੂ ਸਾਹਿਬ ਨੇ ਇਹ ਸਾਰਾ ਧਰਮ ਇਤਿਹਾਸ ਅਤਿ ਸੂਖਮ ਤਰੀਕੇ ਨਾਲ ਬਚਿਤਰ ਨਾਟਕ ਵਿਚ ਪੇਸ਼ ਕੀਤਾ ਹੈ। (ਇਤਨੇ ਸੰਖੇਪ ਵਿਚ ਇਤਨੇ ਜੁਗ ਦੇ ਲੰਮੇ ਇਤਿਹਾਸ ਨੂੰ ਬਨ੍ਹਣਾ, ਕਮਾਲ ਹੈ।) ਵੇਖੋ ਇਹ ਇਤਿਹਾਸ ਵਾਹਿਗੁਰੂ ਆਪ ਸੁਣਾ ਰਹੇ ਹਨ। ਦਸ ਪੜਾ ਹਨ, ਇਸ ਇਤਿਹਾਸ ਦੇ—

(੧) ਜਬ ਪਹਿਲੇ ਹਮ ਸ੍ਰਿਸ਼ਟਿ ਬਨਾਈ ॥
ਦਈਤ ਰਚੇ ਦੁਸਟ ਦੁਖਦਾਈ ॥
ਤੇ ਭੁਜ ਬਲ ਬਵਰੇ ਹ੍ਵੈ ਗਏ ॥
ਪੂਜਿਤ ਪਰਮ ਪੁਰਖ ਰਹਿ ਗਏ ॥ ੬ ॥

(੨) ਤੇ ਹਮ ਤਮਕਿ ਤਨਕ ਮੋ ਖਾਪੇ ॥
ਤਿਨਕੀ ਠਉਰ ਦੇਵਤਾ ਥਾਪੇ ॥
ਤੇ ਭੀ ਬਲ ਪੂਜਾ ਉਰਝਾਏ ॥
ਆਪਨ ਹੀ ਪਰਮੇਸਰ ਕਹਾਏ ॥ ੭ ॥
ਮਹਾ ਦੇਵ ਅਚੁਤ ਕਹਾਯੋ ॥
ਬਿਸਨ ਆਪ ਹੀ ਕੋ ਠਹਿਰਾਯੋ ॥
ਬ੍ਰਹਮਾ ਆਪ ਪਾਰਬ੍ਰਹਮ ਬਖਾਨਾ ॥
ਪ੍ਰਭ ਕੋ ਪ੍ਰਭੂ ਨ ਕਿਨਹੂੰ ਜਾਨਾ ॥ ੮ ॥

(੩) ਤਬ ਸਾਖੀ ਪ੍ਰਭ ਅਸਟ ਬਣਾਏ ॥
ਸਾਖ ਨਮਿਤ ਦੇਬੇ ਠਹਿਰਾਏ ॥
ਤੇ ਕਹੈ ਕਰੋ ਹਮਾਰੀ ਪੂਜਾ ॥

ਹਮ ਬਿਨ ਅਵਰੁ ਨਾ ਠਾਕੁਰ ਦੂਜਾ ॥ ੯ ॥

(ਸਾਖੀ ਅਸਟ=ਅਠ ਸਾਖੀ ਤਤ)

(੪) ਜਬ ਪ੍ਰਭ ਕੋ ਨ ਤਿਨੈ ਪਹਿਚਾਨਾ ॥
ਤਬ ਹਰਿ ਇਨ ਮਨੁੱਛਨ ਠਹਿਰਾਨਾ ॥
ਤੇ ਭੀ ਬਸਿ ਮਮਤਾ ਹੁਇ ਗਏ ॥
ਪਰਮੇਸਰ ਪਾਹਨ ਠਹਿਰਾਏ ॥ ੧੩ ॥

(੫) ਤਬ ਹਰਿ ਸਿਧ ਸਾਧ ਠਹਿਰਾਏ ॥
ਤਿਨ ਤਿਨ ਅਪਨੋ ਪੰਥ ਚਲਾਨਾ ॥ ੧੪ ॥

(੬) ਤਬ ਜੇ ਜੈ ਰਿਖ ਰਾਜ ਬਨਾਏ ॥
ਤਿਨ ਆਪਨ ਪੁਨ ਸਿੰਮ੍ਰਿਤ ਚਲਾਏ ॥ ੧੭ ॥

(੭) ਤਦ ਹਰਿ ਬਹੁਰ ਦੱਤ ਉਪਜਾਇਓ ॥
ਤਿਨ ਭੀ ਅਪਨਾ ਪੰਥੁ ਚਲਾਇਓ ॥ ੨੨ ॥

(੮) ਪੁਨਿ ਹਰਿ ਗੋਰਖ ਕੌ ਉਪਰਾਜਾ ॥

— — —

'ਹਰਿ ਕੀ ਪ੍ਰੀਤ ਰੀਤਿ ਨ ਵਿਚਾਰੀ ॥ ੨੪ ॥

(੯) ਪੁਨਿ ਹਰਿ ਰਾਮਾਨੰਦ ਕੋ ਕਰਾ ॥

— — —

ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ ॥ ੨੨ ॥

(੧੦) ਮਹਾਦੀਨ ਤਬ ਪ੍ਰਭ ਉਪਰਾਜਾ ॥
ਅਰਬ ਦੇਸ ਕੋ ਕੀਨੋ ਰਾਜਾ ॥
ਸਭ ਤੇ ਅਪਨਾ ਨਾਮ ਜਪਾਯੋ ॥
ਸਤਿਨਾਮ ਕਹੂੰ ਨ ਦ੍ਰਿੜਾਯੋ ॥ ੨੭ ॥

ਗੁਰੂ ਪਾਰਬ੍ਰਹਮ ਨਹੀਂ ਹੈ, ਜਾਪੁ ਸਤਿਨਾਮ-ਵਾਹਿਗੁਰੂ ਦਾ ਹੈ ।

ਇਹ ਸੰਸਾਰ ਧਰਮ ਹੈ ਇਸ ਲਈ ਗੁਰੂ ਜੀ ਨੇ ਆਪਣੀ ਆਇਸ ਵਾਲੀ ਪਦਵੀ ਦੀ ਵਿਆਖਿਆ ਕੀਤੀ—

ਇਹੋ ਕਾਰਨਿ ਪ੍ਰਭ ਮੋਹਿ ਪਠਾਯੋ ॥
ਤਬ ਮੈ ਜਗਤ ਜਨਮ ਧਰਿ ਆਯੋ ॥
ਜਿਮ ਤਿਨ ਕਹੀ ਤਿਨੈ ਤਿਮ ਕਹਿਹੋਂ ॥
ਔਰ ਕਿਸੂ ਤੇ ਬੈਰ ਨ ਗਹਿਹੋਂ ॥ ੩੧ ॥
ਜੋ ਹਮ ਕੋ ਪਰਮੇਸਰ ਉਚਰਿ ਹੈ ॥
ਤੇ ਸਭ ਨਰਕ ਕੁੰਡ ਮਹਿ ਪਰਿ ਹੈ ॥
ਮੋ ਕੋ ਦਾਸ ਤਵਨ ਕਾ ਜਾਨੋ ॥
ਯਾ ਮੈ ਭੇਦ ਨ ਰੰਚ ਪਛਾਨੋ ॥ ੩੨ ॥
ਮੈ ਹੋ ਪਰਮ ਪੁਰਖ ਕੋ ਦਾਸਾ ॥
ਦੇਖਨ ਆਯੋ ਜਗਤ ਤਮਾਸਾ ॥
ਜੋ ਪ੍ਰਭ ਜਗਤਿ ਕਹਾ ਸੋ ਕਹਿ ਹੋ ॥
ਮ੍ਰਿਤ ਲੋਕ ਤੇ ਮੋਨ ਨ ਰਹਿ ਹੋ ॥ ੩੩ ॥

(ਬਚਿੱਤ੍ਰ ਨਾਟਕ)

ਗੁਰੂ ਨੂੰ ਆਇਸ ਤੇ ਮਿਲਦਾ ਹੈ, ਪਰ ਗੁਰੂ ਪਾਰਬ੍ਰਹਮ ਨਹੀਂ ਹੈ। ਗੁਰੂ 'ਪੁਰਖ' ਹੈ 'ਪਰਮ ਪੁਰਖ' ਪਾਰਬ੍ਰਹਮ ਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟ ਕੀਤਾ ਹੈ, ਸੁਝਾਵਾਂ ਰਾਹੀਂ ਕਿ ਕਿਉਂ ਦੈਂਤ, ਦੇਵਤੇ ਅਰ ਸਾਖੀ, ਮਨੁਛ, ਸਿੱਧ, ਰਿਸ਼ੀ, ਦੱਤਾ ਤ੍ਰੇਯਾ, ਗੋਰਖ, ਰਾਮਾਨੰਦ ਤੇ ਮੁਹੰਮਦ ਸਾਹਿਬ 'ਪਰਮ ਤੱਤ', 'ਪਰਮ ਪੁਰਖ' ਜਾਂ 'ਪਾਰਬ੍ਰਹਮ' ਨਹੀਂ ਅਤੇ ਕਿਉਂ ਸੰਸਾਰ-ਧਰਮ ਇਕੋ ਹੋ ਸਕਦਾ ਹੈ, ਜੋ 'ਸਤਿਨਾਮ' ਆਸਰਤ ਹੈ। ਕੋਈ 'ਗੁਰੂ' 'ਪਾਰਬ੍ਰਹਮ' ਨਹੀਂ ਹੈ ਕਿਉਂ—

(੧) ਧਰਮ 'ਕਾਲ ਰਹਿਤ' ਹੈ, ਪਾਰਬ੍ਰਹਮ 'ਕਾਲ ਰਹਿਤ' ਹੈ ਪਰ ਜੇ ਸਾਰੇ 'ਆਪਨ ਹੀ ਪਰਮੇਸਰ ਕਹਾਇ' ਵਾਲੇ ਆਪ ਹੀ 'ਸਭੈ ਕਾਲ ਕੇ ਅੰਤ ਦਾੜ੍ਹਾ ਤਲੇ ਹੈਂ', ਫਿਰ ਉਹ 'ਪਾਰਬ੍ਰਹਮ' ਕਿਵੇਂ ਹੋ ਸਕਦੇ ਹਨ। ਜੋ ਮਰਦਾ ਹੈ,

ਉਹ 'ਬ੍ਰਹਮ' ਨਹੀਂ ਹੈ :—

ਕਿਤੇ ਕ੍ਰਿਸਨ ਸੇ ਜੀਵ ਕੋਟੈ ਬਨਾਏ ॥
ਕਿਤੇ ਰਾਮ ਸੇ ਮੇਟ ਡਾਰੇ ਉਪਾਏ ॥
ਮਹਾਦੀਨ ਕੇਤੇ ਪ੍ਰਿਥੀ ਮਾਂਝ ਹੂਏ ॥
ਸਮੈ ਆਪਨੀ ਆਪਨੀ ਅੰਤ ਮੂਏ ॥ ੩੭ ॥
ਜਿਤੇ ਔਲੀਆ ਅੰਬੀਆ ਹੋਇ ਬੀਤੇ ॥
ਤਿਤਿਓ ਕਾਲ ਜੀਤਾ ਨ ਤੇ ਕਾਲ ਜੀਤੇ ॥
ਜਿਤੇ ਰਾਮ ਸੇ ਕ੍ਰਿਸਨ ਹੁਇ ਬਿਸਨ ਆਏ ॥
ਤਿਤਿਓ ਕਾਲ ਖਾਪਿਓ ਨ ਤੇ ਕਾਲ ਆਏ ॥ ੩੮ ॥

(ਬਚਿਤ੍ਰ ਨਾਟਕ)

(੨) ਜੋ 'ਧਰਮ' ਸੰਪਰਦਾਇਕਤਾ ਪੈਦਾ ਕਰਦਾ ਹੈ, ਉਹ ਧਰਮ ਨਹੀਂ ਹੈ। ਧਰਮ 'ਪੰਥ' ਹੈ, ਨਿਕੇ ਨਿਕੇ ਮਾਰਗ ਜਾਂ ਪਗਡੰਡੀਆਂ ਨਹੀਂ, ਸਾਗਰ ਹੈ, ਟੋਏ ਟੋਭੇ ਨਹੀਂ।

ਪਰਮ ਪੁਰਖ ਕਿਨਹੂੰ ਨਹ ਪਾਯੋ ॥
ਬੈਰ ਬਾਦ ਅਹੰਕਾਰ ਬਢਾਯੋ ॥
ਪੇਡ ਪਾਤ ਆਪਨ ਤੇ ਜਲੈ ॥
ਪ੍ਰਭ ਕੈ ਪੰਥ ਨ ਕੋਊ ਚਲੈ ॥ ੧੫ ॥

'ਤਿਨ ਪ੍ਰਭ ਜਬ ਆਇਸ ਮੁਹਿ ਦੀਆ'—ਵਾਹਿਗੁਰੂ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ 'ਆਇਸ' ਕੀ ਦਿਤਾ, ਕੀ Authority ਦਿਤੀ, ਕਿਵੇਂ ਤੇ ਕੀ ਕਰਨ ਲਈ ਸ਼ਕਤੀ ਪਰਦਾਨ (Empower Commission) ਕੀਤੀ ? 'ਆਇਸ' ਇਹ ਸੀ ?

(੧) ਮੈ ਅਪਨਾ ਸੁਤ ਤੋਹਿ ਨਿਵਾਜਾ ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥
ਕਬੁਧਿ ਕਰਨ ਤੇ ਲੋਕ ਹਟਾਇ ॥ ੨੯ ॥

(੨) ਹਮ ਏਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨ ਪਕਰਿ ਪਛਾਰੋ ॥ ੪੨ ॥

(੩) ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥ ੪੩ ॥

(੪) ਜੋ ਜੋ ਭਏ ਪਹਿਲ ਅਵਤਾਰਾ ॥
ਆਪੁ ਆਪੁ ਤਿਨ ਜਾਪੁ ਉਚਾਰਾ ॥
ਪ੍ਰਭ ਦੋਖੀ ਕੋਈ ਨ ਬਿਦਾਰਾ ॥
ਧਰਮ ਕਰਨ ਕੋ ਰਾਹੁ ਨ ਡਾਰਾ ॥ ੪੪ ॥

(੫) ਜੋ ਜੋ ਗਉਸ ਅੰਬੀਆ ਭਏ ॥
ਮੈ ਮੈ ਕਰਤ ਜਗਤ ਤੇ ਗਏ ॥
ਮਹਾ ਪੁਰਖ ਕਾਹੂ ਨ ਪਛਾਨਾ ॥
ਕਰਮ ਧਰਮ ਕੋ ਕਛੂ ਨ ਜਾਨਾ ॥ ੪੫ ॥

'ਆਇਸ' (Mission) ਇਹ ਹੈ :–

(੧) ਪੰਥ ਚਲਾਣਾ ਹੈ, 'ਧਰਮ-ਪੰਥ' ਜੋ ਜ਼ਾਹ ਤਾਹ, ਸਭ ਥਾਂ, ਇਕੋ ਸਾਂਝਾ ਹੋਵੇ—ਸੰਸਾਰ (Universal) ਧਰਮ, ਸੰਪਰਦਾਈ ਨ ਰਹਿ ।

(੨) 'ਦੁਸਟਾਂ', ਧਰਮ ਵਿਰੋਧੀਆਂ, ਪ੍ਰਭੂ ਦੋਖੀਆਂ ਨੂੰ ਦੰਡ ਦੇਣਾ,ਉਹਨਾਂ ਨਾਲ ਸੰਗਰਾਮ ਕਰਨਾ, ਬੁਰਾਈ ਦਾ ਟਾਕਰਾ ਕਰਨਾ ।

(੩) ਚੰਗਿਆਈ ਨੂੰ ਉਭਾਰਨਾ, ਸੰਤਾਂ ਨੂੰ ਉਭਾਰਨਾ, ਭਲੇ-ਲੋਕਾਂ ਨੂੰ ਸਾਹਸ ਦੇਣਾ, ਬਲ ਦੇਣਾ ਅਤੇ ਜਥੇਬੰਦ ਕਰਨਾ ਤਾਂ ਜੋ ਦੁਨੀਆਂ ਦਾ ਟਾਕਰਾ ਕਰ ਸਕਣ ।

(੪) ਧਰਮ ਰਾਹ ਚਾਲਣਾ, ਧਰਮ ਕਮਾਣ ਲਈ ਹਾਲਾਤ ਪੈਦਾ ਕਰਨਾ

ਅਤੇ ਕਮਾ ਕੇ ਦਸਣਾ ਤਾਂ ਜੋ ਲੋਕਾਂ ਲਈ ਰਾਹ ਬਣੇ—ਮਿਸਾਲ ਬਣੇ।

(੫) 'ਕਰਮ ਧਰਮ' ਤੇ ਬਲ ਦੇਣਾ, ਕੇਵਲ ਫਲਸਫਾ ਧਰਮ ਨਹੀਂ ਧਰਮ ਕਰਮ ਵਡੀ ਚੀਜ਼ ਹੈ; ਕਰਮ (Actions) ਦਾ ਰਸਤਾ ਚੁਣਨਾ ਹੈ।

ਧਰਮ ਦਾ ਧੁਰਾ ਇਹ ਹੈ ਕਿ ਕੇਵਲ ਇਕ 'ਪਾਰਬ੍ਰਹਮ' 'ਪਰਮ ਪੁਰਖ' 'ਪਰਮ ਤੱਤ' ਨੂੰ ਪਹਿਚਾਨਿਆ ਜਾਏ ਤਾਂ ਜੋ ਮਨੁਖਤਾ ਤੇ ਧਰਮ ਤੱਤ ਦੀ ਏਕਤਾ ਨੂੰ ਪਹਿਚਾਨਿਆ ਜਾ ਸਕੇ। 'ਪਾਰਬ੍ਰਹਮ'—'ਪਰਮ ਪੁਰਖ' ਉਹ ਹੈ ਜੋ 'ਕਾਲ' ਹੈ, 'ਕਾਲ ਦੀ ਦਾੜ ਤਲੇ' ਨਹੀਂ ਹੈ। ਜੋ 'ਜਾਗਤ ਜੋਤਿ' ਹੈ, ਜੋ 'ਅਨਭਉ ਪ੍ਰਕਾਸ਼' ਹੈ ਜੋ ਚਕ੍ਰ ਚਿਹਨ ਅਰ ਬਰਨ ਜਾਤਿ ਅਰ ਪਾਤਿ "ਨਹਿਨ ਜਿਹ' ਵਾਲਾ ਹੈ।

ਅਵਰਨ ਕੀ ਆਸਾ ਕਿਛੁ ਨਾਹੀ।
ਏਕੈ ਆਸ ਧਰੋ ਮਨ ਮਾਹੀ।
ਆਨ ਆਸ ਉਪਜਤ ਕਿਛੁ ਨਾਹੀ।
ਵਾਕੀ ਆਸ ਧਰੋ ਮਨ ਮਾਹੀ। ੪੬।

ਇਸ 'ਪਾਰਬ੍ਰਹਮ' ਦੀ ਉਪਾਸ਼ਨਾ ਲਈ ਕਿਸੇ—(੧) ਫੋਕਟ ਧਰਮ। (੨) ਡਿੰਭ ਵਿੰਭ। (੩) ਭੇਖ। (੪) ਸਵਾਂਗ ਤੇ (੫) ਕਬੁਧਿ ਕਰਮ ਦੀ ਲੋੜ ਨਹੀਂ। ਕੇਵਲ 'ਨਾਮ ਸਿਮਰਨ' (ਪ੍ਰੇਮ) ਉਸ ਦੀ ਉਪਾਸ਼ਨਾ ਦਾ ਸਾਧਨ ਹੈ—

ਪਖਾਣ ਪੂਜ ਹੌ ਨਹੀ।
ਨ ਭੇਖ ਭੀਜ ਹੌ ਕਹੀ।
ਅਨੰਤ ਨਾਮੁ ਗਾਇ ਹੌ।
ਪਰਮ ਪੁਰਖ ਪਾਇਹੌ। ੩੫।
ਜਟਾ ਨ ਸੀਸ ਧਾਰਿ ਹੌ।
ਨ ਮੁੰਦ੍ਰਕਾ ਸੁਧਾਰਿਹੌ।
ਨ ਕਾਨ ਕਾਹੂ ਕੀ ਧਰੌ।
ਕਹਿਓ ਪ੍ਰਭੂ ਸੁ ਮੈ ਕਰੌ। ੩੬।
ਭਜੋ ਸੁ ਏਕ ਨਾਮਯੰ।

ਜੁ ਕਾਮ ਸਰਬ ਠਾਮਯੰ ।
ਨ ਜਾਪ ਆਨ ਕੋ ਜਪੋ ।
ਨ ਅਉਰ ਥਾਪਨਾ ਥਪੋ । ੩੭ ।
ਬਿਅੰਤ ਨਾਮੁ ਧਿਆਇ ਹੋ ।
ਪਰਮ ਜੋਤਿ ਪਾਇ ਹੋ ।
ਨ ਧਿਆਨ ਆਨ ਕੋ ਧਰੋਂ ।
ਨ ਨਾਮ ਆਨ ਉਚਰੋਂ । ੩੮ ।
ਤਵਕ ਨਾਮ ਰਤਿਯੰ ।
ਨ ਆਨ ਮਾਨ ਮਤਯੰ ।
ਪਰਮ ਧਿਆਨ ਧਾਰੀਅੰ ।
ਅਨੰਤ ਪਾਪ ਟਾਰੀਯੰ । ੩੯ ।
ਤੁਮੇਵ ਰੂਪ ਰਾਚਿਯੰ ।
ਨ ਆਨ ਦਾਨ ਮਾਚਿਯੰ ।
ਤਵਕ ਨਾਮ ਉਚਾਰੀਯੰ ।
ਅਨੰਤ ਦੂਖ ਟਾਰੀਯੰ । ੪੦ ।

(ਬਚਿਤ੍ਰ ਨਾਟਕ)

ਭਜਨ, ਜਪੁ, ਧਿਆਇਨ, ਧਿਆਨ, ਉਚਾਰਣ, ਰਤਿਯੰ, ਰਾਚਿਯੰ— ਇਹ ਸਾਰੇ ਨਾਮ ਉਪਾਸ਼ਨਾਂ ਦੇ ਰੂਪ ਹਨ । ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ ਅਤੇ ਗਿਆਨ ਪ੍ਰਬੋਧ ਗ੍ਰੰਥ ਵਿਚ ਨਾਮ ਭਜਨ, ਨਾਮ ਜਾਪੁ ਨਾਮ ਧਿਆਨ, ਨਾਮ ਉਚਾਰਨ, ਨਾਮ ਧਿਆਨ, ਨਾਮ ਰਤਿਯੰ ਤੇ ਰਚਯੰ ਕਰਕੇ ਦਸਿਆ ਹੈ । ਉਪਰਲੇ ਬੰਦਾਂ ਛੰਦਾਂ ਵਿਚ ਨਾਮ ਭਗਤੀ ਦੇ ਹੀ ਸਾਰੇ ਰੂਪ ਦਸੇ ਹਨ । ਇਹ 'ਪੰਥ ਮਾਰਗ' ਹੈ । ਸਰਬ-ਸਰੇਸ਼ਟ ਸੰਪੂਰਨ ਸਰਬਗ ਅਤੇ ਬਾਕੀ ਸਭ, ਕਿਸੇ ਨਾ ਕਿਸੇ ਤਰ੍ਹਾਂ ਫੋਕਟ, ਡਿੰਭ, ਭੇਖ, ਸਵਾਂਗ ਅਤੇ ਕਬੁਧਿ ਹੈ ।

(੫)

ਬੜੀ ਵਚਿਤ੍ਰ ਗਲ ਹੈ ਕਿ ਕਬੀਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ

ਆਦਿਸ' ਦੀ ਪੂਰਨ ਵਿਚਾਰਧਾਰਾ ਨਾਲ ਪੂਰਨ ਸੰਮਤੀ ਪ੍ਰਗਟ ਕੀਤੀ ਹੋਈ ਹੈ ਅਤੇ 'ਨਾਮ-ਭਗਤੀ' ਵਾਲੇ 'ਪੱਥਕ' ਨੂੰ 'ਖਾਲਸਾ' ਹੈ ਕਹਿ ਦਿਤਾ ਹੈ :—

ਸੋਰਠਿ ਕਬੀਰ ਜੀ

ਬੇਦ ਪੁਰਾਨ ਸਭੈ ਮਤ ਸੁਨਿ ਕੈ,
ਕਰੀ ਕਰਮ ਕੀ ਆਸਾ ॥
ਕਾਲ ਗ੍ਰਸਤ ਸਭ ਲੋਕ ਸਿਆਨੇ,
ਉਠਿ ਪੰਡਿਤ ਪੈ ਚਲੇ ਨਿਰਾਸਾ ॥ ੧ ॥
ਮਨ ਰੇ ਸਰਿਓ ਨ ਏਕੈ ਕਾਜਾ ॥
ਭਜਿਓ ਨ ਰਘੁਪਤਿ ਰਾਜਾ ॥ ੧ ॥ ਰਹਾਉ ॥
ਬਨਖੰਡਿ ਜਾਇ ਜੋਗੁ ਤਪੁ ਕੀਨੋ
ਕੰਦ ਮੂਲੁ ਚੁਨਿ ਖਾਇਆ ॥
ਨਾਦੀ ਬੇਦੀ ਸਬਦੀ ਮੋਨੀ
ਜਮ ਕੇ ਪਟੈ ਲਿਖਾਇਆ ॥ ੨ ॥
ਭਗਤਿ ਨਾਰਦੀ ਰਿਦੈ ਨ ਪਾਈ
ਕਾਛਿ ਕੂਛਿ ਤਨੁ ਦੀਨਾ ॥
ਰਾਗ ਰਾਗਨੀ ਡਿੰਭ ਹੋਇ ਬੈਠਾ
ਉਨਿ ਹਰਿ ਪਹਿ ਕਿਆ ਲੀਨਾ ॥ ੩ ॥
ਪਰਿਓ ਕਾਲੁ ਸਭੈ ਜਗ ਊਪਰਿ
ਮਾਹਿ ਲਿਖੇ ਭ੍ਰਮ ਗਿਆਨੀ ॥
ਕਹੁ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤਿ ਜਿਹ ਜਾਨੀ ॥ ੪ ॥ ੩ ॥

ਪਿਛੇ ਜੋ ਕੁਝ ਵੀ ਗੁਰੂ ਗੋਬਿੰਦ ਸਿੰਘ ਆਦਿਸ ਬਾਰੇ ਕਹਿਆ ਹੈ,ਉਸਦੇ ਪ੍ਰਮਾਣ ਸਾਰੇ ਬਚਿਤ੍ਰ ਨਾਟਕ ਦੇ 'ਪ੍ਰਵੇਸ਼ ਕਰਨ ਨਾਮ ਖਸਟਮੋ ਧਿਆਇ' ਵਿਚੋਂ ਲਏ ਹਨ । ਗੁਰੂ ਜੀ ਨੇ ਮੁਖ ਵਿਚਾਰ ਉਥੇ ਇਹ ਹੀ ਦਿਤੇ ਹਨ ਕਿ ਡਿੰਭ, ਭੇਖ, ਫੋਕਟ ਧਰਮ, ਸ੍ਵਾਂਗ, ਕਬੁਧਿ ਨਾਲ ਪਾਰਬ੍ਰਹਮ ਨਹੀਂ ਮਿਲਦਾ, ਮਹਾਨ ਦੇਵਤੇ

ਤੇ ਧਰਮਾਚਾਰੀਆ 'ਕਾਲ ਗ੍ਰਸਤ' ਹਨ, ਇਸ ਲਈ ਉਹ 'ਪਰਮ ਪੁਰਖ' ਜਾਂ 'ਪਰਮ ਤੱਤ' ਨਹੀਂ ਹਨ, 'ਪ੍ਰੇਮ' ਭਗਤੀ ਸ੍ਰੇਸ਼ਟ ਹੈ। ਕਬੀਰ ਜੀ ਨੇ ਵੀ ਕਰਮ, ਡਿੰਭ, ਪ੍ਰੇਮ ਭਗਤਿ ਹੀ ਬੁਨਿਆਦੀ ਸ਼ਬਦ ਵਰਤੇ ਹਨ। 'ਪ੍ਰੇਮ ਭਗਤਿ' ਹੀ ਕਿਸੇ ਨੂੰ ਖਾਲਸਾ ਬਣਾਂਦੀ ਹੈ। ਇੰਨ ਬਿੰਨ ਗੁਰੂ ਜੀ ਅਤੇ ਕਬੀਰ ਜੀ ਦੇ ਖਿਆਲ ਮਿਲਦੇ ਹਨ।

ਸੋ 'ਆਇਸ' ਇਹ ਸੀ ਕਿ ਸੰਸਾਰ ਨੂੰ ਫੋਕਟ ਧਰਮ, ਡਿੰਭ, ਭੇਖ, ਸਵਾਂਗ, ਕਬੁਧਿ ਵਿਚੋਂ ਕਢਣਾ ਹੈ ਅਤੇ ਪ੍ਰੇਮ ਭਗਤੀ ਵਿਚ ਲਗਾਣਾ ਹੈ। 'ਪ੍ਰੇਮ ਭਗਤੀ' ਤੇ ਸਰਲ ਸਪਸ਼ਟ ਮਾਰਗ ਹੈ ਜਿਸ ਦੀ ਵਿਆਖਿਆ ਪਿਛੇ ਕੀਤੀ ਗਈ ਹੈ। ਹੁਣ ਇਹ ਵੀ ਵੇਖਣਾ ਉਚਿਤ ਹੈ ਕਿ ਫੋਕਟ ਧਰਮ ਇਤਿਆਦਿ ਕੀ ਹਨ ਜਿਨ੍ਹਾਂ ਤੋਂ ਬਚਣਾ ਹੈ। (ਕਿਧਰੇ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਿਰ ਹੁੰਦੇ ਹੋਏ ਵੀ 'ਆਇਸ' ਦੇ ਉਲਟ ਨਾ ਜਾ ਰਹੇ ਹੋਈਏ।)

ਇਹਨਾਂ ਸ਼ਬਦਾਂ ਦਾ ਮੂਲਭੇਦ ਨਖੇੜਨ ਲਈ ਕਿ ਫੋਕਟ, ਡਿੰਭ, ਭੇਖ, ਸਵਾਂਗ, ਕਬੁਧਿ ਵਿਚ ਵੀ ਅੰਤਰ ਹੈ, ਵਧੇਰੇ ਵਿਸਥਾਰ ਦੀ ਲੋੜ ਹੈ। ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਬਾਣੀ ਦੇ ਵਿਚਾਰ ਦੀ ਲੋੜ ਹੈ। ਪਰ ਜੇ ਅਸੀਂ ਬਚਿਤ੍ਰ ਨਾਟਕ ਦੇ ਖਸਟਮੋ ਧਿਆਇ ਵਿਚ ਵੀ ਸੀਮਤ ਕਰੀਏ ਤਦ ਵੀ ਬਹੁਤ ਕੁਝ ਸਪਸ਼ਟ ਹੋ ਜਾਂਦਾ ਹੈ।

'ਫੋਕਟ ਧਰਮ' ਵਾਲੀ ਸਾਰੇ ਸ਼ਬਦਾਂ ਡਿੰਭ, ਭੇਖ, ਸਵਾਂਗ, ਕਬੁਧਿ ਦਾ ਸਾਰੰਸ਼ ਪੇਸ਼ ਕਰਦੇ ਹਾਂ ਅਤੇ 'ਫੋਕਟ ਧਰਮ' ਦੀ ਵਿਆਖਿਆ ਲਈ ਗੁਰੂ ਨਾਨਕ ਸਾਹਿਬ ਦੀ ਸਹਾਇਤਾ ਲੈ ਲੈਂਦੇ ਹਾਂ. ਇਸ ਗੁਰ ਜੋਤਿ ਦਾ ਪਹਿਲਾ 'ਆਇਸ' ਵੀ ਉਹਨਾਂ ਨੂੰ ਹੀ ਮਿਲਿਆ ਸੀ—

ਮ: ੧ ॥ ਪੜਿ ਪੁਸਤਕ ਸੰਧਿਆ ਬਾਦੰ ।
ਸਿਲ ਪੂਜਸਿ ਬਗੁਲ ਸਮਾਧੰ ।
ਮੁਖਿ ਝੂਠ ਬਿਭੂਖਣ ਸਾਰੰ ।
ਤ੍ਰੈਪਾਲ ਤਿਹਾਲ ਬਿਚਾਰੰ ।
ਗਲਿ ਮਾਲਾ ਤਿਲਕੁ ਲਿਲਾਟੰ ।

ਦੂਇ ਧੋਤੀ ਬਸਤ੍ਰ ਕਪਾਟੰ ।
ਜੇ ਜਾਣਸਿ ਬ੍ਰਹਮੰ ਕਰਮੰ ।
ਸਭਿ ਫੋਕਟ ਨਿਹਚਉ ਕਰਮੰ ।
ਕਹੁ ਨਾਨਕ ਨਿਹਚਉ ਧਿਆਵੈ ।
ਵਿਣੁ ਸਤਿਗੁਰ ਵਾਟ ਨ ਪਾਵੈ ।

(ਆਸਾ ਦੀ ਵਾਰ ੧੪—੨)

ਬਿਲਕੁਲ 'ਫੋਕਟ ਧਰਮ' ਦੇ ਇਹੋ ਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਦਸੇ ਹਨ । 'ਫੋਕਟ' ਹੈ ਸਾਰ ਰਹਿਤ, ਥੋਥਾ, ਫੋਕਾ । ਧਰਮ ਪੁਸਤਕਾਂ ਦਾ ਕੇਵਲ ਪਾਠ ਸੰਸਾਰ ਦੀ ਕਾਰ ਹੈ, ਕਮਾਈ ਜ਼ਰੂਰੀ ਹੈ, ਪੱਥਰ ਪੂਜਾ ਕਬੁਧਿ ਹੈ, ਰਹਿਣੀ ਨ ਹੋਣੀ, ਕਹਿਣੀ ਹੋਣੀ - ਪਾਖੰਡ ਡਿੰਭ ਹੈ, ਤਿਲਕ ਆਦਿ ਸ੍ਵਾਂਗ ਹੈ, ਇਹ ਫੋਕਟ ਰੂਪ ਉਪਰਲੇ ਸਲੋਕ ਵਿਚ ਸੁਝਾਏ ਹਨ । ਗੁਰੂ ਗੋਬਿੰਦ ਸਿੰਘ ਜੀ ਦੇ ਸੰਕੇਤ ਵੀ ਵੇਖੀਏ ।

(੧) ਫੋਕਟ ਧਰਮ :—

ਕੋਈ ਪੜਤ ਕੁਰਾਨ ਕੋ ਕੋਈ ਪੜਤ ਪੁਰਾਨ ।
ਕਾਲ ਨ ਸਕਤ ਬਚਾਇ ਕੈ ਫੋਕਟ ਧਰਮ ਨਿਦਾਨ ॥ ੪੭ ॥

(੨) ਡਿੰਭ ਤੇ ਭੇਖ :—

ਨ ਨੈਨੰ ਮਿਚਾਊ ॥ ਨ ਡਿੰਭੰ ਦਿਖਾਊ ॥
ਨ ਕੁਕਰਮੰ ਕਮਾਊ ॥ ਨ ਭੇਖੀ ਕਹਾਊ ॥ ੫੨ ॥

(੩) ਸ੍ਵਾਂਗ :—

ਜੇ ਜੇ ਕਰਮ ਕਰ ਡਿੰਭ ਦਿਖਾਹੀਂ ॥
ਤਿਨ ਪਰ ਲੋਗਨ ਮੋ ਗਤਿ ਨਾਹੀਂ ॥
ਜੀਵਤ ਚਲਤ ਜਗਤ ਕੇ ਕਾਜਾ ॥
ਸ੍ਵਾਂਗ ਦੇਖਿ ਕਰਿ ਪੂਜਤ ਰਾਜਾ ॥ ੫੪ ॥

ਪਰ 'ਪੰਥ ਧਰਮ' ਤੇ ਇਹ ਹੈ :—

ਸੁਆਂਗਨ ਮੈ ਪਰਮੇਸੁਰ ਨਾਹੀ ॥

ਖੋਜ ਫਿਰੇ ਸਭ ਹੀ ਕੋ ਕਾਹੀ ॥
ਅਪਨੋ ਮਨੁ ਕਰ ਮੋ ਜਿਹ ਆਨਾ ॥
ਪਾਰਬ੍ਰਹਮ ਕੋ ਤਿਨੀ ਪਛਾਨਾ ॥ ੫੫ ॥

ਦੋਹਰਾ ॥ ਭੇਖ ਦਿਖਾਇ ਜਗਤ ਕੋ ਲੋਗਨ ਕੋ ਬਸਿ ਕੀਨ ॥
ਅੰਤ ਕਾਲ ਕਾਤੀ ਕਟਿਓ ਬਾਸੁ ਨਰਕ ਮੋ ਲੀਨ ॥ ੫੬ ॥

'ਪੰਥ ਧਰਮ' ਇਹ ਹੈ ਕਿ 'ਪੋਥੀ ਪੁਰਾਨ ਕਮਾਈਐ' 'ਸਰਲ ਜੀਵਨ' ਹੋਵੇ ਅਤੇ 'ਨਿਰਭਉ ਧਿਆਇਐ' । 'ਡਿੰਭ' ਨਾਲੋਂ 'ਸੇਵਾ' ਕਮਾਇਐ, ਸ੍ਵਾਂਗ ਨਹੀਂ, ਸਾਬਤ ਸੂਰਤ ਕੁਦਰਤੀ ਰੂਪ ਧਾਰੀਏ, 'ਸ਼ੁਭ ਕਰਮਨ' ਤੋਂ ਨ ਟਰੀਏ, 'ਸੰਤ ਉਬਾਰਨ ਅਤੇ ਦੁਸਟ ਉਪਾਰਨ, ਨੂੰ ਧਰਮ ਮਿਥੀਏ । ਇਹ ਖਾਲਸੇ ਦਾ ਰੂਪ ਹੈ । ਇਹ ਆਇਸ ਸੀ, ਜਿਸ ਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲੈ ਕੇ ਇਸ ਸੰਸਾਰ ਵਿਚ ਵਿਚਰੇ ।

ਪ੍ਰਕਾਸ਼

ਤਹੀ ਪ੍ਰਕਾਸ ਹਮਾਰਾ ਭਯੋ ।
ਪਟਨਾ ਸਹਰ ਬਿਖੈ ਭਵ ਲਯੋ ।

(੧)

ਦਸ ਗੁਰੂ ਸਾਹਿਬਾਨ ਵਿਚੋਂ ਕੇਵਲ ਗੁਰੂ ਗੋਬਿੰਦ ਸਿੰਘ ਜੀ ਨੇ ਅਪਨੀ ਕਥਾ ਦਾ 'ਬਚਿਤ੍ਰ ਨਾਟਕ' ਪ੍ਰਗਟ ਕੀਤਾ ਹੈ । ਆਪ ਦੀ ਪ੍ਰਤਿਭਾ ਨੇ ਆਦਿ ਜੁਗਾਦਿ ਤੋਂ ਹੁੰਦੇ ਆ ਰਹੇ 'ਬਚਿਤ੍ਰ ਨਾਟਕ' ਨੂੰ ਪ੍ਰਗਟ ਕੀਤਾ ਹੈ ਜਦੋਂ ਕਿ ਮਛ, ਕਛ ਆਦਿ ਅਵਤਾਰਾਂ ਤੋਂ ਸਿਲਸਲਾ ਸ਼ੁਰੂ ਹੋਇਆ । ਕੇਵਲ ਆਪ ਨੇ ਹੀ ਇਸ ਵਿਸ਼ੇਸ਼ ਭੇਤ ਨੂੰ ਪ੍ਰਗਟ ਕੀਤਾ ਹੈ ਕਿ 'ਪ੍ਰਕਾਸ਼' ਅਤੇ ਭਵ' ਵਿਚ ਅੰਤਰ ਹੈ । ਆਪ ਨੇ ਆਪਣਾ 'ਪ੍ਰਕਾਸ਼' 'ਤ੍ਰਿਬੇਣੀ' ਵਿਚ ਦਸਿਆ ਹੈ ਅਤੇ 'ਭਵ' 'ਪਟਨਾ ਸਹਰ' ਵਿਖੇ ।

ਮੁਰ ਪਿਤ ਪੂਰਬ ਕੀਯਸਿ ਪਯਾਨਾ ।
ਭਾਂਤਿ ਭਾਂਤਿ ਕੇ ਤੀਰਥਿ ਨਾਨਾ ।
ਜਬ ਹੀ ਜਾਤ ਤ੍ਰਿਬੇਣੀ ਭਏ ।
ਪੁੰਨ ਦਾਨ ਬਿਨ ਕਰਤ ਬਿਤਏ ॥ ੧ ॥

ਤਹੀ ਪ੍ਰਕਾਸ ਹਮਾਰਾ ਭਯੋ ।
ਪਟਨਾ ਸਹਰ ਬਿਖੈ ਭਵ ਲਯੋ ।
(ਬਚਿਤ੍ਰ ਨਾਟਕ, ਸਪਤਮੋ ਧਿਆਇ)

ਇਹ 'ਪ੍ਰਕਾਸ਼' ਤੇ 'ਭਵ' ਦਾ ਭੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਪ੍ਰਕਰਣਾ ਵਿਚ ਦਸਿਆ ਹੋਇਆ ਹੈ । ਭੇਤ ਇਹ ਹੈ ਕਿ ਕਿਸੇ ਆਤਮਾ ਦੇ ਮਾਤ ਗਰਭ ਵਿਚ ਆ ਕੇ ਅਸਥਿਤ ਹੋਣ ਦਾ ਸਮਾਂ ਹੋਰ ਹੈ ਅਤੇ ਸੰਸਾਰ ਵਿਚ ਜਨਮ ਲੈਣ ਦਾ ਸਮਾਂ ਹੋਰ ਹੈ । ਇਹਨਾਂ ਦੋ ਸਮਿਆਂ ਵਿਚ ਕੋਈ ਛੇ ਮਹੀਨੇ ਦਾ ਅੰਤਰ ਹੈ ਜਿਸ ਸਮੇਂ ਵਿਚ ਆਤਮਾ ਉਦਰ ਵਿਖੇ ਭਗਤੀ ਲੀਨ ਰਹਿੰਦੀ ਹੈ । 'ਗਰਭਾਸਿ' ਹੈ ਪਹਿਲੀ ਅਵਸਥਾ ਜਦੋਂ ਆਤਮਾ ਗਰਭ ਵਿਚ ਆ ਕੇ ਅਸਥਿਤ ਹੁੰਦੀ ਹੈ ਅਤੇ 'ਆਇਆ' ਹੈ 'ਭਵ' ਦੀ ਦਸ਼ਾ, ਜਦੋਂ ਆਤਮਾ ਸਰੀਰ ਸਹਿਤ ਜਨਮ ਲੈਂਦੀ ਹੈ :–

ਪਹਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਹੁਕਮਿ ਪਇਆ ਗਰਭਾਸਿ ।
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ
ਖਸਮ ਸੇਤੀ ਅਰਦ ਸਿ ।
ਪਸਮ ਸੇਤੀ ਅਰਦਾਸਿ ਵਖਾਣੈ
ਉਰਧ ਧਿਆਨਿ ਲਿਵ ਲਾਗਾ ।
ਨਾਮਰਜਾਦੁ ਆਇਆ ਕਲਿ ਭੀਤਰਿ
ਬਹੁੜਿ ਜਾਸੀ ਨਾਗਾ ।
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ।
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ
ਹੁਕਮਿ ਪਇਆ ਗਰਭਾਸਿ ।। ੧ ।।
(ਸਿਰੀ ਰਾਗੁ ਮ: ੧)

ਗੁਰੂ ਰਾਮਦਾਸ ਜੀ ਇਸੇ ਖਿਆਲ ਨੂੰ 'ਪਾਇਆ ਉਦਰ ਮੰਝਾਰਿ' ਅਤੇ 'ਬਾਹਰਿ ਜਨਮੁ ਭਇਆ' ਕਹਿ ਕੇ ਦਸਦੇ ਹਨ :—

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ
ਹਰਿ ਪਾਇਆ ਉਦਰ ਮੰਝਾਰਿ ।
ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ
ਹਰਿ ਹਰਿ ਨਾਮੁ ਸਮਾਰਿ ।
ਹਰਿ ਹਰਿ ਨਾਮੁ ਜਪੇ ਆਰਾਧੇ
ਵਿਚਿ ਅਗਨੀ ਹਰਿ ਜਪਿ ਜੀਵਿਆ ।
ਬਾਹਰਿ ਜਨਮੁ ਭਇਆ ਮੁਖਿ ਲਾਗਾ
ਸਰਸੇ ਪਿਤਾ ਮਾਤ ਥੀਵਿਆ ।
ਜਿਸ ਕੀ ਵਸਤੁ ਤਿਸੁ ਚੇਤਹੁ ਪ੍ਰਾਣੀ
ਕਰਿ ਹਿਰਦੈ ਗੁਰਮੁਖਿ ਬੀਚਾਰਿ ।
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ
ਹਰਿ ਜਪੀਐ ਕਿਰਪਾ ਧਾਰਿ ॥ ੧ ॥

(ਸਿਰੀ ਰਾਗੁ ਮਹਲਾ ੪)

ਇਹ ਹਾਲਤ ਤੇ ਆਮ ਸੰਸਾਰੀਆਂ ਦੀ ਹੈ । ਪਰ ਗੁਰੂ ਆਤਮਾ ਵੀ 'ਪ੍ਰਕਾਸ਼' ਅਤੇ 'ਭਵ' ਦੀਆਂ ਦੋਹਾਂ ਹਾਲਤਾਂ ਵਿਚੋਂ ਹੀ ਲੰਘਦੀ ਹੈ ।

ਇਥੇ ਇਸ ਭੇਤ ਤੇ ਵਿਸ਼ੇਸ਼ ਜ਼ੋਰ ਇਕ ਖਾਸ ਮੰਤਵ ਲਈ ਮੈਂ ਦੇਣਾ ਚਾਹੁੰਦਾ ਹਾਂ । ਕਈ ਰੂਪਾਂ ਵਿਚ 'ਕਤਕਿ' ਕੇ 'ਵਿਸਾਖ' ਦਾ ਝਗੜਾ ਚਲ ਰਹਿਆ ਹੈ । ਕੋਈ ਕਹਿੰਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਜਨਮ 'ਕਤਕਿ' ਦੇ ਮਹੀਨੇ ਵਿਚ ਹੋਇਆ ਹੈ ਅਤੇ ਕੋਈ 'ਵਿਸਾਖ' ਨੂੰ ਗੁਰੂ ਜੀ ਦੀ ਜਨਮ ਤਿਥ ਮੰਨਦਾ ਹੈ । ਜਨਮ ਸਾਖੀਆਂ ਵਿਚ ਵੀ ਭੇਦ ਹੈ । ਧਿਆਨ ਕਰਨਾ ਚਾਹੀਦਾ ਹੈ ਕਿ ਕਿਤੇ ਜਨਮ ਸਾਖੀਆਂ ਨੇ 'ਪ੍ਰਕਾਸ਼' ਤੇ 'ਭਵ' ਦੇ ਫ਼ਰਕ ਨੂੰ ਹੀ ਤੇ ਨਹੀਂ ਦਰਸਾ ਦਿਤਾ । ਹੋ ਸਕਦਾ ਹੈ ਕਿ ਕਿਸੇ ਜਨਮ ਸਾਖੀ ਨੇ 'ਪ੍ਰਕਾਸ਼' ਦੀ ਤਿਥ ਲੈ ਲਈ ਹੋਵੇ ਅਤੇ ਕਿਸੇ ਨੇ 'ਭਵ' ਦੀ । 'ਪ੍ਰਕਾਸ਼' ਅਤੇ 'ਭਵ' ਵਿਚ ਸਮੇਂ ਦਾ ਅੰਤਰ ਛੇ ਮਹੀਨੇ ਦਾ ਹੁੰਦਾ ਹੈ ਅਤੇ 'ਵਿਸਾਖ' ਅਤੇ 'ਕਤਕਿ' ਵਿਚ ਵੀ ਅੰਤਰ ਛੇ ਮਹੀਨੇ ਦਾ ਹੈ । ਅਤੇ ਇਹ 'ਕਤਕਿ' ਕੇ 'ਵਿਸਾਖ' ਦਾ ਝਗੜਾ ਬਿਲਕੁਲ ਨਿਰਮੂਲ ਹੋਵੇ ?

ਹੁਣ ਇਹ ਨਿਰਨਾ ਕਰਨਾ ਤੇ ਕਠਨ ਹੈ ਕਿ ਫਿਰ ਕਿਹੜਾ ਮਹੀਨਾ 'ਪ੍ਰਕਾਸ਼' ਦਾ ਸੀ ਅਤੇ ਕਿਹੜਾ 'ਭਵ' ਦਾ ਸੀ। ਜੇ ਪੁਰਾਤਨ ਜਨਮ ਸਾਖੀ ਜੋ ਸਾਰੀਆਂ ਜਨਮ ਸਾਖੀਆਂ ਵਿਚੋਂ ਵਧ ਪੁਰਾਤਨ ਅਤੇ ਪ੍ਰਮਾਣੀਕ ਹੈ, ਮਗਰ ਚਲੀਏ ਤਾਂ 'ਕਤਕਿ' ਪ੍ਰਕਾਸ਼' ਦਾ ਮਹੀਨਾ ਬਣਦਾ ਹੈ ਅਤੇ 'ਵਿਸਾਖ' 'ਭਵ' ਦਾ। ਬਹੁਤ ਹਦ ਤੀਕ ਗਲ ਇੰਵੇ ਹੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼" 'ਕਤਕਿ' ਵਿਚ ਹੈ ਅਤੇ 'ਭਵ' 'ਵਿਸਾਖ' ਵਿਚ।

ਭਾਈ ਗੁਰਦਾਸ ਜੀ ਨੇ 'ਭਵ' ਨੂੰ 'ਪ੍ਰਗਟਿਆ' ਦਾ ਸ਼ਬਦ ਦਿਤਾ ਹੈ। 'ਪ੍ਰਕਾਸ਼' ਤੇ 'ਗਰਭਾਸ' ਵਿਚ ਪਹਿਲਾਂ ਹੀ ਸੀ 'ਪ੍ਰਗਟਿਆ' ਮਗਰੋਂ। ਗੁਰੂ 'ਗੁਪਤ' ਦਸ਼ਾ ਵਿਚ ਤੇ ਸਦਾ ਹੀ ਰਹਿੰਦਾ ਹੈ, 'ਪ੍ਰਗਟ' ਕਦੇ ਕਦੇ ਹੁੰਦਾ ਹੈ। 'ਸ਼ਾਇਦ' ਭਾਈ ਗੁਰਦਾਸ ਜੀ ਨੇ 'ਪ੍ਰਕਾਸ਼' ਲਈ 'ਪਠਾਯਾ' ਸਬਦ ਵਰਤਿਆ ਹੈ ਅਤੇ 'ਭਵ' ਲਈ 'ਪ੍ਰਗਟਿਆ'। ਗੁਰੂ ਗੋਬਿੰਦ ਸਿੰਘ ਜੀ ਵੀ 'ਪਠਾਯਾ' ਅਨੁਸਾਰ ਹੀ ਅਕਾਲ ਪੁਰਖ ਵਲੋਂ ਪਠਾਏ ਗਏ ਸਨ।

ਸੁਣੀ ਪੁਕਾਰ ਦਾਤਾਰ ਪ੍ਰਭੁ
ਗੁਰ ਨਾਨਕ ਜਗ ਮਾਹਿ ਪਠਾਯਾ।
ਚਰਨ ਧੋਇ ਰਹਰਾਸਿ ਕਰ
ਚਰਨਾਮ੍ਰਿਤ ਸਿਖਾਂ ਪੀਲਾਯਾ।

ਆਪ 'ਪਠਾਏ' 'ਭੇਜੇ ਗਏ' ਜਿਵੇਂ ਗੁਰੂ ਗੋਬਿੰਦ ਸਿੰਘ ਜੀ ਭੇਜੇ ਗਏ—

ਤਿਨ ਪ੍ਰਭ ਜਬ ਆਇਸ ਮੁਹਿ ਦੀਆ।
ਤਬ ਹਮ ਜਨਮ ਕਲੂ ਮਹਿ ਲੀਆ। ੪।
ਚਿਤ ਨ ਭਯੋ ਹਮਰੋ ਆਵਨ ਕਹ।
ਚੁਭੀ ਰਹੀ ਸ੍ਰੁਤਿ ਪ੍ਰਭੁ ਚਰਨਨ ਮਹ।
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।
ਇਮ ਕਹਿਕੈ ਇਹ ਲੋਕ ਪਠਾਯੋ। ੫।

ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਜੀ ਪਠਾਏ ਗਏ। ਫਿਰ ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ।

ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ।
ਸਿੰਘ ਬੁਕੇ, ਮ੍ਰਿਗਾਵਲੀ ਭੰਨੀ ਜਾਇ ਨ ਧੀਰ ਧਰੋਆ ।
ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ ।

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ 'ਭਵ' ਲਇਆ । ਇਸੇ ਨੂੰ ਭਾਈ ਗੁਰਦਾਸ ਸਿੰਘ (ਭਾਈ ਗੁਰਦਾਸ ਦੂਜੇ) ਨੇ ਇਉਂ ਲਿਖਿਆ ਹੈ :—

ਵਹਿ ਪ੍ਰਗਟਿਓ ਮਰਦ ਅੰਗਮੜਾ ਵਰਿਆਮ ਅਕੇਲਾ ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ।

ਇਨ੍ਹਾਂ ਨੇ ਵੀ 'ਭਵ' ਲਈ 'ਪ੍ਰਗਟਿਓ' ਸ਼ਬਦ ਹੀ ਵਰਤਿਆ ਹੈ ।

ਸੋ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਭੇਤ ਨੂੰ ਖੋਲਿਆ ਹੋਇਆ ਹੈ । ਸਾਨੂੰ ਧਿਆਨ ਦੇਣਾ ਚਾਹੀਦਾ ਹੈ, ਕਿਤੇ 'ਕਤਕਿ' ਕੇ 'ਵਿਸਾਖ' ਦੇ ਨੁਕਤੇ ਤੇ ਵੀ ਅਸੀਂ ਅਗਿਆਨਤਾ ਵਸ ਹੋਏ, ਨਿਖੜ ਨਾ ਜਾਈਏ । ਦੋਵੇਂ ਇਕੋ ਗੱਲ ਹਨ, ਪੰਥ ਜੋ ਨਿਰਨਾ ਕਰ ਲਏ ਕਿ 'ਪ੍ਰਕਾਸ਼' ਦਿਵਸ ਮਨਾਣਾ ਹੈ ਜਾਂ 'ਭਵ' ਦਿਵਸ । 'ਭਵ-ਦਿਵਸ' ਠੀਕ ਜਾਪਦਾ ਹੈ, 'ਪ੍ਰਕਾਸ਼ ਦਿਵਸ' ਦਾ ਨਿਰਨਾ ਕਠਨ ਹੈ ।

ਵੈਸੇ, ਉਤਮ ਤਰੀਕਾ ਇਹ ਹੈ ਕਿ ਕੇਵਲ ਜੋਤੀ ਜੋਤ ਸਮਾਣ ਦੇ ਦਿਨ ਮਨਾਏ ਜਾਇਆ ਕਰਨ । ਜਨਮ ਤੇ ਪਤਾ ਨਹੀਂ ਹੁੰਦਾ ਕਿ ਕਿਸੇ ਵਿਅਕਤੀ ਨੇ ਕੀ ਬਣਨਾ ਹੈ । ਕਈ ਬਚੇ ਗੁਰੂ ਘਰਾਂ ਵਿਚ ਹੀ ਪੈਦਾ ਹੋਏ ਪਰ ਗੁਰੂ ਨਹੀਂ ਬਣੇ । ਹੋਰਾਂ ਦੀ ਤੇ ਗੱਲ ਕੀ ? ਇਸ ਲਈ ਅਸਲ ਵਿਚ ਜੋਤੀ ਜੋਤ ਸਮਾਣ ਦਾ ਹੀ ਦਿਨ ਹੈ । ਜਦੋਂ ਨਿਰਨਾ ਹੁੰਦਾ ਹੈ ਕਿ ਕਿਸੇ ਆਤਮਾ ਨੇ ਸੰਸਾਰ ਲਈ ਕੀ ਕੁਝ ਕੀਤਾ ਹੈ । ਪੁਰਾਤਨ ਹੱਥ-ਲਿਖਤੀ ਬੀੜਾਂ ਵਿਚ ਜੋਤੀ ਜੋਤ ਸਮਾਣ ਦੇ ਚਰਿਤ੍ਰ ਹੀ ਲਿਖਣ ਦਾ ਰਿਵਾਜ ਸੀ ।

(੨)

'ਬਚਿਤ੍ਰ ਨਾਟਕ'—ਆਪਣੀ ਕਥਾ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਾਰੀ ਗੁਰ ਇਤਿਹਾਸ ਵਿਚ ਇਕ ਹੋਰ ਨੁਕਤਾ ਖੜਾ ਕੀਤਾ ਹੈ

ਜਿਸਦਾ ਸਮਾਧਾਨ ਵੀ ਸਾਨੂੰ ਪੂਰੀ ਸੂਝ ਨਾਲ ਕਰਨਾ ਚਾਹੀਦਾ ਹੈ। ਆਪ ਨੇ ਲਿਖਿਆ ਹੈ :—

ਅਬ ਮੈ ਅਪਨੀ ਕਥਾ ਬਖਾਨੋ।
ਤਪ ਸਾਧਤ ਜਿਹ ਬਿਧਿ ਮੁਹਿ ਆਨੋ।
ਹੇਮ ਕੁੰਟ ਪਰਬਤ ਹੈ ਜਹਾਂ।
ਸਪਤ ਸ੍ਰਿੰਗ ਸੋਭਿਤ ਹੈ ਤਹਾਂ। ੧।
ਸਪਤ ਸ੍ਰਿੰਗ ਤਿਹ ਨਾਮੁ ਕਹਾਵਾ।
ਪੰਡ ਰਾਜ ਜਹ ਜੋਗੁ ਕਮਾਵਾ।
ਤਹ ਹਮ ਅਧਿਕ ਤਪਸਿਆ ਸਾਧੀ।
ਮਹਾ ਕਾਲ ਕਾਲਕਾ ਅਰਾਧੀ। ੨।
ਇਹ ਬਿਧਿ ਕਰਤ ਤਪਸਿਆ ਭਯੋ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ।
ਤਾਤ ਮਾਤ ਮੁਰ ਅਲਖ ਅਰਾਧਾ।
ਬਹੁ ਬਿਧਿ ਜੋਗ ਸਾਧਨਾ ਸਾਧਾ। ੩।

(ਬਚਿਤ੍ਰ ਨਾਟਕ, ਖਸਟਮੋ ਧਿਆਇ)

ਇਸ ਸੰਕੇਤ ਨਾਲ 'ਹੇਮ ਕੁੰਟ ਤਪੋਧਾਮ' ਦੇ ਲਭਣ ਦੀ ਰੁਚੀ ਸਿਖਾਂ ਵਿਚ ਪੈਦਾ ਹੋਈ ਅਤੇ ਉਹਨਾਂ ਉਹ ਧਾਮ ਆਪਣੇ ਖਿਆਲ ਅਨੁਸਾਰ ਨਿਸਚਿਤ ਕਰ ਲਇਆ ਹੈ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਬਾਰੇ ਲਿਖਿਆ ਹੈ :—

ਪਹਿਲਾਂ ਬਾਬੇ ਪਾਯਾ ਬਖਸ਼ ਦਰ
ਪਿਛੋਂ ਦੇ ਇਹ ਘਾਲ ਕਮਾਈ।
ਰੇਤ ਅੱਕ ਆਹਾਰ ਕਰ
ਰੋੜਾਂ ਦੀ ਗੁਰ ਕਰੀ ਵਿਛਾਈ।
ਭਾਰੀ ਕਰੀ ਤਪਸਿਆ
ਬਡੇ ਭਾਗ ਹਰਿ ਸਿਉ ਬਣਿ ਆਈ।

ਬਾਬਾ ਪੈਧਾ ਸਚਖੰਡ
ਨਉਨਿਧਿ ਨਾਮ ਗਰੀਬੀ ਪਾਈ।
ਬਾਬਾ ਦੇਖੈ ਧਿਆਨ ਧਰ
ਜਲ ਤੀ ਸਭ ਪ੍ਰਿਥਮੀ ਦਿਸ ਆਈ।
ਬਾਝਹੁ ਗੁਰੂ ਗੁਬਾਰ ਹੈ
ਹੈ ਹੈ ਕਰਦੀ ਸੁਣੀ ਲੁਕਾਈ।
ਬਾਬੇ ਭੇਖ ਬਣਾਇਆ
ਉਦਾਸੀ ਦੀ ਰੀਤ ਚਲਾਈ।
ਚੜ੍ਹਿਆ ਸੋਧਨ ਧਰਤ ਲੁਕਾਈ। ੨੪।

ਇਹ ਗੁਰੂ ਨਾਨਕ ਸਾਹਿਬ ਦਾ ਤਪੋਧਾਮ ਕਿਥੇ ਹੈ ? ਜੇ ਗੁਰੂ ਗੋਬਿਦ ਸਿੰਘ ਜੀ ਦਾ ਤਪੋਧਾਮ ਲਭਣਾ ਜ਼ਰੂਰੀ ਹੈ ਤਾਂ ਗੁਰੂ ਨਾਨਕ ਸਾਹਿਬ ਦਾ ਤਪੋਧਾਮ ਲਭਣਾ ਕਿਉਂ ਜ਼ਰੂਰੀ ਨਹੀਂ ? ਉਥੇ 'ਸਪਤ ਸ੍ਰਿੰਗ' ਦਾ ਸੰਕੇਤ ਹੈ, ਇਥੇ ਕਿਸੇ 'ਰੇਤ ਅੱਕ' ਵਾਲੇ ਮਾਰੂਥਲ ਦਾ ਸੰਕੇਤ ਜਾਪਦਾ ਹੈ।

'ਤਪੋਧਾਮ' ਫਿਰ ਹੋਰ ਵੀ ਗੁਰੂ ਸਾਹਿਬਾਨ ਦੇ ਲਭਣੇ ਉਚਿਤ ਹਨ। ਵਿਚਾਰਨਾ ਇਹ ਹੈ ਕਿ ਦੋਹਾਂ ਹਾਲਤਾਂ ਵਿਚ ਦ੍ਵੈ ਤੇ ਏਕ ਰੂਪ' ਅਤੇ 'ਬਾਬਾ ਪੈਧਾ ਸਚਖੰਡ' ਦਾ ਸੰਕੇਤ ਹੈ ਕਿ ਇਹ 'ਨਾਨਕ-ਜੋਤਿ' ਨੂੰ 'ਪਠਾਯਾ' ਗਿਆ। ਤਾਂ ਫਿਰ ਪਹਿਲੇ ਤਪੋਧਾਮ ਨਾਲ ਸਿਖਾਂ ਦਾ ਕੀ ਸਬੰਧ ਹੈ ? ਉਹਨਾਂ ਦਾ ਸਬੰਧ ਤਾਂ ਉਸ 'ਜੋਤਿ' ਨਾਲ ਹੈ ਜੋ ਨਾਨਕ ਗੋਬਿੰਦ ਰੂਪ ਵਿਚ ਪ੍ਰਗਟ ਹੋਈ। ਜਿਥੇ ਤੀਕ ਉਹ ਤਪ ਜਾਰੀ ਸੀ, ਉਤਨੇ ਤੀਕ ਉਸ ਜੋਤਿ ਨੇ ਨਾਨਕ ਗੋਬਿੰਦ 'ਪੂਰਨ ਗੁਰੂ' ਦਾ ਰੂਪ ਧਾਰਨ ਨਹੀਂ ਸੀ ਕੀਤਾ।

ਪਤਾ ਨਹੀਂ ਇਸ 'ਜੋਤਿ' ਨੇ ਪਹਿਲਾਂ ਕਿਤਨੇ ਰੂਪ ਧਾਰਨ ਕੀਤੇ ਸਨ ਜਿਵੇਂ 'ਬੋਧ ਸਤਵਾ' ਅਤੇ 'ਜੈਨ ਤੀਰਥੰਕਰਾਂ' ਨੇ ਕੀਤੇ ਸਨ ਤੇ ਉਹ ਸਾਰੇ ਜਨਮ ਹਾਲਾਤ ਕੌਣ ਲਭੇ।

'ਹੇਮ ਕੁੰਟ' ਤੋਂ ਹੀ ਰੁਚੀ ਪੈਦਾ ਹੋਈ ਹੈ ਕਿ (ਗੁਰੂ) ਤੇਗ ਬਹਾਦਰ ਜੀ ਦਾ ਤਪੋਧਾਮ ਵੀ ਲਭਿਆ ਜਾਵੇ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਸੰਕੇਤ

ਕੀਤਾ ਹੈ :—

ਤਾਤ ਮਾਤ ਮੁਰ ਅਲਖ ਅਰਾਧਾ ।
ਬਹੁ ਬਿਧਿ ਜੋਗ ਸਾਧਨਾ ਸਾਧਾ । ੩ ।

ਅਤੇ ਕੁਝ ਸਿਖਾਂ ਨੇ 'ਹੇਮ ਕੂੰਟ' ਤੋਂ ਕੁਝ ਉਪਰ ਉਹ ਤਪੋਧਾਮ ਵੀ ਨਿਸਚਿਤ ਕਰ ਲਿਆ ਹੈ ਜਿਥੇ (ਗੁਰੂ) ਤੇਗ ਬਹਾਦਰ ਜੀ ਨੇ ਤਪਸਿਆ ਕੀਤੀ ਸੀ ।

ਇਸ ਤਰ੍ਹਾਂ ਅਸੀਂ ਬੜੇ ਬੜੇ ਝਮੇਲੇ ਵਿਚ ਫਸ ਜਾਵਾਂਗੇ । ਸਾਡਾ ਸਬੰਧ ਕੇਵਲ ਉਸ ਪ੍ਰਕਾਸ਼ ਤੇ ਭਵ ਨਾਲ ਹੈ ਜੋ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦ੍ਰਿੜ ਹੈ । 'ਹੇਮ ਕੂੰਟ' ਅਨਕ ਖੋਜੀਆਂ ਨੇ ਹੋਰ ਹੋਰ ਥਾਈਂ ਵੀ ਨਿਸਚਿਤ ਕੀਤਾ ਹੈ ਜਿਵੇਂ 'ਕਲਕੀ ਅਵਤਾਰ' ਦਾ ਜਨਮ ਅਸਥਾਨ ।

'ਤਪ ਸਾਧਨ' ਦੀ ਮਹਾਨਤਾ ਝੁਟਲਾਈ ਨਹੀਂ ਜਾ ਸਕਦੀ ਪਰ ਤਪੱਸੀਆ ਨੇ ਸਾਨੂੰ ਆ ਕੇ 'ਨਾਮ ਸਾਧਨ' ਹੀ ਦਸਿਆ ਹੈ ਅਤੇ ਅਸੀਂ ਉਸੇ 'ਨਾਮ-ਭਗਤੀ' ਤੇ ਦ੍ਰਿੜ੍ਹ ਹਾਂ ਕਿ ਕੀ ਸਿਖ 'ਤਪ ਸਾਧਨ' ਬਲ ਨੂੰ ਮੁੜਨਾ ਚਾਹੁੰਦੇ ਹਨ ? ੧੬੯੯ ਤੋਂ ਪਹਿਲੇ 'ਬਚਿਤ੍ਰ ਨਾਟਕ' ਨੂੰ ਗੁਰੂ ਜਾਣੇ । ਸਾਡਾ ਸਬੰਧ ਤੇ ਉਹਨਾਂ ਨਾਲ ੧੬੯੯ ਤੋਂ ਹੈ ।

(੩)

'ਬਚਿਤ੍ਰ ਨਾਟਕ'—ਆਪਣੀ ਕਥਾ ਵਿਚ ਵੀ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਸੰਨ ਸੰਮਤ ਨਹੀਂ ਦਸਿਆ । ਆਪ ਨੇ ਆਪਣਾ ਜਾਂ ਪਹਿਲੇ ਗੁਰੂ ਸਾਹਿਬਾਨ ਵਿਚੋਂ ਕਿਸੇ ਦਾ ਪ੍ਰਗਟਣ ਜਾਂ ਜੋਤੀ ਜੋਤਿ ਸਮਾਨ ਦਾ ਕੋਈ ਸੰਮਤ ਨਹੀਂ ਦਿਤਾ । ਸਾਨੂੰ ਇਤਿਹਾਸ ਵਿਚੋਂ ਹੀ ਪਤਾ ਹੈ ਕਿ ਆਪ ਨੂੰ ਲਗ ਪਗ ਪੰਜ ਸਾਲ ਪਟਨਾ ਸ਼ਹਿਰ ਵਿਖੇ ਰਹਿਣਾ ਪਿਆ । ਗੁਰੂ ਤੇਗ ਬਹਾਦਰ ਸਾਹਿਬ ਆਸਾਮ ਵਲ ਗਏ ਹੋਏ ਸਨ । ਆਪ ਉਥੋਂ ਹੀ ਸਿਧੇ ਪੰਜਾਬ ਆ ਗਏ । ਪਰਵਾਰ ਪਟਨਾ ਸਾਹਿਬ ਹੀ ਰਿਹਾ । ਮਗਰੋਂ ਪਰਵਾਰ ਪੰਜਾਬ ਆ ਗਿਆ । ਪੰਜਾਬ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਮੱਦ੍ਰ ਦੇਸ' ਕਰ ਕੇ ਲਿਖਿਆ ਹੈ :—

ਮੱਦ੍ਰ ਦੇਸ ਹਮ ਕੋ ਲੇ ਆਏ ।

ਭਾਂਤਿ ਭਾਂਤਿ ਦਾਈਅਨ ਦੁਰਲਾਏ । ੨ ।

ਕੀਨੀ ਅਨਿਕ ਭਾਂਤਿ ਤਨ ਰੱਛਾ ।

ਦੀਨੀ ਭਾਂਤਿ ਭਾਂਤਿ ਕੀ ਸਿੱਛਾ । ...... । ੩ ।

ਜਦੋਂ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦ ਹੋਏ, ਉਦੋਂ ਗੁਰੂ ਗੋਬਿੰਦ ਸਿੰਘ ਜੀ ਕੇਵਲ ਨੌਂ ਸਾਲਾਂ ਦੇ ਸਨ । ਪਰ ਆਪ ਨੇ ਦਸਿਆ ਹੈ ਕਿ ਆਪ ਨੂੰ 'ਭਾਂਤਿ ਭਾਂਤਿ ਦੀ ਸਿੱਛਾ' ਦਿਤੀ ਗਈ ਸੀ । ਇਹ ਗਲ ਵੀ ਸਾਡੇ ਇਕ ਦ੍ਰਿਸ਼ਟੀ-ਕੋਨ ਨੂੰ ਸਪਸ਼ਟ ਕਰਦੀ ਹੈ । ਆਮ ਪੁਰਾਤਨ ਪ੍ਰਚਲਤ ਵਿਚਾਰ ਹੈ ਕਿ ਅਵਤਾਰ ਨੱਬੀ ਸੰਸਾਰਕ ਅਧਿਆਪਕਾਂ ਤੋਂ ਵਿਦਿਆ ਨਹੀਂ ਪਰਾਪਤ ਕਰਦੇ । ਪਰ ਗੁਰੂ ਗੋਬਿੰਦ ਸਿੰਘ ਜੀ ਨਿਝਕ ਹੋ ਕੇ ਕਹਿ ਰਹੇ ਹਨ ਕਿ ਉਹਨਾਂ ਨੇ ਵਿਦਿਆ ਪਰਾਪਤ ਕੀਤੀ ।

ਜਿਤਨੀ ਮਹਾਂ ਕੋਸ਼ਕ ਜਾਣਕਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਸਮ ਗ੍ਰੰਥ ਵਿਚ ਹੈ, ਉਹ ਆਪ ਨੇ ਅਨੇਕ ਗ੍ਰੰਥਾਂ ਦੇ ਪਾਠ ਵਿਚੋਂ ਜਾਂ ਉਹਨਾਂ ਦੇ ਸਾਰੰਸ਼ ਸੁਣ ਕੇ ਪਰਾਪਤ ਕੀਤੀ । ਜਿਤਨਾ ਭਾਰੀ ਆਪ ਦਾ ਬੋਲੀਆਂ ਤੇ ਕਾਬੂ ਹੈ, ਉਹ ਵੀ ਬੜੀ ਸਿੱਛਾ ਦੀ ਮੰਗ ਕਰਦਾ ਹੈ । ਜਿਤਨਾ ਆਪ ਨੂੰ ਛੰਦਾਂ ਦੀ ਵਰਤੋਂ ਅਤੇ ਛੰਦਾਂਬੰਦੀ ਤੇ ਅਧਿਕਾਰ ਪਰਾਪਤ ਹੈ, ਉਸ ਲਈ ਵੀ ਬੜੇ ਅਭਿਆਸ ਦੀ ਲੋੜ ਹੈ। ਸ਼ਸਤ੍ਰ ਵਿਦਿਆ ਤੇ ਨਿਰਸੰਦੇਹ ਆਪ ਨੂੰ ਦਿਤੀ ਗਈ ।

ਜੇ ਗੁਰੂ ਗੋਬਿੰਦ ਸਿੰਘ ਜੀ ਲਈ ਇਹ ਪਰਵਾਨ ਕੀਤਾ ਜਾ ਸਕਦਾ ਹੈ ਕਿ ਉਹਨਾਂ ਨੂੰ ਸਿਲਸਲੇਵਾਰ ਵਿਦਿਆ ਦਿਤੀ ਗਈ ਤਾਂ ਹੋਰ ਗੁਰੂ ਸਾਹਿਬਾਨ ਬਾਰੇ ਵੀ ਇਹ ਗੱਲ ਮੰਨਣ ਵਿਚ ਝਿੱਝਕ ਕੋਈ ਨਹੀਂ ਹੋਣੀ ਚਾਹੀਦੀ । ਜੋ ਢੰਗ ਵੀ ਗੁਰੂ ਸਾਹਿਬਾਨ ਦੇ ਸਮੇਂ ਵਿਦਿਆ ਪਰਾਪਤੀ ਦੇ ਮੌਜੂਦ ਸਨ, ਆਪ ਨੇ ਉਹਨਾਂ ਦਾ ਲਾਭ ਪਰਾਪਤ ਕੀਤਾ ।

ਗੁਰੂ ਨਾਨਕ ਦੇਵ ਜੀ ਬਾਰੇ ਕਿ ਬ੍ਰਹਮ ਗਿਆਨ ਆਪ ਦਾ ਕਿਸੇ ਪਾਸੋਂ ਪਰਾਪਤ ਨਹੀਂ ਕੀਤਾ ਹੋਇਆ । ਗੁਰੂ ਗੋਬਿੰਦ ਸਿੰਘ ਜੀ ਨੇ ਇਹ ਸਪਸ਼ਟ ਕੀਤਾ ਹੈ :—

ਇਹ ਬਿਧ ਕਰਨ ਤਪਸਿਆ ਭਯੋ ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ ।

ਗੁਰੂ ਨਾਨਕ ਦੇਵ ਜੀ ਦੀ 'ਹਰਿ ਸਿਉ ਬਨਿਆਈ' ਸੀ । ਗੁਰਤਾ ਦੀ ਪਦਵੀ ਤੇ ਉਹ 'ਏਕ ਰੂਪ' ਹੈ, ਉਹ ਤਜਰਬਾ ਜਿਸ ਨੇ 'ਏਕ ਰੂਪ' ਕੀਤਾ । ਪਰ ਬਾਕੀ ਸਭ ਕੁਝ ਗੁਰੂ ਸਾਹਿਬਾਨ ਵੀ ਉਹਨਾਂ ਸਥਾਨਕ ਹਾਲਾਤ ਵਿਚੋਂ ਪਰਾਪਤ ਕਰਦੇ ਹਨ ਜਿਥੇ 'ਗੁਰ ਜੋਤਿ' ਪ੍ਰਕਾਸ਼ਮਾਨ ਹੁੰਦੀ ਹੈ । 'ਗੁਰ ਜੋਤਿ' ਦੀ ਕੋਈ ਵਿਸ਼ੇਸ਼ ਬੋਲੀ ਨਹੀਂ ਹੈ, ਉਹ ਜਿਸ ਦੇਸ਼ ਵਿਚ ਪ੍ਰਕਾਸ਼ਮਾਨ ਹੁੰਦੀ ਹੈ, ਉਸ ਦੇਸ਼ ਦੀ ਬੋਲੀ ਗ੍ਰਹਿਣ ਕਰਦੀ ਹੈ, ਉਥੋਂ ਦੇ ਸਥਾਨਕ ਹਾਲਾਤ ਦੇ ਸੁਧਾਰ ਲਈ ਹੀ ਯਤਨ ਕਰਦੀ ਹੈ ਅਤੇ ਸਥਾਨਕ ਚਿਨ੍ਹਾਂ ਵਿਚ ਸਰਬ-ਸਾਂਝੇ ਮਾਨਵੀ ਸਿਧਾਂਤਾਂ ਨੂੰ ਪ੍ਰਕਾਸ਼ਮਾਨ ਕਰਦੀ ਹੈ ।

ਗੁਰੂ-ਜੋਤਿ ਆਦਿ ਕਾਲ ਤੋਂ ਇਕੋ ਰਹੀ ਹੈ, ਭਾਵੇਂ ਉਹ ਜਿਹੜੇ ਸਥਾਨ ਅਤੇ ਕਾਲ ਵਿਚ ਪ੍ਰਕਾਸ਼ਮਾਨ ਹੋਈ ਹੈ । ਉਸ 'ਜੋਤਿ' ਦਾ ਸਦਾ ਮੰਤਵ ਵੀ ਇਕੋ ਰਿਹਾ ਹੈ । ਉਸ ਜੋਤਿ ਦਾ 'ਤਮਾਸ਼ਾ' ਅਨੇਕ ਜਨਮਾਂ ਵਿਚ ਹੁੰਦਾ ਰਿਹਾ ਹੈ, ਉਹ ਜੋਤਿ ਗੁਰੂ ਗੋਬਿੰਦ ਸਿੰਘ ਜੀ ਦੀ ਹੈ ਜਿਨ੍ਹਾਂ ਨੇ ਗੰਗਾ ਤਟ ਤੇ ਜਨਮ ਲਿਆ, ਜਮਨਾ ਤਟ ਤੇ ਬਿਰਾਜੇ ਅਤੇ ਗੁਦਾਵਰੀ ਤਟ ਤੇ ਜੋਤੀ ਜੋਤਿ ਸਮਾਏ । ਇਹ ਤਿੰਨੋ ਦਰਿਆ ਭਾਰਤੀ ਗੁਰ-ਜੋਤਿ ਪ੍ਰਕਾਸ਼ ਦੇ ਕੇਂਦਰ ਤਟ ਰਹੇ ਹਨ । ਗੁਰੂ ਜੋਤਿ ਨੇ ਹੀ ਸਾਰਾ ਤਮਾਸ਼ਾ ਵੇਖਿਆ ਅਤੇ ਬਚਿਤ੍ਰ ਨਾਟਕ ਵਿਚ ਆਪ ਹੀ ਸਾਰਾ ਤਮਾਸ਼ਾ ਸੁਣਾਇਆ । 'ਚੰਡੀ' ਵੀ ਇਸੇ ਜੋਤਿ-ਸਰੂਪ ਦਾ ਇਕ ਪ੍ਰਕਾਸ਼ ਸੀ । ਰਾਮ ਜੀ, ਕ੍ਰਿਸ਼ਨ ਜੀ, ਮੀਰ ਮਹਿੰਦੀ, ਬੁੱਧ ਆਦਿ ਸਭ ਇਸੇ ਦਾ ਪ੍ਰਕਾਸ਼ ਹੋਏ ਹਨ । ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਵਿਚਾਰਨਾ ਹੈ । ਗੁਰੂ ਜੋਤਿ ਨੇ—

ਸਰਬ ਕਾਲ ਸਭ ਸਾਧ ਉਬਾਰੇ ।
ਦੁਖੁ ਦੈ ਕੈ ਦੋਖੀ ਸਭ ਮਾਰੇ ।
ਅਦਭੁਤਿ ਗਤਿ ਭਗਤਨ ਦਿਖਰਾਈ ।
ਸਭ ਸੰਕਟ ਤੇ ਲਏ ਬਚਾਈ । ੧ ।

ਸਭ ਸੰਕਟ ਤੇ ਸੰਤ ਬਚਾਏ ।
ਸਭ ਕੰਟਕ ਕੰਟਕ ਜਿਮ ਘਾਏ ।
ਦਾਸ ਜਾਨ ਮੁਹਿ ਕਰੀ ਸਹਾਇ ।
ਆਪ ਹਾਥ ਦੈ ਲਯੋ ਬਚਾਇ । ੨ ।
ਅਬ ਜੋ ਜੋ ਮੈਂ ਲਖੇ ਤਮਾਸ਼ਾ ।
ਸੋ ਸੋ ਕਰੋ ਤੁਮੈ ਅਰਦਾਸਾ ।
ਜੋ ਪ੍ਰਭ ਕਿਰਪਾ ਕਟਾਛ ਦਿਖੈ ।
ਸੋ ਤਵ ਦਾਸ ਉਚਾਰਤ ਜੈਹੈ । ੩ ।
ਜਿਹ ਜਿਹ ਬਿਧ ਮੈ ਲਖੇ ਤਮਾਸ਼ਾ ।
ਚਾਹਤ ਤਿਨਕੋ ਕੀਜੋ ਪ੍ਰਕਾਸ਼ਾ ।
ਜੋ ਜੋ ਜਨਮ ਪੂਰਬਲੇ ਹੇਰੇ ।
ਕਹਿਹੋ ਸੁ ਪ੍ਰਭੁ ਪਰਾਕ੍ਰਮ ਤੇਰੇ । ੪ ।

— — —

ਜਿਹ ਜਿਹ ਬਿਧ ਜਨਮਨਿ ਸੁਧਿ ਆਈ ।
ਤਿਮ ਤਿਮ ਕਹੇ ਗਿਰੰਥ ਬਨਾਈ ।
ਪ੍ਰਥਮੇ ਸਤਿਜੁਗ ਜਿਹ ਬਿਧਿ ਲਹਾ ।
ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ । ੧੦ ।
ਪਹਿਲੇ ਚੰਡੀ ਚਰਿਤ੍ਰ ਬਨਾਯੋ ।
ਨਖ ਸਿਖ ਤੇ ਕ੍ਰਮ ਭਾਖ ਸੁਨਾਯੋ ।
ਛੋਡ ਕਥਾ ਤਬ ਪ੍ਰਥਮ ਸੁਨਾਈ ।
ਅਬ ਚਾਹਤ ਫਿਰਿ ਕਰੋ ਬਡਾਈ । ੧੧ ।

(ਬਚਿਤ੍ਰ ਨਾਟਕ, ਚੌਦਸਮੋ ਧਿਆਇ)

ਇਹ 'ਜੋਤਿ' ਵਖੋ ਵਖ ਰੂਪਾਂ ਵਿਚ ਉਸੇ ਪ੍ਰਯੋਜਨ ਲਈ ਆਉਂਦੀ ਰਹੀ ਹੈ ਜੋ ਪਰਯੋਜਨ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪ੍ਰਕਾਸ਼ ਦਾ ਦਸਿਆ ਹੈ :

ਯਾਹੀ ਕਾਜ ਧਰਾ ਹਮ ਜਨਮੰ ।
ਸਮਝ ਲੇਹੁ ਸਾਧੂ ਸਭ ਮਨਮੰ ।
ਧਰਮ ਚਲਾਵਨ ਸੰਤ ਉਬਾਰਨ ।
ਦੁਸ਼ਟ ਸਭਨ ਕੋ ਮੂਲ ਉਪਾਰਨ । ੪੩ ।

(ਖਸਟਮ ਧਿਆਇ)

ਇਸ 'ਗੁਰ-ਜੋਤਿ' ਦਾ ਅੱਗਾ ਪਿੱਛਾ ਕੀ ਹੈ ?

ਸਰਬ ਕਾਲ ਹੈ ਪਿਤਾ ਅਪਾਰਾ ।
ਦੇਬਿ ਕਾਲਕਾ ਮਾਤ ਹਮਾਰਾ ।
ਮਨੂਆ ਗੁਰ ਮੁਰਿ ਮਨਸਾ ਮਾਈ ।
ਜਿਨ ਮੋਕੋ ਸੁਭ ਕ੍ਰਿਆ ਪੜ੍ਹਾਈ । ੫ ।

(ਚੌਦਸਮੋ ਧਿਆਇ)

ਇਕੋ ਜੋਤਿ ਨੇ 'ਜੇ ਜੇ ਚਰਿਤ ਪੁਰਾਤਨ ਲਹੇ'—ਉਹ ਗੁਰੂ ਗੋਬਿੰਦ ਸਿੰਘ ਜੀ ਨੇ ਸੁਣਾ ਦਿਤੇ ਹਨ । ਉਹ ਸਾਰੇ ਚੌਬੀਸ ਅਵਤਾਰਾਂ ਦਾ ਤਮਾਸ਼ਾ ਹੈ । 'ਜੋਤਿ' ਪ੍ਰਗਟ ਹੁੰਦੀ ਹੈ ਅਤੇ ਲੋਪ ਹੁੰਦੀ ਹੈ । 'ਪ੍ਰਗਟ' ਤੇ 'ਲੋਪ' ਲਈ ਸਾਰੇ ਕਾਰਨ ਅਕਾਲ ਪੁਰਖ ਆਪ ਹੀ ਪੈਦਾ ਕਰਦਾ ਹੈ । ਪ੍ਰਗਟ ਤੇ ਲੋਪ ਕੇਵਲ ਤਮਾਸ਼ਾ ਹੈ ।

ਭਾਰਤ ਦੇ ਸਾਰੇ ਧਰਮ ਗ੍ਰੰਥ ਤੇ ਸੰਸਾਰ ਦੇ ਹੋਰ ਧਰਮ ਗ੍ਰੰਥ ਇਸੇ 'ਜੋਤਿ' ਦਾ ਪ੍ਰਕਾਸ਼ ਹਨ ਅਤੇ ਇਸੇ 'ਜੋਤਿ' ਦਾ ਹਾਲ ਹਨ । ਫਿਰ ਇਹਨਾਂ ਵਿਚ ਸ੍ਵੈ-ਵਿਰੋਧ ਕੀ ਹੋਣਾ ਹੈ ? ਕੇਵਲ ਹਰ ਗ੍ਰੰਥ ਨਵੇਂ ਹਾਲਾਤ ਵਿਚ ਉਸੇ ਉਦੇਸ਼ ਨੂੰ ਨਵੇਂ ਰੂਪ ਵਿਚ ਦ੍ਰਿੜ ਕਰਾਂਦਾ ਹੈ । ਜੇ ਗੁਰੂ ਗੋਬਿੰਦ ਸਿੰਘ ਜੀ ਮੁੜ ਪੁਰਾਣਕ ਕਥਾਵਾਂ ਨੂੰ ਸੁਰਜੀਤ ਕੀਤਾ ਤਾਂ ਗਲ ਕੀ ਹੋਈ, ਇਹ ਵੀ ਉਹਨਾਂ ਦੀ ਰਚਨਾ ਅਤੇ ਪਹਿਲੇ ਵੀ ਉਹਨਾਂ ਦੀ ਹੀ ਰਚਨਾ ।

ਖਾਲਸਾ ਇਕ ਨਿਆਰੀ ਚੀਜ਼ ਹੈ ਜਿਵੇਂ 'ਜੜ੍ਹ' (Root) ਹੀ 'ਫੱਲ' (Fruit) ਨਹੀਂ ਹੈ, ਪਰ 'ਜੜ੍ਹ' (Root) ਕਰ ਕੇ ਹੀ ਫੱਲ (Fruit) ਵੀ ਹੈ । ਜੇ ਜੜ੍ਹ ਨਹੀਂ ਹੈ ਤਾਂ ਫੱਲ ਵੀ ਕਿਥੋਂ ਆ ਸਕਦਾ ਹੈ । ਸਾਰੀ ਭਾਰਤੀ

ਪਰੰਪਰਾ ਹੀ ਖਾਲਸੇ ਦੀ ਜੜ੍ਹ ਹੈ, ਫੱਲ ਅਸਲੋਂ ਬੜੀ ਨਿਆਰੀ, ਮਿਠੀ ਅਤੇ ਪਿਆਰੀ ਚੀਜ਼ ਹੈ ਜੜ੍ਹ ਨਾਲੋਂ ਟੁੱਟ ਕੇ ਨਹੀਂ। ਜੜ੍ਹ ਦਾ ਸਾਰ ਹੀ ਫੱਲ ਵਿਚ ਵਿਦਮਾਨ ਹੈ। 'ਦਸਮ ਗ੍ਰੰਥ' ਇਸ ਕਥਨ ਦਾ ਪ੍ਰਮਾਣ ਹੈ।

(੪)

'ਤਹੀ ਪ੍ਰਕਾਸ ਹਮਾਰਾ ਭਯੋ' ਹੀ 'ਨਾਮ ਜਪਤ ਕੋਟਿ ਸੂਰਿ ਉਜਿਆਰਾ' ਦਾ ਪ੍ਰਕਾਸ ਹੈ। ਇਹੋ ਉਹ ਜਾਗਤ ਜੋਤਿ ਦਾ ਪ੍ਰਕਾਸ਼ ਹੈ ਜੋ ਖਾਲਸੇ ਦਾ ਧੇਯ ਹੈ।

ਜਾਗਤ ਜੋਤਿ ਜਪੈ ਨਿਸ ਬਾਸਰ
ਏਕ ਬਿਨਾ ਮਨ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ
ਬ੍ਰਤ ਗੋਰ ਮੜੀ ਮਠ ਭੂਲ ਨ ਮਾਨੈ।
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹਿ ਏਕ ਪਛਾਨੈ।
ਪੂਰਨ ਜੋਤ ਜਗੈ ਘਟ ਮੈ
ਤਬ ਖਾਲਸ ਤਾਹਿ ਨਿਖਾਲਸ ਜਾਨੈ। ੧।

ਇਸ 'ਜੋਤਿ' ਦਾ ਪ੍ਰਕਾਸ਼ ਅਕਥਨੀਯ ਹੈ। ਇਹ ਪ੍ਰਕਾਸ਼ ਸਾਰੀ ਗੁਰਬਾਣੀ ਹੈ। ਇਹ ਪ੍ਰਕਾਸ਼ 'ਜਾਪੁ' ਦਾ ਪ੍ਰਕਾਸ਼ ਹੈ। 'ਜਪੁ' 'ਜਾਪੁ' ਇਸ ਪ੍ਰਕਾਸ਼ ਦਾ ਸਿਖਰ ਹਨ।

ਬੰਸ

ਅਬ ਮੈ ਕਹੋ ਸੁ ਅਪਨੀ ਕਥਾ ।
ਸੋਢੀ ਬੰਸ ਉਪਜਿਯਾ ਜਥਾ ।

੧—ਸ੍ਰੀ ਕਾਲ ਜੀ

'ਬਚਿਤ੍ਰ ਨਾਟਕ' ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬੰਸ, ਸੋਢ ਬੰਸ, ਨੂੰ 'ਸੂਰਜ ਬੰਸ' ਨਾਲ ਮੇਲਿਆ ਹੈ, 'ਤਾਂ ਤੇ ਸੂਰਜ ਰੂਪ ਕੋ ਧਰਾ, ਜਾਤੇ ਬੰਸ ਪ੍ਰਚੁਰ ਰਵਿ ਕਰਾ ।' ਸ੍ਰੀ ਰਾਮ ਚੰਦ੍ਰ ਜੀ ਸੂਰਜਬੰਸੀ ਜਾਂ ਰਵਿਬੰਸੀ ਹੋਏ ਹਨ । ਪਰ ਇਹਨਾਂ ਬੰਸਾਂ ਦੀ ਸਾਰੀ ਖੇਡ ਵੀ 'ਬਚਿਤ੍ਰ ਨਾਟਕ' ਹੈ । ਇਹ ਸ੍ਰੀ ਕਾਲ ਜੀ ਦਾ ਬਚਿਤ੍ਰ ਨਾਟਕ ਹੈ । 'ਬਚਿਤ੍ਰ ਨਾਟਕ' ਆਪਣੀ ਕਥਾ ਦੇ ਪਹਿਲੇ ਅਧਿਆਏ ਵਿਚ ਅਕਾਲ ਪੁਰਖ ਦਾ ਨਾਮ ਗੁਰੂ ਜੀ ਨੇ ਸ੍ਰੀ ਕਾਲ ਜੀ ਕਿਹਾ ਹੈ । ਸ੍ਰੀ ਕਾਲ ਜੀ ਅਟਲ ਹੈ, ਬਾਕੀ ਸਭ ਕੁਝ ਬਣਦਾ ਬਿਨਸਦਾ ਹੈ । ਇਸੇ ਤਰ੍ਹਾਂ ਸੋਢ ਬੰਸ ਵੀ ਉਪਜੀ ਅਤੇ ਬਿਨਸੀ ।

'ਸ੍ਰੀ ਕਾਲ' ਆਪ ਕਾਲ ਅਧੀਨ ਨਹੀਂ ਹੈ, ਬਾਕੀ ਸਭ ਕੁਝ ਕਾਲ ਅਧੀਨ ਹੈ । ਸ੍ਰੀ ਕਾਲ ਜੀ ਦਾ ਬਚਿਤ੍ਰ ਨਾਟਕ ਵਿਚ ਮੰਨਿਆ ਮੁਖ ਸਰੂਪ 'ਸ੍ਰੀ ਖੜਗ' ਹੈ । ਸ੍ਰੀ ਖੜਗ ਹੋਰ ਸ਼ਸਤ੍ਰਾਂ ਅਸਤ੍ਰਾਂ ਦੀ ਪ੍ਰਤਿਨਿਧਤਾ ਕਰਦੀ ਹੈ ।

ਨਮੋ ਖੜਗ ਖੰਡੰ ਕ੍ਰਿਪਾਣੰ ਕਟਾਰੰ ।
ਸਦਾ ਏਕ ਰੂਪੰ ਸਦਾ ਨਿਰਬਿਕਾਰੰ ।
ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ ।
ਜਿਨੈ ਚੋਦਹੂੰ ਲੋਕ ਜੋਤੰ ਬਿਸਥਾਰਿਯੰ ॥ ੮੭ ॥

(ਪਹਿਲਾ ਧਿਆਇ)

'ਨਮਸਕਾਰ ਸ੍ਰੀ ਖੜਗ ਕਉ ਕਰੋ ਸੁ ਹਿਤੁ ਚਿਤੁ ਲਾਇ ।'

ਕਿਉਂਕਿ ਖੜਗ ਦਾ ਵਿਸ਼ੇਸ਼ ਕਰਤਵ ਹੈ—

ਸੁਖ ਸੰਤਾ ਕਰਣੰ, ਦੁਰਮਤਿ ਦਰਣੰ,
ਕਿਲਬਿਖ ਹਰਣੰ, ਅਸ ਸਰਣੰ ।
ਜੈ ਜੈ ਜਗ ਕਾਰਣੰ, ਸ੍ਰਿਸਟ ਉਬਾਰਣ,
ਮਮ ਪ੍ਰਤਿ ਪਾਰਣ, ਜੈ ਤੇਗੰ । ੨ ।

ਇਹ ਸ੍ਰੀ ਖੜਗ ਜਾਂ ਸ੍ਰੀ 'ਜੋਤਿਯੰ ਸਰੂਪੰ' ਹੈ—

ਸਦਾ ਏਕ ਜੋਤਿਯੰ ਅਜੂਨੀ ਸਰੂਪੰ ।
ਮਹਾਂ ਦੇਵ ਦੇਵੰ ਮਹਾਂ ਰੂਪ ਭੂਪੰ ।
ਨਿਰੰਕਾਰ ਨਿਤਯੰ ਨਿਰੂਪੰ ਨ੍ਰਿਬਾਣੰ ।
ਕਲੰਕਾਰਣੇਯੰ ਨਮੋ ਖੜਗਪਾਣੰ । ੩ ।

ਭਾਵੇਂ ਇਕ 'ਜੋਤਿ ਸਰੂਪ' ਸ੍ਰੀ ਕਾਲ ਜੀ ਦਾ ਆਪਣਾ ਵਿਸ਼ੇਸ਼ ਸਰੂਪ ਨਹੀਂ ਹੈ ।

ਨ ਰੂਪੰ ਨ ਰੇਖੰ ਨ ਰੰਗੰ ਨ ਰਾਗੰ ।
ਨ ਨਾਮੰ ਨ ਠਾਮੰ ਮਹਾਂ ਜੋਤਿ ਜਾਗੰ ।
ਨ ਦ੍ਵੈਖੰ ਨ ਭੇਖੰ ਨਿਰੰਕਾਰ ਨਿਤਯੰ ।
ਮਹਾਂ ਜੋਗ ਜੋਗੰ ਸੁ ਪਰਮੰ ਪਵਿਤ੍ਰਯੰ । ੫ ।

ਪਰ 'ਸ੍ਰੀ ਕਾਲ' ਹੀ ਸਭ ਕੁਝ ਤੇ ਸਭ ਰੂਪਾਂ, ਵਿਚ ਦ੍ਰਿਸ਼ਟਮਾਨ ਹੈ :—

ਕਹੂੰ ਰਾਜਸੰ ਤਾਮਸੰ ਸਾਤਕੇਯੰ ।
ਕਹੂੰ ਨਾਰ ਕੋ ਰੂਪ ਧਾਰੇ ਨਰੇਯੰ ।

ਕਹੂੰ ਦੇਵੀਯੰ ਦੇਵਤੰ ਦਈਤ ਰੂਪੰ ।
ਕਹੂੰ ਰੂਪ ਅਨੇਕ ਧਾਰੇ ਅਨੂਪੰ । ੧੧ ।
ਕਹੂੰ ਫੂਲ ਹ੍ਵੈ ਕੈ ਭਲੇ ਰਾਜ ਫੂਲੇ ।
ਕਹੂੰ ਭਵਰ ਹ੍ਵੈ ਕੈ ਭਲੀ ਭਾਂਤ ਭੂਲੇ ।
ਕਹੂੰ ਪਵਨ ਹ੍ਵੈ ਕੈ ਬਹੇ ਬੇਗਿ ਐਸੇ ।
ਕਹੇ ਮੋ ਨ ਆਵੈ ਕਥੋ ਤਾਹਿ ਕੈਸੇ । ੧੨ ।

ਇਹ 'ਸ੍ਰੀ ਕਾਲ' ਜੀ ਸਾਰੇ ਰੂਪ ਆਪ ਹੀ ਪ੍ਰਗਟ ਕਰਦਾ ਹੈ ਅਤੇ ਆਪ ਹੀ ਸਮੇਟ ਲੈਂਦਾ ਹੈ । ਇਹ ਸਰਬ ਸਮਰਥ ਹੈ । ਇਸ ਨੇ ਸਭ ਨੂੰ ਜਿਤਿਆ ਹੈ ਪਰ ਇਸ ਨੂੰ ਕਿਸੇ ਨਹੀਂ ਜਿਤਿਆ ।

ਸੂਰਜ ਬੰਸੀ, ਚੰਦਰ ਬੰਸੀ ਤੇ ਸੋਢੀ ਆਦਿ ਸਭ ਇਸ ਦੇ ਕੀਤੇ ਤਮਾਸ਼ੇ ਤੇ ਬਚਿਤ੍ਰ ਨਾਟਕ ਹਨ ।

ਕਿਤੇ ਕ੍ਰਿਸਨ ਸੇ ਕੀਟ ਕੋਟੈ ਬਨਾਏ ।
ਕਿਤੇ ਰਾਮ ਸੇ ਮੇਟਿ ਡਾਰੇ ਉਪਾਏ ।
ਮਹਾਂ ਦੀਨ ਕੇਤੇ ਪ੍ਰਿਥੀ ਮਾਂਝ ਹੂਏ ।
ਸਮੈ ਆਪਨੀ ਆਪਨੀ ਅੰਤ ਮੂਏ । ੨੭ ।
ਜਿਤੇ ਅਉਲੀਆ ਅੰਬੀਆ ਹੋਇ ਬੀਤੇ ।
ਤਿਤਯੋ ਕਾਲ ਜੀਤਾ ਤੇ ਨ ਕਾਲ ਜੀਤੇ ।
ਜਿਤੇ ਰਾਮ ਸੇ ਕ੍ਰਿਸ਼ਨ ਹੁਇ ਬਿਸਨ ਆਏ ।
ਤਿਤਯੋ ਕਾਲ ਖਾਪਿਓ ਤੇ ਨ ਕਾਲ ਘਾਏ । ੨੭ ।

ਸੋ 'ਸਭਸੀਸ ਕੇ ਸੰਗ ਸ੍ਰੀ ਕਾਲ ਨਾਚੈ ।' ਤਾਂ ਤੇ ਸ੍ਰੀ ਕਾਲ ਜੀ ਨੂੰ ਨਮਸਕਾਰ ਹੈ, ਉਸ ਅਨੇਕ ਸ਼ਸਤ੍ਰ ਰੂਪਾਂ ਨੂੰ ਨਮਸਕਾਰ ਹੈ ਜੋ ਕਾਲ (ਮੌਤ) ਦਾ ਸਾਧਨ ਹਨ ।

ਨਮੋ ਤੀਰ ਤੋਪੰ । ਜਿਨੈ ਸ਼ੱਤ੍ਰ ਘੋਪੰ ।
ਨਮੋ ਧੋਪ ਪੱਟੰ । ਜਿਨੈ ਦੁਸਟ ਦੱਟੰ । ੯੦ ।
ਜਿਤੇ ਸਸਤ੍ਰ ਨਾਮੰ । ਨਮਸਕਾਰ ਤਾਮੰ ।

ਜਿਤੇ ਅਸਤ੍ਰ ਭੇਯੰ । ਨਮਸਕਾਰ ਤੇਯੰ ।

ਸੋ 'ਸੋਢ ਬੰਸ' ਜਾਂ 'ਸੂਰਜ ਬੰਸ' ਖੇਡ ਹੈ ਸ੍ਰੀ ਕਾਲ ਜੀ ਦੀ । ਪਰ ਇਸ ਬੰਸ ਦਾ ਵੀ ਨਾਟਕ ਹੋਇਆ ਜ਼ਰੂਰੀ ਅਤੇ ਉਸ ਨਾਟਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਹੋਰ ਬੇਦੀ-ਸੋਢੀ ਬੰਸੀਆਂ ਦਾ ਨਾਟਕ ਵੀ ਹੋਇਆ ।

'ਬੇਦੀ' ਤੇ 'ਸੋਢੀ' ਚਾਚੇ ਤਾਏ ਦੇ ਪੁਤ ਭਰਾ ਸਨ । ਸੋ ਇਹ ਇਕੋ ਬੰਸ ਦੇ ਸਨ । ਇਹਨਾਂ ਦਾ ਨਾਟਕ ਗੁਰੂ ਜੀ ਨੇ ਸਾਰਾ ਦਸਿਆ ਹੈ ।

ਇਤਨਾ ਕੁਝ ਬਚਿਤ੍ਰ ਨਾਟਕ ਦਾ ਪਹਿਲਾ ਅਧਿਯਾ ਹੈ ।

੨. ਸ੍ਰੀ ਕਾਲ ਪਸਾਰਾ

ਸ੍ਰੀ ਕਾਲ ਜੀ ਦਾ ਪਸਾਰਾ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਵਿਚ ਅਨੇਕ ਵਾਰੀ ਦਸਿਆ ਹੈ । ਪਸਾਰੇ ਦੇ ਬਿਆਨ ਵਿਚ ਥੋੜਾ ਥੋੜਾ ਭੇਦ ਤੇ ਹੈ ਪਰ ਮੂਲ ਰੂਪ ਕਥਾ ਇਕੋ ਹੀ ਹੈ । ਸੂਰਜ ਬੰਸ ਜਾਂ ਸੋਢ ਬੰਸ ਵੀ ਉਸ ਪਸਾਰੇ ਦਾ ਇਕ ਭਾਗ ਸੀ ।

ਪ੍ਰਿਥਮ ਕਾਲ ਜਬ ਕਰਾ ਪਸਾਰਾ ।
ਓਅੰਕਾਰ ਤੇ ਸ੍ਰਿਸਟਿ ਉਪਾਰਾ ।
ਕਾਲ ਸੈਣ ਪ੍ਰਥਮੈ ਭਇਓ ਭੂਪਾ ।
ਅਧਿਕ ਅਤੁਲਿ ਬਲਿਰੂਪ ਅਨੂਪਾ । ੧੦ ।
ਕਾਲਕੇਤ ਦੂਸਰ ਭੂਅ ਭਇਓ ।
ਕ੍ਰੂਰਬਸਰ ਤੀਸਰ ਜਗਠਯੋ ।
ਕਾਲਧੁਜ ਚਤਰਥ ਨ੍ਰਿਪ ਸੋਹੈ ।
ਜਿਹ ਤੇ ਭਯੋ ਜਗਤ ਸਭ ਕੋਹੈ । ੧੧ ।

'ਓਅੰਕਾਰ' ਤੋਂ ਪਸਾਰਾ ਹੋਇਆ, ਉਸ ਤੋਂ ਕਾਲ ਸੈਣ (ਵਿਸ਼ਨੂੰ), ਕਾਲਕੇਤ (ਬ੍ਰਹਮਾ) ਅਤੇ ਕ੍ਰੂਰਬਸਰ (ਸ਼ਿਵ) ਹੋਏ । ਫਿਰ ਚੌਥਾ ਨ੍ਰਿਪ (ਪ੍ਰਜਾਪਤੀ) ਹੋਇਆ ਜਿਸ ਤੋਂ ਸਾਰੇ ਜਗਤ ਦੀ ਉਤਪਤੀ ਹੋਈ । ਧਰਤੀ 'ਮਧ' 'ਕੀਟਭ' ਦੇ ਮੇਧਾ ਤੇ, ਜਿਹਨਾਂ ਦਾ ਵਿਸ਼ਨੂੰ ਨੇ ਨਾਸ ਕੀਤਾ, ਉਪਜੀ । ਪ੍ਰਜਾਪਤੀ ਦੀਆਂ

ਦਸ ਹਜ਼ਾਰ ਲੜਕੀਆਂ ਹੋਈਆਂ, ਜੋ ਉਸ ਨੇ ਰਾਜੇ ਰਿਸ਼ੀਆਂ ਨੂੰ ਵਿਆਹ ਦਿਤੀਆਂ।

ਦਸ ਸਹੰਸ੍ਰ ਤਿਹ ਗ੍ਰਿਹ ਭਈ ਕੰਨਯਾ।
ਜਿਹ ਸਮਾਨ ਕਹ ਲਗੈ ਨ ਅੰਨਿਆ।
ਕਾਲ ਕ੍ਰਿਅ ਐਸੀ ਤਹ ਭਈ।
ਤੇ ਸਭ ਬਿਅਹਿ ਨਰੇਸਨ ਦਈ।

'ਦਿਤੀ' ਅਤੇ 'ਅਦਿਤਿ' ਨੂੰ ਵੀ ਉਸ ਨੇ ਕੰਨਿਆ ਵਿਆਹ ਦਿਤੀਆਂ। 'ਦਿਤੀ' ਤੋਂ ਸਾਰੇ ਦੈਂਤ ਅਤੇ ਅਦਿਤੀ (ਸੂਰਜ) ਤੋਂ ਸਾਰੇ ਦੇਵਤੇ ਪੈਦਾ ਹੋਏ।

ਤਾਂ ਤੇ ਸੂਰਜ ਰੂਪ ਕੋ ਧਰਾ।
ਜਾਤੇ ਬੰਸ ਪ੍ਰਚੁਰ ਰਵਿ ਕਰਾ।
ਜੋ ਤਿਨ ਕੇ ਕਹਿ ਨਾਮ ਸੁਨਾਊ।
ਕਥਾ ਬਢਨ ਤੇ ਅਧਿਕ ਡਰਾਊ। ੧੯।

ਸੂਰਜ ਬੰਸ ਦੇਵਤਿਆਂ ਦੀ ਬੰਸ ਹੈ। ਅਤੇ ਇਸ ਤਰ੍ਹਾਂ ਉਸਦਾ ਅਰੰਭ ਹੋਇਆ।

੩. ਸੂਰਜ ਬੰਸ

'ਬਚਿਤ੍ਰ ਨਾਟਕ' ਵਿਚ ਗੁਰੂ ਜੀ ਨੇ ਸੰਖੇਪ ਰੂਪ ਵਿਚ ਇਸ ਬੰਸ ਦੇ ਮੁਖੀ ਰਾਜਿਆਂ ਦਾ ਬਿਆਨ ਕੀਤਾ ਹੈ ਅਤੇ ਇਹੋ ਕਥਾ ਆਪ ਨੇ 'ਰਾਮਾਵਤਾਰ' ਵਿਚ ਵੀ ਦਿਤੀ ਹੈ ਅਤੇ ਹੋਰ ਥਾਵਾਂ ਤੇ ਵੀ ਦਸੀ ਹੈ। ਇਸ ਬੰਸ ਦੇ ਮੁਖੀ ਰਾਜੇ ਰਘੁ (ਰਘੂ ਬੰਸ) ਅਜ, ਦਸਰਥ ਤੇ ਰਾਮ ਹੋਏ। ਫਿਰ ਲਵ ਤੇ ਕੁਸ਼ ਅਤੇ ਅਗੇ ਬੇਦੀ ਤੇ ਸੋਢੀ। ਸੂਰਜ ਬੰਸ ਦਾ ਵਿਸਥਾਰ ਇਵੇਂ ਤੁਰਿਆ :—

ਤਿਨਕੇ ਬੰਸ ਬਿਖੈ ਰਘੁ ਭਯੋ।
ਰਘੁਬੰਸਹਿ ਜਿਹ ਜਗਹਿ ਚਲਯੋ।
ਤਾਂਤੇ ਪੁਤ੍ਰ ਹੋਤ ਭਯੋ ਅਜ ਬਰ।
ਮਹਾਰਥੀ ਅਰੁ ਮਹਾ ਧਨੁਰ ਧਰ। ੨੦।

ਜਬ ਤਿਨ ਭੇਸ ਜੋਗ ਕੋ ਲਯੋ ।
ਰਾਜ ਪਾਟ ਦਸਰਥ ਕੋ ਦਯੋ ।
ਹੋਤ ਭਯੋ ਵਹਿ ਮਹਾ ਧਨੁਰ ਧਰ ।
ਤੀਨ ਤ੍ਰਿਅਨ ਬਰਾਜਿਹ ਰੁਚਿ ਕਰ । ੨੧ ।
ਪ੍ਰਿਥਮ ਜਯੋ ਤ੍ਰਿਹ ਰਾਮ ਕੁਮਾਰਾ ।
ਭਰਤ ਲੱਛਮਨ ਸ਼ਤ੍ਰ ਬਿਦਾਰਾ ।
ਬਹੁਤ ਕਾਲ ਤਿਨ ਰਾਜ ਕਮਾਯੋ ।
ਕਾਲ ਪਾਇ ਸੁਰਪੁਰਹਿ ਸਿਧਾਯੋ । ੨੨ ।
ਸੀਆ ਸੁਤ ਬਹੁਰ ਭਏ ਦੁਇ ਰਾਜਾ ।
ਰਾਜ ਪਾਟ ਉਨ ਹੀ ਕੋ ਸਾਜਾ ।
ਮਦ੍ਰ ਦੇਸ ਏਸ੍ਵਰਜਾ ਬਰੀ ਜਬ ।
ਭਾਂਤਿ ਭਾਂਤਿ ਕੇ ਜੋਗ ਕੀਏ ਤਬ । ੨੩ ।
ਤਹੀ ਤਿਨੈ ਬਾਂਧੇ ਦੁਇ ਪੁਰਵਾ ।
ਏਕ ਕਸੂਰ ਦੁਤੀਆ ਲਹੁਰਵਾ ।
ਅਧਿਕ ਪੁਰੀ ਤੇ ਦੋਇ ਬਿਰਾਜੀ ।
ਨਿਰਖ ਲੰਕ ਅਮਰਾਵਤ ਲਾਜੀ । ੨੪ ।

ਸੀਤਾ ਜੀ ਦੇ ਦੋਹਾਂ ਪੁਤਰਾਂ ਨੇ ਪੰਜਾਬ ਦੀਆਂ ਰਾਜਕੁਮਾਰੀਆਂ ਵਰੀਆਂ ਅਤੇ ਲਾਹੌਰ ਤੇ ਕਸੂਰ ਦੇ ਸ਼ਹਿਰ ਵਸਾਏ । ਇਥੇ ਉਹ ਰਾਜ ਕਰਨ ਲਗ ਪਏ । 'ਬਹੁਤ ਕਾਲ ਤਿਨ ਰਾਜ ਕਮਾਯੋ' ਅਤੇ ਫਿਰ ਉਹਨਾਂ ਦੀ ਸੰਤਾਨ ਅਨੇਕਾਂ ਸਾਲ ਰਾਜ ਕਰਦੀ ਰਹੀ । ਅੰਤ ਤੇ ਕੁਸ਼ੂ ਦੀ ਸੰਤਾਨ ਵਿਚੋਂ 'ਕਾਲਕੇਤ' ਅਤੇ ਲਹੂ ਦੀ ਸੰਤਾਨ ਵਿਚੋਂ 'ਕਾਲਰਾਇ' ਰਾਜੇ ਹੋਏ ।

ਖ. ਸੂਰਜ ਬੰਸੀ ਜੁੱਧ

ਫਿਰ 'ਕਾਲਕੇਤ' ਅਤੇ 'ਕਾਲਰਾਇ' ਵਿਚ ਜੁੱਧ ਹੋਇਆ । 'ਕਾਲਰਾਇ' ਹਾਰ ਕੇ ਦੌੜ ਗਿਆ ਅਤੇ ਸਨੌਢ ਦੇਸ (ਮਥਰਾ ਭਰਤਪੁਰ ਤੋਂ ਅਮਰਕੋਟ ਤਕ

ਦਾ ਇਲਾਕਾ) ਚਲਾ ਗਿਆ। ਉਥੋਂ ਦੇ ਰਾਜਾ ਦੀ ਲੜਕੀ ਉਸ ਨੇ ਵਿਆਹੀ ਜਿਸ ਵਿਚੋਂ 'ਸੋਢੀ ਰਾਇ' ਪੁਤਰ ਹੋਇਆ ਅਤੇ ਇਸ ਤੋਂ ਹੀ 'ਸੋਢ ਬੰਸ' ਉਪਜੀ।

ਕਾਲਕੇਤ ਭਯੋ ਬਲੀ ਅਪਾਰਾ।
ਕਾਲਰਾਇ ਜਿਨਿ ਨਗਰ ਨਿਕਾਰਾ।
ਭਾਜ ਸਨੌਢ ਦੇਸ ਤੇ ਗਏ।
ਤਹੀ ਭੂਪਜਾ ਬਿਆਹਤ ਭਏ।੨੮।
ਤਿਹ ਤੇ ਪੁਤ੍ਰ ਭਯੋ ਜੋ ਧਾਮਾ।
ਸੋਢੀ ਰਾਇ ਧਰਾ ਤਿਹਿ ਨਾਮਾ।
ਬੰਸ ਸਨੌਢ ਤਦਿਨ ਤੇ ਥੀਆ।
ਪਰਮ ਪਵਿਤ੍ਰ ਪੁਰਖ ਜੂ ਕੀਆ।੨੯।
ਤਾਂ ਤੇ ਪੁਤ੍ਰ ਪੌਤ੍ਰ ਹੁਇ ਆਏ।
ਤੇ ਸੋਢੀ ਸਭ ਜਗਤ ਕਹਾਏ।
ਜਗ ਮੈ ਅਧਿਕ ਸੁਭਏ ਪ੍ਰਸਿਧਾ।
ਦਿਨ ਦਿਨ ਤਿਨ ਕੇ ਧਨ ਕੀ ਬ੍ਰਿਧਾ।੩੦।
ਰਾਜ ਕਰਤ ਭਏ ਬਿਬਿਧ ਪ੍ਰਕਾਰਾ।
ਦੇਸ ਦੇਸ ਕੇ ਜੀਤ ਨ੍ਰਿਪਾਰਾ।
ਜਹਾਂ ਤਹਾਂ ਤਿਹ ਧਰਮ ਚਲਾਯੋ।
ਅਤ੍ਰ ਪਤ੍ਰ ਕਹ ਸੀਸ ਢੁਰਾਯੋ।੩੧।

ਫਿਰ 'ਸੋਢ ਬੰਸ' ਦੇ ਰਾਜੇ ਆਪਣੇ ਪਿਤਾ ਦਾ ਵੈਰ ਲੈਣ ਲਈ ਪੰਜਾਬ ਤੇ ਚੜ੍ਹ ਆਏ ਅਤੇ ਲਵੀਆਂ (ਕਾਲਰਾਇ ਦੀ ਸੰਤਾਨ) ਨੂੰ ਹਰਾ ਦਿਤਾ। 'ਧਨ ਅਰੁ ਭੂਮ ਪੁਰਾਤਨ ਬੈਠਾ' ਦੇ ਅਨੁਸਾਰ ਲੜਾਈ ਸ਼ੁਰੂ ਹੋ ਗਈ। ਇਹ ਵੀ ਸ੍ਰੀ ਕਾਲ ਜੀ ਦੀ ਖੇਡ ਹੀ ਸੀ—

ਰਚਾ ਵੈਰ ਬਾਦੰ ਬਿਧਾਤੇ ਅਪਾਰੰ।
ਜਿਸੈ ਸਾਧ ਸਾਕਿਓ ਨ ਕੋਊ ਸੁਧਾਰੰ।

ਬਲੀ ਕਾਮ ਗਯੰ ਮਹਾ ਲੋਭ ਮੋਹੰ ।
ਗਯੋ ਕਉਨ ਬੀਰ ਸੁ ਯਾਤੇ ਅਲੋਹੰ । ੫੧ ।
ਤਹਾਂ ਬੀਰ ਬੰਕੈ ਬਨੇ ਆਪ ਮਧੰ ।
ਉਠੈ ਸ਼ਸਤ੍ਰ ਲੈ ਲੈ ਮਚਾ ਜੁਧ ਸੁਧੰ ।
ਕਹੂੰ ਖਪਰੀ ਖੋਲ ਖੰਡੇ ਅਪਾਰੰ ।
ਨਚੇ ਬੀਰ ਬੈਤਾਲ ਡਉਰੂ ਡਕਾਰੰ ।

ਅੰਤ ਇਹ ਹੋਇਆ ਕਿ :—

ਲਵੀ ਸਰਬ ਜੀਤੇ ਕੁਸੀ ਸਰਬ ਹਾਰੇ ।
ਬਚੇ ਜੇ ਪ੍ਰਾਨ ਲੈ ਕੇ ਸਿਧਾਰੇ ।
ਚਤੁਰ ਬੇਦ ਪਠਿਯੰ ਕੀਯੋ ਕਾਧਿਬਾਸੰ ।
ਘਨੇ ਬਰਖ ਕੀਨੇ ਤਹਾਂ ਹੀ ਨਿਵਾਸੰ । ੫੨ ।

੫. ਬੇਦੀ ਬੰਸ

ਕੁਸ਼ੀ ਲੜਾਈ ਵਿਚ ਹਾਰ ਗਏ । ਭਾਂਜ ਖਾ ਕੇ ਉਹ ਕਾਂਸ਼ੀ ਚਲੇ ਗਏ । ਉਥੇ ਉਹਨਾਂ ਵੇਦ ਪੜ੍ਹਨੇ ਸ਼ੁਰੂ ਕਰ ਦਿਤੇ । ਉਹ ਵੇਦਾਂ ਦੇ ਬੜੇ ਗਿਆਤਾ ਹੋਏ ਬੇਦੀ ਬਣ ਗਏ । ਇਹ ਬੇਦੀ ਮੁੜ ਪੰਜਾਬ ਵਿਚ ਸੋਢੀ ਰਾਜਿਆਂ—ਆਪਣੇ ਭਰਾਵਾਂ ਪਾਸ ਉਹਨਾਂ ਦੇ ਸਦੇ ਤੇ ਆਏ ਅਤੇ ਉਹਨਾਂ ਨੂੰ ਬੇਦ ਸੁਣਾਏ । ਸੋਢੀਆਂ ਨੇ ਪ੍ਰਸੰਨ ਹੋ ਕੇ ਰਾਜ ਭਾਗ ਬੇਦੀਆਂ ਨੂੰ ਦੇ ਦਿਤਾ ਅਤੇ ਬੇਦੀਆਂ ਨੇ ਪ੍ਰਸੰਨ ਹੋ ਕੇ ਉਹਨਾਂ ਨੂੰ ਵਰ ਦਿਤਾ ਕਿ ਜਦੋਂ ਅਸੀਂ ਗੁਰੂ ਨਾਨਕ ਦਾ ਅਵਤਾਰ ਧਾਰਾਂਗੇ ਤਾਂ ਤੀਜੇ ਜਾਮੇ ਤੁਹਾਨੂੰ ਗੁਰੂ ਕਰਾਂਗੇ । ਇਸ ਤਰ੍ਹਾਂ ਮੁੜ ਰਾਜ ਬੇਦੀਆਂ ਤੋਂ ਸੋਢੀਆਂ ਨੂੰ ਮਿਲੇਗਾ ।

ਜਿਨੈ ਬੇਦ ਪਠਿਯੋ ਸੁ ਬੇਦੀ ਕਹਾਏ ।
ਤਿਨੈ ਧਰਮ ਕੇ ਕਰਮ ਨੀਕੇ ਚਲਾਏ ।
ਪਠੈ ਕਾਗਦੰ ਮੱਦ੍ਰ ਰਾਜਾ ਸੁਧਾਰੰ ।
ਆਪੋ ਆਪਮੋ ਬੈਰ ਭਾਵੈ ਬਿਸਾਰੰ । ੧ ।

ਨ੍ਰਿਪੰ ਮੁਕਲਿਯੰ ਦੂਤ ਸੋ ਕਾਸਿ ਆਯੰ ।
ਸਭੈ ਬੇਦਯੰ ਭੇਦ ਭਾਖੈ ਸੁਨਾਯੰ ।
ਸਬੈ ਬੇਦ ਪਾਠੀ ਚਲੇ ਮੱਦ੍ਰ ਦੇਸੰ ।
ਪ੍ਰਣਾਮੰ ਕੀਯੋ ਆਨ ਕੈ ਕੈ ਨਰੇਸੰ । ੨ ।
ਧੁਨੰ ਬੇਦ ਦੀ ਭੂਪ ਤਾਂਤੇ ਕਰਾਈ ।
ਸਭੈ ਪਾਸ ਬੈਠੇ ਸਭਾ ਬੀਰ ਭਾਈ ।
ਪੜ੍ਹੈ ਸਾਮ ਬੇਦੰ ਜੁਜਰ ਬੇਦੰ ਕਥੰ ।
ਰਿੰਗ ਬੇਦ ਪਠਿਯੰ ਕਰੇ ਭਾਵ ਹਥੰ । ੩ ।

ਸੋਢੀ ਰਾਜਿਆਂ ਨੇ ਪ੍ਰਸੰਨ ਹੋ ਕੇ ਰਾਜ ਬੇਦੀਆਂ ਨੂੰ ਦੇ ਦਿਤਾ ਅਤੇ ਆਪ ਬਨਬਾਸ ਲੈ ਲਿਆ ।

ਅਰਥ ਬੇਦ ਪਠਿਯੰ । ਸੁਣਯੋ ਪਾਪ ਨਠਿਯੰ :
ਰਹਾ ਰੀਝ ਰਾਜਾ । ਦੀਆ ਸਰਬ ਸਾਜਾ । ੪ ।
ਲਯੋ ਬਨ ਬਾਸੰ । ਮਹਾਂ ਪਾਪ ਨਾਸੰ ।
ਰਿਖੰ ਭੇਸ ਕੀਯੰ । ਤਿਸੈ ਰਾਜ ਦੀਯੰ । ੫ ।

ਉਧਰੋਂ ਬੇਦੀ ਰਾਜ ਪਰਾਪਤ ਕਰ ਕੇ ਬੜੇ ਪ੍ਰਸੰਨ ਹੋਏ ਅਤੇ ਸੋਢੀਆਂ ਨੂੰ ਵਰ ਦਿਤਾ ਕਿ ਰਾਜ ਸਮੇਂ ਸਿਰ ਉਹਨਾਂ ਨੂੰ ਪਰਾਪਤ ਹੋਏਗਾ :—

ਬੇਦੀ ਭਯੋ ਪ੍ਰਸੰਨ ਰਾਜ ਕਹ ਪਾਇ ਕੈ ।
ਦੇਤ ਭਯੋ ਰਦਾਨ ਬਹੀਐ ਹੁਲਸਾਇ ਕੈ ।
ਜਬ ਨਾਨਕ ਕਲਿ ਮੈ ਹਮ ਆਨ ਕਹਾਇ ਹੈ ।
ਤੋ ਜਗਤ ਪੂਜ ਕਰ ਤੋਹਿ ਪਰਮਪਦ ਪਾਇ ਹੈਂ ।

ਚੌਪਈ । ਤ੍ਰਿਤੀਯ ਬੇਦ ਸੁਨਬੋ ਤੁਮ ਕੀਆ ।
ਚਤੁਰ ਬੇਦ ਸੁਨ ਭੂਅ ਕੋ ਦੀਆ ।
ਤੀਨ ਜਨਮ ਹਮ ਹੂੰ ਜਬ ਧਰ ਹੈਂ ।
ਚਉਥੇ ਜਨਮ ਗੁਰੂ ਤੋਹਿ ਕਰਿ ਹੈਂ । ੯ ।

ਬੇਦੀ ਕਈ ਸਮਾਂ ਰਾਜ ਕਰਦੇ ਰਹੇ। ਪਰ ਸਮੇਂ ਸਿਰ ਉਹਨਾਂ ਵਿਚ ਝਗੜੇ ਹੋ ਗਏ ਅਤੇ ਰਾਜ ਭਾਗ ਖਤਮ ਹੁੰਦਾ ਗਿਆ। ਅਖੀਰ ਕੇਵਲ ੨੦ ਪਿੰਡ ਉਹਨਾਂ ਦੇ ਰਹਿ ਗਏ :—

ਬਹੁਰ ਬਿਖਾਧ ਬਾਧਿਯੰ।
ਕਿਨੀ ਨ ਤਾਹਿ ਸਾਧਿਯੰ।
ਕਰੰਮ ਕਾਲ ਯੋ ਭਈ।
ਸੁ ਭੂਮਿ ਬੰਸ ਤੇ ਗਈ। ੧।
ਚੌਪਈ। ਬੀਸ ਗਾਵ ਤਿਨ ਕੇ ਰਹਿ ਗਏ।
ਜਿਨ ਮੋ ਕਰਤ ਕ੍ਰਿਸਾਨੀ ਭਏ।
ਬਹੁਤ ਕਾਲ ਇਹ ਭਾਂਤ ਬਿਤਾਯੋ।
ਜਨਮ ਸਮੈ ਨਾਨਕ ਕੋ ਆਯੋ।

ਪਿਤਾ ਕਾਲੂ ਜੀ ਦਾ ਨਾਮ ਨਹੀਂ ਹੈ। ਕੀ ਪਤਾ ਉਹਨਾਂ ਦੀ ਆਰਥਕ ਦਸ਼ਾ ਕੀ ਸੀ ?

੬. ਸੋਢੀ ਬੰਸ ਗੁਰਤਾ

ਪਰ ਸ੍ਰੀ ਕਾਲੂ ਬੇਦੀ ਜੀ ਦੇ ਘਰ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ। ਜਦੋਂ 'ਬਰਦਾਨਿ ਸਮਾ' ਆਇਆ, ਆਂਪ ਨੇ ਗੱਦੀ ਸੋਢੀ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਨੂੰ ਦੇ ਦਿਤੀ। ਇਹ 'ਬਰਦਾਨਿ ਸਮਾ' ਉਹ ਹੀ ਹੈ ਜੋ ਪਿਛੇ ਦਸਿਆ ਗਿਆ ਹੈ। ਤਿੰਨ ਵੇਦ ਸੋਢੀਆਂ ਨੇ ਸੁਣ ਕੇ ਗੱਦੀ ਦਿਤੀ ਸੀ, ਤਿੰਨ ਗੁਰਤਾ ਗੱਦੀਆਂ ਕਰਦੇ ਬੇਦੀਆਂ ਨੇ ਗੱਦੀ ਸੋਢੀਆਂ ਨੂੰ ਦੇ ਦਿਤੀ। ਬਚਿਤ੍ਰ ਨਾਟਕ ਹੈ। ਲੀਲ੍ਹਾ ਹੈ।

ਤਿਨ ਬੇਦੀਯਨ ਦੀ ਕੁਲ ਬਿਖੇ ਪ੍ਰਗਟੇ ਨਾਨਕ ਰਾਇ।
ਸਭ ਸਿਖਨ ਕੋ ਸੁਖ ਦਏ ਜਹ ਤਹ ਭਏ ਸਹਾਇ। ੪।
ਚੌਪਈ। ਤਿਨ ਇਹ ਕਲ ਮੋ ਧਰਮ ਚਲਾਯੋ।
ਸਭ ਸਾਧਨ ਕੋ ਰਾਹੁ ਬਤਾਯੋ।

ਜੋ ਤਾਂਕੇ ਮਾਰਗਿ ਮਹਿ ਆਏ ।
ਤੇ ਕਬਹੂੰ ਨਹੀ ਪਾਪ ਸੰਤਾਏ । ੫ ।
ਜੇ ਜੇ ਪੰਥ ਤਵਨ ਕੇ ਪਰੇ ।
ਤਾਪ ਪਾਪ ਤਿਨ ਕੇ ਪ੍ਰਭੁ ਹਰੇ ।
ਦੂਖ ਭੂਖ ਕਬਹੂੰ ਨ ਸੰਤਾਏ ।
ਜਾਲ ਕਾਲ ਕੇ ਬੀਚ ਨ ਆਏ । ੬ ।
ਨਾਨਕ ਅੰਗਦ ਕੋ ਬਪੁ ਧਰਾ ।
ਧਰਮ ਪ੍ਰਚੁਰਿ ਇਹ ਜਗ ਮੋ ਕਰਾ ।
ਅਮਰਦਾਸ ਪੁਨਿ ਨਾਮੁ ਕਹਾਯੋ ।
ਜਨ ਦੀਪਕ ਤੇ ਦੀਪ ਜਗਾਯੋ । ੭ ।
ਜਬ 'ਬਰਦਾਨਿ ਸਮੈ' ਵਹੁ ਆਵਾ ।
ਰਾਮਦਾਸ ਤਬ ਗੁਰੂ ਕਹਾਵਾ ।
ਤਿਸ ਬਰਦਾਨਿ ਪੁਰਾਤਨਿ ਦੀਆ ।
ਅਮਰਦਾਸਿ ਸੁਰ ਪੁਰਿ ਮਗੁ ਲੀਆ । ੮ ।

ਪਰ ਇਹ ਸੋਢੀ ਬੇਦੀ ਹੈਸਨ ਇਕੋ ਹੀ :—

ਸ੍ਰੀ ਨਾਨਕ ਅੰਗਦਿ ਕਰਿ ਮਾਨਾ ।
ਅਮਰਦਾਸ ਅੰਗਦ ਪਹਿਚਾਨਾ ।
ਅਮਰਦਾਸ ਰਾਮਦਾਸ ਕਹਾਜੋ ।
ਸਾਧਨਿ ਲਖਾ ਮੂੜ ਨਹਿ ਪਾਜੋ । ੯ ।
ਭਿੰਨ ਭਿੰਨ ਸਭਹੂੰ ਕਰਿ ਜਾਨਾ ।
ਏਕ ਰੂਪ ਕਿਨਹੂੰ ਪਹਿਚਾਨਾ ।
ਜਿਨ ਜਾਨਾ ਤਿਨਹੀ ਸਿਧ ਪਾਈ ।
ਬਿਨ ਸਮਝੇ ਸਿਧ ਹਾਥ ਨ ਆਈ । ੧੦ ।

ਅਗੋਂ ਸੋਢੀਆਂ ਦੀ ਪੀੜ੍ਹੀ ਚਲ ਪਈ ।

ਇਹ ਹੈ 'ਬਚਿਤ੍ਰ ਨਾਟਕ' ਦੇ ਪਹਿਲੇ ਪੰਚ ਅਧਿਯਾਵਾਂ ਦੀ ਕਥਾ ਜੋ

ਗੁਰੂ ਗੋਬਿੰਦ ਸਿੰਘ ਜੀ ਦੀ ਜ਼ਬਾਨੀ ਬਿਆਨ ਹੈ। ਸੂਰਜਬੰਸੀ ਹੀ ਬੇਦੀ ਤੇ ਸੋਢੀ ਹੋ ਕੇ ਵਿਚਰੇ ਹਨ।

੭. ਸਾਰ

ਮੇਰੀ ਸੂਝ ਅਨੁਸਾਰ ਤੇ ਸਾਰਾ ਦਸਮ ਗ੍ਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਅਨੇਕ ਵਿਦਵਾਨਾਂ ਦਾ ਵੀ ਇਹੋ ਵਿਚਾਰ ਹੈ। (ਪਰ ਇਸ ਗਲ ਤੇ ਵਖਰੇ ਵਿਚਾਰ ਕਰਾਂਗਾ)। ਜਿਥੇ ਹੋਰ ਮਤਭੇਦ ਹਨ, ਉਥੇ 'ਬਚਿਤ੍ਰ ਨਾਟਕ' ਬਾਰੇ ਤੇ ਸਾਰੇ ਵਿਦਵਾਨਾਂ ਦੀ ਸੰਮਤੀ ਹੈ ਕਿ ਇਹ ਤੇ ਸਪਸ਼ਟ ਗੁਰੂ ਗੋਬਿੰਦ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਅਤੇ ਜੋ ਕੁਝ ਉਹਨਾਂ ਦਸਿਆ ਹੈ ਉਸ ਅਨੁਸਾਰ ਖਾਲਸਾ ਸਾਜਣ ਵਾਲੇ ਸਿਧੇ ਭਾਰਤੀ ਗੁਰਤਾ ਦੇ ਉਤਰਾਧਿਕਾਰੀ ਹਨ। ਪ੍ਰਜਾਪਤਿ ਦੀਆਂ ਲੜਕੀਆਂ ਰਿਸ਼ੀਆਂ ਨੂੰ ਵਿਆਹੀਆਂ ਗਈਆਂ। ਰਿਸ਼ੀ ਭਾਰਤੀ ਗੁਰਤਾ ਦਾ ਪਹਿਲਾ ਪੜਾ ਹਨ, ਫਿਰ ਅਦਿਤੀ ਦੀ ਸੰਤਾਨ ਉਹ ਹੋਏ ਜਿਨ੍ਹਾਂ ਵਿਚੋਂ ਸ੍ਰੀ ਰਾਮ ਜੀ ਹੋਏ, ਇਹ ਵੀ ਭਾਰਤੀ ਗੁਰਤਾ ਦੇ ਬੜੇ ਭਾਰੀ ਅਧਿਕਾਰੀ ਹੋਏ ਹਨ। ਫਿਰ ਇਹਨਾਂ ਵਿਚੋਂ ਹੀ ਗੁਰੂ ਨਾਨਕ ਦੇਵ ਜੀ ਹੋਏ। ਇਹ ਭਾਰਤੀ ਗੁਰਤਾ ਦੇ ਵਰਤਮਾਨ ਕਾਲ ਦੇ ਮਹਾਨ ਅਧਿਕਾਰੀ ਹੋਏ। ਇਹਨਾਂ ਦੇ ਉਤਰਾਧਿਕਾਰੀ ਸਾਰੇ ਸੋਢੀ ਗੁਰੂ ਹੋਏ ਜਿਹੜੀ ਲੜੀ ਗੁਰੂ ਗੋਬਿੰਦ ਸਿੰਘ ਜੀ ਤੇ ਖੜੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਅਧਿਕਾਰੀ ਗੁਰੂ ਗ੍ਰੰਥ ਅਤੇ ਗੁਰੂ ਪੰਥ ਹੈ। ਹੁਣ ਭਾਰਤ ਦੀ ਗੁਰਤਾ ਦਾ ਇਕ ਰੂਪ ਗੁਰੂ ਗ੍ਰੰਥ ਹੀ ਹੈ। ਬਾਕੀ ਇਸ ਗ੍ਰੰਥ ਅਤੇ ਪੰਥ ਦੀ ਕਿਸੇ ਨਾਲ ਕੋਈ ਵਿਰੋਧਤਾ ਨਹੀਂ ਹੈ, ਇਹ ਉਸੇ ਤਰ੍ਹਾਂ ਸਰਬ ਭਾਰਤੀ ਹੈ ਜਿਵੇਂ ਪਹਿਲੇ ਸੂਰਜਬੰਸੀਆਂ ਜਾਂ ਚੰਦਰਬੰਸੀਆਂ ਦੇ ਗ੍ਰੰਥ ਸਰਬ ਭਾਰਤੀ ਹਨ।

ਸਾਕਾ

"ਕੀਨੋ ਬਡੋ ਕਲੂ ਮਹਿ ਸਾਕਾ"
"ਧਰਮ ਹੇਤ ਸਾਕਾ ਜਿਨਿ ਕੀਆ"

(ਸ੍ਰੀ ਗੁਰੂ) ਗੋਬਿੰਦ (ਸਿੰਘ) ਜੀ ਨੇ 'ਪਟਨਾ ਸਹਰ ਬਿਖੈ ਭਵ ਲਯੋ'। ਆਪ ਨੇ ਬਚਪਨ ਦੇ ਛੇ ਸਾਲ ਪਟਨਾ ਸਾਹਿਬ ਹੀ ਗੁਜ਼ਾਰੇ। ਇਸ ਸਮੇਂ ਵਿਚ ਅਨੇਕ ਚੋਜ ਬਾਲਾ ਪ੍ਰੀਤਮ ਜੀ ਨੇ ਕੀਤੇ। ਕਈ ਤਰ੍ਹਾਂ ਦੇ ਆਉਣ ਵਾਲੇ ਹਾਲਾਤ ਦਾ ਝਲਕਾਰਾ ਆਪਣੇ ਬਾਲ ਕਰਤਵਾਂ ਵਿਚ ਪਾਇਆ। ਪਰ 'ਬਚਿਤ੍ਰ-ਨਾਟਕ' ਵਿਚ ਆਪ ਨੇ ਬਾਲ-ਪਨ ਦੇ ਚੋਜਾਂ ਦਾ ਵਿਸਥਾਰ ਨਹੀਂ ਕੀਤਾ, ਸੰਕੇਤ ਵੀ ਨਹੀਂ ਕੀਤਾ। ਨਾ ਹੀ ਐਸਾ ਉਚਿਤ ਸੀ।

ਪਰ ਅਗਲੀ ਚੀਜ਼, ਜਿਸ ਦਾ ਵਿਸ਼ੇਸ਼ ਰੂਪ ਵਿਚ ਆਪ ਨੇ ਸੰਕੇਤ ਕੀਤਾ ਹੈ, ਉਹ ਹੈ ਆਪ ਦੀ ਸਿੱਛਾ (ਵਿਦਿਆ ਤੇ ਸਿਖਲਾਈ)। ਗੁਰੂ ਨੂੰ ਗਿਆਨ (ਅਨੁਭਵ, Intuition, ਅਧਿਆਤਮਕ ਗਿਆਨ Wisdom) ਸਿਧੀ ਅਕਾਲ ਪੁਰਖ ਦੀ ਦੇਣ ਹੁੰਦੀ ਹੈ, ਪਰ ਵਿਗਿਆਨ (Science, Knowledge, ਭੌਤਿਕ ਗਿਆਨ ਸੰਸਾਰਕ ਸਿਖਿਆ) ਮਰਯਾਦਾ-ਪੁਰਸ਼ੋਤਮ ਹੋਣ ਦੇ, ਗੁਰੂ ਨੂੰ ਵੀ ਸੰਸਾਰੀਆਂ ਦੀ ਤਰ੍ਹਾਂ ਪਰਾਪਤ ਹੁੰਦਾ ਹੈ। ਗੁਰੂ ਸਾਹਿਬਾਨ ਨੇ ਵੀ ਉਸ ਸਮੇਂ ਦੀ ਵਿਦਿਅਕ ਪਰਣਾਲੀ ਅਨੁਸਾਰ ਵਿਦਿਆ ਪਰਾਪਤ ਕੀਤੀ

ਅਤੇ ਅਨੇਕ ਧਾਰਮਕ ਗ੍ਰੰਥਾਂ ਦਾ ਅਧਿਐਨ ਕੀਤਾ। ਖ਼ਾਸ ਕਰਕੇ ਗੁਰੂ ਸਾਹਿਬ ਨੇ ਸ਼ਸਤ੍ਰ-ਵਿਦਿਆ ਵੀ ਪਰਾਪਤ ਕੀਤੀ, ਸੰਗੀਤ ਵਿਦਿਆ, ਛੰਦ ਵਿਦਿਆ ਵੀ ਪਰਾਪਤ ਕੀਤੀ ਹੋਣੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ-ਨਾਟਕ ਵਿਚ ਆਪਣੀ ਸਿਖਿਆ-ਪਰਾਪਤੀ ਦਾ ਇਸ ਤਰ੍ਹਾਂ ਬਿਆਨ ਕਰਦੇ ਹਨ।

ਤਹੀ ਪ੍ਰਕਾਸ ਹਮਾਰਾ ਭਯੋ ॥
ਪਟਨਾ ਸਹਰ ਬਿਖੈ ਭਵ ਲਯੋ ॥
ਮਦ੍ਰ ਦੇਸ ਹਮ ਕੋ ਲੇ ਆਏ ॥[1]
ਭਾਂਤਿ ਭਾਂਤਿ ਦਾਈਅਨ ਦੁਲਰਾਏ ॥ ੨ ॥
ਕੀਨੀ ਅਨਿਕ ਭਾਂਤਿ ਤਨ ਰਛਾ ॥
ਦੀਨੀ ਭਾਂਤਿ ਭਾਂਤਿ ਕੀ ਸਿਛਾ ॥
ਜਬ ਹਮ ਧਰਮ ਕਰਮ ਮੋ ਆਏ ॥
ਦੇਵ ਲੋਕ ਤਬ ਪਿਤਾ ਸਿਧਾਏ ॥ ੩ ॥

ਇਹ ਬਚਨ ਆਪ ਨੇ ਬਚਿਤ੍ਰ ਨਾਟਕ ਦੇ 'ਸਪਤਮੋਧਿਆਇ' ਵਿਚ ਲਿਖੇ ਹਨ। ਸਪਸ਼ਟ ਹੈ ਕਿ ਅਨੇਕ ਤਰ੍ਹਾਂ ਬੜੇ ਚਾਵਾਂ ਨਾਲ ਆਪ ਦਾ ਲਾਲਨ ਪਾਲਨ ਹੋਇਆ।

ਪਰ ਵਡੀ ਗਲ ਤੇ ਇਹ ਹੈ ਕਿ ਪਿਤਾ-ਗੁਰੂ ਪੁਤ੍ਰ-ਗੁਰੂ ਦੀ ਵਿਦਿਅਕ ਸਿਖਲਾਈ ਲਈ ਵੀ ਪੂਰਾ ਤ੍ਰਾਣ ਲਾਂਦੇ ਸਨ। ਹਰ ਪ੍ਰਕਾਰ ਦੀ ਵਿਦਿਆ ਤੇ ਸਿਖਲਾਈ (ਸ੍ਰੀ ਗੁਰੂ) ਗੋਬਿੰਦ ਸਿੰਘ ਜੀ ਨੂੰ ਪਰਾਪਤ ਹੋਈ।

ਗੁਰੂ ਗੋਬਿੰਦ ਸਿੰਘ ਜੀ ਨੇ ਚੌਦਾਂ ਪਰਕਾਰ ਦੀ ਵਿਦਿਆ ਦਾ ਦਸਮ ਗ੍ਰੰਥ ਵਿਚ ਸੰਕੇਤ ਕੀਤਾ ਹੋਇਆ ਹੈ। ਪਰ ਆਪ ਦੀ ਅਨੇਕ-ਪੱਖੀ ਵਿਦਿਆ ਦਾ ਪ੍ਰਮਾਣ ਵੀ ਦਸਮ ਗ੍ਰੰਥ ਹੀ ਹੈ ਅਤੇ ਆਪ ਦੀ ਅਨੇਕ-ਪੱਖੀ ਸਿਖਲਾਈ ਦਾ ਪ੍ਰਮਾਣ ਆਪ ਦਾ ਇਤਿਹਾਸ ਜਾਂ ਜੀਵਨ ਕਰਤਵ! ਦਸਮ ਗ੍ਰੰਥ ਵਿਚੋਂ ਸੁਤੇ-ਸਿਧ ਹੀ ਪ੍ਰਗਟ ਹੈ ਕਿ ਭਾਰਤੀ (ਤੇ ਗੈਰ-ਭਾਰਤੀ ਵੀ) ਗ੍ਰੰਥਾਂ ਦੀ ਆਪ ਨੂੰ ਕਿੰਨੀ ਸੂਝ ਸੀ ਤੇ ਕਾਵਿ-ਕਲਾ ਵਿਚ ਆਪ ਨੂੰ ਕੀ ਪਰਬੀਨਤਾ ਪ੍ਰਾਪਤ ਸੀ।

ਭਾਵ, ਹਰ ਪਰਕਾਰ ਦੀ ਵਿਗਿਆਨਕ ਸਿਖਿਆ ਆਪ ਨੂੰ ਪਿਤਾ ਜੀ ਨੇ ਦਿਤੀ। ਪਰ ਇਥੇ ਵਿਸ਼ੇਸ਼ ਤੌਰ ਤੇ ਬਿਆਨ ਮੈਂ ਇਹ ਕਰਨ ਲਗਾ ਹਾਂ ਕਿ ਆਪ ਨੂੰ ਜੋ ਗਿਆਨ 'ਸਾਕਾ' ਨੇ ਕਰਾਇਆ, ਉਹ ਗਿਆਨ (Wisdom) ਸੀ। 'ਬਡੋ ਸਾਕਾ' ਹੀ ਸ੍ਰੀ ਗੁਰੂ ਤੇਗ ਬਹਾਦਰ ਦੀ ਆਪ ਨੂੰ ਵਡੀ ਸਿਖਿਆ ਸੀ।

'ਬਚਿਤ੍ਰ ਨਾਟਕ—ਆਪਣੀ ਕਥਾ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਪ੍ਰਤੀ-ਕਰਮ ਨੂੰ ਬਹੁਤ ਭਲੀ ਭਾਂਤ ਪ੍ਰਗਟ ਕਰਦਾ ਹੈ ਕਿ ਪਹਿਲੀ ਅਤਿ ਗੰਭੀਰ ਘਟਨਾ ਜੋ ਆਪ ਜੀ ਦੇ ਜੀਵਨ ਵਿਚ ਵਾਪਰੀ, ਉਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ (ਸਾਕਾ) ਹੀ ਸੀ। ਇਸ ਘਟਨਾ ਨੂੰ ਆਪ ਨੇ ਇਹਨਾਂ ਸ਼ਬਦਾਂ ਦੁਆਰਾ ਬਿਆਨ ਕੀਤਾ ਹੈ—

... ... ॥ ਤਿਨ ਤੇ ਤੇਗ ਬਹਾਦਰ ਭਏ ॥ ੧੨ ॥
ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨਿ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰ ਸੀ ਨ ਉਚਰੀ ॥ ੧੩ ॥
ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥ ੧੪ ॥
ਦੋਹਰਾ ॥ ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ । ੧੫ ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰਲੋਕ ॥ ੧੬ ॥

ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਬਚਨ ਹਨ ਜਿਹਨਾਂ ਵਿਚ ਅਨੇਕ ਪ੍ਰਕਾਰ ਦੀ ਵਿਆਖਿਆ ਨੂੰ ਜੇ ਛਡ ਵੀ ਦਈਏ ਤਦ ਵੀ ਪੰਜ ਬੜੀਆਂ ਮਹਾਨ ਗਲਾਂ ਸਮੁਚੀ ਸਿਖ-ਲਹਿਰ ਬਾਰੇ ਇਥੇ ਕਹੀਆਂ ਹਨ। (੧) 'ਤੇਗ

ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ'। (੨) ਇਹ ਕ੍ਰਿਆ ਨਾਟਕ ਚੇਟਕ ਨਹੀਂ ਸੀ ਕਿਉਂਕਿ 'ਨਾਟਕ ਚੇਟਕ ਕੀਏ ਕੁਕਾਜਾ, ਪ੍ਰਭ ਲੋਗਨ ਕਹ ਆਵਤ ਲਾਜਾ', (੩) ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜੋ ਸਾਕਾ ਕੀਤਾ ਉਹ 'ਧਰਮ ਹੇਤ' ਤੇ 'ਸਾਧਨਿ ਹੇਤ' ਸੀ—'ਧਰਮ ਹੇਤ ਸਾਕਾ ਜਿਨਿ ਕੀਆ' ਅਤੇ 'ਸਾਧਨਿ ਹੇਤਿ ਇਤੀ ਜਿਨਿ ਕਰੀ', (੪) ਇਹ ਸਾਕਾ ਅਕਾਲ ਪੁਰਖ ਦੀ ਕਿਸੇ ਸਕੀਮ ਅਨੁਸਾਰ ਸੀ—'ਤਿਲਕ ਜੰਞੂ ਰਾਖਾ ਪ੍ਰਭ ਤਾਕਾ', ਅਤੇ (੫) ਇਸ ਸਾਕੇ ਨੇ ਸਾਰੇ ਭਾਰਤ ਵਰਸ਼ ਨੂੰ ਅਤੇ ਸੰਸਾਰ ਨੂੰ (ਬਦੇਸ਼ੀ ਅੰਗਰੇਜ਼ ਸੈਲਾਨੀਆਂ ਤੇ ਅਫਸਰਾਂ ਨੇ ਇਸ ਸਾਕੇ ਦਾ ਜ਼ਿਕਰ ਆਪਣੀਆਂ ਲਿਖਤਾਂ ਵਿਚ ਕੀਤਾ ਹੈ) ਕੰਬਾ ਦਿਤਾ—ਭਾਰਤ ਤੇ ਬਿਲਕੁਲ ਕੰਬ ਗਿਆ—'ਹੈ ਹੈ ਹੈ ਸਭ ਜਗ ਭਯੋ'।

ਇਹ ਪੰਜ ਮੁਖ ਗਲਾਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਸ਼ੇਸ਼ ਪ੍ਰਤੀ-ਕਰਮ ਹਨ। ਇਹਨਾਂ ਨੂੰ ਕੁਝ ਵਿਸਥਾਰ ਨਾਲ ਸਮਝਣ ਦਾ ਯਤਨ ਕਰਦੇ ਹਾਂ।

(੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ 'ਤੇਗ ਬਹਾਦਰ' ਜੀ ਦੀ 'ਕ੍ਰਿਆ' ਨੂੰ ਹੀ 'ਕਲੂ ਮਹਿ ਬਡੋ ਸਾਕਾ' ਹੋਇਆ ਮੰਨਿਆ ਹੈ ਅਤੇ ਦ੍ਰਿੜ੍ਹ ਕਰਾਇਆ ਹੈ ਕਿ 'ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ'। ਉਸ ਸਮੇਂ ਔਰੰਗਜ਼ੇਬ ਦੀ ਤਲਵਾਰ ਨਾਲ ਕਈ ਹੋਰ ਲੋਕ ਵੀ ਸ਼ਹੀਦ ਕੀਤੇ ਗਏ ਸਨ ਜਿਹਨਾਂ ਵਿਚ ਸਰਮਦ ਵਰਗੇ ਸੂਫੀ ਫ਼ਕੀਰ ਵੀ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੋਂ ਪਹਿਲਾਂ ਆਪ ਦੇ ਪੜਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਸ਼ਹੀਦ ਕੀਤੇ ਜਾ ਚੁਕੇ ਸਨ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਹਾਦਤ ਬਾਰੇ ਕੋਈ ਪ੍ਰਤੀ-ਕਰਮ ਦਿਤਾ ਹੀ ਨਹੀਂ ਹੈ—

ਰਾਮ ਦਾਸ ਹਰਿ ਸੋ ਮਿਲ ਗਏ ॥
ਗੁਰਤਾ ਦੇਤ ਅਰਜਨਹਿ ਭਏ ॥
ਜਬ ਅਰਜਨ ਪ੍ਰਭ ਲੋਕ ਸਿਧਾਏ ॥
ਹਰਿ ਗੋਬਿੰਦ ਤਿਹ ਠਾਂ ਠਹਿਰਾਏ ॥ ੧੧ ॥

ਹੈਰਾਨੀ ਹੁੰਦੀ ਹੈ ਕਿ ਇਤਨੀ ਮਹਾਨ ਸ਼ਹਾਦਤ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ 'ਪ੍ਰਭ ਲੋਕ ਸਿਧਾਏ' ਹੀ ਕਿਹਾ ਹੈ ਅਤੇ ਸ੍ਰੀ ਗੁਰੂ ਤੇਗ

ਬਹਾਦਰ ਸਾਹਿਬ ਦੀ ਸ਼ਹਾਦਤ ਬਾਰੇ ਕਿੰਨਾ ਕੁਝ ਹੀ ਕਹਿ ਦਿਤਾ ਹੈ ? ਗੁਰੂ ਦੀ ਗਲ ਗੁਰੂ ਜਾਣੇ, ਪਰ ਭਾਵ ਸਪਸ਼ਟ ਹੈ ਕਿ ਸ਼ਹਾਦਤਾਂ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਇਸ ਲਈ ਨਿਆਰੀ ਤੇ ਵਡੀ ਹੈ ਕਿ ਇਹ ਸਿਖ ਧਰਮ ਦੇ ਇਕ ਵਿਸ਼ੇਸ਼ ਕਰਤਵ ਨੂੰ ਰੂਪਮਾਨ ਕਰਦੀ ਹੈ। ਉਹ ਕਰਤਵ ਇਹ ਹੈ ਕਿ—

ਜਹਾਂ ਜਹਾਂ ਖਾਲਸਾ ਜੀ ਸਾਹਿਬ,
ਤਹਾਂ ਤਹਾਂ ਰਛਿਆ ਰਿਆਇਤ ॥

ਭਾਵ—ਜਦੋਂ ਤੀਕ 'ਖਾਲਸਾ' ਕਾਇਮ ਹੈ, ਇਸ ਨੂੰ 'ਸਾਹਿਬੀ' ਪ੍ਰਾਪਤ ਹੈ, ਪਰ ਇਸ 'ਸਾਹਿਬੀ' ਦਾ ਮੁਖ ਕਰਤਵ ਇਹ ਹੈ ਕਿ ਦੂਜੇ ਧਰਮਾਂ, ਸਭਿਆਚਾਰਾਂ ਨੂੰ 'ਰਖਿਆ' ਦੇ ਸਕੇ, ਸਗੋਂ ਆਪਣਿਆਂ ਨਾਲੋਂ ਉਹਨਾਂ ਨੂੰ ਵਧੇਰੇ ਪਿਆਰ-ਰਿਆਇਤ ਦੇਵੇ। ਆਪਣੇ ਅਕੀਦਿਆਂ ਅਤੇ ਵਿਸ਼ਵਾਸਾਂ ਲਈ ਅਨੇਕ ਸ਼ਹੀਦ ਹੋਏ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਵੀ ਅਕੀਦਿਆਂ ਤੇ ਵਿਸ਼ਵਾਸਾਂ ਲਈ ਸ਼ਹੀਦ ਹੋਏ ਭਾਵੇਂ ਜਿਨ੍ਹਾਂ ਅਜ਼ਾਦੀਆਂ (Freedom of expression, Freedom of thought, Freedom of belief, Freedom of worship) ਲਈ ਆਪ ਨੇ ਨਾਹਰਾ ਮਾਰਿਆ, ਉਹ ਅੰਤਰ ਰਾਸ਼ਟਰੀ ਤੌਰ ਤੇ ਪਰਮਾਣੀਕ ਤੇ ਸਰਬ ਸਾਂਝੀਆਂ ਹਨ, ਪਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਹਾਦਤ ਐਸੇ ਕਰਤਵ ਲਈ ਦਿਤੀ ਜਿਥੇ ਅਪਣਤ ਦਾ ਬਿਲਕੁਲ ਅਭਾਵ ਸੀ, ਅਤੇ ਕੇਵਲ 'ਰਛਿਆ' ਤੇ 'ਰਿਆਇਤ' ਲਈ ਕਰਤਵ ਕੀਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿਖਾਂ ਦੇ ਆਪਣੇ ਗ੍ਰੰਥ ਅਤੇ ਗੁਰਤਾ ਨਾਲ ਧੱਕਾ ਹੋ ਰਿਹਾ ਸੀ, ਸ੍ਰੀ ਗੁਰੂ ਤੇਗ ਬਹਾਦਰ ਸਮੇਂ ਸਿਖਾਂ ਨਾਲ ਸਿੱਧਾ ਧੱਕਾ ਨਹੀਂ ਸੀ ਹੋ ਰਿਹਾ, ਹਿੰਦੂਆਂ ਨਾਲ ਸਿੱਧਾ ਧੱਕਾ ਹੋ ਰਿਹਾ ਸੀ, 'ਤਿਲਕ ਜੰਞੂ' ਨਾਲ ਸਿੱਧਾ ਧੱਕਾ ਹੋ ਰਿਹਾ ਸੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਖਾਲਸੇ ਵਾਲੀ 'ਰਛਿਆ ਰਿਆਇਤ' ਪਰਦਾਨ ਕਰਨ ਹਿਤ ਸ਼ਹਾਦਤ ਦਿਤੀ। ਸ੍ਰੀ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਸਿਖ ਸ਼ਹੀਦੀ ਇਤਿਹਾਸ ਦਾ ਪਹਿਲਾ ਪੜਾ ਤੇ ਕੜੀ ਸੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਇਸ ਸ਼ਹੀਦੀ ਇਤਿਹਾਸ ਦੀ ਸਿਖਰ ਤੇ ਅੰਤਮ ਸਰੂਪ ਸੀ। ਸ਼ਹੀਦ ਇਸ ਤੋਂ ਉੱਚੀ ਕਿਸੇ

ਸ਼ਹੀਦੀ ਆਦਰਸ਼ ਦੀ ਕਲਪਨਾ ਨਹੀਂ ਕਰ ਸਕਦਾ।

ਵੈਸੇ ਤੇ ਸ਼ਹੀਦੀ ਸਾਰੇ ਗੁਰੂ ਸਾਹਿਬਾਨ ਨੇ ਦਿਤੀ ਹੈ। ਗੁਰੂ ਨਾਨਕ ਸਾਹਿਬ ਹੀ ਪਹਿਲੇ ਕੌਮੀ ਸ਼ਹੀਦ ਹਨ ਆਪਣੇ ਜੁਗ ਦੇ; ਇਸੇ ਤਰ੍ਹਾਂ ਗੁਰੂ ਅੰਗਦ ਸਾਹਿਬ ਆਦਿ। ਸ਼ਹਾਦਤ ਇਕ ਜੀਵਨ ਜੀਣ ਦਾ ਢੰਗ ਵੀ ਹੈ, ਕੇਵਲ ਮਰਨ ਦੀ ਘਟਨਾ ਨਹੀਂ ਹੈ, ਸਗੋਂ ਜੀਵਨ-ਢੰਗ ਦੇ ਤੌਰ ਤੇ ਵਧੇਰੇ ਬਲਵਾਨ ਰੂਪ ਵਿਚ ਪੇਸ਼ ਹੁੰਦੀ ਹੈ। ਸ਼ਹਾਦਤ ਹੈ, ਸਾਰਾ ਜੀਵਨ, ਕਿਸੇ ਉੱਚ-ਉਦੇਸ਼ ਲਈ ਦ੍ਰਿੜ੍ਹਤਾ ਤੇ ਲਗਨ ਨਾਲ ਕੰਮ ਕਰਦਿਆਂ, ਬਿਨਾਂ ਸੀ ਕੀਤੇ, ਤਸੀਹੇ ਸਹੀ ਜਾਣੇ, ਮੁਖਾਲਫ਼ਤ ਜਰੀ ਜਾਣਾ (Suffering for a noble cause without a sob)। ਸ਼ਹਾਦਤ ਆਤਮ ਬਲੀਦਾਨ ਹੈ ਅਤੇ ਇਹ ਬਲੀਦਾਨ ਆਦਰਸ਼ ਲਈ ਕਰਤਵ ਕਰਦਿਆਂ ਦੁਖ ਉਠਾਣ ਵਿਚ ਵਧੇਰੇ ਹੈ। ਸ਼ਹਾਦਤ ਇਕ ਜੀਵਨ ਦੀ ਅੰਤਮ ਘਟਨਾ ਦੇ ਤੌਰ ਤੇ ਪਰਾਪਤ ਹੋ ਜਾਣਾ ਤੇ ਕੇਵਲ ਪਰਵਾਨਗੀ ਦਾ ਪਰਵਾਨਾ (Certificate) ਹੈ ਜਿਵੇਂ 'ਮਰਣ ਮੁਣਸਾ ਸੂਰਿਆ ਹਕ' ਹੁੰਦਾ ਹੈ। ਇਸ ਤਰ੍ਹਾਂ ਸਾਰੇ ਗੁਰੂ ਸਾਹਿਬਾਨ ਸ਼ਹੀਦ ਹਨ।

ਪਰ ਚਾਰ ਗੱਲਾਂ ਸਿਖ ਧਰਮ ਦੀਆਂ ਐਸੀਆਂ ਹਨ ਜਿਹੜੀਆਂ ਮਨੁਖਤਾ ਦੀ ਆਜ਼ਾਦੀ ਦਾ ਚਾਰਟਰ ਹਨ, ਕੇਵਲ ਸਿਖਾਂ ਦੀ ਆਜ਼ਾਦੀ ਦਾ ਨਹੀਂ, ਜਿਹਨਾਂ ਵਿਚ ਸਾਰੇ ਸੰਸਾਰ ਦੀ ਭਾਵਨਾ ਹੈ, ਕੇਵਲ ਸਿਖਾਂ ਦੀ ਨਹੀਂ। ਲੰਗਰ ਦਾ ਸਰੂਪ (Temple of Bread) ਸਾਰੀ ਮਨੁਖਤਾ ਦੀ ਬਰਾਬਰੀ ਤੇ ਸੁਤੰਤਰਤਾ ਦਾ ਐਲਾਨ ਹੈ, 'ਹਰੀ ਮੰਦਰ' ਦਾ ਸਰੂਪ ਤੇ ਇਤਿਹਾਸ ਸਾਰੀ ਮਨੁਖਤਾ ਦੀ ਧਾਰਮਕ ਆਜ਼ਾਦੀ ਦਾ ਚਿੰਨ੍ਹ ਹੈ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਸਰੂਪ ਸਾਰੇ ਸੰਸਾਰ–ਧਰਮਾਂ ਦੀ ਬਰਾਬਰੀ ਅਤੇ ਮਹਾਨਤਾ ਦੀ ਸਵੀਕਾਰਤਾ ਦਾ ਚਿੰਨ੍ਹ ਹੈ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਮਨੁਖਤਾ ਦੀ ਹਰ ਪਰਕਾਰ ਦੀ ਸੁਤੰਤਰਤਾ ਦੀ ਜ਼ਮਾਨਤ ਦਾ ਚਿੰਨ੍ਹ ਹੈ, ਜਿਥੇ ਖਾਲਸੇ ਨੇ 'ਰਛਿਆ–ਰਿਆਇਤ' ਪੂਰ ਨਿਭਾਣਾ ਹੈ।

ਇਸ ਸ਼ਹਾਦਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਆਰੀ ਅਤੇ ਮਹਾਨ ਸ਼ਹਾਦਤ ਇਸੇ ਲਈ ਸਵੀਕਾਰ ਕੀਤਾ, ਕਿ ਆਪ ਨੇ ਖਾਲਸੇ ਨੂੰ ਜੋ ਉਦੇਸ਼ ਦਿਤਾ,

ਉਸ ਦਾ ਸਾਖਿਆਤ ਰੂਪ ਅਤੇ ਉਸ ਰੂਪ ਦੀ ਸਿਖਰ ਇਹੋ ਸੀ। ਜੋ ਵੀ ਉਦੇਸ਼ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਲਈ ਸਥਾਪਤ ਕੀਤਾ, ਉਸ ਦਾ ਪਰਤਖ ਰੂਪ ਇਹ ਸ਼ਹਾਦਤ ਸੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਰੂਪ-ਰੇਖਾ ਨੂੰ ਪੂਰਨ ਭਾਂਤ ਪ੍ਰਕਾਸ਼ਮਾਨ ਕੀਤਾ ਤਾਂ ਉਸ ਦਾ ਆਦਰਸ਼ ਇਹ ਸ਼ਹਾਦਤ ਠਹਿਰਾਇਆ। ਆਪਣੇ ਧਰਮ, ਦੇਸ਼, ਸਭਿਆਚਾਰ ਲਈ ਅਨੇਕ ਸ਼ਹੀਦ ਹੋਏ ਹਨ ਅਤੇ ਹੁੰਦੇ ਰਹਿਣਗੇ। ਪਰ ਦੂਜੇ ਨਿਰਬਲਾਂ ਲਈ ਕੌਣ ਅਗੇ ਨਿਤਰੇਗਾ? ਇਹ ਖਾਲਸੇ ਦਾ 'ਸਿਰਰੁ' ਹੈ—'ਸੀਸੁ ਦੀਆ ਪਰ ਸਿਰਰੁ ਨ ਦੀਆ'।

(੨) ਗੁਰੂ ਗੋਬਿੰਦ ਸਿੰਘ ਜੀ ਨੇ ਕਿਤੇ ਸੰਕੇਤ ਨਹੀਂ ਕੀਤਾ ਜਿਸ ਵਿਚੋਂ ਇਹ ਪ੍ਰਗਟ ਹੁੰਦਾ ਹੋਵੇ ਕਿ ਇਸ ਸ਼ਹਾਦਤ ਦੀ ਮੂਲ ਪਰੇਰਨਾ ਆਪ ਸਨ ਜਿਵੇਂ ਪਰਚਲਤ ਹੈ ਕਿ ਕਸ਼ਮੀਰੀ ਪੰਡਤ ਆਏ (ਗੁਰੂ) ਗੋਬਿੰਦ (ਸਿੰਘ) ਜੀ ਨੇ ਗੁਰੂ ਤੇਗ ਬਹਾਦਰ ਜੀ ਨੂੰ ਉਤਸ਼ਾਹਤ ਕੀਤਾ ਕਿ ਉਹ ਇਸ ਵੇਲੇ ਦੇ ਮਹਾਨ ਪੁਰਸ਼ ਹਨ। ਜਿਹਨਾਂ ਦੀ ਸ਼ਹਾਦਤ ਰੰਗ ਲਿਆ ਸਕਦੀ ਸੀ। ਇਕ ਇਹ ਰਵਾਇਤ ਅਤੇ ਇਕ ਇਹਨਾਂ ਸਲੋਕਾਂ ਪਿਛੇ ਤੁਰੀ ਆ ਰਹੀ ਰਵਾਇਤ ਕਿ—

ਬਲੁ ਛੁਟਕਿਓ ਬੰਧਨ ਪਰੇ ਕਛੂ ਨਾ ਹੋਤ ਉਪਾਇ ॥
ਕਹੁ ਨਾਨਕ ਅਬ ਓਟ ਹਰਿ ਗਜਿ ਜਿਉ ਹੋਹੁ ਸਹਾਇ ॥ ੫੩ ॥
ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ॥
ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥ ੫੪ ॥

ਸ਼ਾਇਦ, ਕਿਸੇ ਨਾ ਕਿਸੇ ਰੂਪ ਵਿਚ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਗੁਰਤਾ ਦੀ ਸ਼ੋਭਾ ਲਈ ਸੰਤੋਖ ਜਨਕ ਨਹੀਂ। ਨਿਸਚੇ ਹੀ ਜੋ ਕੁਝ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਕਰ ਵਿਖਾਇਆ, ਉਸ ਦੀ ਮੂਲ ਪਰੇਰਨਾ 'ਅਕਾਲ ਪੁਰਖ' ਆਪ ਹੀ ਸੀ ਤੇ ਜੇ ਉਸ ਘਟਨਾ ਦੇ ਪਿਛੋਕੜ ਵਿਚ ਕੋਈ ਨਾਟਕ ਵਾਪਰਿਆ ਤਾਂ ਉਹ ਕੇਵਲ ਨਾਟਕ ਹੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਿਧਰੇ ਉਸ ਸ਼ਹਾਦਤ ਦੀ ਸਾਖ (Credit) ਆਪਣੇ ਲਈ ਸੁਰਖਸ਼ਤ ਨਹੀਂ ਕਰਦੇ। ਆਪ ਤੇ ਕਹੀ ਜਾ ਰਹੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ —

ਕੀਨੋ ਬਡੋ ਕਲੂ ਮਹਿ ਸਾਕਾ ॥

ਸਾਧਨ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰ ਸੀ ਨ ਉਚਰੀ ॥
ਧਰਮ ਹੇਤ ਸਾਕਾ ਜਿਨਿ ਕੀਆ ॥
ਸੀਸੁ ਦੀਆ ਪਰ ਸਿਰਰੁ ਨ ਦੀਆ ॥

ਇਸ ਸ਼ਹਾਦਤ ਦੀ ਸਾਰੀ ਸਾਖ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਹੈ।

ਇਹ ਸ਼ਹਾਦਤ 'ਨਾਟਕ ਚੇਟਕ' ਨਹੀਂ ਸੀ। 'ਸ਼ਹਾਦਤ' 'ਨਾਟਕ ਚੇਟਕ' ਹੋ ਨਹੀਂ ਸਕਦੀ! ਸ਼ਹਾਦਤ ਤੇ ਕਰਤਵ ਹੈ, ਪ੍ਰਗਟ ਤੇ ਸਪਸ਼ਟ, ਜਿਸ ਵਿਚ ਆਪਣੇ ਆਪ ਦਾ ਬਲੀਦਾਨ ਹੈ, ਪਿਛੇ ਬਚ ਰਹਿਣਾ ਨਾਟਕ ਚੇਟਕ ਹੈ। ਅੱਗ ਵਿਚੋਂ ਬਿਨਾਂ ਲੂਸੇ ਨਿਕਲ ਜਾਣਾ ਨ ਬਲੀਦਾਨ ਹੈ ਨਾ ਸ਼ਹਾਦਤ ਹੈ, ਨਾਟਕ ਚੇਟਕ ਹੈ। ਸ਼ਹਾਦਤ ਤਾਂ ਜੀਵਨ-ਢੰਗ ਹੈ ਜਿਸ ਤੇ ਸਾਧਾਰਨ ਸਿਖ ਤੁਰ ਸਕੇ, ਨਾਟਕ ਚੇਟਕ ਨਹੀਂ। ਸਰੀਰ, ਸਮੇਂ ਸਥਾਨ ਦੀਆਂ ਸਾਰੀਆਂ ਬੰਦਸ਼ਾਂ (Limitations) ਵਿਚ ਰਹਿ ਕੇ ਹੀ ਸ਼ਹਾਦਤ ਤੇ ਪਰਵਾਨ ਹੋਣੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸੇ ਲਈ ਜ਼ਿੰਦਾ-ਸ਼ਹੀਦ ਸਨ ਕਿ ਉਹ ਦੇਸ਼ਾਂ-ਦੇਸ਼ਾਂਤਰਾਂ ਵਿਚ ਰਟਨ ਕਰਦੇ ਰਹੇ, ਹਰ ਪਰਕਾਰ ਦੀਆਂ ਔਕੜਾਂ ਸਹਿਕੇ, ਨਾਟਕ ਚੇਟਕ ਨਾਲ ਨਹੀਂ। ਸ਼ਹਾਦਤ 'ਨਾਟਕ ਚੇਟਕ' ਦੇ ਉਲਟ ਚੀਜ਼ ਹੈ ਅਤੇ ਇਸੇ ਸਿਧਾਂਤ ਨੂੰ ਦਸਮ ਪਿਤਾ ਨੇ ਖਾਲਸੇ ਦੀ ਨੀਂਹ-ਸ਼ਿਲਾ ਸਥਾਪਨ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਨੇ ਖਾਲਸੇ ਨੂੰ ਸਾਧਾਰਨ ਗ੍ਰਿਸਤੀ ਰਹਿਣ ਦਾ ਆਦੇਸ਼ ਦੇ ਕੇ ਵੀ ਇਸੇ ਸਿਧਾਂਤ ਨੂੰ ਸਥਾਪਤ ਕੀਤਾ। ਜੀਵਨ ਵਿਚ ਨਾਟਕ ਚੇਟਕ ਤੇ ਛਿੰਨ ਭੰਗਰ ਕੋਈ ਚਮਤਕਾਰ ਹੋ ਸਕਦੇ ਹਨ, ਜੋ ਛਾਈ ਮਾਈ ਹੋ ਜਾਂਦੇ ਹਨ, ਪਰ ਜੀਵਨ ਤੇ ਬੜੀ ਕਠੋਰ ਅਸਲੀਅਤ ਹੈ। ਇਹ ਤਾਂ ਜੀਣਾ ਪੈਂਦਾ ਹੈ, ਜਾਂ ਇਸ ਦੀ ਰਖਿਆ ਲਈ ਕਿਸੇ ਨੂੰ ਸਚ ਮੁਚ ਮਰਨਾ ਪੈਂਦਾ ਹੈ, ਨਾਟਕ-ਚੇਟਕਾਂ ਨਾਲ ਤਾਂ ਕੰਮ ਸਰਦਾ ਨਹੀਂ ਹੈ।

ਸੋ ਸਿਖ-ਧਰਮ ਦਾ ਸਿਧਾਂਤ ਜੀਵਨ-ਰਖਿਆ ਲਈ ਮਰਨਾ ਹੈ, ਅਤੇ ਇਸ ਸ਼ਹਾਦਤ ਤੇ ਹੋਰਨਾਂ ਸ਼ਹਾਦਤਾਂ ਵਿਚੋਂ ਰੂਪਮਾਨ ਹੈ।

(ੲ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ 'ਧਰਮ ਹੇਤ' ਤੇ

'ਸਾਧਨਿ ਹੇਤ' ਸੀ। ਕੇਵਲ 'ਸਿਖ ਧਰਮ ਹੇਤਿ' ਅਤੇ 'ਸਿਖ ਸਾਧਨਿ ਹੇਤ' ਨਹੀਂ ਸੀ। 'ਧਰਮ' ਇਕ ਸਰਬ-ਵਿਆਪੀ ਚੀਜ਼ ਹੈ, ਇਕ ਸਥਾਨਕ ਰੰਗ ਨਹੀਂ ਹੈ, ਭਾਵੇਂ ਹਰ ਧਰਮ ਦਾ ਸਥਾਨਕ ਰੰਗ ਹੋਣਾ ਅਤੀ ਉਚਿਤ ਹੈ। ਪਰ ਜਿਥੇ ਬਲ ਕੇਵਲ ਸਥਾਨਕਤਾ ਤੇ ਰਹਿ ਗਿਆ ਹੈ, ਉਹ ਧਰਮ ਅਸਲ ਧਰਮ-ਭਾਵਨਾ ਦੇ ਪ੍ਰਤੀਕੂਲ ਹੋ ਜਾਂਦਾ ਹੈ। ਧਰਮ ਤਾਂ ਸਰਬ-ਵਿਆਪੀ ਸਾਰੀ ਮਨੁਖਤਾ ਲਈ ਸਾਂਝੇ ਸਚ ਤੇ ਨਿਆਂ ਦਾ ਰਾਖਾ ਹੈ। ਕਿਸੇ ਦੇ ਧਰਮ ਨੂੰ ਨਾਸ਼ ਕਰਕੇ ਕੌਣ ਆਪਣੇ ਧਰਮ ਨੂੰ ਕਾਇਮ ਰਖ ਸਕਦਾ ਹੈ? ਇਸ ਲਈ ਸਿਖ ਸ਼ਹਾਦਤ, ਵਿਸ਼ੇਸ਼ ਕਰਕੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਮੂਲ-ਪਰੇਰਨਾ 'ਧਰਮ' ਹੈ ਅਤੇ 'ਸਾਧ' ਹੈ, ਨਾ ਕਿ ਕੇਵਲ ਸਿਖ ਧਰਮ ਅਤੇ ਸਿਖੀ। ਚੌੜੇ ਵਿਸ਼ਾਲ ਦ੍ਰਿਸ਼ਟੀ-ਕੋਣ ਤੋਂ ਸਿਖ ਨੇ ਸਦਾ ਵੇਖਣਾ ਹੈ। ਪਰ ਉਹ ਇਹ ਕਰ ਤਦ ਹੀ ਸਕਦਾ ਹੈ ਜੇ ਪਹਿਲਾਂ ਆਪ ਪੂਰਨ ਸਿਖ ਹੋਵੇਗਾ ਤਾਂ।

(8) 'ਤਿਲਕ ਜੰਞੂ ਰਾਖਾ ਪ੍ਰਭ ਤਾਕਾ'—ਇਸ ਪੰਕਤੀ ਦੇ ਅਰਥ ਮੈਨੂੰ ਸਪਸ਼ਟ ਹਨ, ਇਸ ਦਾ ਮੈਨੂੰ ਦਾਹਵਾ ਨਹੀਂ ਹੈ ਪਰ ਮੇਰੀ ਭਾਵਨਾ ਦਿਆਨਤਦਾਰ ਹੈ। ਪ੍ਰਭੂ ਅਕਾਲ ਪੁਰਖ ਕਿਸੇ ਦੇਸ਼ ਸਭਿਅਤਾ ਸਭਿਆਚਾਰ ਤੇ ਧਰਮ ਦੀ ਰਖਿਆ ਲਈ ਹੀ ਕੋਈ ਕਰਤਵ ਕਰਦਾ ਹੈ, ਕੋਈ ਮਹਾਨ ਪੁਰਸ਼ ਭੇਜਦਾ ਹੈ। ਸਿਖ ਗੁਰੂ ਸਾਹਿਬਾਨ ਨੂੰ ਅਕਾਲ ਪੁਰਖ ਨੇ ਸਾਰੇ ਭਾਰਤੀ ਅਤੇ ਗੈਰ-ਭਾਰਤੀ ਧਰਮਾਂ ਤੇ ਸਾਧਾਂ ਦੀ ਰਖਿਆ ਲਈ ਹੀ ਭੇਜਿਆ ਸੀ, ਪਹਿਲਾਂ ਭਾਰਤੀ ਧਰਮਾਂ ਤੇ ਸਾਧਾਂ ਦੀ ਰਖਿਆ ਲਈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਇਸ ਕਰਤਵ ਪੂਰਤੀ ਦਾ ਸਿਖਰ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਭਾਵਨਾ (Spirit) ਨੂੰ ਖਾਲਸਾ ਜੀ ਦਾ ਸਥਾਪਨਾ ਦਾ ਵੀ ਨੀਹ-ਸ਼ਿਲਾ ਬਣਾਇਆ। ਭਾਵ, ਸ਼ਹਾਦਤ ਦੀ ਜੋ ਸਿਖਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਪਰਾਪਤ ਕੀਤੀ, ਖਾਲਸੇ ਲਈ ਉਹ ਕਰਤਵ ਹੈ (Norm) ਪ੍ਰਮਾਣੀਕ ਕਰਤਵ ਰੂਪ।

ਭਾਰਤ ਦੇ ਸਾਰੇ ਧਰਮਾਂ ਤੇ ਸਾਧਾਂ ਦੀ ਰਖਿਆ ਕਰਨੀ ਹੈ, ਸੰਸਾਰ ਦੇ ਸਾਰੇ ਧਰਮਾਂ ਅਤੇ ਸਾਧਾਂ (Good people) ਦੀ ਰਖਿਆ ਕਰਨੀ ਹੈ ਅਤੇ ਅਨਿਆ ਤੇ ਧਕੇ ਨੂੰ ਖਤਮ ਕਰਨਾ ਹੈ।

(੫) ਇਸ ਸ਼ਹਾਦਤ ਬਾਰੇ ਜੋ ਪੰਜਵੀਂ ਗਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਹੀ ਹੈ, ਉਹ ਵਧੇਰੇ ਸ਼ਹਾਦਤ ਦੇ ਮਗਰਲੇ ਪ੍ਰਤੀ-ਕਰਮ(re-action) ਨਾਲ ਸਬੰਧਤ ਹੈ। 'ਹੈ ਹੈ ਹੈ ਸਭ ਜਗ ਭਯੋ'। 'ਜੈ ਜੈ ਜੈ ਸੁਰਲੋਕ' ਹੋ ਗਈ ਕਿਉਂਕਿ ਅਕਾਲ ਪੁਰਖ ਦੀ ਸਕੀਮ ਸਫਲ ਹੋ ਗਈ, ਭਾਰਤੀ ਧਰਮ ਦੀ ਰਖਿਆ ਹੋ ਗਈ। ਪਰ ਹੋਈ ਕਿਵੇਂ ?

ਔਰੰਗਜ਼ੇਬ ਨੇ ਬੜਾ ਹੀ ਯਤਨ ਕੀਤਾ ਸੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੋਈ "ਮੋਜਜ਼ਾ' (ਕਰਾਮਾਤ, ਨਾਨਕ ਚੇਟਕ) ਦਿਖਾ ਦੇਣ। ਤਦ ਹੀ ਉਹ ਉਹਨਾਂ ਨੂੰ ਪੈਗੰਬਰ ਮੰਨ ਸਕਦਾ ਸੀ—ਇਸਲਾਮ ਅਨੁਸਾਰ ਪੈਗੰਬਰ ਪਾਸ ਮੋਜਜ਼ੇ ਦੀ ਸਮਰੱਥਾ ਜ਼ਰੂਰੀ ਹੈ; ਸਿਖ ਸਿਧਾਂਤ ਅਨੁਸਾਰ ਭੀ 'ਰਿਧਿ ਸਿਧਿ ਨਾਵੈ ਕੀ ਦਾਸੀ' ਹੁੰਦੀ ਹੈ। ਪਰ ਜੀਵਨ ਦੇ ਮਹਾਨ ਕਰਤਵ ਤਾਂ ਹੱਡ-ਮਾਸ ਨਾਲ ਹੀ ਨਿਬੜਨੇ ਹਨ। ਮੋਜਜ਼ਾ ਕਿਸੇ ਮਹਾਂਪੁਰਸ਼ ਦੀ ਮਹਾਨਤਾ ਦਾ ਸਬੂਤ ਭਾਵੇਂ ਹੋਵੇ ਪਰ ਉਸਦਾ ਹੱਡ-ਮਾਸ ਕਿਸੇ ਮੋਜਜ਼ੇ ਨਾਲੋਂ ਵੀ ਵਡਾ ਸਬੂਤ ਹੁੰਦਾ ਹੈ।

ਔਰੰਗਜ਼ੇਬ ਦੇ ਹੱਠ ਕਰਨ ਤੇ ਸ੍ਰੀ ਗੁਰੂ ਤੇਗ ਬਹਾਦਰ ਨੇ ਉਸ ਨਾਲ ਇਕਰਾਰ ਕੀਤਾ ਸੀ ਕਿ ਮੇਰਾ ਸਿਰ ਲਥ ਜਾਣ ਦੇ ਨਾਲ ਹੀ ਕਰਾਮਾਤ ਹੋਵੇਗੀ। ਔਰੰਗਜ਼ੇਬ ਨੂੰ ਇਸ ਗਲ ਦੀ ਪਤਾ ਨਹੀਂ ਕੁਝ ਸਮਝ ਆਈ ਜਾਂ ਨਾ ਆਈ ਅਤੇ ਉਸ ਨੂੰ ਕਰਾਮਾਤ ਦਿਸੀ ਜਾਂ ਨਾ ਦਿਸੀ ਪਰ ਕਰਾਮਾਤ ਵਾਪਰੀ ਜ਼ਰੂਰ ! ਉਹ ਕਰਾਮਾਤ ਇਹੋ 'ਹੈ ਹੈ ਹੈ ਸਭ ਜਗ ਭਯੋ' ਸੀ। ਸਾਰੀ ਭਾਰਤੀ ਮਨੁਖਤਾ ਵਿਚਾਰਵਾਨ ਹੋ ਕੇ ਉਠ ਖੜੀ ਹੋਈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸੁਨੇਹੇ ਨੂੰ ੧੬੭੫ ਈ: ਤੋਂ ੧੬੯੯ ਈ: ਤੀਕ ਸੁਣਦੀ ਰਹੀ ਅਤੇ ਅੰਤ ੧੬੯੯ ਈ: ਨੂੰ ਖਾਲਸਈ ਪਰਚਮ ਥਲੇ ਇਕਤਰ ਹੋ ਗਈ ਅਤੇ ਉਸ ਨੇ ਰਲਕੇ ਹਮਲਾ ਮਾਰਿਆ ਜਿਸਦਾ ਫਲ-ਸਰੂਪ ਉਹਨਾਂ ਅਨਿਆ ਦੇ ਗੜ੍ਹ ਨੂੰ ਤੋੜ ਕੇ ਫ਼ਤਹ ਪਾਈ।

ਇਹ ਸ਼ਹਾਦਤ ਬਰਦਾਸ਼ਤ ਦੀ ਹੱਦ ਦਾ ਅੰਤਮ ਦ੍ਰਿਸ਼ ਸੀ ਤੇ ਫਿਰ ਇਹ ਹੀ ਰਸਤਾ ਰਹਿ ਗਿਆ ਸੀ—

ਚੂੰ ਕਾਰਿ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬਾਸ਼ਮਸ਼ੀਰ ਦਸਤ ॥

'ਤੰਗ ਆਮਦ, ਬਜੰਗ ਆਮਦ' ! ਫਿਰ ਇਕੋ ਤਰੀਕਾ ਰਹਿ ਜਾਂਦਾ ਹੈ 'ਸੀਸੁ' ਦੇ ਦੇਣਾ ਪਰ 'ਸਿਰਰੁ' ਨਹੀਂ ਦੇਣਾ। ਮੰਤਵ ਨੂੰ ਨਹੀਂ ਛਡਣਾ, ਸ਼ਹੀਦ ਹੋ ਜਾਣਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਇਸ ਸ਼ਹਾਦਤ ਨੂੰ ਵੇਖਕੇ 'ਹੈ ਹੈ ਹੈ' ਕੀਤਾ ਅਤੇ ਮਨੁਖਤਾ ਦੀ 'ਹੈ ਹੈ ਹੈ' ਸੁਣੀ। ਆਪ ਨੇ ਆਪਣੇ ਆਪ ਨੂੰ ਇਸ ਦਸ਼ਾ ਨੂੰ ਬਦਲਣ ਲਈ ਸਾਧਨ ਬਣਾਇਆ। 'ਅਕਾਲ ਪੁਰਖ' ਨੇ ਇਹੋ 'ਆਇਸ' (ਆਦੇਸ—ਹੁਕਮ) ਦੇ ਕੇ ਆਪ ਨੂੰ ਭੇਜਿਆ ਸੀ।

(੩)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ (ਸ੍ਰੀ ਗੁਰੂ) ਗੋਬਿੰਦ (ਸਿੰਘ) ਜੀ ਨੂੰ ਸਚ ਮੁਚ 'ਦੀਨੀ ਭਾਂਤਿ ਭਾਤਿ ਕੀ ਸਿੱਛਾ' ਪਰ ਜੋ 'ਸਿੱਛਾ ਆਪ ਨੇ ਆਪਣੀ ਇਸ ਸ਼ਹਾਦਤ ਦੁਆਰਾ ਆਪ ਨੂੰ ਦਿਤੀ, ਉਹ ਬਹੁਤ ਭਾਰੀ ਸੀ ਅਤੇ ਉਸੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਰਤਵ ਤੇ ਉਦੇਸ਼ ਨੂੰ ਪ੍ਰਭਾਵਤ ਕੀਤਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਵੀ ਸਨ ਤੇ ਗੁਰੂ ਵੀ, ਗੁਰੂ ਪਹਿਲੇ, ਅਤੇ ਇਹ ਸ਼ਹਾਦਤ ਦਾ ਸਬਕ ਗੁਰੂ ਦਾ ਚੇਲੇ ਨੂੰ ਅੰਤਮ ਤੇ ਉਚਤਮ ਸਬਕ ਸੀ। ਇਸ ਟੀਸੀ ਦੀ ਸ਼ਹਾਦਤ ਦੇ ਸਾਰੇ ਅਸੂਲ ਸਿਖ ਕਰਤਵ ਦੇ ਬੁਨਿਆਦੀ ਸਿਧਾਂਤ ਹਨ।

ਪਾਂਵਟਾ

ਸ਼ਹਰ ਪਾਂਵਟਾ ਕੀ ਸੁਧਿ ਲਈ

(੧)

ਦਿਲੀਸਿ (ਦਿੱਲੀ ਦੇ ਪਾਤਸ਼ਾਹ) ਸਿਰਿ ਠੀਕਰਿ ਫੋਰਨ ਦਾ 'ਬਡੋ ਸਾਕਾ' ਹੋ ਗਿਆ। 'ਧਰਮ ਹੇਤ ਸਾਕਾ' ਹੋ ਗਿਆ, ਉਸੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਅਨੰਦਪੁਰ ਵਿਖੇ ਬਿਰਾਜਮਾਨ ਸਨ। ਉਸ ਵੇਲੇ ਸ੍ਰੀ ਅਨੰਦਪੁਰ ਦਾ ਨਾਮ 'ਮਾਖੋਵਾਲ' ਸੀ। 'ਅਨੰਦਪੁਰ' ਤੇ ਇਕ ਸੰਸਥਾ (Institution) ਹੈ। ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਗਰੋਂ ਪੂਰੇ ਰੂਪ ਵਿਚੋਂ ਸਥਾਪਨ ਕੀਤੀ ਪਰ ਜਿਸ ਦੇ ਸੁਪਨੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਸ੍ਰੀ ਰਵਿਦਾਸ ਭਗਤ ਜੀ ਪ੍ਰਯੰਤ ਲਏ ਜਾ ਰਹੇ ਸਨ ਅਤੇ ਜਿਸ ਦਾ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਧਰਮਸਾਲ ਰੂਪ ਵਿਚ ਬੱਧਾ ਸੀ। 'ਅਨੰਦਪੁਰ' ਦੇ ਪਹਿਲੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਸਾਇਆ 'ਕਰਤਾਰਪੁਰ' ਸ੍ਰੀ ਗੁਰੂ ਅਮਰਦਾਸ ਜੀ ਦਾ ਵਸਾਇਆ ਗੋਇੰਦਵਾਲ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਸਾਇਆ ਸ੍ਰੀ ਅੰਮ੍ਰਿਤਸਰ, ਸ੍ਰੀ ਹਰਿਗੋਬਿੰਦ ਜੀ ਦਾ ਵਸਾਇਆ ਹਰਿਗੋਬਿੰਦਪੁਰ, ਸ੍ਰੀ ਗੁਰੂ ਹਰਿਗੋਬਿੰਦ ਜੀ ਤੇ ਸ੍ਰੀ ਹਰਿਰਾਏ ਦਾ ਵਸਾਇਆ ਫੇਰ

ਕੀਰਤਪੁਰ, ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਸਾਇਆ ਮਾਖੋਵਾਲ (ਅਨੰਦਪੁਰ) ਸਨ। ਅਰਸ਼ੀ-ਨਗਰੀ ਨੂੰ ਦਰਸ਼ੀ ਰੂਪ ਦਿਤਾ ਹੈ, ਗੁਰੂ ਸਾਹਿਬਾਨ ਨੇ। ਇਹ ਨਗਰੀਆਂ ਅੰਦਰਲੇ ਦੀ ਆਤਮਕ ਅਨੰਦ ਮੈ ਅਵਸਥਾ ਦਾ ਪ੍ਰਤਿਬਿੰਬ ਸਨ। ਇਹ 'ਸਚਖੰਡ' ਦਾ ਚਿੰਨ੍ਹ ਮਾਤਰ ਹਨ ਜਿਥੇ ਕਥਾ-ਕੀਰਤਨ, ਸੰਗਤ-ਮੇਲਾ, ਸੇਵਾ-ਸੰਭਾਲ, ਬਾਣੀ ਉਚਾਰ ਪਰਚਾਰ, ਨਾਮ-ਦਾਨ-ਇਸ਼ਨਾਨ, ਕਿਰਤ ਕਰਨ, ਨਾਮ ਜਪਣ ਅਤੇ ਵੰਡ-ਛਕਣ ਦਾ ਅਭਿਆਸ ਸੀ। ਇਹ ਆਦਰਸ਼ਕ ਨਗਰੀਆਂ ਦੀ ਸੰਸਥਾ ਸੀ ਜਿਥੇ ਸਭ ਕੁਝ ਅਕਾਲ ਪੁਰਖ ਦਾ ਅਤੇ ਸਾਰੇ ਜੀਵ ਅਕਾਲ ਪੁਰਖ ਦੇ ਸਨ। ਅਨੰਦਪੁਰੀ ਸੰਸਥਾ ਦੇ ਨਕਸ਼ੇ ਇਸ ਪ੍ਰਕਾਰ ਬੱਧੇ ਹਨ, ਇਹਨਾਂ ਅਧਿਆਤਮਕ ਅਨੁਭਵੀ ਕਰਨੀ ਵਾਲੇ ਭਗਤਾਂ ਤੇ ਫ਼ਕੀਰਾਂ ਨੇ, ਇਹਨਾਂ ਮਨੁਖੀ-ਜੋਤਿ, ਆਤਮਾ ਦੇ ਅੰਜੀਨੀਅਰਾਂ ਨੇ :—

ਗਉੜੀ ਰਵਿਦਾਸ ਜੀ ਕੀ

ਬੇਗਮਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥ ੧ ॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥ ੨ ॥
... ... ॥ ੩ ॥ ੨ ॥

(ਸਿਰੀ ਰਾਗੁ ਮਹਲਾ ੫)

... ...

ਮੈ ਬਧੀ ਸਚੁ ਧਰਮਸਾਲ ਹੈ।

ਗੁਰਸਿਖਾਂ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ
ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥ ੧੦ ॥
ਸੁਣਿ ਗਲਾ ਗੁਰ ਪਹਿ ਆਇਆ ॥
ਨਾਮੁ ਦਾਨੁ ਇਸਨਾਨੁ ਦ੍ਰਿੜਾਇਆ ॥
ਸਭੁ ਮੁਕਤੁ ਹੋਆ ਸੈਸਾਰੜਾ
ਨਾਨਕ ਸਚੀ ਬੇੜੀ ਚਾੜਿ ਜੀਉ ॥ ੧੧ ॥

... ...

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ ॥ ੧੩ ॥

'ਬਡੋ ਸਾਕਾ' ਮਗਰੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਵੀ ਸ੍ਰੀ ਅਨੰਦਪੁਰ (ਮਾਖੋਵਾਲ) ਪੁਜ ਗਿਆ। ਸਸਕਾਰ ਹੋ ਗਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੱਦੀ ਤੇ ਬਿਰਾਜਮਾਨ ਹੋ ਗਏ।

ਇਸ ਤੋਂ ਕੁਝ ਸਮੇਂ ਤੀਕ ਦਾ ਬਿਆਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ (ਬਚਿਤ੍ਰ ਨਾਟਕ, ਧਿਆਇ ਅਠਵੇਂ ਵਿਚ)—

ਰਾਜ ਸਾਜ ਹਮ ਪਰ ਜਬ ਆਯੋ।
ਜਥਾ ਸਕਤ ਤਬ ਧਰਮ ਚਲਾਯੋ।
ਭਾਂਤਿ ਭਾਂਤਿ ਬਨ ਖੇਲ ਸਿਕਾਰਾ।
ਮਾਰੇ ਰੀਛ ਰੋਝ ਝੰਖਾਰਾ। ੧।

ਕੁਝ ਸਮਾਂ ਇਸ ਤਰ੍ਹਾਂ ਬਤੀਤ ਹੋ ਗਿਆ। ਅਗੇ ਆਪ ਇਸ ਤਰ੍ਹਾਂ ਜੀਵਨ ਚਾਲ ਦਾ ਪਤਾ ਦਿੰਦੇ ਹਨ :—

ਦੇਸ ਚਾਲ ਹਮ ਤੇ ਪੁਨਿ ਭਈ।
ਸਹਰ ਪਾਂਵਟਾ ਕੀ ਸੁਧਿ ਲਈ।

ਕਾਲਿੰਦ੍ਰੀ ਤਟਿ ਕਰੇ ਬਿਲਾਸਾ ।

ਅਨਿਕ ਭਾਂਤ ਕੇ ਪੇਖੇ ਤਮਾਸਾ ।

ਠੀਕ ਹੈ, ਮੇਦਨੀ ਪ੍ਰਕਾਸ਼, ਪਾਂਵਟਾ ਨਰੇਸ਼, ਆਪ ਜੀ ਨੂੰ ਸਨਮਾਨ ਸਹਿਤ ਪਾਂਵਟਾ ਲੈ ਗਿਆ । ਪਰ ਗੁਰੂ ਜੀ ਇਹ ਵੀ ਲਿਖ ਰਹੇ ਹਨ ਕਿ 'ਸਹਰ ਪਾਂਵਟਾ ਕੀ ਸੁਧਿ ਲਈ' 'ਸੁਧਿ' ਤਾਂ ਇਹ ਪ੍ਰਗਟ ਕਰਦਾ ਹੈ ਕਿ ਇਹ 'ਪਾਂਵਟਾ' ਤੇ 'ਕਾਲਿੰਦ੍ਰੀ ਤਟਿ' ਆਪ ਦੀਆਂ ਹੀ ਚੀਜ਼ਾਂ ਸਨ ਅਤੇ ਆਪ ਦੇ ਹੀ ਪੁਰਾਣੇ ਟਿਕਾਣੇ ਸਨ ਪਰ ਕੁਝ ਸਮੇਂ ਤੋਂ ਆਪ ਨੇ ਇਸ ਨੂੰ ਵਿਸਾਰਿਆ ਹੋਇਆ ਸੀ । ਕਿਸੇ ਸਰੂਪ ਵਿਚ ਆਪ ਪਹਿਲਾਂ 'ਕਾਲਿੰਦ੍ਰੀ ਤਟ' ਨਿਵਾਸੀ ਰਹੇ ਸਨ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਰੀ ਭਾਰਤੀ ਅਵਤਾਰ-ਪਰੰਪਰਾ ਦੇ ਮੁਜੱਸਮ ਸਰੂਪ ਸਨ, ਇਸੇ ਲਈ ਆਪ ਦਾ ਜਨਮ ਗੰਗਾ ਤਟ (ਸੁਰਸਰੀ ਤਟ) ਤੇ ਹੋਇਆ ਅਤੇ ਛੇ ਸਾਲ ਆਪ ਸੁਰਸਰੀ ਤਟ ਤੇ ਵਿਚਰੇ—ਇਹ ਸ਼ਿਵ-ਜੋਗ ਦਾ ਤਟ ਹੈ ਅਤੇ ਸਾਰੇ ਜੋਗ ਸੰਨਿਆਸ ਦਾ ਜਟਾ-ਜੂਟ ਸਿਖਰ ਹੈ ਜੋ ਖਾਲਸੇ ਦਾ ਸਰੂਪ ਹੈ, ਪਰ ਪੂਰਨ ਵਿਕਸਿਤ ਰੂਪ ਵਿਚ, ਆਪ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਕੁਝ ਸਮਾਂ ਕਾਲਿੰਦ੍ਰੀ ਤਟ (ਜਮਨਾ ਦਰਿਆ) ਤੇ ਵਿਚਰੇ ਜੋ 'ਦੁਆਪਰ ਕ੍ਰਿਸ਼ਨ ਮੁਰਾਰ' ਜੀ ਦਾ ਚਿੰਨ੍ਹ ਹੈ, ਆਪ ਅੰਤਮ ਸਮੇਂ ਗੋਦਾਵਰੀ-ਤਟ ਤੇ ਵਿਚਰੇ ਜੋ ਸ੍ਰੀ 'ਰਾਮ ਰਘੁਵੰਸ' ਦਾ ਬਨਬਾਸੀ ਟਿਕਾਣਾ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਦਮ, ਇਕੋ ਰੂਪ ਵਿਚ, ਇਕੋ ਸਮੇਂ ਤੇ ਸਥਾਨ ਵਿਚ, ਰੁਦ੍ਰ-ਸ਼ਿਵ, ਬਿਸ਼ਨ-ਰਾਮ ਤੇ ਕ੍ਰਿਸ਼ਨ ਸਨ । ਆਪ ਇਸ ਦੇਵੀ ਪਰੰਪਰਾ ਦਾ ਸਿਖਰ ਤੇ ਅੰਤਮ ਸਰੂਪ ਸਨ । (ਵੇਖੋ 'ਬੰਸ' ਵਿਆਖਿਆ——ਬਚਿਤ੍ਰ ਨਾਟਕ ਵਿਚੋਂ) ।

ਪਾਂਵਟਾ ਤੋਂ ਹੀ ਆਪ ਨੇ ਰੁਦ੍ਰ ਕਰਤਵ ਕੀਤਾ ਹੈ :—

ਸਰਬ ਕਾਲ ਸਭ ਸਾਧ ਉਬਾਰੇ ।
ਦੁਖੁ ਦੇ ਕੈ ਦੋਖੀ ਸਭ ਮਾਰੇ ।
ਅਦਭੁਤਿ ਗਤਿ ਭਗਤਨ ਦਿਖਰਾਈ ।
ਸਭ ਸੰਕਟ ਤੇ ਲਏ ਬਚਾਈ । ੧ ।

(ਬਚਿਤ੍ਰ ਨਾਟਕ, ਚੌਦਸਮੋ ਧਿਆਇ)

ਅਤੇ ਕੀਤਾ 'ਸ੍ਰੀ ਖੜਗ' ਰੂਪ ਵਿਚ ਹੈ ਜੋ :—

ਸੁਖ ਸੰਤਾ ਕਰਣੰ ਦੁਰਮਤਿ ਦਰਣੰ
ਕਿਲਬਿਖ ਹਰਣੰ ਅਸ ਸਰਣੰ।
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ। ੨।

ਸਰੂਪ ਵਾਲੀ ਹੈ। ਇਹ ਸ਼ਿਵ-ਕਰਤਵ ਹੈ।

(੩)

ਪਰ ਇਸ ਲੇਖ ਵਿਚ ਅਸੀਂ ਸ਼ਿਵ ਕਰਤਵ ਦਾ ਵਿਸਥਾਰ ਨਹੀਂ ਕਰ ਰਹੇ। ਇਥੇ ਅਸੀਂ ਇਕ ਹੋਰ ਕਰਤਵ ਦਾ ਬਿਆਨ ਕਰ ਰਹੇ ਹਾਂ। ਉਹ ਵੀ ਵਿਸ਼ੇਸ਼ ਰੂਪ ਵਿਚ ਪਾਂਵਟਾ ਵਿਚ ਪਰਵਾਨ ਚੜ੍ਹਿਆ। ਉਹ ਬ੍ਰਹਮ-ਕਰਤਵ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਸਰੂਪ ਵਿਚ ਬ੍ਰਹਮ, ਬਿਸ਼ਨ ਅਤੇ ਸ਼ਿਵ ਸਨ। ਅਕਾਲ ਪੁਰਖ ਦੀਆਂ ਤਿੰਨੇ ਸ਼ਕਤੀਆਂ ਇਕ ਦਮ ਆਪ ਵਿਚ ਸਮਿਲਤ ਸਨ।

ਕਾਲਿੰਦ੍ਰੀ ਤਟ ਤੇ ਹੀ ਆਪ ਨੇ ਬੰਸਰੀ ਬਜਾਈ ਸੀ, ਕਾਲਿੰਦ੍ਰੀ ਤਟ ਤੇ ਸਰਸਾ ਤਟ ਤੋਂ ਹੀ ਆਪ ਨੇ ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ, ਗਿਆਨ ਪ੍ਰਬੋਧ, ਆਦਿ ਦਾ ਦਸਮ-ਗ੍ਰੰਥ ਨਾਦ ਉਠਾਇਆ।

ਦਸਮ ਗ੍ਰੰਥ ਨਾਦ ਦੁਆਰਾ ਆਪ ਨੇ ਜੁਗਾਂ ਜੁਗਾਂਤਰਾਂ ਤੋਂ ਆਪਣੀ ਹਸਤੀ ਦੀ ਸ੍ਵੈ-ਜੀਵਨੀ ਦਾ ਬਚਿਤ੍ਰ-ਨਾਟਕ ਪ੍ਰਕਾਸ਼ਤ ਕਰ ਦਿਤਾ :—

ਜਿਹ ਜਿਹ ਬਿਧ ਜਨਮਨ ਸੁਧਿ ਆਈ।
ਤਿਮ ਤਿਮ ਕਹੇ ਗਿਰੰਥ ਬਨਾਈ।
ਪ੍ਰਥਮੇ ਸਤਿਜੁਗ ਜਿਹ ਬਿਧਿ ਲਹਾ।
ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ। ੧੦।
ਪਹਿਲੇ ਚੰਡੀ ਚਰਿਤ੍ਰ ਬਨਾਯੋ।
ਨਖ ਸਿਖ ਤੇ ਕ੍ਰਮ ਭਾਖ ਸੁਨਾਯੋ।
ਛੋਡ ਕਥਾ ਤਬ ਪ੍ਰਥਮ ਸੁਨਾਈ।

ਅਬ ਚਾਹਤ ਫਿਰਿ ਕਰੋ ਬਡਾਈ । ੧੧ ।

(ਬਚਿਤ੍ਰ ਨਾਟਕ, ਚੌਦਸਮੋ ਧਿਆਇ)

ਨਿਸਚੇ ਪਤਾ ਨਹੀਂ ਹੈ ਕਿ ਬ੍ਰਹਮਾ ਰੂਪ ਦਾ ਚਮਤਕਾਰਾ ਆਪ ਨੇ ਇਥੇ ਕੀ ਕੁਝ ਦਿਤਾ ਸੀ । ਪਤਾ ਨਹੀਂ ਆਪ ਨੇ ਕੀ ਕੁਝ ਲਿਖਿਆ ਸੀ ਅਤੇ ਕੀ ਕੁਝ ਲਿਖਵਾਇਆ ਸੀ । ਇਹ ਤੇ ਸਰਸਾ ਦੀਆਂ ਲਹਿਰਾਂ ਹੀ ਦਸ ਸਕਦੀਆਂ ਹਨ, ਜਾਂ ਅਲੋਪ ਹੋਏ ਅਣਲਿਖੇ ਇਤਿਹਾਸ ਦੇ ਸਾਕੇ, ਪਰ ਇਹ ਨਿਸਚੇ ਹੈ ਕਿ ਆਪ ਨੇ ਪਾਂਵਟਾ ਨੂੰ ਇਕ ਮਹਾਨ ਸਤਿ ਦੀ ਖੋਜਸ਼ਾਲਾ Seat of learning. Seat of Research ਬਣਾ ਦਿਤਾ ਸੀ । ਪਤਾ ਨਹੀਂ ਬਵੰਜਾ ਜਾਂ ਵਧ-ਘਟ, ਅਨੇਕ ਕਵੀ, ਕਲਾਕਾਰ ਇਸ ਮਹਾਨ ਸਤਿ ਅਨੁਸ਼ੀਲਨ ਕੇਂਦਰ ਤੇ ਇਕਤ੍ਰ ਹੋ ਗਏ ਸਨ ਅਤੇ ਉਹਨਾਂ ਨੇ ਆਪਣੇ ਹੀ ਭਾਰਤੀ ਵਿਰਸੇ ਦੀ ਖੋਜ Research ਸ਼ੁਰੂ ਕਰ ਦਿਤੀ ਸੀ । ਉਹ ਇਸ ਪਾਸੇ ਬੜਾ ਕੁਝ ਕਰ ਵੀ ਪਾਏ ਪਰ ਉਹਨਾਂ ਦੀਆਂ ਪਰਾਪਤੀਆਂ ਸੁਰਖਸ਼ਤ ਨਹੀਂ ਕੀਤੀਆਂ ਜਾ ਸਕੀਆਂ ।

ਤਾਂ ਵੀ ਸਪਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਪਾਂਵਟਾ ਦੀ ਸੰਸਥਾ ਸਥਾਪਨ ਕੀਤੀ, ਉਸ ਦਾ ਪ੍ਰਯੋਜਨ ਇਹ ਸੀ ਕਿ ਭਾਰਤੀ ਸਾਹਿਤ, ਧਰਮ ਗ੍ਰੰਥਾਂ, ਬ੍ਰਹਮਾ ਜੀ ਦੀ ਰਚਨਾ ਨੂੰ ਖੋਜਿਆ, ਪੜਤਾਲਿਆ ਤੇ ਆਖਿਆ ਜਾਏ ਅਤੇ ਉਸ ਦੀ ਸਦੀਵਤਾ ਦੇ ਬਲ ਵਾਲੀ ਵਿਚਾਰਧਾਰਾ ਨੂੰ ਮੁੜ ਸੁਰਜੀਤ ਕਰ ਕੇ ਦੇਸ਼ ਦਾ ਉਥਾਨ ਕੀਤਾ ਜਾਏ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਭਾਰਤੀ ਸਭਿਆਚਾਰ ਤੇ ਸਾਹਿਤ ਦਾ ਪ੍ਰੇਮੀ ਹੋਰ ਮਧਕਾਲੀਨ ਇਤਿਹਾਸ ਵਿਚ ਨਹੀਂ ਹੋਇਆ, ਸ਼ਾਇਦ, ਸਰਬ ਕਾਲ ਵਿਚ ਵੀ ਨਾ ਹੋਇਆ ਹੋਵੇ । ਹੋਣਾ ਕੀ ਸੀ, ਉਹ ਆਪ ਹੀ ਸਰਬ ਕਾਲੀਨ ਹਸਤੀ ਸਨ । ਪਰ ਸ੍ਰੀ ਗੁਰੂ ਗੋਬਿੰਦ ਸਿੰਘ ਸਰੂਪ ਵਿਚ ਆਪ ਨੇ ਮੁੜ 'ਜਿਹ ਜਿਹ ਬਿਧਿ ਜਨਮਨ ਸੁਧਿ ਆਈ' ਆਪ ਨੇ ਆਪਣੇ ਪੁਰਾਤਨ ਗ੍ਰੰਥਾਂ ਤੇ ਕਰਤਬਾਂ ਦਾ ਵਿਸਥਾਰ ਕੀਤਾ ਅਤੇ ਉਨ੍ਹਾਂ ਗ੍ਰੰਥਾਂ ਨੂੰ ਅਧੁਨਿਕਤਾ ਵੀ ਪਰਦਾਨ ਕੀਤੀ ਅਤੇ ਉਹਨਾਂ ਦਾ ਅਗੇਰੇ ਦਾ ਵਿਕਾਸ ਵੀ ਚਿਤਰਿਆ (ਉਹਨਾਂ ਨੂੰ up-to-date ਵੀ ਕੀਤਾ ਅਤੇ ਉਹਨਾਂ ਨੂੰ ਪੂਰਨ evolved

ਸਰੂਪ ਵੀ ਦਿਤਾ)

ਸ੍ਰੀ 'ਦਸਮ ਗ੍ਰੰਥ' ਦੀ ਸਾਰੀ ਸਮਿਗਰੀ ਭਾਰਤੀ ਸਾਹਿਤਕ ਵਿਰਸੇ ਵਿਚੋਂ ਕਢੇ ਦੁਰਲਭ ਮੋਤੀ ਹਨ ਅਤੇ 'ਜਾਪੁ' ਦਸਮੇਸ਼ ਜੀ ਦਾ ਅੰਤਮ ਸਿਖਰੀ ਸਰੂਪ ਹੈ। 'ਜਾਪੁ' ਉਹ ਅੰਤਮ ਸਚਾਈ ਹੈ ਜਿਸ ਤੇ ਨਾਦੀ-ਵੇਦੀ ਪਰੰਪਰਾ ਅੰਤ ਤੀਕ ਠੀਕ ਪੁਜੀ ਪਰ ਪਹਿਲੇ ਪੜਾ ਜੋ ਚੰਡੀ ਚਰਿਤ੍ਰਾਂ, ਗਿਆਨ ਪ੍ਰਬੋਧ ਵੀ ਹਨ, ਉਹ ਵੀ ਜਾਣਨੇ ਅਤਿਅੰਤ ਜ਼ਰੂਰੀ ਹਨ ਅਤੇ ਇਕ ਸਮੇਂ ਦੇ ਉਹ ਹੀ ਦਸਮੇਸ਼ ਜੀ ਦੇ ਵਿਸ਼ੇਸ਼ ਕਰਤਵ ਹਨ। 'ਦਸਮ ਗ੍ਰੰਥ' ਸੰਪੂਰਨ ਭਾਰਤੀ ਸੰਸਕ੍ਰਿਤ ਦਾ ਰੂਪ ਹੈ ਜਿਸ 'ਚੋਂ ਉਸ ਦੇ ਵਿਕਾਸ ਦੀਆਂ ਸਾਰੀਆਂ ਪਧਤੀਆਂ ਪਈਆਂ ਦ੍ਰਿਸ਼ਟਮਾਨ ਹੁੰਦੀਆਂ ਹਨ। ਸਗੋਂ 'ਚਰਿਤ੍ਰ ਪਾਖਯਾਨ' ਵਿਚ ਉਸ ਦੀ ਅਧੋਗਤੀ ਦਾ ਰੂਪ ਵੀ ਉਪਸਥਿਤ ਕੀਤਾ ਹੋਇਆ ਹੈ ਅਤੇ ਇਹ ਵੀ 'ਬਚਿਤ੍ਰ ਨਾਟਕ' ਦਾ ਇਕ ਰੂਪ ਹੈ, ਸੰਸਾਰ ਦੇ ਬਚਿਤਰ ਨਾਟਕ ਦਾ ਅਤੇ ਮਨੁਖ ਦੇ ਬਚਿਤਰ ਨਾਟਕ ਦਾ।

'ਪਾਂਵਟਾ' ਤੋਂ ਹੀ ਕਲਮ ਦੀ ਪ੍ਰਥਾ ਤੁਰੀ। ਪਾਂਵਟਾ ਤੋਂ ਤਲਵਾਰ ਦੀ ਪ੍ਰਥਾ ਭਰੀ ਭਾਵਨਾ, ਭਾਰਤੀ ਸਭਿਆਚਾਰ ਦੀ ਵਿਆਖਿਆ ਹੈ ਅਤੇ ਉਸ ਨੂੰ ਸੁਰਖਸ਼ਤ ਕਰਨ ਦਾ ਉਪਰਾਲਾ ਹੈ। ਦੋਹਾਂ ਰੂਪਾਂ ਵਿਚ ਦਸਮੇਸ਼ ਜੀ ਪੂਰਨ ਸਫਲ ਰਹੇ।

(੪)

ਮੇਰੀ ਜਾਚੇ, ਜੋ ਕਝ ਪਾਂਵਟਾ ਖੋਜ-ਕੇਂਦਰ ਦੀ ਪਰਾਪਤੀ ਵਿਚੋਂ ਥੋੜਾ ਜਿੰਨਾ ਭਾਗ ਜੋ ਭਾਈ ਮਨੀ ਸਿੰਘ, ਭਾਈ ਸ਼ੀਹਾਂ ਸਿੰਘ ਅਤੇ ਮਾਤਾ ਸੁੰਦਰੀ ਜੀ ਦੀ ਅਨਿਨ ਖੋਜ ਅਤੇ ਪ੍ਰੀਸ਼ਰਮ ਦੁਆਰਾ ਸਾਨੂੰ 'ਦਸਮ ਗ੍ਰੰਥ' ਰੂਪ ਵਿਚ ਪਰਾਪਤ ਹੋ ਸਕਿਆ ਹੈ, ਉਹ ਸਾਰਾਂ ਸ੍ਰੇ ਦਸਮੇਸ਼ ਜੀ ਕ੍ਰਿਤ ਹੈ। ਅਭੁਲ ਹੋਣ ਦਾ ਕੋਈ ਦਾਹਵਾ ਨਹੀਂ ਅਤੇ ਸੱਚ ਕੇਵਲ ਦਸਮੇਸ਼ ਜੀ ਆਪ ਹੀ ਜਾਣਦੇ ਹਨ; ਪਰ ਅੰਦਰ ਦੀ ਗਵਾਹੀ ਤੇ ਖੋਜ ਪੜਤਾਲ ਦੀਆਂ ਬੋਧਿਕ ਉਕਤੀਆਂ ਜੁਗਤੀਆਂ, ਮੈਨੂੰ ਇਸੇ ਸਿਟੇ ਤੇ ਲੈ ਜਾ ਸਕੀਆਂ ਹਨ ਕਿ ਮੌਜੂਦਾ ਰੂਪ ਵਿਚ ਸਾਰੀ ਸ੍ਰੀ ਦਸਮ ਗੰਥ ਜੀ ਦੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਰਚਨਾ ਹੈ।

ਸ੍ਰੀ ਦਸਮ ਗ੍ਰੰਥ ਜੀ ਦਾ ਬਾਣੀ ਦਾ ਬਿਉਰਾ ਇਸ ਪ੍ਰਕਾਰ ਹੈ। ਦਸਮੇਸ਼ ਜੀ ਦੀ ਸਾਹਿਤ-ਸਿਰਜਨ-ਸ਼ਕਤੀ ਦਾ ਕੇਵਲ ਝਾਵਲਾ ਹੀ ਇਸ ੧੪੨੮ ਪੰਨੇ ਦੀ ਸੰਗ੍ਰਹਿਤ ਰਚਨਾ ਵਿਚੋਂ ਮਿਲਦਾ ਹੈ, ਸਾਰੀ ਰਚਨਾ ਤਾਂ ਮਿਲਦੀ ਨਹੀਂ, ਇਹ ੧੪੨੮ ਪੰਨੇ ਤੇ, ਕੇਵਲ ਆਪ ਜੀ ਦੀ ਸਾਰੀ ਰਚਨਾ ਦੀ ਦਰਸ਼ਨੀ ਡਿਉਢੀ ਹਨ। ਸ਼ੁਕਰ ਹੈ, ਸਾਰੀ ਬਾਣੀ ਦਾ ਸਿਰਮੌਰ ਜਾਪੁ ਸਾਹਿਬ ਸਾਨੂੰ ਪਰਾਪਤ ਹੈ ਅਤੇ ਇਹ ਸ੍ਰੀ ਦਸਮੇਸ਼ ਪ੍ਰਤਿਭਾ ਦਾ ਟੀਸੀ ਵਾਲਾ ਸਰੂਪ ਹੈ।

ਦਸਮ-ਗ੍ਰੰਥ ਜੀ ਦੀਆਂ ਹਥ ਲਿਖਤੀ ਮਿਲਦੀਆਂ ਬੀੜਾਂ ਭਾਈ ਮਨੀ ਸਿੰਘ ਵਾਲੀ ਬੀੜ, ਮੋਤੀ ਬਾਗ ਪਟਿਆਲੇ ਵਾਲੀ ਬੀੜ, ਸੰਗਰੂਰ ਵਾਲੀ ਬੀੜ, ਪਟਨੇ ਵਾਲੀ ਬੀੜ ਵਿਚ ਕੁਝ ਮਾਮੂਲੀ ਜਿਹੇ, ਬਾਣੀਆਂ ਦੀ ਤਰਤੀਬ, ਪਾਠੰਤਰ ਅਤੇ ਛੰਦ-ਗਿਣਤੀ ਮਿਣਤੀ ਵਿਚ ਇਕ ਅਧ ਸਤਰ ਦਾ ਹੀ ਫ਼ਰਕ ਹਨ, ਪਰ ਆਮ ਰੂਪ-ਰੇਖਾ ਦਸਮ-ਗ੍ਰੰਥ ਦੀ ਇਸ ਪ੍ਰਕਾਰ ਹੀ ਹੈ ਜੋ ਕਿ ਪ੍ਰਕਾਸ਼ਤ ਛਾਪੇ ਦੀ ਬੀੜ ਵਿਚ ਮਿਲਦੀ ਹੈ। ਦਸਮੇਸ਼ ਜੀ ਰਚਿਤ ਬਾਣੀਆਂ, ਸਹਿਤ ਛੰਦ ਗਿਣਤੀ ਇਹ ਹਨ।

ਬਾਣੀ ਦਾ ਨਾਮ	ਛੰਦ ਗਿਣਤੀ ਮਿਣਤੀ
ਜਾਪੁ	੧੯੯
ਅਕਾਲ ਉਸਤਤਿ	੨੭੧.੫
ਬਚਿਤ੍ਰ ਨਾਟਕ	੪੭੧
ਚੰਡੀ ਚਰਿਤ੍ਰ ਪਹਿਲਾ	੨੩੩
ਚੰਡੀ ਚਰਿਤ੍ਰ ਦੂਜਾ	੨੬੨
ਵਾਰ ਭਗਉਤੀ ਦੀ	੫੫ ਪਉੜੀਆਂ
ਗਿਆਨ ਪ੍ਰਬੋਧ	੩੩੬
ਚੌਬੀਸ ਅਵਤਾਰ	
(੧) ਮੱਛ	੫੪
(੨) ਕੱਛ	੫
(੩) ਚਉਦਾਂ ਰਤਨ	੧੪

ਸ਼ਬਦ ਹਜ਼ਾਰੇ	੧੦
ਸਦ	੧
ਖਾਲਸਾ ਮਹਿਮਾਂ	੪
ਸਸਤ੍ਰ ਨਾਮ ਮਾਲਾ	੧੩੧੮
ਚਰਿਤ੍ਰ ਪਾਖਯਾਨ	੭੫੫੫
ਜ਼ਫ਼ਰਨਾਮਾ	੧੧੧ (ਹਕਾਇਅਤਾਂ ੧੧) ਜਾਂ ੭੫੬ ਛੰਤ

ਹਥ ਲਿਖਤੀ ਬੀੜਾਂ ਵਿਚ ਕਈ ਹੋਰ ਬਾਣੀਆਂ ਜਿਵੇਂ ਕਬਿੱਤ,ਸੁਖਮਨਾ, ਮਾਲਕੌਸ ਦੀ ਵਾਰ, ਭਗਵਤ ਗੀਤਾ, ਆਦਿ ਵੀ ਮਿਲਦੀਆਂ ਹਨ—ਪਰ ਇਹ ਦਸਮੇਸ਼ ਕ੍ਰਿਤ ਨਿਸਚਿਤ ਨਹੀਂ ਹੋਈਆਂ।

ਪਾਂਵਟਾ ਅਤੇ ਅਨੰਦਪੁਰ ਬੈਠ ਕੇ ਕਲਗੀਧਰ ਜੀ ਨੇ ਸਾਹਿਤ ਦੀ ਜੋਤੀ ਪ੍ਰਕਾਸ਼ਮਾਨ ਕੀਤੀ। ਦਸਮ ਗ੍ਰੰਥ ਸਾਰਾ ਇਕੋ ਕਲਮ ਦੀ ਰਚਨਾ ਹੈ, ਸ਼ੈਲੀ, ਵਿਚਾਰਧਾਰਾ, ਆਦਰਸ਼, ਫਲਸਫੇ, ਬੋਲੀ, ਅਲੰਕਾਰਾਂ ਸਭ ਤੋਂ ਇਹ ਪ੍ਰਗਟ ਹੈ ਅਤੇ ਇਹ ਕਲਮ ਕੇਵਲ ਕਲਗੀਧਰ ਜੀ ਦੀ ਹੀ ਹੋ ਸਕਦੀ ਹੈ, ਹੋਰ ਕਿਸੇ ਕਲਮ ਵਿਚ ਨਾ ਇਹ ਪ੍ਰਕਾਸ਼ ਸੀ ਅਤੇ ਨਾ ਇਹ ਬਲ।

ਪਰ ਵਿਸ਼ਲੇਸ਼ਨ ਲਈ ਅਤੇ ਪੱਖ ਸਿੱਧੀ ਲਈ ਦਸਮ ਗ੍ਰੰਥ ਦੀ ਸਾਰੀ ਰਚਨਾ ਨੂੰ ਪ੍ਰਮਾਣੀਕ ਨਾ ਮੰਨ ਸਕਣ ਵਾਲਿਆਂ ਦੇ ਵਿਚਾਰ ਵੀ ਵੇਖਣੇ ਉਚਿਤ ਹਨ, ਅਤੇ ਉਹਨਾਂ ਦੇ ਤਸੱਲੀ ਬਖਸ਼ ਉਤਰ ਲਭਣੇ ਵੀ ਜ਼ਰੂਰੀ ਹਨ ਅਤੇ ਸਾਰੇ ਦਸਮ ਗ੍ਰੰਥ ਨੂੰ ਪਰਮਾਣੀਕ ਦਸਮ ਪਿਤਾ ਦੀ ਰਚਨਾ ਮੰਨਣ ਵਾਲਿਆਂ ਦਾ ਪੱਖ ਵੀ ਉਜਾਗਰ ਕਰਨ ਦੀ ਲੋੜ ਹੈ।

(੧) ਸ਼ੰਕਾਵਾਦੀਆਂ ਦੇ ਸਾਹਮਣੇ ਇਕ ਬੜੀ ਜਾਇਜ਼ ਜਿਹੀ ਕਠਨਾਈ ਇਹ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਜੀ 'ਪਾਖਯਾਨ ਚਰਿਤ੍ਰ, ਦੀਆਂ ਨੰਗੀਆਂ, ਅਸੱਭਯ, ਕਾਮ ਲਿਬੜੀਆਂ, ਅਸਮਾਜਕ ਇਸ਼ਕ ਦੀਆਂ ਕਹਾਣੀਆਂ ਲਿਖ ਸਕਦੇ ਸਨ ਅਤੇ ਕੀ ਉਹ ਅਵਤਾਰਾਂ ਦੀਆਂ ਕਥਾਵਾਂ ਦੇ ਵੀ ਵਿਸ਼ਵਾਸੀ ਸਨ ? ਇਹ

ਸ਼ੰਕਾਵਾਦੀ ਓਪਰੀ ਨਜ਼ਰੇ ਸਭ ਕੁਝ ਵੇਖਦੇ ਹਨ, ਕੋਈ ਸਮਾਜਕ ਅਸਲੀਅਤ, ਬੁਰਾਈ ਜਾਂ ਅਚਾਰਹੀਣਤਾ, ਕੇਵਲ ਨਾ ਦਸੀ ਰਹਿਣ ਕਰਕੇ ਸੁਧਰ ਨਹੀਂ ਜਾਣੀ। ਇਹ ਅਸਲੀਅਤ ਉਸ ਵੇਲੇ ਦੇ ਸਮਾਜ ਦੀ ਸੀ ਅਤੇ ਇਸ ਦਾ ਟਾਕਰਾ ਕਰਨ ਨਾਲ ਸੁਧਾਰ ਹੋਣਾ ਹੈ। ਇਹ ਅਸਲੀਅਤ ਜਾਣਨੀ ਜ਼ਰੂਰੀ ਹੈ। ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਪ੍ਰਤਿਭਾ ਕਿੰਨੀ ਬਹੁਪੱਖੀ ਤੇ ਬਲਵਾਨ ਹੈ, ਦਸਮ ਗ੍ਰੰਥ ਹੀ ਇਸ ਦਾ ਪ੍ਰਮਾਣ ਹੈ। ਆਪ ਸਾਰੇ ਸੰਸਾਰ ਦੇ 'ਬਚਿਤ੍ਰ ਨਾਟਕ' ਨੂੰ ਚਿਤਰ ਰਹੇ ਸਨ। ਇਸ 'ਬਚਿਤ੍ਰ ਨਾਟਕ' ਵਿਚ ਜੀਵਨ ਦਾ ਪਾਖਯਾਨ ਚਰਿਤ੍ਰ ਭਾਗ ਵੀ ਸ਼ਾਮਲ ਹੈ ਅਤੇ ਵਾਹਿਗੁਰੂ ਦਾ ਇਹ ਭਾਗ ਬੜਾ ਵਚਿਤ੍ਰ ਤਮਾਸ਼ਾ ਹੈ। ਕਾਮ ਅਤਿਅੰਤ ਪਵਿਤ੍ਰ ਅਤੇ ਜ਼ਰੂਰੀ ਵੀ ਹੈ ਅਤੇ ਅਤਿਅੰਤ ਕੋਝਾ ਵੀ ਹੋ ਜਾਂਦਾ ਹੈ— ਇਹ ਸਮਝਣਾ ਠੀਕ ਹੈ। ਜੇ 'ਅਕਾਲ ਪੁਰਖ' ਨੂੰ ਪਾਖਯਾਨ ਚਰਿਤ੍ਰ ਦਾ ਤਮਾਸ਼ਾ ਰਚਦਿਆਂ ਕੋਈ ਸ਼ਰਮ ਨਹੀਂ ਤਾਂ ਇਹਨੂੰ ਚਿਤਾਰਨਾ ਕੀ ਗੁਰਤਾ ਦੀ ਹੇਠੀ ਹੈ। ਉਸਾਰੂ ਮੰਤਵਾਂ ਲਈ ਚਿਤਰਿਆ ਹੈ। ਗੁਰੂ ਜੀ ਦੀ ਪ੍ਰਤਿਭਾ ਇਤਿਹਾਸਕਾਰ ਪ੍ਰਤਿਭਾ ਹੈ—ਇਹ ਇਤਿਹਾਸ ਅਸਲੀਅਤ ਨੂੰ ਛੁਪਾ ਕਿਵੇਂ ਸਕਦਾ ਹੈ, ਕਮਾਲ ਹੈ ਕਿ ਇਹ ਚਰਿਤ੍ਰ ਉਕਸਾਹਟ ਨਹੀਂ ਪੈਦਾ ਕਰਦੇ ਬੜੇ ਹੀ ਸਾਊ ਤਰੀਕੇ ਨਾਲ ਬਿਆਨੇ ਹਨ। ਨਮੋ ਅੰਧਕਾਰ, ਨਮੋ ਤੇਜ ਤੇਜੇ।

(੨) ਸ਼ੰਕਾਵਾਦੀਆਂ ਦੇ ਸਾਹਮਣੇ ਦੂਜਾ ਵਿਚਾਰ ਇਹ ਰਹਿੰਦਾ ਹੈ ਕਿ ਜੇ 'ਦਸਮ ਗ੍ਰੰਥ' ਦੀ ਰਚਨਾ ਸ੍ਰੀ ਗੁਰੂ ਜੀ ਦੀ ਮੁਖਵਾਕ ਬਾਣੀ ਹੀ ਹੈ ਤਾਂ ਇਹ ਆਦਿ ਸ੍ਰੀ ਗੁਰੂ ਗ੍ਰੰਥ ਵਿਚ ਸ਼ਾਮਲ ਕਿਉਂ ਨਹੀਂ ਕੀਤੀ ਗਈ ? ਉਤਰ ਇਹ ਹੈ ਕਿ ਘਟੋ ਘਟ 'ਜਾਪੁ' ਨੂੰ ਸਾਰੇ ਹੀ ਗੁਰੂ ਗੋਬਿੰਦ ਸਿੰਘ ਜੀ ਕ੍ਰਿਤ ਮੰਨਦੇ ਹਨ, ਇਹ ਵੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ, ਗੁਰੂ ਦੀਆਂ ਗੁਰੂ ਜਾਣੇ। ਪਰ ਵੈਸੇ ਦੋਹਾਂ ਗ੍ਰੰਥਾਂ ਵਿਚ ਸ਼ੈਲੀ ਬੋਲੀ, ਸਮਿਗਰੀ ਦੀ ਇਤਨੀ ਭਿੰਨਤਾ ਹੈ ਕਿ ਉਹ ਇਕ ਦੂਜੇ ਵਿਚ ਸਮਾ ਨਹੀਂ ਸਕਦੇ ਸਗੋਂ ਭਿੰਨ, ਰਹਿ ਕੇ ਸੰਤ ਸਿਪਾਹੀ ਦੀ ਤਸਵੀਰ ਦੇ ਦੋਵੇਂ ਭਾਗਾਂ ਨੂੰ ਮੁਕੰਮਲ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ 'ਆਦਿ ਗੁਰੂ ਗ੍ਰੰਥ' ਨੂੰ ਗੁਰਤਾ ਦਿਤੀ, ਨਿੰਮਰਤਾ ਪੂਰਵਕ ਆਪਣੀ ਬਾਣੀ ਨੂੰ ਸ਼ਾਮਲ ਨਹੀਂ ਕੀਤਾ, ਦਾਸ ਗੋਬਿੰਦ ਰਹੇ।

(੩) ਸ਼ੰਕਾਵਾਦੀਆਂ ਦੀ ਦਲੀਲ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਸਾਰਾ ਸਮਾਂ ਜੰਗਾਂ ਯੁਧਾਂ ਵਿਚ ਹੀ ਰਹੇ, ਉਹਨਾਂ ਪਾਸ ਸਮਾਂ ਕਿਥੇ ਸੀ ਕਿ ਉਹ ਇੰਨੀ ਮਹਾਨ ਆਕਾਰ ਵਾਲੀ ਰਚਨਾ ਕਰ ਸਕਦੇ ? ਅਸੀਂ ਆਪਣੇ ਵਿਤ ਦੇ ਅਧਾਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਮਰਥਾ ਦਾ ਕੀ ਅਨੁਮਾਨ ਲਗਾ ਸਕਦੇ ਹਾਂ। ਜਿਹੜੇ ਇਕੋ ਥਾਂ ਬੈਠੇ ਸੋਲਾਂ ਹਜ਼ਾਰ ਵਾਰੀ 'ਤੂੰਹੀ ਤੂੰਹੀ' ਲਿਖਾ ਸਕਦੇ ਸਨ। ਉਹ ਕੀ ਨਹੀਂ ਸਨ ਕਰ ਸਕਦੇ। ਦਸਮ ਗ੍ਰੰਥ ਦੀ ਸਾਰੀ ਬਾਣੀ ਦੀ ਰਚਨਾ ਆਪ ਨੇ ੧੬੮੫ ਤੋਂ ੧੬੯੮ ਤੀਕ ਕੀਤੀ ਹੈ। ਇਹਨਾਂ ੧੩ ਸਾਲਾਂ ਵਿਚ ਗੁਰੂ ਜੀ ਨੇ 'ਦਸਮ ਗ੍ਰੰਥ' ਤੋਂ ਕਿਤੇ ਵਧ, ਕਈ ਗੁਣਾ, ਸਾਹਿਤ ਉਤਪੰਨ ਕੀਤਾ ਸੀ, ਕਈ ਲੱਖ ਛੰਦ। ਬਹੁਤ ਸਮਿਗਰੀ ਨਾਸ ਹੋ ਗਈ ਹੈ। ਗੁਰੂ ਗੋਬਿੰਦ ਸਿੰਘ ਸਾਹਿਤ-ਸਰੂਪ ਸਨ, ਸਾਹਿਤ ਦੇ ਮਹਾਨ ਸਾਗਰ, ੧੩ ਸਾਲਾਂ ਵਿਚ ਇੰਨੀ ਰਚਨਾ ਤੇ ਆਪ ਵਾਸਤੇ ਕੁਝ ਵੀ ਨਹੀਂ।

(੪) ਸ਼ੰਕਾਵਾਦੀਆਂ ਦਾ ਕਹਿਣਾ ਹੈ ਕਿ ਗਰੂ ਜੀ ਪਾਸ ੫੨ ਕਵੀ ਸਨ ਉਹਨਾਂ ਦੀ ਰਚਨਾ ਹੋਰ ਕਿਤੇ ਨਹੀਂ ਜੇ ਸਾਰਾ 'ਦਸਮ ਗ੍ਰੰਥ, ਗੁਰੂ ਜੀ ਦੀ ਆਪਣੀ ਰਚਨਾ ਹੈ, ਵਿਸ਼ੇਸ਼ ਕਰਕੇ ਜਦੋਂ ਰਾਮ, ਸ਼ਯਾਮ ਆਦਿ ਉਪਨਾਮ ਵੀ 'ਚੌਬੀਸ ਅਵਤਾਰ' ਵਿਚ ਵਰਤੇ ਹੋਏ ਹਨ। ਭਾਈ ਮਨੀ ਸਿੰਘ, ਭਾਈ ਸ਼ੀਹਾਂ ਸਿੰਘ, ਮਾਤਾ ਸੁੰਦਰੀ ਜੀ ਖੂਬ ਨਿਰਣਾ ਕਰ ਸਕਦੇ ਸਨ ਕਿ ਆਪ ਦੀ ਰਚਨਾ ਜਾਂ ਇਸ ਨਾਂ ਦੀ ਰਚਨਾ, ਕੋਈ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਹੈ ਜਾਂ ਨਹੀਂ। ਜੇ ਸਾਰੀਆਂ ਹਥ ਲਿਖਤੀ ਬੀੜਾਂ ਵਿਚ ਇਹ ਹੀ ਰਚਨਾਂਵਾਂ ਦਸਮ ਪਿਤਾ ਦੀਆਂ ਮੰਨੀਆਂ ਹਨ ਤਾਂ ਫਿਰ ਇਹ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਕੋਈ ਹੋਰ ਰਚਨਾ ਆਪ ਦੇ ਨਾਂ ਥਲੇ ਆ ਗਈ ਹੋਵੇ। ੫੨ ਕਵੀਆਂ ਵਿਚੋਂ ਵੀ ਕਈਆਂ ਦੀ ਰਚਨਾ ਮਿਲਦੀ ਹੈ। ਉਸ ਵਿਚੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ ਉਹਨਾਂ ਦੀ ਸਰਪ੍ਰਸਤੀ ਕੀਤੀ ਅਤੇ ਉਹ ਗੁਰੂ ਜੀ ਦਾ ਕੋਟ ਧੰਨਵਾਦ ਕਰਦੇ ਹਨ। ਉਨ੍ਹਾਂ ਰਚਨਾ ਦਾ ਬਿਲਕੁਲ ਆਪਣਾ ਰੰਗ ਹੈ ਅਤੇ ਗੁਰੂ ਜੀ ਦੀ ਰਚਨਾ ਦਾ ਆਪਣਾ।

(੫) ਇਕ ਸ਼ੰਕਾ ਇਹ ਹੈ ਕਿ ਸਾਰੇ ਗੁਰੂ ਸਾਹਿਬ 'ਨਾਨਕ' ਛਾਪ

ਵਰਤਦੇ ਸਨ ਪਰ ਇਸ ਗ੍ਰੰਥ ਵਿਚ 'ਮਹਲਾ' ਦੀ ਥਾਂ 'ਪਾਤਸ਼ਾਹੀ' ਵਰਤਿਆ ਹੈ ਅਤੇ 'ਨਾਨਕ' ਦੀ ਥਾਂ 'ਗੋਬਿੰਦ', 'ਦਾਸ ਗੋਬਿੰਦ', 'ਸ਼ਯਾਮ' ਆਦਿ ਸ਼ਬਦ ਵਰਤੇ ਹਨ। ਇਹ ਠੀਕ ਹੈ, ਪਰ ਇਹ ਇਹੋ ਦਸਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਚਲਾਈ ਲਹਿਰ ਹੁਣ ਪਾਤਸ਼ਾਹੀ ਸਿਖਰ ਤੇ ਪੁਜ ਗਈ ਸੀ, ਇਸ ਨੂੰ ਪੂਰਨ ਪਾਤਸ਼ਾਹੀ ਪ੍ਰਾਪਤ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਆਪਣੇ ਕਈ ਉਪਨਾਮ ਵਰਤਦੇ ਸਨ, ਇਸ ਦੇ ਵੀ ਕਾਰਨ ਸਨ ਅਤੇ ਦਸਮ ਗ੍ਰੰਥ ਵਿਚ ਉਹ ਵਰਤੇ ਹਨ।

ਸਾਰਾ 'ਦਸਮ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ, ਇਸ ਦਾ ਪਹਿਲਾ ਪ੍ਰਮਾਣ ਤੇ ਭਾਈ ਮਨੀ ਸਿੰਘ, ਭਾਈ ਸ਼ੀਹਾਂ ਸਿੰਘ ਅਤੇ ਮਾਤਾ ਸੁੰਦਰੀ ਜੀ ਦੀ ਸਾਖ ਹੈ। ਉਹ ਟਪਲਾ ਨਹੀਂ ਖਾ ਸਕਦੇ ਜੋ ਸਾਰਾ ਜੀਵਨ, ਪਲ ਪਲ, ਗੁਰੂ ਜੀ ਦੇ ਨਾਲ ਰਹੇ ਹਨ। ਪਰ ਹੋਰ ਵੀ ਕਈ ਗੱਲਾਂ ਇਸ ਵਿਸ਼ਵਾਸ ਦੀ ਪਰੋੜ੍ਹਤਾ ਕਰਦੀਆਂ ਹਨ।

(੧) ਸਾਰਾ 'ਦਸਮ ਗ੍ਰੰਥ' ਇਕ ਵਡੀ ਵਿਸ਼ਾਲ ਸਾਹਿਤਕ ਯੋਜਨਾ ਦਾ ਫਲ ਸਰੂਪ ਹੈ ਅਤੇ ਯੋਜਨਾ ਇਹ ਹੈ ਕਿ ਸਾਰੇ ਸੰਸਾਰ ਦਾ ਜਾਂ ਭਾਰਤ ਦਾ, ਜੁਗਾਂ ਜੁਗਾਂਤਰਾਂ ਦਾ ਪੂਰਨ ਇਤਿਹਾਸ ਲਿਖਿਆ ਜਾਏ। ਸੰਸਾਰ ਦੇ ਵਿਕਾਸ ਦੀਆਂ ਸਾਰੀਆਂ ਮੰਜ਼ਲਾਂ ਦਸੀਆਂ ਜਾਣ, ਸੰਸਾਰ ਧਰਮ ਦੇ ਵਿਕਾਸ ਦੇ ਪੜਾ ਸੁਝਾਏ ਜਾਣ, ਸੰਸਾਰ ਦੇ ਉਤਮ ਅਤੇ ਅਧੋਗਤੀ ਦੇ ਮੌਕੇ ਦ੍ਰਿੜ੍ਹਾਏ ਜਾਣ, ਇਹ ਯੋਜਨਾ ਸਰਬ-ਪੱਖੀ, ਸਰਬ-ਵਿਆਪੀ ਅਤੇ ਸਰਬਾਂਗੀ ਸੀ। ਆਦਿ ਕਾਲ ਤੋਂ ਬ੍ਰਹਮੰਡ ਦਾ ਇਤਿਹਾਸ ਗੁਰੂ ਜੀ ਚਿਤ੍ਰਨਾ ਚਾਹੁੰਦੇ ਸਨ, ਇਸ ਦਾ 'ਵਚਿਤ੍ਰ ਨਾਟਕ' ਦਸਣਾ ਚਾਹੁੰਦੇ ਸਨ ਅਤੇ ਆਪ ਨੇ ਦਸਿਆ। 'ਦਸਮ ਗ੍ਰੰਥ' ਇਕ ਮਹਾਨ ਯੋਜਨਾ ਦਾ ਫਲ ਸਰੂਪ ਹੈ।

(੨) 'ਦਸਮ ਗ੍ਰੰਥ' ਦਾ ਕਰਤਾ 'ਸਵਾਮੀ' ਰੂਪ ਵਿਚ ਲਿਖਦਾ ਹੈ, 'ਸੇਵਕ'-ਰੂਪ ਵਿਚ ਨਹੀਂ। ਦਰਬਾਰੀ ਕਵੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਕਰਦੇ ਹਨ, ਦਸਮ ਗ੍ਰੰਥ ਕੇਵਲ ਪਾਰਬ੍ਰਹਮ ਦੇ ਅਦ੍ਵੈਤ-ਸਰੂਪ ਦੀ ਉਸਤਤਿ ਕਰਦਾ ਹੈ, ਕਿਸੇ ਗੁਰੂ ਵਿਅਕਤੀ ਦੀ ਨਹੀਂ। ਇਸ ਵਿਚ ਮੰਗਲ

ਕੇਵਲ 'ਅਕਾਲ ਪੁਰਖ' ਦਾ ਹੈ। ਦਰਬਾਰੀ ਕਵੀ ਗੁਰੂ ਸੋਭਾ ਕਰਦੇ ਹਨ।

(੩) ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ, ਸਵਈਆਂ, ਨੂੰ ਤੇ ਸਾਰੇ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਮੰਨਦੇ ਹਨ। ਪਰ ਧਿਆਨ ਨਾਲ ਵੇਖਿਆ ਜਾਵੇ ਤਾਂ ਜਾਪੁ, ਅਕਾਲ ਉਸਤਤਿ, 'ਬਚਿਤ੍ਰ ਨਾਟਕ' ਦੀ ਸ਼ੈਲੀ, ਬੋਲੀ, ਰੂਪਕ, ਉਪਮਾਵਾਂ, ਵਾਕੰਸ਼ (Phrases), ਵਿਚਾਰਧਾਰਾ, ਫ਼ਲਸਫ਼ਾ — ਸਭ ਕੁਝ ਬਾਕੀ ਸਾਰੀਆਂ ਦਸਮ ਗ੍ਰੰਥ ਬਾਣੀਆਂ ਵਿਚ ਵੀ ਵਰਤੇ ਹੋਏ ਹਨ। ਸ਼ੈਲੀ ਤੇ ਬੋਲੀ ਹੀ ਵਿਦਵਾਨਾਂ ਪਾਸ ਕਸਵੱਟੀ ਹੈ। ਕੋਈ ਦੋ ਮਨੁਖ ਇਕੋ ਸ਼ੈਲੀ ਨਹੀਂ ਰਖਦੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਹੋਰ ਕੋਈ ਨਹੀਂ, ਨਾ ਵੈਸੇ ਤੇ ਨਾ ਹੀ ਲਿਖਤ ਵਿਚ।

(੪) ਜੋ ਬਾਣੀਆਂ ਸ਼ੰਕਾਵਾਦੀ ਦਸਮੇਸ਼ ਕ੍ਰਿਤ ਨਹੀਂ ਮੰਨਦੇ, ਉਹਨਾਂ ਵਿਚ ਵੀ ਅਨੇਕ ਐਸੇ ਹਵਾਲੇ ਮੌਜੂਦ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਜੀਵਨੀ ਨਾਲ ਹੀ ਸੰਬੰਧਤ ਹਨ, ਹੋਰ ਕਿਸੇ ਨੂੰ ਕੀ ਹੱਕ ਹੈ ਕਿ ਉਹ ਲਿਖ ਸਕੇ, ਕਈ ਐਸੇ ਹਨ ਜੋ ਹੋਰ ਕੋਈ ਜਾਣ ਹੀ ਨਹੀਂ ਸੀ ਸਕਦਾ ਜਿਵੇਂ ਪਾਖਯਾਨ ਚਰਿਤ੍ਰ ਦਾ ਚਰਿਤ੍ਰ ਨੰ: ੨੧।

'ਪਾਂਵਟਾ' ਦੇ ਕਾਲਿੰਦ੍ਰੀ ਤਟ ਤੇ' ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਦੀ ਜੋਤਿ ਪ੍ਰਕਾਸ਼ਮਾਨ ਕੀਤੀ, ਜਿਵੇਂ ਰਾਮਸਰ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਆਦਿ ਗ੍ਰੰਥ' ਦੀ ਜੋਤਿ ਪ੍ਰਕਾਸ਼ਮਾਨ ਕੀਤੀ। ਦੋਵੇਂ ਗ੍ਰੰਥ ਮਿਲ ਕੇ ਸਿਖ ਫਲਸਫੇ, ਸਿਧਾਂਤ, ਆਦਰਸ਼ ਤੇ ਜੀਵਨ-ਢੰਗ ਨੂੰ ਸੰਪੂਰਨ ਕਰਦੇ ਹਨ। 'ਅੰਮ੍ਰਿਤ' ਵਿਚ ਦੋਵੇਂ ਗ੍ਰੰਥ ਘੁਲੇ ਮਿਲੇ ਹਨ।

(੬)

'ਦਸਮ ਗ੍ਰੰਥ' ਵਲੋਂ ਹੁਣ ਤੀਕ ਅਸੀਂ ਲਾਪਰਵਾਹ ਰਹੇ ਹਾਂ। ਪਰ ਹੁਣ ਤੇ ਸਾਡੇ ਹਿੰਦੂ ਵੀਰ ਵੀ ਦਸਮ ਗ੍ਰੰਥ ਦੀ ਮਹਾਨਤਾ ਸਮਝਣ ਲਗ ਪਏ ਹਨ, ਸਾਨੂੰ ਵੀ ਸੁਚੇਤ ਹੋ ਜਾਣਾ ਚਾਹੀਦਾ ਹੈ। ਧਰਮਪਾਲ ਅਸ਼ਟਾ, ਕੁਮਾਰੀ

ਪ੍ਰਸਿੰਨੀ ਸਹਿਗਲ ਨੇ ਦਸਮ ਗ੍ਰੰਥ ਤੇ ਪੀ. ਐਚ. ਡੀ. ਲੈ ਲਈ ਹੈ। ਸਾਨੂੰ ਵੀ ਇਸ ਗ੍ਰੰਥ ਨੂੰ ਖੋਜਣਾ ਚਾਹੀਦਾ ਹੈ। ਜਦ ਤਕ ਇਸ ਗ੍ਰੰਥ ਦੀ ਭਾਵਨਾ (Spirit) ਵੀ 'ਆਦਿ ਗ੍ਰੰਥ' ਦੇ ਨਾਲ ਸਾਡੇ ਅੰਦਰ ਨਹੀਂ ਆ ਜਾਂਦੀ, ਉਦੋਂ ਤੀਕ ਖਾਲਸਾ ਆਪਣੇ ਉਤਮ ਸਰੂਪ ਨੂੰ ਨਹੀਂ ਪੁਜਦਾ।

—— ——

ਭੰਗਾਣੀ

ਛਤੇ ਸਾਹ ਕੋਪਾ ਤਬਿ ਰਾਜਾ ॥
ਲੋਹ ਪਰਾ ਹਮ ਸੋ ਬਿਨੁ ਕਾਜਾ ॥ ੩ ॥

(੧)

ਉਪਰਲੀਆਂ ਸਤਰਾਂ 'ਬਚਿਤ੍ਰ ਨਾਟਕ' ਦੇ 'ਅਸ਼ਟਮੋ ਧਿਆਇ' 'ਭੰਗਾਣੀ ਜੁੱਧ ਬਰਨਨੰ' ਵਿਚੋਂ ਹਨ। ਪੂਰੀ ਤਰ੍ਹਾਂ ਪ੍ਰਕਰਣ ਇਸ ਤਰ੍ਹਾਂ ਹੈ—

ਰਾਜ ਸਾਜ ਹਮ ਪਰ ਜਬ ਆਯੋ ॥
ਜਥਾ ਸਕਤ ਤਬ ਧਰਮ ਚਲਾਯੋ ॥
ਭਾਂਤਿ ਭਾਂਤਿ ਬਨ ਖੇਲ ਸਿਕਾਰਾ ॥
ਮਾਰੇ ਰੀਛ ਰੋਝ ਝੰਖਾਰਾ ॥ ੧ ॥
ਦੇਸ ਚਾਲ ਹਮ ਤੇ ਪੁਨਿ ਭਈ ॥
ਸਹਰ ਪਾਂਵਟਾ ਕੀ ਸੁਧਿ ਲਈ ॥
ਕਾਲਿੰਦ੍ਰੀ ਤਟਿ ਕਰੇ ਬਿਲਾਸਾ ॥
ਅਨਿਕ ਭਾਂਤ ਕੇ ਪੇਖ ਤਮਾਸਾ ॥ ੨ ॥
ਤਹ ਕੇ ਸਿੰਘ ਘਨੇ ਚੁਨਿ ਮਾਰੇ ॥

ਰੋਝ ਰੀਛ ਬਹੁ ਭਾਂਤਿ ਬਿਦਾਰੇ ॥
ਫਤੇ ਸਾਹ ਕੋਪਾ ਤਬਿ ਰਾਜਾ ॥
ਲੋਹ ਪਰਾ ਹਮ ਸੋ ਬਿਨੁ ਕਾਜਾ ॥ ੩ ॥

'ਭੰਗਾਣੀ' ਦਾ ਜੁੱਧ ਫਤੇ ਸ਼ਾਹ, ਭੀਮ ਚੰਦ ਆਦਿ ਬਾਈਧਾਰ ਦੇ ਪਹਾੜੀ ਰਾਜਿਆਂ ਨਾਲ ਹੋਇਆ। ਜੁੱਧ ਦਾ ਕਾਰਨ ਇਸ ਤਰ੍ਹਾਂ ਆ ਬਣਿਆ :

ਸ੍ਰੀ ਸਤਿਗੁਰ ਜੀ ਰਾਜਾ ਮੇਦਨੀ ਪ੍ਰਕਾਸ਼, ਨਾਹਨ (ਸਿਰਮੌਰ) ਦੇ ਰਾਜੇ ਦੇ ਸੱਦੇ ਤੇ ਵੈਸਾਖ, ੧੬੮੫ ਈ: ਪਾਂਵਟਾ ਵਿਖੇ ਜਾ ਬਿਰਾਜੇ, ਸਤਿਗੁਰੂ ਜੀ ਦੇ ਭੈ ਤੇ ਸਤਿਕਾਰ ਕਰਕੇ, ਰਾਜਾ ਫਤੇ ਸ਼ਾਹ, ਜੋ ਸ੍ਰੀ ਨਗਰ (ਗੜ੍ਹਵਾਲ) ਦਾ ਰਾਜਾ ਸੀ, ਨੇ ਰਾਜਾ ਮੇਦਨੀ ਪ੍ਰਕਾਸ਼ ਨਾਲ ਸੁਲ੍ਹਾ ਸਫਾਈ ਕਰ ਲਈ। ਰਾਜੇ ਫਤੇ ਸ਼ਾਹ ਦੀ ਲੜਕੀ ਦੀ ਸ਼ਾਦੀ ਰਾਜਾ ਭੀਮ ਚੰਦ, ਕਹਲੂਰਪਤੀ, ਦੇ ਲੜਕੇ ਨਾਲ ਹੋਣੀ ਸੀ। ਭੀਮ ਚੰਦ ਬੜਾ ਗੁਰੂ ਦੋਖੀ ਸੀ, ਪਰ ਤਦ ਵੀ ਰਾਜਾ ਫਤੇ ਸ਼ਾਹ ਨੇ ਗੁਰੂ ਜੀ ਨੂੰ ਵਿਆਹ ਤੇ ਪਧਾਰਨ ਲਈ ਸੱਦਾ ਦਿਤਾ। ਗੁਰੂ ਜੀ ਆਪ ਤਾਂ ਨ ਗਏ ਪਰ ਦੀਵਾਨ ਨੰਦ ਚੰਦ ਜੀ ਨੂੰ ਸਵਾ ਲਖ ਰੁਪਿਆ ਤੰਬੋਲ ਦੇ ਕੇ ਭੇਜ ਦਿਤਾ। ਵਿਆਹ ਹੋਇਆ। ਜਦੋਂ ਖਟ ਹੋਕੀ ਗਈ ਤਾਂ ਸ੍ਰੀ ਗੁਰੂ ਜੀ ਦਾ ਸਵਾ ਲਖ ਤੰਬੋਲ ਵੀ ਹੋਕਿਆ ਗਇਆ। ਇਹ ਸੁਣ ਕੇ ਰਾਜਾ ਭੀਮ ਚੰਦ ਚਿੜ ਗਇਆ ਅਤੇ ਫਤੇ ਸ਼ਾਹ ਨੂੰ ਕਹਿਣ ਲਗਾ ਕਿ ਗੁਰੂ ਮੇਰਾ ਦੁਸ਼ਮਨ ਹੈ; ਜੇ ਉਹ ਤੇਰਾ ਮਿੱਤਰ ਹੈ ਤਾਂ, ਤੂੰ ਵੀ ਮੇਰਾ ਦੁਸ਼ਮਨ ਹੋਇਆ। ਤੂੰ ਜਾਂ ਗੁਰੂ ਨੂੰ ਰਖ ਜਾਂ ਮੈਨੂੰ; ਜੇ ਤੂੰ ਗੁਰੂ ਨੂੰ ਰਖਣਾ ਹੈ, ਤਾਂ ਆਪਣੀ ਧੀ ਵੀ ਘਰ ਰਖ। ਰਾਜਾ ਫਤੇ ਸ਼ਾਹ ਬੜਾ ਸੋਚੀਂ ਪਇਆ ਪਰ ਉਸ ਨੇ ਅਖੀਰ ਕਹਿਆ ਕਿ ਮੈਂ ਤੰਬੋਲ ਨਹੀਂ ਰਖਦਾ। ਤੰਬੋਲ ਮੋੜ ਦਿਤਾ। ਭੀਮ ਚੰਦ ਨੇ ਸਲਾਹ ਬਣਾਈ ਕਿ ਤੰਬੋਲ ਵੀ ਖੋਹ ਲਵਾਂਗੇ ਅਤੇ ਸਿਖਾਂ ਨੂੰ ਮਾਰਾਂਗੇ। ਦੀਵਾਨ ਨੰਦ ਚੰਦ ਇਹ ਗੱਲ ਭਾਂਪ ਗਇਆ ਅਤੇ ਸਿਖਾਂ ਨੂੰ ਇਸ਼ਾਰਾ ਕੀਤਾ ਕਿ ਖੱਟ ਦਾ ਮਾਲ ਲੁਟ ਕੇ ਹਰਨ ਹੋ ਜਾਉ। ਇਵੇਂ ਹੋਇਆ। ਸਿਖ ਨੱਸ ਗਏ ਤੇ ਸਾਰੀ ਗੱਲ ਗੁਰੂ ਜੀ ਨੂੰ ਜਾ ਦਸੀ। ਗੁਰੂ ਜੀ ਨੇ ਕਹਿਆ, 'ਖਾਲਸੇ ਨੇ ਪਹਿਲਾ ਮੋਰਚਾ ਸਰ ਕਰ ਲਇਆ ਹੈ।'

ਹੁਣ ਲੜਾਈ ਅਵੱਸ਼ ਸੀ। ਗੁਰੂ ਜੀ ਨੇ 'ਪਾਂਵਟੇ' ਤੋਂ ਸਤ ਮੀਲ ਦੂਰ

'ਭੰਗਾਣੀ' ਦੇ ਪਾਸ ਮੋਰਚਾ ਬੱਧਾ। ਜੁਧ ਹੋਇਆ :—

ਖੁਲੈ ਖਾਨ ਖੂਨੀ ਖੁਰਾਸਾਨ ਖੱਗੰ ॥
ਪਰੀ ਸਸਤ੍ਰ ਧਾਰੰ ਉਠੀ ਝਾਲ ਅੱਗੰ ॥
ਭਈ ਤੀਰ ਭੀਰੰ ਕਮਾਣੰ ਕੜੱਕੇ ॥
ਗਿਰੇ ਬਾਜ ਤਾਜੀ ਲਗੇ ਧੀਰ ਧੱਕੇ ॥ ੧੭ ॥
ਬਜੀ ਭੇਰ ਭੁੰਕਾਰ ਧੁੱਕੇ ਨਗਾਰੇ ॥
ਦੁਹੂੰ ਓਰ ਤੇ ਬੀਰ ਬੰਕੇ ਬਕਾਰੇ ॥
ਕਰੇ ਬਾਹੁ ਆਘਾਤ ਸਸਤ੍ਰੰ ਪ੍ਰਹਾਰੰ ॥
ਡਕੀ ਡਾਕਣੀ ਚਾਵਡੀ ਚੀਤ ਕਾਰੰ ॥ ੧੮ ॥

ਗੁਰੂ ਜੀ ਦੇ ਲੜਨ ਵਾਲੇ ਮੁਖੀ ਜੋਧੇ ਭੂਆ ਜੀ ਦੇ ਪੁਤਰ ਸੰਗੋ ਸ਼ਾਹ, ਜੀਤ ਮਲ, ਗਾਜੀ ਗੁਲਾਬ ਅਤੇ ਮਾਰਹੀ ਚੰਦ, ਗੰਗਾ ਰਾਮ, ਲਾਲ ਚੰਦ, ਦਯਾ ਰਾਮ, ਕ੍ਰਿਪਾਲ ਦਾਸ ਉਦਾਸੀ, ਦੀਵਾਨ ਨੰਦ ਚੰਦ, ਮਾਮਾ ਕ੍ਰਿਪਾਲ ਦਾਸ ਤੇ ਸਾਹਿਬ ਚੰਦ ਸਨ। ਸੰਗੋ ਸ਼ਾਹ ਜੀ ਸ਼ਹੀਦ ਹੋਏ। ਪਹਾੜੀਆਂ ਵਲੋਂ ਗੁਪਾਲ, ਹਰੀ ਚੰਦ, ਕੇਸਰੀ ਚੰਦ, ਮਧੁਕਰ ਸ਼ਾਹ, ਗਾਜੀ ਚੰਦ, ਨਿਜਾਬਤ ਖਾਂ, ਹਯਾਤ ਖਾਂ ਤੇ ਭੀਖਨ ਖਾਂ ਜੋਧੇ ਸਨ—ਹਯਾਤ ਖਾਂ, ਹਰੀ ਚੰਦ ਤੇ ਨਿਜਾਬਤ ਖਾਂ ਮਾਰੇ ਗਏ।

ਗੁਰੂ ਜੀ ਨੇ ਇਉਂ ਦਸਿਆ ਹੈ :—

ਤਹਾਂ ਸਾਹ ਸ੍ਰੀ ਸਾਹ ਸੰਗ੍ਰਾਮ ਕੋਪੇ ॥
ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ ॥
ਹਠੀ ਜੀਤ ਮੱਲੰ ਸੁ ਗਾਜੀ ਗੁਲਾਬੰ ॥
ਰਣੰ ਦੇਖੀਐ ਰੰਗ ਰੂਪੰ ਸਹਾਬੰ ॥ ੪ ॥
ਹਠਿਯੰ ਮਾਹਰੀ ਚੰਦਯੰ ਗੰਗਰਾਮੰ ॥
ਜਿਨੈ ਕਿਤਯੰ ਜਿਤੀਯੰ ਫੌਜ ਤਾਮੰ ॥
ਕੁਪੇ ਲਾਲ ਚੰਦੰ ਕੀਏ ਲਾਲ ਰੂਪੰ ॥
ਜਿਨੈ ਗੱਜੀਯੰ ਗਰਬ ਸਿੰਘੰ ਅਨੂਪੰ ॥ ੫ ॥

... ...

ਭਜਿਯੋ ਸਾਹ ਪਹਾੜ ਤਾਜੀ ਤ੍ਰਿਪਾਯੰ ॥
ਚਲਿਯੋ ਬੀਰੀਯਾ ਤੀਰੀਯਾ ਨ ਚਲਾਯੰ ॥
ਜਸੋ ਡੱਡ ਵਾਲੰ ਮਧੁੱਕਰ ਸੁ ਸਾਹੰ ॥
ਭਜੇ ਸੰਗ ਲੈ ਕੇ ਸੁ ਸਾਰੀ ਸਿਪਾਹੰ ॥ ੨੦ ॥
ਚਕ੍ਰਤ ਚੌਪਿਯੋ ਚੰਦ ਗਾਜੀ ਚੰਦੇਲੰ ॥
ਹਠੀ ਹਰੀ ਚੰਦੰ ਗਹੇ ਹਾਥ ਸੇਲੰ ॥
ਕਰਿਓ ਸੁਆਮ ਧਰਮੰ ਮਹਾ ਰੋਸ ਰੁੱਝਿਯੰ ॥
ਗਿਰਿਓ ਟੂਕ ਟੂਕ ਹ੍ਵੈ ਇਸੋ ਸੂਰ ਜੁੱਝਿਯੰ ॥ ੨੧ ॥
ਤਹਾ ਖਾਨ ਨੈਜਾਬਤੋ ਆਨ ਕੈ ਕੈ ॥
ਹਨਿਓ ਸਾਹ ਸੰਗਾਮ ਕੌ ਸਸਤ੍ਰ ਲੈ ਕੈ ॥
ਕਿਤੈ ਖਾਨ ਬਾਨਾਨਹੂੰ ਅਸਤ੍ਰ ਝਾਰੇ ॥
ਸਹੀ ਸਾਹ ਸੰਗ੍ਰਾਮ ਸੁਰਗੰ ਸਿਧਾਰੇ ॥ ੨੨ ॥

ਗੁਰੂ ਜੀ ਆਪ ਕਿਸ ਤਰ੍ਹਾਂ ਜੁੱਧ ਵਿਚ ਸ਼ਾਮਲ ਹੋਏ ?

ਹਰੀ ਚੰਦ ਕੋਪੇ ਕਮਾਣੰ ਸੰਭਾਰੰ ॥
ਪ੍ਰਥਮ ਬਾਜੀਯੰ ਤਾਣ ਬਾਣੰ ਪ੍ਰਹਾਰੰ ॥
ਦੁਤੀਯ ਤਾਕ ਕੈ ਤੀਰ ਮੋਕੌ ਚਲਾਯੰ ॥
ਰਖਿਓ ਦਈਵ ਮੈ ਕਾਨ ਛ੍ਵੈਕੈ ਸਿਧਾਯੰ ॥ ੨੯ ॥
ਤ੍ਰਿਤੀਯ ਬਾਣ ਮਾਰਯੋ ਸੁ ਪੇਟੀ ਮਝਾਰੰ ॥
ਬਿਧਿਅੰ ਚਿਲਕਤੰ ਦੁਆਲਪਾਰੰ ਪਧਾਰੰ ॥
ਚੁਭੀ ਚਿੰਚ ਚਰਮੰ ਕਛੂ ਘਾਇ ਨ ਆਯੰ ॥
ਕਲੰ ਕੇਵਲੰ ਜਾਨ ਦਾਸੰ ਬਚਾਯੰ ॥ ੩੦ ॥
ਜਬੈ ਬਾਨ ਲਾਗਯੋ ॥ ਤਬੈ ਰੋਸ ਜਾਗਯੋ ॥
ਕਰੰ ਲੈ ਕਮਾਣੰ ॥ ਹਨੰ ਬਾਣ ਤਾਣੰ ॥ ੩੧ ॥
ਸਬੈ ਬੀਰ ਧਾਏ ॥ ਸਰੋਘੰ ਚਲਾਏ ॥
ਤਬੈ ਤਾਕਿ ਬਾਣੰ ॥ ਹਨਯੋ ਏਕ ਜੁਆਨੰ ॥ ੩੨ ॥

ਹਰੀ ਚੰਦ ਮਾਰੇ ॥ ਸੁ ਜੋਧਾ ਲਤਾਰੇ ॥
ਸੁ ਕਾਰੋੜ ਰਾਯੰ ॥ ਵਹੈ ਕਾਗ ਧਾਯੰ ॥ ੩੩ ॥
ਰਣੰ ਤਿਆਗ ਭਾਗੇ ॥ ਸਬੈ ਤ੍ਰਾਸ ਪਾਗੇ ॥
ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ ॥ ੩੪ ॥

ਕੋਈ ਬੜੇ ਦਲਾਂ ਦੀ ਲੜਾਈ ਨਹੀਂ ਹੋਈ; ਕੁਝ ਜੋਧਿਆਂ ਦੀ ਲੜਾਈ ਹੋਈ। ਗੁਰੂ ਜੀ ਦੀ ਜਿਤ ਹੋਈ। ਖਾਲਸੇ ਨੂੰ ਇਸ ਪਹਿਲੀ ਜਿਤ ਦੀ ਬੜੀ ਹੀ ਖੁਸ਼ੀ ਹੋਈ।

ਰਣੰ ਜੀਤਿ ਆਏ ॥ ਜਯੰ ਗੀਤ ਗਾਏ ॥
ਧਨੰ ਧਾਰ ਬਰਖੇ ॥ ਸਬੈ ਸੂਰ ਹਰਖੇ ॥ ੩੫ ॥

ਦੋਹਰਾ—ਜੁਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਵ ॥
ਕਾਹਲੂਰ ਮੈ ਬਾਂਧਿਯੋ ਆਨ ਆਨੰਦਪੁਰ ਗਾਂਵ ॥ ੩੬ ॥

ਜੁੱਧ ਜਿਤਿਆ ਗਿਆ।

(੨)

ਭੰਗਾਣੀ ਦਾ ਜੁੱਧ ਜਿਤਿਆ ਗਿਆ। ਫਿਰ 'ਨਦਉਣ ਦਾ ਜੁੱਧ' ਜਿਤਿਆ ਗਿਆ, ੧੬੯੦ ਵਿਚ। ਇਸ ਜੁੱਧ ਵਿਚ ਗੁਰੂ ਜੀ ਨੇ ਰਾਜਾ ਭੀਮ ਚੰਦ ਦੀ, ਉਸ ਦੇ ਸਦੇ ਤੇ, ਅਲਫ਼ ਖਾਂ ਵਿਰੁਧ ਸਹਾਇਤਾ ਕੀਤੀ। ਇਸ ਦਾ ਹਾਲ ਬਚਿਤ੍ਰ ਨਾਟਕ ਦੇ ਦਸਵੇਂ ਅਧਿਆਇ ਵਿਚ ਹੈ —

ਬਹੁਤ ਕਾਲ ਇਹ ਭਾਂਤ ਬਿਤਾਯੋ ॥
ਮੀਆਂ ਖਾਨ ਜੰਮੂ ਕਹ ਆਯੋ ॥
ਅਲਫ ਖਾਨ ਨਾਦੌਣ ਪਠਾਵਾ ॥
ਭੀਮ ਚੰਦ ਤਨ ਬੈਰ ਬਢਾਵਾ ॥ ੧ ॥
ਜੁੱਧ ਕਾਜ ਨ੍ਰਿਪ ਹਮੈ ਬੁਲਾਯੋ ॥
ਆਪਿ ਤਵਨ ਕੀ ਓਰ ਸਿਧਾਯੋ ॥......॥ ੨ ॥

ਫਿਰ ਹੁਸੈਨੀ ਜੁੱਧ ਹੋਇਆ ਜੋ ਪਹਾੜੀ ਰਾਜਿਆਂ ਨਾਲ ਹੋਇਆ ਅਤੇ

ਹੁਸੈਨੀ ਸ੍ਰੀ ਅਨੰਦਪੁਰ ਸਾਹਿਬ ਤੀਕ ਪੁਜ ਹੀ ਨਾ ਸਕਿਆ। ਇਸ ਘਟਨਾ ਦਾ ਵਰਨਣ 'ਗਿਆਰਮੋ ਧਿਆਇ' ਵਿਚ ਹੈ।

ਜੀਤ ਭਈ ਰਨ ਭਯੋ ਉਝਾਰਾ ॥
ਸਿਮ੍ਰਿਤਿ ਕਰਿ ਸਭ ਘਰੋਂ ਸਿਧਾਰਾ ॥
ਰਾਖਿ ਲੀਯੋ ਹਮ ਕੋ ਜਗਰਾਈ ॥
ਲੋਹ ਘਟ ਅਨਤੇ ਬਰਸਾਈ ॥ ੬੯ ॥

ਫਿਰ ਦਿਲਾਵਰ ਖਾਨ ਨਾਲ ਜੁੱਧ ਹੋਇਆ ਅਤੇ ਇਸ ਤਰ੍ਹਾਂ—

ਜੁੱਧ ਭਯੋ ਇਹ ਭਾਂਤਿ ਅਪਾਰਾ ॥
ਤੁਰਕਨ ਕੋ ਮਾਰਿਓ ਸਿਰਦਾਰਾ ......॥ ੧ ॥

ਫਿਰ ਸਿਧੇ ਦਿਲੀਸ ਨਾਲ ਜੁੱਧ ਛਿੜ ਗਏ। ਔਰੰਗਜ਼ੇਬ ਦਾ ਪੁੱਤਰ ਮੋਅਜ਼ਮ ਖਾਂ ਫ਼ੌਜ ਲੈ ਕੇ ਆਇਆ।

ਇਹ ਬਿਧਿ ਸੋ ਬਧ ਭਯੋ ਜੁਝਾਰਾ ॥
ਆਨ ਬਸੇ ਤਬ ਧਾਮ ਲੁਝਾਰਾ ॥
ਤਬ ਅਉਰੰਗ ਮਨ ਮਾਹਿ ਰਿਸਾਵਾ ॥
ਮੱਦ੍ਰ ਦੇਸ ਕੋ ਪੂਤ ਪਠਾਵਾ ॥ ੧ ॥

ਲੋਕ ਡਰ ਕੇ ਨਸ ਗਏ। ਸ਼ਾਹਜ਼ਾਦੇ ਨੇ ਭਗੌੜਿਆਂ ਦੇ ਘਰ-ਘਾਟ ਢਾਹ ਦਿਤੇ। ਗੁਰੂ ਤੋਂ ਜੋ ਬੇਮੁਖ ਹੋਏ, ਉਹਨਾਂ ਦਾ ਨਾਸ਼ ਹੋਇਆ। ਪਰ ਗੁਰੂ ਜੀ ਦਾ ਵਾਲ ਵੀ ਵਿੰਗਾ ਨਾ ਹੋਇਆ।

ਜਿਸਨੋ ਸਾਜਨ ਰਾਖਸੀ ਦੁਸਮਨ ਕਵਨ ਬਿਚਾਰ ॥
ਛ੍ਵੈ ਨ ਸਕੈ ਤਿਹ ਛਾਹਿ ਕੋ ਨਿਹਫਲ ਜਾਇ ਗਵਾਰ ॥ ੨੪ ॥
ਜੋ ਸਾਧੂ ਸਰਣੀ ਪਰੇ ਤਿਨ ਕੇ ਕਵਨ ਬਿਚਾਰ ॥
ਦੰਤ ਜੀਭ ਜਿਮ ਰਾਖਿ ਹੈ ਦੁਸਟ ਅਰਿਸਟ ਸੰਘਾਰ ॥ ੨੫ ॥

(੧੩ਵਾਂ ਧਿਆਇ)

ਬਸ, ਇਸ ਤੋਂ ਅਗੋਂ ਗੁਰੂ ਜੀ ਦੀ ਟਕਰ ਸਿਧੀ ਦਿੱਲੀ ਦੇ ਤਖ਼ਤ ਭਾਵ ਔਰੰਗਜ਼ੇਬ ਨਾਲ ਹੋ ਗਈ। ਅਨੰਦਪੁਰ ਸਾਹਿਬ, ਚਮਕੌਰ ਤੇ ਮੁਕਤਸਰ

ਦੋ ਜੁੱਧ ਹੋਏ।

ਅਸਲ ਵਿਚ 'ਬਚਿਤ੍ਰ ਨਾਟਕ' ਨਾ-ਮੁਕੰਮਲ ਸ੍ਵੈਜੀਵਨੀ ਨਹੀਂ ਹੈ। ਸ੍ਵੈ-ਜੀਵਨੀ ਇਤਨੀ ਹੀ ਲਿਖੀ ਜਾ ਸਕਦੀ ਹੈ। ਆਖਰੀ ਜੁੱਧ ਹੈ ਮੁਗ਼ਲਸ਼ਾਹੀ ਨਾਲ ਸਿਧੀ ਟਕਰ ਦਾ ਅਤੇ ਇਹ ਦਸਮੇਸ਼ ਜੀ ਦੀ ਜੀਵਨੀ ਦਾ ਅੰਤਮ ਕਾਂਡ ਹੈ। ਇਹ ਅਣ ਲਿਖਿਆ ਹੀ ਰਹਿਣਾ ਸੀ।

(੩)

ਇਹ ਜੁੱਧ ਵਾਲੇ ਸਾਰੇ ਕਾਂਡ ਬੜੇ ਹੀ ਗੁੰਝਲਦਾਰ ਹਨ। ਪਤਾ ਨਹੀਂ ਲਗਦਾ ਕਿ ਜੁੱਧ ਦੇ ਸਹੀ ਕਾਰਨ ਕੀ ਸਨ ਜਾਂ ਇਹ ਕੇਵਲ ਇਕ ਦੂਜੇ ਨੂੰ ਦਬਾਣ ਲਈ ਜ਼ੋਰ-ਅਜ਼ਮਾਈ ਸੀ ? ਫਿਰ, ਕਈ ਵਾਰੀ ਗੁਰੂ ਜੀ ਪਹਾੜੀ ਰਾਜਿਆਂ ਵਿਰੁਧ ਲੜਦੇ ਹਨ, ਕਈ ਵਾਰੀ ਉਹਨਾਂ ਦੀ ਸਹਾਇਤਾ ਵਿਚ ਮੁਗ਼ਲਾਂ ਨਾਲ ਲੜਦੇ ਹਨ। ਕਿਤੇ ਪਹਾੜੀ ਰਾਜੇ ਗੁਰੂ ਦੀ ਸਹਾਇਤਾ ਲੈਂਦੇ ਹਨ, ਕਿਤੇ ਬੇਮੁਖ ਹੋ ਕੇ, ਮੁਗ਼ਲ ਸੈਨਾ ਨਾਲ ਮਿਲ ਕੇ ਗੁਰੂ ਜੀ ਨਾਲ ਲੜਦੇ ਹਨ ? ਕਿਤੇ ਪਠਾਨ ਗੁਰੂ ਜੀ ਨੂੰ ਧੋਖਾ ਦੇ ਕੇ ਪਹਾੜੀ ਰਾਜਿਆਂ ਨਾਲ ਜਾ ਮਿਲਦੇ ਹਨ, ਕਿਤੇ ਪੀਰ ਤੇ ਪਠਾਣ ਗੁਰੂ ਜੀ ਦੇ ਵਲੋਂ ਹੋ ਕੇ ਮੁਗ਼ਲਾਂ ਵਿਰੁਧ ਲੜਦੇ ਹਨ ? ਪਤਾ ਕੋਈ ਨਹੀਂ ਲਗਦਾ ਕਿ ਇਹਨਾਂ ਜੁੱਧਾਂ ਦਾ ਫਲ ਕੀ ਹੋਇਆ—ਥੋੜੇ ਜਿੰਨੇ ਪਹਾੜੀ ਇਲਾਕੇ ਵਿਚ ਇਹ ਸੰਗਰਾਮ ਹੁੰਦੇ ਹਨ, ਨਾ ਕੋਈ ਇਲਾਕਾ ਗੁਰੂ ਜੀ ਨੇ ਮਲਿਆ ਅਤੇ ਨਾ ਹੀ ਮੁਗ਼ਲਸ਼ਾਹੀ ਕਿਤੇ ਕਬਜ਼ਾ ਕੀਤਾ, ਫਿਰ ਜੁੱਧ ਕਾਹਦੇ ਹੁੰਦੇ ਰਹੇ ?

ਇਹ ਸਭ ਕੁਝ ਵੀ 'ਬਚਿਤ੍ਰ ਨਾਟਕ' ਹੈ ਅਤੇ ਇਹ ਸਭ ਕੁਝ ਹੀ 'ਬਚਿਤ੍ਰ ਨਾਟਕ' ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਮੁਗ਼ਲਸ਼ਾਹੀ ਨਾਲ ਚਾਰ ਜੁੱਧ ਕਰ ਚੁਕੇ ਹਨ। ਉਹ ਵੀ 'ਬਚਿਤ੍ਰ ਨਾਟਕ' ਸਨ।

ਤਾਂ ਵੀ ਭਾਵਨਾ (Spirit) ਕੀ ਹੈ, ਇਹਨਾਂ ਜੁੱਧਾਂ ਪਿਛੇ ?

ਸਿਖ-ਮੁਗ਼ਲ ਜੰਗਾਂ ਦੇ ਚਿੰਨ੍ਹ ਦੇ ਤੌਰ ਤੇ ਭੰਗਾਣੀ ਜੁੱਧ ਮੈਂ ਲਇਆ ਹੈ। ਗੁਰੂ ਸਾਹਿਬਾਨ ਅਤੇ ਮੁਗ਼ਲਾਂ ਜਾਂ ਪਹਾੜੀ ਰਾਜਿਆਂ ਦੇ ਵਿਚਾਲੇ ਜੋ ਵੀ ਟਕਰਾਂ

ਹੁੰਦੀਆਂ ਰਹੀਆਂ; ਉਹਨਾਂ ਪਿਛੇ ਕੋਈ ਬੜੀ ਗੰਭੀਰ ਭਾਵਨਾ ਸੀ ਅਤੇ ਇਸ ਟਕਰ ਦਾ ਮੁਢ ਵੀ ਗੁਰੂ ਨਾਨਕ ਸਾਹਿਬ ਨੇ ਹੀ ਬੰਨ੍ਹ ਦਿਤਾ ਸੀ, ਜਦੋਂ ਪਾਪ ਦੀ ਜੰਞ ਦੇ ਲਾੜੇ ਨੂੰ ਵੰਗਾਰਿਆ ਅਤੇ ਜਦੋਂ ਦੁਰਬਲ ਹੋਏ ਹਿੰਦੀਆਂ ਨੂੰ ਵੰਗਾਰਿਆ:—

ਸਲੋਕ ਮ: ੧ ॥ ਗਊ ਬਿਰਾਹਮਣ ਕਉ ਕਰੁ ਲਾਵਹੁ
ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥ ੧ ॥

ਮ: ੧ ॥ ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥
... ...

ਗੁਰ-ਜੁੱਧ ਨਾ ਮੁਗ਼ਲਾਂ ਨਾਲ ਸੀ, ਨਾ ਬ੍ਰਹਮਣਾ ਨਾਲ, ਨਾ ਪਹਾੜੀ ਜਾ

ਹਿੰਦੂ ਰਾਜਿਆਂ ਨਾਲ। ਜੁੱਧ ਸੀ ਉਪਰ ਕਥਿਤ ਅਧੋਗਤੀ ਵਿਰੁਧ, ਬੇਸ਼ਰਮੀ ਤੇ ਬੇਧਰਮੀ (ਸਰਮ ਧਰਮ ਕਾ ਡੇਰਾ ਦੂਰਿ, ਸਰਮ ਧਰਮ ਦੋਇ ਛਪਿ ਖਲੋਇ)ਵਿਰੁਧ। ਜੁੱਧਾਂ ਦੀ ਭਾਵਨਾ ਭਾਰਤੀ ਅਧੋਗਤੀ ਨੂੰ ਦੂਰ ਕਰਨਾ, ਉਸ ਵਿਚੋਂ ਬਗੈਰਤੀ ਤੇ ਕਾਇਰਤਾ ਨੂੰ ਕਢਣਾ ਅਤੇ ਭਾਰਤੀ ਸਭਿਆਚਾਰ ਨੂੰ ਮੁੜ ਸਥਾਪਤ ਕਰਨਾ ਅਤੇ ਭਾਰਤ ਨੂੰ ਨਿਰਭੈਤਾ ਪਰਦਾਨ ਕਰਨਾ ਸੀ। ਗੁਰੂ ਨਾਨਕ ਸਾਹਿਬ ਨੇ ਹੀ ਇਹ ਆਦਰਸ਼ ਸਿਖ-ਲਹਿਰ ਲਈ ਸਥਾਪਨ ਕੀਤੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇਹਨਾਂ ਆਦਰਸ਼ਾਂ ਨੇ ਪੰਜ ਚਿੰਨ੍ਹ-ਰੂਪ ਧਾਰਨ ਕਰ ਲਏ। ਇਹਨਾਂ ਆਦਰਸ਼ਾਂ ਦੇ ਪੰਜ ਚਿੰਨ੍ਹ ਇਹ ਹਨ :—

(੧) ਅਕਾਲ ਤਖਤ।
(੨) ਮੀਰੀ-ਪੀਰੀ।
(੩) ਬੰਦੀ-ਛੋੜ।
(੪) ਚੌਕੀ।
(੫) ਸ੍ਰੀ ਹਰਿਗੋਬਿੰਦਪੁਰ ਦੀ ਮਸੀਤ।

ਇਹਨਾਂ ਚਿੰਨ੍ਹਾਂ ਦੀ ਕੁਝ ਵਿਆਖਿਆ ਇਸ ਤਰ੍ਹਾਂ ਹੋ ਸਕਦੀ ਹੈ:—

(੧) ਅਕਾਲ ਤਖਤ, ਸਿਖ-ਲਹਿਰਾਂ ਦੇ ਇਸ ਆਦਰਸ਼ ਦਾ ਚਿੰਨ੍ਹ ਹੈ ਕਿ ਸੰਸਾਰ ਦੇ ਸਾਰੇ ਮੁਲਕ, ਸਾਰੀਆਂ ਕੌਮਾਂ, ਸਾਰੇ ਧਰਮ ਸਾਰੇ ਸਭਿਆਚਾਰ ਸੁਤੰਤਰ ਰਹਿਣੇ ਚਾਹੀਦੇ ਹਨ। ਉਹਨਾਂ ਤੇ ਹਕੂਮਤ ਕੇਵਲ 'ਅਕਾਲ ਪੁਰਖ' ਦੀ ਹੈ ਅਤੇ ਕੇਵਲ ਉਸ ਦਾ 'ਤਖਤ' 'ਅਕਾਲ ਤਖਤ' ਹੈ, ਹੋਰ ਕਿਸੇ ਨੂੰ ਕਿਸੇ ਹੋਰ ਦੇਸ਼, ਕੌਮ, ਧਰਮ, ਸਭਿਆਚਾਰ ਤੇ ਹਕੂਮਤ ਕਰਨ ਦਾ ਹੱਕ ਨਹੀਂ ਹੈ। ਸਿਖ ਵੀ ਕੇਵਲ ਅਕਾਲ ਤਖਤ ਦੇ ਅਧੀਨ ਹਨ, ਹੋਰ ਕਿਸੇ ਦੇ ਨਹੀਂ। ਸਿਖ ਕਿਸੇ ਦੇ ਪਰਾਧੀਨ ਨਹੀਂ ਰਹਿ ਸਕਦੇ ਅਤੇ ਨਾ ਹੀ ਉਹ ਆਪਣੇ ਧਰਮ, ਆਪਣੀ ਬੋਲੀ ਜਾਂ ਸਭਿਆਚਾਰ ਨੂੰ ਪਰਾਧੀਨ ਹੋਣ ਦਿੰਦੇ ਹਨ। ਉਹ ਸਿਧੇ 'ਅਕਾਲ ਪੁਰਖ' ਦੀ ਰਈਅਤ ਹਨ, ਜਿਵੇਂ ਹੋਰ ਸਾਰੀਆਂ ਕੌਮਾਂ। ਕਿਸੇ ਹੋਰ ਕੌਮ ਦਾ ਕਿਸੇ ਹੋਰ ਕੌਮ ਤੇ ਦਾਬਾ ਨਹੀਂ ਹੋਣਾ ਚਾਹੀਦਾ। 'ਅਕਾਲ ਤਖਤ' ਇਸ ਭਾਵਨਾ ਦਾ ਚਿੰਨ੍ਹ ਹੈ।

(੨) ਮੀਰੀ-ਪੀਰੀ, ਸ਼ਿਵ-ਸ਼ਕਤੀ ਦੀ ਏਕਤਾ ਦਾ ਚਿੰਨ੍ਹ ਹੈ। ਸਿਖ ਧਰਮ ਤੇ ਅਰਥ ਦੋਹਾਂ ਦਾ ਧਾਰਨੀ ਹੈ, ਸਿਖ ਸੰਤ ਵੀ ਹੈ ਅਤੇ ਸਿਪਾਹੀ ਵੀ। ਸਿਖ ਪਰਵਿਰਤ ਵੀ ਹੈ ਅਤੇ ਨਿਰਵਿਰਤ ਵੀ ਹੈ; ਸਿਖ ਰਾਜਾ ਵੀ ਹੈ ਅਤੇ ਜੋਗੀ ਵੀ ਹੈ; ਸਿਖ ਭਗਤੀ ਵਾਲਾ ਵੀ ਹੈ ਅਤੇ ਸ਼ਕਤੀ ਵਾਲਾ ਵੀ ਹੈ, ਸਿਖੀ ਜੀਵਨ ਸੰਤੁਲਤ ਜੀਵਨ ਹੈ। (Balanced living)

(੩) ਸਿਖ ਨਾ ਕੇਵਲ ਆਪ ਹੀ ਸੁਤੰਤਰ ਹੋ ਕੇ ਵਿਚਰਨਾ ਚਾਹੁੰਦੇ ਹਨ, ਸਗੋਂ ਉਹ ਸਾਰੀਆਂ ਸੰਸਾਰ ਦੀਆਂ ਕੌਮਾਂ, ਸਾਰੇ ਧਰਮਾਂ, ਦੇਸ਼ਾਂ ਨੂੰ ਸੁਤੰਤਰ ਵੇਖਣਾ ਚਾਹੁੰਦੇ ਹਨ। ਇਹ ਹੈ ਆਦਰਸ਼ 'ਬੰਦੀ-ਛੋੜ' ਦਾ। ਖਾਲਸਾ 'ਬੰਦੀ-ਛੋੜ' ਹੈ, ਗੁਰੂ ਹਰਿਗੋਬਿੰਦ ਸਾਹਿਬ ਬੰਦੀ-ਛੋੜ ਸਨ। ਜੋ ਵੀ ਦੇਸ਼, ਧਰਮ, ਕੌਮਾਂ ਪਰਾਧੀਨ ਹਨ, ਖਾਲਸੇ ਨੇ ਉਹਨਾਂ ਨੂੰ ਸੁਤੰਤਰ ਕਰਾਣਾ ਹੈ। ਆਪ ਕਿਸੇ ਤੇ ਹਕੂਮਤ ਨਹੀਂ ਕਰਨੀ, ਪਰ ਕਿਸੇ ਦੀ ਹਕੂਮਤ ਆਪਣੇ ਉਤੇ ਬਰਦਾਸ਼ਤ ਵੀ ਨਹੀਂ ਕਰਨੀ।

ਸਿਖ-ਲਹਿਰ ਦਾ ਆਸ਼ਾ ਆਪ ਬੰਦੀ ਵਿਚੋਂ ਨਿਕਲਣਾ ਅਤੇ ਦੂਜਿਆਂ ਨੂੰ ਬੰਦੀ ਵਿਚੋਂ ਕਢਣਾ ਹੈ। Sikhs are liberators !

(੪) ਸਿਖ ਚੌਕੀ ਵਾਲੇ ਹਨ, ਚੌਕੀਦਾਰ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਚਨ ਹੈ ਕਿ ਉਹ ਚੌਕੀ ਨਾਲ ਰਹਿਣਗੇ। ਚੌਕੀਦਾਰ ਨੇ ਝਟ ਖਬਰਦਾਰ ਕਰਨਾ ਹੈ ਜਦੋਂ ਕੋਈ ਅਨਿਆ, ਜਬਰ, ਧੱਕਾ, ਚੋਰੀ, ਡਾਕਾ, ਹੋਣ ਲਗਾ ਹੈ ਅਤੇ ਆਪ ਜੂਝਣਾ ਹੈ। ਚੌਕੀ, ਚੌਕਸੀ (Alertness), ਵੰਗਾਰ (Protest) ਅਤੇ ਜੂਝਨ (Fight) ਦਾ ਚਿੰਨ੍ਹ ਹੈ। ਸਿਖਾਂ ਨੇ ਸਦਾ ਇਹ ਕਰਤਵ ਪਾਲਣਾ ਹੈ ਕਿ ਨਾ ਉਹਨਾਂ ਦੇ ਹੱਕਾਂ ਤੇ ਕੋਈ ਡਾਕਾ ਮਾਰੇ ਅਤੇ ਨਾ ਕਿਸੇ ਹੋਰ ਦੇ ਹੱਕਾਂ ਤੇ, ਅਤੇ ਨਾ ਉਹ ਆਪ ਕਿਸੇ ਹੋਰ ਦੇ ਹੱਕਾਂ ਤੇ ਡਾਕਾ ਮਾਰਨ।

(੫) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਨਵੇਂ ਵਸਾਏ ਪਿੰਡ ਸ੍ਰੀ ਹਰਿਗੋਬਿੰਦ ਪੁਰ ਵਿਖੇ ਆਪਣੇ ਮੁਸਲਮਾਨ ਸਿਪਾਹੀਆਂ ਅਤੇ ਨਗਰ ਵਾਸੀਆਂ ਲਈ ਮਸਜਦ ਬਣਵਾਈ ਤਾਂ ਜੋ ਉਹਨਾਂ ਨੂੰ ਧਾਰਮਕ ਆਜ਼ਾਦੀ ਹੋਵੇ ਅਤੇ ਉਸ

ਆਜ਼ਾਦੀ ਨੂੰ ਵਰਤਣ ਲਈ ਹਾਲਾਤ ਮੌਜੂਦ ਹੋਣ। ਗੁਰੂ ਜੀ ਨੇ ਸਿਖਾਂ ਦਾ ਧਨ ਖਰਚ ਕੇ ਇਹ ਮਸੀਤ ਬਣਵਾਈ। ਸਿਖ ਧਰਮ ਨਾ ਇਸਲਾਮ ਵਿਰੋਧੀ ਹੈ, ਨਾ ਬ੍ਰਾਹਮਣ ਵਿਰੋਧੀ, ਇਹ ਤਾਂ ਪਾਖੰਡ ਵਿਰੋਧੀ ਹੈ, ਇਹ ਤੇ 'ਛੁਰੀ ਵਗਾਇਨਿ' ਵਿਰੋਧੀ ਹੈ, ਇਹ ਤਾਂ ਬੇਸ਼ਰਮੀ ਦਾ ਵਿਰੋਧੀ ਹੈ, ਇਹ ਤਾਂ ਬੇਧਰਮੀ ਦਾ ਵਿਰੋਧੀ ਹੈ। ਇਹ ਤਾਂ ਬੇਗ਼ੈਰਤੀ ਦਾ ਵਿਰੋਧੀ ਹੈ। ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਦੇ ਉਪਰ ਦਿਤੇ ਸਲੋਕਾਂ ਵਿਚੋਂ ਪ੍ਰਗਟ ਹੈ।

ਇਸ ਪੰਜ-ਸ਼ੀਲ ਲਈ ਸਿਖ ਨੇ ਲੜਨਾ ਹੈ ਅਤੇ ਲੜਨਾ ਹੈ ਉਸ ਸੱਚ ਲਈ ਜੋ –

(੧) ੧ ਓ	(ਮਾਨਵੀ ਏਕਤਾ)
(੨) ਸਤਿਨਾਮੁ	(ਸਚ ਆਚਾਰ)
(੩) ਕਰਤਾ ਪੁਰਖੁ	(ਕਰਤਾਰੀ ਤੇ ਉਸਾਰੂ)
(੪) ਨਿਰਭਉ ਨਿਰਵੈਰੁ	(ਪੂਰਨ ਬਰਾਬਰੀ)
(੫) ਅਕਾਲ ਮੂਰਤਿ	(ਸਦੀਵੀ ਸੁੰਦਰਤਾ)
(੬) ਅਜੂਨੀ ਸੈਭੰ	(ਪੂਰਨ ਸੁਤੰਤਰਤਾ, ਪਰਾਧੀਨ ਨਾ ਹੋਣਾ)
(੭) ਗੁਰਪ੍ਰਸਾਦਿ	(ਪ੍ਰਕਾਸ਼ ਤੇ ਸਾਉਪੁਣਾ)

ਦੀ ਸਤ-ਪੱਖੀ ਪ੍ਰੀਖਿਆ ਤੇ ਪੂਰਾ ਉਤਰਦਾ ਹੋਵੇ।

(੪)

ਜੁੱਧ ਹੋਏ ਹਨ, ਪਰ ਕੋਈ ਮੱਲ ਨਹੀਂ ਮਾਰੀ, ਕੋਈ ਇਲਾਕਾ ਨਹੀਂ ਲਿਆ, ਕੋਈ ਕਬਜ਼ਾ ਨਹੀਂ ਕੀਤਾ। ਅਤੇ ਜੁੱਧ ਵੀ ਕੀਤੇ ਨਹੀਂ, ਬਦੋ-ਬਦੀ ਗੱਲ ਪਾਏ ਹਨ। ਨਿਆਂ ਤੇ ਸੱਚ ਦੀ ਹਾਨੀ ਹੁੰਦੀ ਵੇਖ ਕੇ, ਗੁਰੂ ਜੀ ਸ਼ੁਭ ਕਰਮਨ ਦੇ ਲਈ ਲੜੇ ਹਨ। ਕਿਸੇ ਵਿਰੁਧ ਕੋਈ ਸਾੜਾ ਨਹੀਂ, ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੈ। ਅਸੂਲਾਂ ਦਾ ਕੇਵਲ ਝਗੜਾ ਹੈ, ਇਨਸਾਫ਼ ਲਈ ਲੜਨ ਹੈ।

ਸ੍ਰੀ ਗੁਰੂ ਗੋਬਿੰਦ ਸਿਘ ਜੀ ਨੇ 'ਬਚਿਤ੍ਰ ਨਾਟਕ' ਵਿਚ ਜੁੱਧ ਤੇ ਖੜਗ ਦਾ ਧਰਮ ਸਪਸ਼ਟ ਕੀਤਾ ਹੈ :—

(੧) ਅਕਾਲ ਪੁਰਖ ਕਰਤਵ ਇਹ ਹੈ :

ਸਰਬ ਕਾਲ ਸਭ ਸਾਧ ਉਬਾਰੇ ॥
ਦੁਖੁ ਦੈ ਕੈ ਦੋਖੀ ਸਭ ਮਾਰੇ ॥
ਅਦਭੁਤਿ ਗਤਿ ਭਗਤਨ ਦਿਖਰਾਈ ॥
ਸਭ ਸੰਕਟ ਤੇ ਲਏ ਬਚਾਈ ॥ ੧ ॥

(ਧਿਆਏ ਚੌਦਸਮੋ)

(੨) ਖੜਗ ਕਰਤਵ ਇਹ ਹੈ :—

ਖਗਖੰਡ ਬਿਹੰਡੰ, ਖਲ ਦਲ ਖੰਡੰ
ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ
ਕਿਲਵਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ ॥ ੨ ॥

(ਪ੍ਰਿਥਮ ਅਧਿਆਏ)

(੩) ਗੁਰ ਗੋਬਿੰਦ ਸਿੰਘ ਜੀ ਦਾ ਆਪਣਾ ਉਦੇਸ਼ ਇਹ ਸੀ :—

ਹਮ ਏਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨ ਪਕਰਿ ਪਛਾਰੋ ॥ ੪੨ ॥
ਯਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥

ਧਰਮ ਚਲਾਵਨਿ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥ ੪੩ ॥
(ਖਸਟਮੋ ਧਿਆਇ)

(੫) ਧਿਙਾਣੇ ਜੁੱਧ ਵੀ ਨਹੀਂ ਕੀਤਾ ; ਆਪਣੇ ਆਪ 'ਰਣਜੀਤ ਨਗਾਰੇ' ਦੀ ਚੋਟ ਸੁਣ ਕੇ, ਗੁਰੂ ਸਾਹਿਬ ਦੇ ਵਧਦੇ ਤੇਜ ਪ੍ਰਤਾਪ ਨੂੰ ਵੇਖ ਕੇ, ਰਾਜੇ ਗਲ ਪੈ ਗਏ—

ਫਤੇ ਸਾਹ ਕੋਪਾ ਤਬਿ ਰਾਜਾ ॥
ਲੋਹ ਪਰਾ ਹਮ ਸੋ ਬਿਨ ਕਾਜਾ ॥ ੩ ॥
(ਅਸਟਮੋ ਧਿਆਇ)

ਧਿਙਾਣੇ ਹੀ ਜੁੱਧ ਛੇੜ ਦਿਤਾ।

(੪) ਜਦੋਂ ਧਿਙਾਣੇ ਜੁੱਧ ਗਲ ਆ ਪਏ, ਤਦ ਮੁਖ ਮੋੜਨਾ ਕਾਇਰਤਾ ਹੈ। ਨਿਆਂ ਤੇ ਸ਼ਰਾਫ਼ਤ ਲਈ ਲੜਨਾ ਹੀ ਧਰਮ ਹੈ ! ਜੁੱਧ ਆ ਬਣੇ ਤੇ ਫਿਰ ਜੋ ਮੁਖ ਹੋਵੇ —

ਜੇ ਅਪਨੇ ਗੁਰ ਤੇ ਮੁਖ ਫਿਰਹੈਂ ॥
ਈਹਾਂ ਊਹਾਂ ਤਿਨ ਕੇ ਗ੍ਰਿਹਿ ਗਿਰਿਹੈਂ ॥
ਇਹਾਂ ਉਪਹਾਸ ਨ ਸੁਰਪੁਰ ਬਾਸਾ ॥
ਸਭ ਬਾਤਨ ਤੇ ਰਹੇ ਨਿਰਾਸਾ ॥ ੫ ॥
ਦੂਖ ਭੂਖ ਤਿਨ ਕੋ ਰਹੇ ਲਾਗੀ ॥
ਸੰਤ ਸੇਵ ਤੇ ਜੋ ਹੈ ਤਿਆਗੀ ॥
ਜਗਤ ਬਿਖੈ ਕੋਈ ਕਾਮ ਨ ਸਰਹੀ ॥
ਅੰਤਹਿ ਕੁੰਡ ਨਰਕ ਕੀ ਪਰਹੀ ॥ ੬ ॥
ਤਿਨ ਕੋ ਸਦਾ ਜਗਤ ਉਪਹਾਸਾ ॥
ਅੰਤਹਿ ਕੁੰਡ ਨਰਕ ਕੀ ਬਾਸਾ ॥
ਗੁਰ ਪਗ ਤੇ ਜੇ ਬੇਮੁਖ ਸਿਧਾਰੇ ॥

ਈਹਾਂ ਊਹਾਂ ਤਿਨ ਕੇ ਮੁਖ ਕਾਰੇ ॥ ੭ ॥

(ਤ੍ਰੌਦਸਮੋ ਧਿਆਇ)

(੬) ਧਰਮ ਜੁੱਧ ਤੋਂ ਬੇਮੁਖ ਕੇਵਲ ਮਸੰਦ (ਧਨ ਦੇ ਲਾਲਚੀ) ਹੁੰਦੇ ਹਨ। ਉਪਰ ਮਸੰਦਾਂ ਦਾ ਹੀ ਬਿਆਨ ਹੈ। ਗੁਰ-ਸਿੱਖ ਧਰਮ-ਜੁੱਧ ਲਈ ਮਰਦੇ ਹਨ। ਪਰ ਧਨ ਕਿਸੇ ਪਾਸ ਰਹਿਣਾ ਨਹੀਂ ਹਾਕਮ ਖੋਹ ਲੈਂਦੇ ਹਨ, ਸ਼ਹਾਦਤ ਮਨੁਖ ਨੂੰ ਅਮਰ ਬਣਾਂਦੀ ਹੈ —

ਬਾਬੇ ਕੇ ਬਾਬਰ ਕੇ ਦੋਊ ॥
ਆਪ ਕਰੇ ਪਰਮੇਸਰ ਸੋਊ ॥
ਦੀਨ ਸਾਹ ਤਿਨ ਕੋ ਪਹਿਚਾਨੋ ॥
ਦੁਨੀ ਪਤਿ ਉਨਕੋ ਅਨੁਮਾਨੋ ॥ ੯ ॥
ਜੋ ਬਾਬੇ ਕੇ ਦਾਮ ਨ ਦੈ ਹੈ ॥
ਤਿਨ ਤੇ ਗਹਿ ਬਾਬਰ ਕੇ ਲੈ ਹੈ।
ਦੈ ਦੈ ਤਿਨ ਕੋ ਬਡੀ ਸਜਾਇ ॥
ਪੁਨਿ ਲੈ ਹੈ ਗ੍ਰਿਹਿ ਲੂਟ ਬਨਾਇ ॥ ੧੦ ॥

(੧੩ਵਾਂ ਧਿਆਇ)

(੭) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਦਿ ਤੇ ਅੰਤ ਅਰਦਾਸ ਇੰਨੀ ਹੀ ਹੈ —

ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੋਂ ਅਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ

ਅਤਿ ਹੀ ਰਨ ਮੈ ਤਬ ਜੂਝ ਮਰੋਂ ॥

(ਚੰਡੀ ਚਰਿਤ੍ਰ ਪਹਿਲਾ ੨੩੧)

(੫)

ਜੁੱਧ ਤੇ ਇਤਿਹਾਸ ਘਟਨਾਵਾਂ ਹਨ, ਉਹਨਾਂ ਦੀ ਕੋਈ ਮਹਾਨਤਾ ਨਹੀਂ ਜੁੱਧਾਂ ਦੇ ਪਿਛੇ ਜੋ ਭਾਵਨਾ ਹੈ, ਉਹ ਵਡੇਰੀ ਚੀਜ਼ ਹੈ, ਉਸ ਦੇ ਆਦਰਸ਼ ਸਦੀਵੀ ਅਤੇ ਕਲਿਆਨਕਾਰੀ ਹਨ। ਉਹਨਾਂ ਆਦਰਸ਼ਾਂ ਅਤੇ ਉਸ ਭਾਵਨਾ ਲਈ ਖ਼ਾਲਸੇ ਨੇ ਜੀਣਾ ਜਾਂ ਮਰਨਾ ਹੈ।

ਕੇਸਗੜ੍ਹ

ਓਹ ਗੁਰ ਗੋਬਿੰਦ ਹੁਇ ਪ੍ਰਗਟਿਆ ਦਸਵੇਂ ਅਵਤਾਰਾ।
ਜਿਨ ਅਲਖ ਅਕਾਲ ਨਿਰੰਜਨਾ ਜਪਿਓ ਕਰਤਾਰਾ।
ਜਿਨ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ।
ਸਿਰ ਕੇਸ ਧਾਰ ਗਹਿ ਖੜਗ ਕੋ ਸਭ ਦੁਸਟ ਪਛਾਰਾ।
ਸੀਲ ਜਤ ਕੀ ਕਛ ਪਹਿਰ ਪਕੜੇ ਹਥੀਆਰਾ।
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ॥
ਸਭ ਦੈਤ ਅਰਿਣ ਕੋ ਘੇਰ ਕਰ ਕੀਓ ਪਰਿਹਾਰਾ।
ਤਬ ਸਹਿਜੇ ਪ੍ਰਗਟਿਓ ਜਗਤ ਮੇਂ ਗੁਰ ਜਾਪ ਅਪਾਰਾ।
ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ।

... ...

(ਭਾਈ ਗੁਰਦਾਸ ਸਿੰਘ—ਵਾਰ)

(੧)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਨ ੧੪੯੯ ਵਿਚ ਸੁਲਤਾਨਪੁਰ ਦੀ ਧਰਤੀ ਤੇ ਉਦਾਸੀ ਧਾਰਨ ਸਮੇਂ ਆਪਣਾ ਅਲੌਕਿਕ ਸੰਦੇਸ਼ ਦਿਤਾ ਸੀ

(Sermon in Sultanpur) ਜਿਸ ਦੇ ਦੋ ਭਾਗ ਸਨ (ੳ) 'ਨਾ ਕੋ ਹਿੰਦੂ ਨਾ ਮੁਸਲਮਾਨ' ਅਤੇ (ਅ) '੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ'। ਇਹ ਆਦਰਸ਼ ਸੀ ਮਨੁਖਤਾ ਦਾ ਜੋ ਕਿ ਖਾਲਸੇ ਦੁਆਰਾ ਪਰਾਪਤ ਹੋਣਾ ਸੀ।

ਜਿਨ੍ਹਾਂ ਹਾਲਾਤ ਕਾਰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਆਦਰਸ਼ ਜੰਤਾ ਸਾਹਮਣੇ ਰਖੇ ਸਨ ਉਹਨਾਂ ਦਾ ਆਪ ਨੇ ਭਲੀ ਭਾਂਤ ਆਪਣੀ ਸਾਰੀ ਬਾਣੀ ਵਿਚ ਅਤੇ ਵਿਸ਼ੇਸ਼ ਕਰ ਕੇ, 'ਆਸਾ ਦੀ ਵਾਰ' ਵਿਚ ਬਿਆਨ ਕੀਤਾ ਹੋਇਆ ਹੈ। ਇਹਨਾਂ ਹਾਲਾਤ ਵਿਚ ਦੇਸ਼ ਦੇ ਧਾਰਮਕ, ਸਮਾਜਕ, ਸਭਿਆਚਾਰਕ ਅਤੇ ਰਾਜਸੀ ਹਾਲਾਤ ਸ਼ਾਮਲ ਸਨ। ਸੰਨ ੧੪੯੯ ਤੀਕ ਆਪ ਭਲੀ ਭਾਂਤ ਆਪਣੇ ਦੇਸ਼ ਦੇ ਸਾਰੇ ਹਾਲਾਤ ਜਾਂਚ ਚੁਕੇ ਸਨ। ਉਸ ਵੇਲੇ ਤੀਕ ਆਪ ਇਸ ਜੀਵਨ ਦੇ ਵੀ ੩੦ ਸਾਲ ਵੇਖ ਚੁਕੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਦਾ ਅਦੁਤੀ ਸੰਦੇਸ਼ ਜਾਂ ਰੂਪ ਖਾਲਸੇ ਨੂੰ ਸੰਨ ੧੬੯੯ ਵਿਚ ਪਰਦਾਨ ਕੀਤਾ। ਇਹ ਅੰਤਮ ਸੰਦੇਸ਼ ਸੀ, ਪਰ ਵੇਖਣਾ ਇਹ ਹੈ ਕਿ ਇਹਨਾਂ ਦੋ ਸੌ ਸਾਲਾ (੧੪੯੯—੧੬੯੯) ਵਿਚ ਮਿਥੇ ਟੀਚੇ ਕਿਥੋਂ ਤੀਕ ਪਰਾਪਤ ਹੋ ਚੁਕੇ ਸਨ ਅਤੇ ਹਾਲਾਤ ਵਿਚ ਕੀ ਤਬਦੀਲੀ ਆ ਚੁਕੀ ਸੀ। ਸੰਨ ੧੪੯੯ ਦੀ ਤਰਸਯੋਗ ਦਸ਼ਾ ਜੰਤਾ ਦੀ ਦੇਖਣੀ ਹੈ ਅਤੇ ਸੰਨ ੧੬੯੯ ਦੀ ਦਸ਼ਾ ਦਾ ਅਨੁਮਾਨ ਵੀ ਲਗਾਣਾ ਹੈ। ਦੋ ਸੌ ਸਾਲ ਵਿਚ ਭਾਰਤ ਦੀ ਨਵੀਂ ਨੁਹਾਰ ਕੀ ਨਿਖਰੀ—ਇਸ ਦਾ ਅਨੁਮਾਨ ਲਗਾਣਾ ਹੈ।

(੧) ਸੰਨ ੧੪੯੯ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੌਮ ਦਾ ਅਨੁਮਾਨ ਇਹ ਲਗਾਇਆ ਸੀ ਕਿ 'ਖਤਰੀਆ ਤਾ ਧਰਮੁ ਛੋਡਿਆ ਮਲੇਛ ਭਾਖਿਆ ਗਹੀ'। ਖਤ੍ਰੀਆਂ ਦਾ ਧਰਮ ਦੇਸ ਦੀ ਰਖਸ਼ਾ, ਸੁਤੰਤਰਤਾ ਅਤੇ ਗ਼ੈਰਤ ਲਈ ਲੜਨਾ ਸੀ ਪਰ ਇਹ ਆਪਣਾ ਧਰਮ ਨਿਭਾਣ ਤੋਂ ਅਸਮਰੱਥ ਹੋ ਚੁਕੇ ਸਨ ਅਤੇ ਇਹਨਾਂ ਨੇ ਪਰਾਧੀਨਤਾ ਕਬੂਲ ਕਰ ਲਈ ਸੀ, ਜਿਸ ਦਾ ਫਲ ਸਰੂਪ 'ਮਲੇਛ ਭਾਖਾ' ਨੂੰ ਵੀ ਪਰਵਾਨ ਕਰ ਲਿਆ ਸੀ।

ਪਰ ਸੰਨ ੧੬੯੯ ਵਿਚ ਦਸ਼ਾ ਕੌਮ ਦੀ ਇਹ ਸੀ ਕਿ ਨਵੇਂ ਹੀ 'ਖਤ੍ਰੀ'

ਪੈਦਾ ਹੋ ਗਏ ਸਨ ਜਿਨ੍ਹਾਂ ਦੇ ਹੱਥ ਵਿਚ ਖੰਡਾ ਸੀ ਅਤੇ ਜਿਨ੍ਹਾਂ ਦੀ ਲਲਕਾਰ ਇਹ ਸੀ ਜਿਸ ਦਾ ਸਬੂਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਯੁਧਾਂ ਸਮੇਂ ਕੌਮ ਦੇ ਚੁਕੀ ਸੀ। 'ਖਾਲਸੇ' ਨੇ 'ਸਰਬ ਸਬਦੰ ਏਕ ਸਬਦੰ' ਦਾ ਸਬੂਤ ਦਿੰਦੇ ਹੋਏ 'ਖਤ੍ਰੀ ਧਰਮ' ਵੀ ਗ੍ਰਹਿਣ ਕਰ ਲਿਆ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਪਰੇਰਨਾ ਇਹ ਸੀ :—

ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂ ਨ ਟਰੋਂ।
ਨ ਡਰੋਂ ਅਰਿ ਸੋ ਜਬ ਜਾਇ ਲਰੋਂ,
ਨਿਸਚੈ ਕਰ ਅਪਨੀ ਜੀਤ ਕਰੋਂ।
ਅਰੁ ਸਿਖ ਹੋਂ ਅਪਨੇ ਹੀ ਮਨ ਕੌ,
ਇਹ ਲਾਲਚ ਹਉ ਗੁਨ ਤਉ ਉਚਰੋਂ।
ਜਬ ਆਵ ਕੀ ਅਉਧ ਨਿਦਾਨ ਬਨੈ,
ਅਤ ਹੀ ਰਨ ਮੈ ਤਬ ਜੂਝ ਮਰੋਂ।

(ਚੰਡੀ ਚਰਿਤ੍ਰ, ੨੩੧)

ਅਤੇ—ਹੇ ਰਵਿ, ਹੇ ਸਸਿ, ਹੇ ਕਰੁਣਾਨਿਧ,
ਮੇਰੀ ਅਬੈ ਬੇਨਤੀ ਸੁਨ ਲੀਜੈ।
ਔਰ ਨ ਮਾਂਗਤ ਹਉ ਤੁਮ ਤੇ ਕਛ,
ਚਾਹਤ ਹੋਂ ਚਿਤ ਮੈ ਸੋਈ ਕੀਜੈ।
ਸ਼ਸਤ੍ਰਨ ਸੋਂ ਅਤਿ ਹੀ ਰਣ ਭੀਤਰ,
ਜੂਝ ਮਰੋਂ ਤਉ ਸਾਚ ਪਤੀਜੈ॥
ਸੰਤ ਸਹਾਇ ਸਦਾ ਜਗ ਮਾਇ,
ਕ੍ਰਿਪਾ ਕਰ ਸਯਾਮ ਇਹੈ ਬਰ ਦੀਜੈ॥

(ਸਵੈਯਾ ਪਾ: ੧੦)

ਸੰਨ ੧੬੯੯ ਤੀਕ ਭਾਰਤੀ ਕੌਮ ਵਿਚ ਇਹ ਬੀਰਤਾ ਆ ਗਈ ਸੀ। ਕੇਸਗੜ੍ਹ ਇਸੇ ਭਾਵਨਾ ਦਾ ਸਬੂਤ ਸੀ। ਇਸ ਬੀਰਤਾ ਦੇ ਪ੍ਰਤੀਨਿਧ ਸ੍ਰੀ ਗੁਰੂ

ਗੋਬਿੰਦ ਸਿੰਘ ਜੀ ਸਨ ।

(੨) ਸੰਨ ੧੪੬੯ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਦਰਸ਼ ਏਕਤਾ ਦਾ ਰਖਿਆ ਸੀ, ਉਹਨਾਂ ਦੇ ਬਚਨ ਸਨ 'ਫਕੜ ਜਾਤੀ ਫਕੜੁ ਨਾਉ, ਸਭਨਾ ਜੀਆ ਇਕਾ ਛਾਉ' ਅਤੇ ਇਸੇ ਲਈ ਉਹਨਾਂ ਕਿਹਾ ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥

ਸੰਨ ੧੬੯੯ ਤੀਕ ਗੁਰੂ ਸਾਹਿਬਾਨ ਨੇ 'ਜਿਥੈ ਨੀਚ ਸਮਾਲੀਅਨਿ' ਦਾ ਕੰਮ ਪੂਰਾ ਕਰ ਦਿਤਾ ਸੀ ਅਤੇ 'ਕੇਸਗੜ੍ਹ' ਇਸ ਅਮਲ ਦਾ ਸਿਖਰ ਸੀ ਜਦੋਂ ਵਰਣ, ਆਸ਼ਰਮ, ਜਾਤਿ-ਪਾਤਿ ਦੀ ਕੈਦ ਤੋਂ ਮੁਕਤ ਹੋ ਕੇ ਸਾਰੇ ਭਾਰਤੀਆਂ ਨੇ ਇਕੋ ਬਾਟੇ ਵਿਚੋਂ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਵਿਚ ਵੰਗਾਰਿਆ :—

(ੳ) ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥

(ਅ) ਕੋਊ ਭਇਓ ਮੁੰਡੀਆ ਸਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ ।
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।

(ਅਕਾਲ ਉਸਤਤ)

ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਨਤਾ ਦੀ ਨਵੀਂ ਜਾਗਰਤ ਬਾਰੇ ਇਸ ਤਰ੍ਹਾਂ ਕਿਹਾ, ਉਹਨਾਂ ਦੀ ਸਮਰੱਥਾ ਨੂੰ ਇਸ ਤਰ੍ਹਾਂ ਨਿਰੂਪਣ ਕੀਤਾ :—

ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ
ਇਨ ਹੀ ਕੀ ਕ੍ਰਿਪਾ ਫੁਨਿ ਧਾਮ ਭਰੇ ।
ਇਨ ਹੀ ਕੇ ਪ੍ਰਸਾਦਿ ਸੁ ਬਿਦਯਾ ਲਈ
ਇਨ ਹੀ ਕੀ ਕ੍ਰਿਪਾ ਸਭ ਸੱਤ੍ਰ ਮਰੇ ।

ਅਘ ਓਘ ਟਰੈ ਇਨ ਹੀ ਕੇ ਪ੍ਰਸਾਦਿ
ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ।
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ
ਨਹੀਂ ਮੋ ਸੋ ਗਰੀਬ ਕਰੋਰ ਪਰੇ ।

ਨੀਚ ਜਦੋਂ ਸਮਾਲੇ ਗਏ, ਤਾਂ ਉਹਨਾਂ ਦੀ ਸ਼ਕਤੀ ਨੇ ਇਹ ਰੂਪ ਧਾਰਨ ਕੀਤਾ। ਕੇਸਗੜ੍ਹ ਨੀਚਾਂ ਦੀ ਸਮਾਲ ਦਾ ਚਿੰਨ੍ਹ ਹੈ। 'ਸੰਗਤ' ਤੇ 'ਪੰਗਤ' ਕੇਸਗੜ੍ਹ ਦਾ ਰੂਪ ਸਨ।

(੩) ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੪੯੯ ਵਿਚ ਵਿਸ਼ਲੇਸ਼ਨ ਇਹ ਕੀਤਾ ਸੀ ਕਿ 'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ' ਦੀ ਦਸ਼ਾ ਹੈ।

੧੬੯੯ ਤੀਕ ਪਹੁੰਚਦਿਆਂ ਪਹੁੰਚਦਿਆਂ, ਜਨਤਾ ਦਾ ਰੂਪ ਇਹ ਬਣ ਗਿਆ ਸੀ।

ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ।
ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ।
(ਮ: ੯, ੫੪)

'ਕੇਸਗੜ੍ਹ' ਇਸ ਨਵੀਂ ਉਪਜੀ ਜਾਗਰਤ ਤੇ ਸ਼ਕਤੀ ਦਾ ਚਿੰਨ੍ਹ ਸੀ ਕਿ ਰਾਜੇ ਨੂੰ ਚੁਲੀ ਨਿਆਵ ਦੀ ਰਖਣੀ ਪਏਗੀ ਅਤੇ ਜਨਤਾ ਕਿਸੇ ਰਾਜੇ ਦੀ ਮੁਥਾਜ ਨਹੀਂ ਹੈ। ਸਚ ਤੇ ਨਿਆ ਦੇ ਅਧੀਨ ਉਹ ਸਭ ਕੁਝ ਕਰਨ ਦੇ ਸਮਰੱਥ ਹੋਣਗੇ। 'ਕੇਸਗੜ੍ਹ' ਇਸ ਸਮਰੱਥਾ ਦਾ ਸੂਚਕ ਬਣਿਆ।

(੪) ੧੪੯੯ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਖਿਆ ਕਿ ਭਾਰਤੀਆਂ ਵਿਚ ਆਪਣੇ ਧਰਮ ਅਤੇ ਧਰਮ-ਪੁਸਤਕਾਂ ਦਾ ਨਾ ਕੇਵਲ ਮਾਨ ਹੀ ਨਹੀਂ ਸਗੋਂ ਉਹਨਾਂ ਵਿਚ ਆਪਣੇ ਧਰਮ ਨੂੰ ਗੋਪਣ (ਛਪਾਣ) ਦੀ ਰੁਚੀ ਵੀ ਹੈ, ਜੁਰੱਤ ਨਹੀਂ ਹੈ (Courage of Conviction) ਨਹੀਂ ਹੈ। ਆਪਣੇ ਪਹਿਰਾਵੇ ਤੇ ਸੰਜਮੁ (ਰਹਿਣੀ Culture) ਦਾ ਕੋਈ ਮਾਣ ਨਹੀਂ ਹੈ।

'ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥'

'ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਦੀ ਦਸ਼ਾ ਸੀ।'

੧੬੯੯ ਵਿਚ ਦਸ਼ਾ ਇਹ ਬਣ ਗਈ ਕਿ ਕੋਈ ਸਿਖ ਸਿਖ ਹੋਣ ਤੋਂ ਇਨਕਾਰ ਹੀ ਨਹੀਂ ਕਰ ਸਕਦਾ। ਉਸ ਦੇ ਕੇਸ ਉਸ ਦੇ 'ਧਰਮ ਦੀ ਸੂਚਨਾ ਮੀਲਾਂ ਤੋਂ ਹੀ ਦੇ ਦਿੰਦੇ ਸਨ। ਉਸ ਦੇ ਕਕਾਰ ਉਸ ਦਾ ਰੂਪ ਸਨ। ਇਹ ਹੌਸਲਾ 'ਕੇਸਗੜ੍ਹ' ਦੀ ਕਰਾਮਾਤ ਸੀ। ਸੰਜਮ ਖਾਲਸੇ ਦਾ ਆਪਣਾ ਸੀ। ਨੀਲਾ ਰੰਗ ਵੀ ਉਹਨਾਂ ਖੋਹ ਲਿਆ ਕਿ ਜ਼ਾਲਮਾਂ ਅਤੇ ਕਾਇਰਾਂ ਨੂੰ ਇਹ ਪਹਿਰਾਵਾ ਪਾਉਣ ਦੀ ਆਗਿਆ ਨਹੀਂ। ਇਹ ਖਾਲਸੇ ਦਾ ਪਹਿਰਾਵਾ ਹੈ ਪਰ ਇਹ 'ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ' ਦੀ ਭਾਵਨਾ ਦੇ ਬਿਲਕੁਲ ਉਲਟ ਸੀ।

(੫) ੧੪੯੯ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸਿਆ ਸੀ ਕਿ ਜਨਤਾ 'ਅਭਾਖਿਆ ਕਾ ਕੁਠਾ ਬਕਰਾ' ਖਾਂਦੀ ਹੈ; ਇਹ ਬੇਗ਼ੈਰਤੀ ਸੀ।

੧੬੯੯ ਤੀਕ 'ਝੱਟਕਾ' ਰਹਿਤ ਬਣ ਚੁਕਾ ਸੀ। ਠੀਕ ਜੀਵਨ ਢੰਗ। 'ਝਟਕਾ' ਬੀਰਤਾ ਦਾ ਚਿੰਨ੍ਹ ਹੈ। ਮਾਸਾਹਾਰੀ ਸਿਖ ਨੂੰ ਝਟਕਾ ਕੇ ਛਕਣਾ ਚਾਹੀਦਾ ਹੈ। ਨਹੀਂ ਨਹੀਂ। 'ਕੇਸਗੜ੍ਹ' ਝਟਕੇ ਦਾ ਸੂਚਕ ਹੈ।

(੬) ੧੪੯੯ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਖਿਆ ਸੀ —

ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥

— — —

ਮਥੇ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥

ਪਰ ੧੬੯੯ ਤੀਕ ਭਾਰਤੀ ਸਮਾਜ ਦੀ ਦਸ਼ਾ ਬਦਲ ਗਈ ਸੀ। ਹੁਣ ਦਸ਼ਾ ਇਹ ਸੀ —

(ੳ) ਜਤੁ ਪਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪਤਾਉ ॥

ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ ॥

(ਅ) ਗ਼ਨੀਮੁਲ ਖ਼ਿਰਾਜ ਹੈਂ ॥ ਗ਼ਰੀਬੁਲ ਨਿਵਾਜ ਹੈਂ ॥
ਹਰੀਫੁਲ ਸ਼ਿਕੰਨ ਹੈਂ ॥ ਹਿਰਾਸੁਲ ਫਿਕੰਨ ਹੈਂ ॥

'ਕੇਸਗੜ੍ਹ' ਵਿਚੋਂ ਉਪਜਿਆ ਖਾਲਸਾ 'ਗਰੀਬੁਲ ਨਿਵਾਜ' ਸੀ ਪਰ 'ਗਨੀਮੁਲ ਖਿਰਾਜ ਵੀ ਸੀ । ਉਹ 'ਕਰੀਮੁਲ ਕਮਾਲ' ਅਤੇ 'ਜੁਰਅਤਿ ਜਮਾਲ' ਸੀ ।

(ੲ) ਕੇਸਗੜ੍ਹ ਦਾ ਖਾਲਸਾ 'ਬ੍ਰਹਮ ਗਿਆਨੀ' ਸੀ । ਕੁਝ ਇਸ ਤਰ੍ਹਾਂ :—

ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥
ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥

(੭) ੧੪੯੯ ਵਿਚ ਗੁਰੂ ਨਾਨਕ ਦੇਵ ਜੀ ਨੇ ਦੇਖਿਆ ਸੀ ਕਿ 'ਖਹਿ ਖਹਿ ਮਰਦੇ ਪਏ ਸਨ ਹਿੰਦੂ ਮੁਸਲਮਾਨ ਅਤੇ ਬ੍ਰਾਹਮਣ ਮੁਲਾਣੇ । ਆਪ ਨੇ—

ਛਿਅ ਘਰ ਛਿਅ ਗੁਰ ਛਿਅ ਉਪਦੇਸ ॥
ਗੁਰੁ ਗੁਰੁ ਏਕੋ ਵੇਸ ਅਨੇਕ ॥

ਦਾ ਰਸਤਾ ਦਿਖਾਇਆ ।

੧੬੯੯ ਤੀਕ 'ਕੇਸਗੜ੍ਹ' ਨਾਲ ਇਹ ਭਾਵਨਾ ਭਾਰਤੀ ਬਣ ਗਈ ਸੀ ਕਿ—

ਦੇਹਰਾ ਮਸੀਤ ਸੋਈ ਪੂਜਾ ਅਉ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ ॥

ਅਤੇ 'ਸਰਬ ਦੇ ਭਲੇ' ਦਾ ਨਾਹਰਾ ਲਗ ਚੁਕਾ ਸੀ । 'ਕੇਸਗੜ੍ਹ' ਸਰਬੱਤ ਦੇ ਭਲੇ ਦਾ ਨਾਹਰਾ ਹੈ ।

(੮) 'ਕੇਸਗੜ੍ਹ' ਨੇ 'ਪਾਪ ਕੀ ਜੰਞ' ਦੀ ਥਾਂ 'ਸੰਤ ਸਿਪਾਹੀ' ਦਿਤਾ 'ਜੋਰੀ ਮੰਗੇ ਦਾਨ' ਦੀ ਥਾਂ 'ਹਮ ਲੇ ਜਾਨੋ ਪੰਥ ਉਚੇਰਾ' ਦਾ ਰਸਤਾ ਦਸਿਆ। 'ਕੇਸਗੜ੍ਹ' ਸੰਜਮ, ਤਿਆਗ, ਕੁਰਬਾਨੀ, ਬਰਾਬਰੀ ਦਾ ਨਾਹਰਾ ਸੀ।

(੯) 'ਕੇਸਗੜ੍ਹ' ਤਾਂ ਚਿਨ੍ਹ ਹੈ ਇਸ ਤਿਆਰੀ ਦਾ—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਨ ੧੪੯੯ ਵਿਚ ਇਸ ਤਰ੍ਹਾਂ ਲੱਲਕਾਰਿਆ ਸੀ ਅਤੇ ੧੬੯੯ ਵਿਚ ਉਤਰ ਇਹ ਮਿਲਿਆ ਸੀ—

ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂ ਨ ਟਰੋਂ ॥

ਅਤੇ—

ਸਤ੍ਰੁਨ ਸਿਉ ਅਤਿ ਹੀ ਰਣ ਭੀਤਰਿ
ਜੂਝ ਮਰੋਂ ਤਊ ਸਾਚ ਪਤੀਜੈ ॥

(੨)

'ਕੇਸਗੜ੍ਹ' ਤੋਂ ਭਾਰਤ ਲਈ 'ਅੰਮ੍ਰਿਤ' ਝਰਿਆ ਜਿਵੇਂ ਸ਼ਿਵ ਦੇ ਕੇਸਾਂ ਵਿਚੋਂ ਗੰਗਾ ਉਤਰੀ।

ਅੰਮ੍ਰਿਤ ਕੀ ਹੈ ?

(੧) ਅੰਮ੍ਰਿਤ, ਆਦਰਸ਼ਕ ਆਚਰਨ ਲਈ ਮਨੁਖ ਦੇ ਧੁਰ ਅੰਦਰੋਂ ਉਪਜੀ ਉਮੰਗ ਦੀ ਪੂਰਤੀ ਦਾ ਸੋਹਣਾ ਮਨੋਵਿਗਿਆਨਕ ਸਾਧਨ ਹੈ।

(੨) ਅੰਮ੍ਰਿਤ ਛਕਣ ਲਈ ਤਿਆਰ ਹੋਣਾ ਮਨੁਖ ਦੀ ਆਪਣੇ ਆਪ ਨਾਲ ਇਕ ਨਵਾਂ ਪ੍ਰਣ ਕਰਨ ਦੀ ਸ੍ਰੇਸ਼ਟ ਘੜੀ ਹੈ ਜਦੋਂ ਮਨੁਖ ਦੀਆਂ ਉਤਮ ਬਿਰਤੀਆਂ ਦੀ ਉਸ ਦੀਆਂ ਘਟੀਆਂ ਬਿਰਤੀਆਂ ਤੇ ਜਿੱਤ ਹੁੰਦੀ ਹੈ।

(੩) ਅੰਮ੍ਰਿਤ ਛਕਣਾ ਇਹ ਐਲਾਨ ਕਰਨ ਦੇ ਤੁਲ ਹੈ ਕਿ ਮੇਰੇ ਪਾਸੋਂ

ਘਟੋ ਘਟ ਇਸ ਆਚਰਨਕ ਪੱਧਰ ਦੀ ਆਸ ਰਖੀ ਜਾ ਸਕਦੀ ਹੈ। ਜਦ ਇਹ ਐਲਾਨ ਕਰ ਦਿਤਾ ਜਾਏ ਤਾਂ ਅਵੱਸ਼ ਇਸ ਦੀ ਪੂਰਤੀ ਲਈ ਯਤਨ ਕਰਨਾ ਪੈਂਦਾ ਹੈ।

(੪) ਅੰਮ੍ਰਿਤ ਬਾਹਰਲੇ ਜ਼ਬਤ ਨੂੰ ਪਰਵਾਨ ਕਰਨ ਲਈ ਆਪਣੇ ਮਨ ਦੀ ਰਜ਼ਾਮੰਦੀ ਪਰਾਪਤ ਕਰਨੀ ਹੈ ਤੇ ਇਹ ਪੂਰਨ ਸਚਾਈ ਹੈ ਕਿ ਸਾਡੇ ਤੇ ਆਪਣਾ ਹੀ ਲਾਗੂ ਕੀਤਾ ਜ਼ਬਤ ਘਟ ਸਫਲ ਹੋ ਸਕਦਾ ਹੈ ਪਰ ਬਾਹਰਲੀ ਸ਼ਕਤੀ ਦਾ ਜ਼ਬਤ ਸਾਨੂੰ ਵਧੇਰੇ ਸਫ਼ਲਤਾ ਦੇ ਨੇੜੇ ਲੈ ਜਾ ਸਕਦਾ ਹੈ।

(੫) ਅੰਮ੍ਰਿਤ ਦੀਆਂ ਸ਼ਰਤਾਂ ਸਾਡੇ ਸਾਹਮਣੇ ਆਪਣੇ ਵਤੀਰੇ ਦੇ ਪਰਖਣ ਲਈ ਇਕ ਸਦੀਵੀ ਪੂਰਨ ਮਿਆਰ ਹਨ। ਅਸੀਂ ਹਰ ਘੜੀ ਆਪਣੇ ਆਚਰਣ ਨੂੰ ਇਸ ਮਿਆਰ ਅਨੁਸਾਰ ਪਰਖ ਸਕਦੇ ਹਾਂ।

(੬) ਅੰਮ੍ਰਿਤ ਦੇ ਮਿਆਰ ਨੂੰ ਨਿਭਾਣਾ ਕੁਦਰਤੀ ਹੈ ਪਰ ਉਸ ਦੀਆਂ ਸ਼ਰਤਾਂ ਦਾ ਉਲੰਘਣ ਕਰਨ ਲਈ ਵਿਸ਼ੇਸ਼ ਉਪਰਾਲੇ ਦੀ ਲੋੜ ਹੈ। ਅੰਮ੍ਰਿਤ ਮਨੁਖ ਦਾ ਕੁਦਰਤੀ ਧਰਮ ਹੈ।

(੭) ਮਨੁਖ ਸਮਾਜ ਵਿਚ ਹੀ ਆਚਰਨ ਨੂੰ ਪਕਿਆਂ ਕਰ ਸਕਦਾ ਹੈ ਤੇ ਆਚਰਨ ਦੀ ਲੋੜ ਵੀ ਸੋਹਣਾ ਸਮਾਜਕ ਜੀਵਨ ਬਤੀਤ ਕਰਨ ਲਈ ਹੀ ਹੈ। ਅੰਮ੍ਰਿਤ ਦੀਆਂ ਸ਼ਰਤਾਂ ਸੋਹਣੇ ਸਮਾਜਕ ਜੀਵਨ ਦੀਆਂ ਜ਼ਾਮਨ ਹਨ।

(੮) ਅੰਮ੍ਰਿਤ ਦੀਆਂ ਸ਼ਰਤਾਂ ਨਿਡਰ ਰਾਜਸੀ-ਜੀਵਨ ਦੀਆਂ ਜ਼ਾਮਨ ਹਨ। ਸੋਹਣਾ ਸਮਾਜਕ ਜੀਵਨ ਸੋਹਣੇ ਰਾਜਸੀ ਪਰਬੰਧ ਵਿਚ ਹੀ ਸੰਭਵ ਹੈ।

(੯) ਨਿਤਨੇਮ—ਕਿਸੇ ਆਦਰਸ਼ਕ ਪਰੇਰਨਾ ਵਾਲੀ ਬਾਣੀ ਦਾ—ਰੋਜ਼ਾਨਾ ਜੀਵਨ ਲਈ ਨਿਤ ਨਵੀਂ ਨਰੋਈ ਪਰੇਰਨਾ ਹੈ ਤੇ ਅੰਮ੍ਰਿਤ ਇਸ ਪਰੇਰਨਾ ਲਈ ਪਰੇਰਨਾ ਹੈ।

(੧੦) ਅੰਮ੍ਰਿਤ ਸਾਦਾ ਸਰਲ ਜੀਵਨ-ਢੰਗ ਦਾ ਨਾਂ ਹੈ ਤੇ ਸਾਦਗੀ ਤੇ ਸਰਲਤਾ ਸਦੀਵੀ ਸੁਖ ਦੇ ਜ਼ਾਮਨ ਹਨ।

(੧੧) ਅੰਮ੍ਰਿਤ ਆਪਣੇ ਆਪ ਨੂੰ ਇਕ ਆਦਰਸ਼ਕ ਸ਼ਖਸੀਅਤ ਦੇ ਚਿਤਰ ਤੇ ਢਾਲਣਾ ਹੈ। ਉਹ ਸ਼ਖਸੀਅਤ ਗੁਰੂ ਗੋਬਿੰਦ ਸਿਘ ਜੀ ਦੀ ਹੈ।

ਅੰਮ੍ਰਿਤ ਆਪਣੇ ਆਪ ਨੂੰ ਇਕ ਵਡੇ ਭਾਈਚਾਰੇ ਦਾ ਮੈਂਬਰ ਬਨਾਣਾ ਹੈ, ਇਹ ਭਾਈਚਾਰਾ 'ਪੰਥ' ਦਾ ਹੈ।

ਅੰਮ੍ਰਿਤ ਦੀ ਮਹਾਨਤਾ ਸਾਡੀ ਸ਼ਖਸੀਅਤ ਦੇ ਭਾਵਕ-ਪੱਖ ਨੇ ਅਨੁਭਵ ਕਰਨੀ ਹੈ, ਕੇਵਲ ਬੌਧਕ-ਪੱਖ ਨੇ ਨਹੀਂ। ਸੋ ਇਸ ਦੀ ਮਹਾਨਤਾ ਜਾਨਣ ਲਈ ਭਾਵਕਤਾ ਤੇ ਕਲਪਨਾ ਨੂੰ ਵਰਤੋਂ ਵਿਚ ਲਿਆਓ। ਭੂਤ ਤੇ ਭਵਿਖ ਨੂੰ ਵੀ ਆਪਣੇ ਕਲਪਨਾ ਦੇ ਕਲਾਵੇ ਵਿਚ ਰਖੋ। ਅੰਮ੍ਰਿਤ ਨਾਲ ਜੋ ਆਚਰਨ ਉਪਜਿਆ, ਉਸ ਨੇ ਪਿਛੇ ਕਮਾਲ ਕੀਤਾ ਹੈ, ਅਗੋਂ ਕਰੇਗਾ। ਹੁਣ ਕਿਉਂ ਨਹੀਂ ਕਰ ਸਕਦਾ ?

'ਅੰਮ੍ਰਿਤ' ਆਤਮਾ ਦੀ ਜਾਗ ਹੈ। ਇਹ ਸਾਡਾ ਸਭਿਆਚਾਰ ਹੈ। ਇਸ ਵਿਚ ਮਿਠਾਸ ਹੈ ਤੇ ਦ੍ਰਿੜ੍ਹਤਾ ਹੈ। ਪਤਾਸੇ ਤੇ ਖੰਡਾ ਇਸ ਮਿਠਾਸ ਤੇ ਦ੍ਰਿੜ੍ਹਤਾ ਦੇ ਸੂਚਕ ਹਨ। ਮਿਠਾਸ ਵਤੀਰੇ ਵਿਚ ਹੁੰਦੀ ਹੈ, ਬੋਲ-ਚਾਲ ਵਿਚ ਹੁੰਦੀ ਹੈ; ਵਿਚਾਰ-ਆਚਾਰ ਵਿਚ ਹੁੰਦੀ ਹੈ। ਦ੍ਰਿੜ੍ਹਤਾ ਭਰਮ ਸੰਸੇ ਤੋਂ ਪਾਕ ਹੋਣ ਨਾਲ ਆਂਦੀ ਹੈ; ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ ਕਿ ਅਸਲੀਅਤ ਕੀ ਹੈ, ਪਰਮਾਤਮਾ ਦੀ ਹੋਂਦ ਤੇ ਰੂਪ, ਆਤਮਾ ਦੀ ਕਲਿਆਨ ਦੀ ਸੰਭਵਤਾ ਤੇ ਰੂਪ ਬਾਰੇ ਦ੍ਰਿੜ੍ਹ ਵਿਸ਼ਵਾਸ। ਫਿਰ ਇਹ ਦ੍ਰਿੜ੍ਹ ਵਿਸ਼ਵਾਸ ਕਿ ਕੇਵਲ ਗੁਰੂ ਹੀ ਜੁਗਤੀ ਦਿੰਦਾ ਹੈ ਅਤੇ ਸਮਝ ਦੇਂਦਾ ਹੈ, ਇਸ ਦ੍ਰਿੜ੍ਹਤਾ ਲਈ। ਦ੍ਰਿੜ੍ਹਤਾ ਸਦੀਵੀ ਕੀਮਤਾਂ ਦਾ ਵਿਸ਼ਵਾਸੀ ਹੋਣ ਵਿਚ ਹੈ। ਸੱਚ ਦੀ ਜਿਤ ਦਾ ਵਿਸ਼ਵਾਸੀ ਹੋਣ ਵਿਚ ਹੈ।

ਅੰਮ੍ਰਿਤ' ਆਪ ਇਕ ਚਿੰਨ੍ਹ ਹੈ, ਇਹ ਚਿੰਨ੍ਹ ਹੈ ਸਾਰੀ ਬਾਣੀ ਦੇ ਸਾਰ ਦਾ। ਇਹ ਚਿੰਨ੍ਹ ਹੈ 'ਗੁਰ ਪ੍ਰਸਾਦਿ' ਦਾ। ਗੁਰ ਆਪ ਪਰਮਾਤਮਾ ਹੈ ਤੇ ਪ੍ਰਸਾਦਿ ਉਸ ਦੀ ਕਿਰਪਾ। ਇਹ ਚਿੰਨ੍ਹ ਹੈ ਸਤਿ-ਚਿਤ-ਆਨੰਦ ਦਾ। ਇਹ ਚਿੰਨ੍ਹ ਹੈ ਅੱਖਾਂ ਵਿਚ ਪਰਾਧੀਨਤਾ ਦੇ ਨਾਸ਼ ਦਾ, ਦਿਮਾਗ਼ ਵਿਚੋਂ ਪਰਾਧੀਨਤਾ ਤੇ ਭੈ ਦੇ ਨਾਸ਼ ਦਾ, ਮਨ ਵਿਚੋਂ ਭੈ, ਗੁਲਾਮੀ ਦੇ ਨਾਸ਼ ਦਾ। ਇਹ ਚਿੰਨ੍ਹ ਹੈ ਪੁਨਰ-ਜਨਮ ਦਾ। ਆਤਮਾ ਅੰਮ੍ਰਿਤ ਵਿਚ ਇਸ਼ਨਾਨ ਕਰਦੀ ਹੈ ਤੇ ਸਾਰੀ ਮੈਲ ਲਾਹ ਦਿੰਦੀ ਹੈ। ਇਹ ਚਿੰਨ੍ਹ ਹੈ ਹਉਮੈ ਦੇ ਨਾਸ਼ ਦਾ ਤੇ ਭਰਾਤਰੀ-ਭਾਵ ਦੇ ਉਤਪੰਨ ਹੋਣ ਦਾ। ਇਹ ਜਾਤ, ਵਰਨ, ਆਸ਼ਰਮ, ਗਰੀਬੀ-ਅਮੀਰੀ ਦੀ

ਮੈਲ ਨੂੰ ਧੋਣ ਦਾ ਚਿੰਨ੍ਹ ਹੈ । ਅੰਮ੍ਰਿਤ ਚਿੰਨ੍ਹ ਹੈ ਅੰਮ੍ਰਿਤ ਦਾਤਾ ਦੇ ਇਨ੍ਹਾਂ ਵਿਚਾਰਾਂ ਨੂੰ ਅੰਮ੍ਰਿਤਧਾਰੀ ਦੀ ਆਤਮਾ ਵਿਚ ਪਰਕਾਸ਼ਣ ਦਾ ।

(੩)

'ਕੇਸਗੜ੍ਹ ਸਦਾ ਸਿਖ ਦੇ ਨਾਲ ਹੈ । ਹਰ ਸਿਖ ਨੇ 'ਕੇਸਗੜ੍ਹ' ਆਪਣੇ ਸਿਰ ਤੇ ਚੁਕਿਆ ਹੋਇਆ ਹੈ । ਜਿਤਨੇ ਤੀਕ ਸਿਖ ਦਾ 'ਕੇਸਗੜ੍ਹ' ਕਾਇਮ ਹੈ, ਉਹ ਉਤਨਾ ਹੀ ਸੁਰਖਸ਼ਤ ਹੈ, ਜਿਤਨਾ ਕੋਈ ਸਿਪਾਹੀ ਇਕ ਬੜੇ ਮਜ਼ਬੂਤ ਕਿਲ੍ਹੇ (ਗੜ੍ਹ) ਅੰਦਰ ਹੋ ਸਕਦਾ ਹੈ । 'ਕੇਸ' ਹੀ ਖਾਲਸੇ ਦਾ 'ਕੇਸਗੜ੍ਹ' ਹਨ । ਇਹ ਹੀ ਉਸਦਾ ਨਿਆਰਾਪਨ ਹੈ । 'ਕੇਸਾਂ' ਵਿਚ ਸਾਰੀ ਸ਼ਕਤੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਖ ਦਿਤੀ ਹੈ । ਜਪੁ, ਜਾਪੁ, ਅਕਾਲ ਉਸਤਤ, ਚੌਪਈ, ਅਨੰਦ ਨਾਲ ਕੇਸਗੜ੍ਹ ਦੀ ਚਿਣਾਈ ਹੋਈ ਹੈ । ਖਾਲਸੇ ਨੇ 'ਸਚਿਆਰਾ, ਦਾ ਰੂਪ ਧਾਰਨ ਕਰਨਾ ਹੈ—'ਹੁਕਮਿ ਰਜਾਈ ਚਲਣ' ਨਾਲ । ਖਾਲਸੇ ਨੇ 'ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ' ਨੂੰ ਨਿਸਚੇ ਕਰਨਾ ਹੈ ਅਤੇ—

ਕਿ ਹੁਸਨਲ ਵਜੂ ਹੈਂ ।। ਤਮਾਮੁਲ ਰੁਜੂ ਹੈਂ ।।
ਹਮੇਸੁਲ ਸਲਾਮੈਂ ।। ਸਲੀਖਤ ਮੁਦਾਮੈਂ ।। ੧੨੧ ।।
ਗਨੀਮੁਲ ਸ਼ਿਕਸਤੈ ।। ਗਰੀਬੁਲ ਪਰਸਤੈ ।।
ਬਿਲੰਦੁਲ ਮਕਾਨੈ ।। ਜ਼ਮੀਨੁਲ ਜ਼ਮਾਨੈ ।। ੧੨੨ ।।
ਤਮੀਜ਼ੁਲ ਤਮਾਮੈ ।। ਰੁਜੂਅਲ ਨਿਧਾਨੈ ।।
ਹਰੀਫੁਲ ਅਜ਼ੀਮੈ ।। ਰਜ਼ਾਇਕ ਯਕੀਨੈ ।। ੧੨੩ ।।

ਬਣਨਾ ਹੈ ।

ਖਾਲਸੇ ਨੇ ਅਕਾਲ ਉਸਤਤਿ (ਸਵਯੇ) ਵਿਚ ਦਸੇ ਮਾਇਆ ਤੇ ਸਾਰੇ ਰੰਗਾਂ—ਏਤੇ ਭਏ ਭੂਪਤਿ, ਜੀਤ ਫਿਰੈ ਸਭ ਦੇਸ ਦਿਸਾਨ ਕੋ, ਤੀਰਥ ਨ੍ਹਾਨ ਵਾਲੇ, ਸੁੱਧ ਸਿਪਾਹ ਵਾਲੇ—ਤੋਂ ਉਚਾ ਉਠ ਕੇ—

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ।।

ਤਕ ਪੁਜਣਾ ਹੈ ।

'ਕੇਸ' ਖਾਲਸੇ ਦਾ 'ਗੜ੍ਹ' ਹਨ, ਉਸ ਦੀ ਸਾਦਗੀ ਅਤੇ ਤਾਜ਼ਗੀ ਦਾ ਚਿੰਨ੍ਹ ਹਨ, ਉਸ ਦੇ ਜਮਾਲ ਅਤੇ ਕਮਾਲ ਦਾ ਰੂਪ ਹਨ। 'ਕੇਸ' ਖਾਲਸੇ ਵਿਚ ਗੈਰਤ ਪੈਦਾ ਕਰਦੇ ਹਨ ਕਿ ਉਹ ਗੁਰੂ ਗੋਬਿੰਦ ਸਿੰਘ ਦਾ ਸਰੂਪ ਹੈ ਅਤੇ ਉਹ ਇਕ ਵਿਸ਼ੇਸ਼ ਜਥੇਬੰਦੀ ਦਾ ਅੰਗ ਹੈ — ਇਕ ਆਪਹੁਦਰਾ ਚੁਫੇਰ ਗੜ੍ਹੀਆ ਨਹੀਂ, ਕੇਸਗੜ੍ਹੀਆ ਹੈ।

ਕੇਸਗੜ੍ਹ ਵਿਚ ਸੁਰਖਸ਼ਤ ਉਹ ਹੈ ਜੋ ਪੰਜ ਬਾਣੀਆਂ ਦਾ ਨਿਤਨੇਮ ਕਰਦਾ ਹੈ, ਪੰਜ ਕੱਕਾਰਾਂ ਦੀ ਰਹਿਤ ਰਖਦਾ ਹੈ, ਗੁਰੂ ਪੰਥ ਤੇ ਸੰਗਤ ਵਿਚ ਦਰਸ਼ਨ ਕਰਦਾ ਹੈ ਅਤੇ ਨਾਮ—ਦਾਨ—ਇਸ਼ਨਾਨ (ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ) ਦਾ ਵਿਸ਼ਵਾਸੀ ਹੈ ਅਤੇ ਚਾਰ ਕੁਰਹਿਤਾਂ ਤੋਂ ਬਚ ਕੇ ਸਮਾਜ ਦਾ ਨਰੋਇਆ ਅੰਗ ਰਹਿੰਦਾ ਹੈ। ਰਹਿਤ ਹੀ ਸਿੱਖੀ ਹੈ—

ਰਹਤ ਬਿਨਾ ਸਦ ਗਤ ਨਹਿ ਹੋਈ।
ਰਹਤ ਬਿਨਾ ਭਲ ਕਹੈ ਨ ਕੋਈ।
ਰਹਤ ਬਿਨਾ ਨ ਸਿੰਘ ਕਹਾਵੈ।
ਰਹਤ ਬਿਨਾ ਦਰ ਚੋਟਾ ਖਾਵੈ।
ਰਹਤ ਬਿਨਾ ਜਗ ਮੇ ਭਰਮਾਈ।
ਰਹਤ ਬਿਨਾ ਨਰ ਨਰਕੇ ਜਾਈ।
ਰਹਤ ਬਿਨਾ ਤਨਖਾਹੀ ਜਾਨੋ।
ਰਹਤ ਬਿਨਾ ਜੜ ਭੂਤ ਬਖਾਨੋ।
ਰਹਤ ਬਿਨਾ ਸੁਖ ਕਬਹੂ ਨ ਲਹੈ।
ਤਾ ਤੇ ਰਹਤ ਸੁ ਦ੍ਰਿੜ ਕਰ ਗਹੈ।

(ਦੇਸਾ ਸਿੰਘ)

(੪)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਵਿਚ ਕੇਸਗੜ੍ਹ ਤੋਂ ਸਾਰੀ ਭਾਰਤੀ ਕੌਮ ਦੀ ਪਰਖ ਕੀਤੀ ਅਤੇ ਭਾਈ ਦਇਆ ਸਿੰਘ (ਲਾਹੌਰ) ਭਾਈ ਧਰਮ

ਸਿੰਘ (ਜੱਟ, ਹਸਤਨਾਪੁਰ), ਭਾਈ ਮੋਹਕਮ ਚੰਦ (ਛੀਂਬਾ, ਦਵਾਰਕਾ) ਭਾਈ ਹਿੰਮਤ ਸਿੰਘ (ਝੀਵਰ,ਜਗਨਨਾਥ) ਅਤੇ ਭਾਈ ਸਾਹਿਬ ਚੰਦ (ਨਾਈ ਬਿਦਰ) ਨੇ ਸੀਸ ਦੇ ਕੇ ਭਾਰਤੀ ਮਨੁਖਤਾ ਦੀ ਪ੍ਰਤਿਨਿਧਤਾ ਕੀਤੀ ਕਿ ਕੌਮ ਕੁਰਬਾਨੀ ਲਈ ਤਿਆਰ ਹੈ। ਬਸ ਫਿਰ ਕੀ ਸੀ, ਗੁਰੂ ਸਾਹਿਬ ਨੇ ਜਥੇਦਾਰੀ ਕੌਮ ਦੇ ਸਪੁਰਦ ਕਰ ਦਿਤੀ, ਆਪੇ ਗੁਰੂ ਚੇਲਾ ਹੋ ਗਏ। ਪੰਜ ਪਿਆਰਿਆਂ ਦੀ ਵਾਸੀ ਹੀ ਦਸਦੀ ਹੈ ਕਿ ੧੬੯੯ ਵਿਚ ਸਾਰੇ ਭਾਰਤ ਵਿਚੋਂ ਲੋਕੀ ਸ੍ਰੀ ਗੁਰੂ ਜੀ ਦਾ ਸੰਦੇਸ਼ ਸੁਣਨ ਵਾਸਤੇ ਪੁਜੇ ਹੋਏ ਸਨ।

ਇਸ ਨਾਟਕੀ ਕਾਂਡ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' ਵਿਚ ਅੰਕਤ ਨਹੀਂ ਕੀਤਾ। ਇਸ ਦਾ ਕਾਰਨ ਉਹ ਆਪ ਹੀ ਜਾਣਦੇ ਹਨ। 'ਬਚਿਤ੍ਰ ਨਾਟਕ' ਇਕ ਅਧੂਰਾ ਨਾਟਕ ਹੈ ਅਤੇ ਇਹ ਖਾਲਸੇ ਨੇ ਹੀ ਪੂਰਾ ਕਰਨਾ ਹੈ। ਹਜ਼ੂਰ ਖਾਲਸੇ ਵਿਚ ਸਮਾ ਗਏ—

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਾਹਿ ਹੌ ਕਰੌ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗਾ।
ਖਾਲਸੇ ਕੇ ਹੌ ਸਦ ਸਦ ਸੰਗਾ।
ਖਾਲਸਾ ਮੇਰੋ ਇਸ਼ਟ ਸੁਹਿਰਦ।
ਖਾਲਸਾ ਮੇਰੋ ਕਹੀਅਤ ਬਿਰਦ।
ਖਾਲਸਾ ਮੇਰੋ ਪਛ ਅਰ ਪਾਤਾ।
ਖਾਲਸਾ ਮੇਰੋ ਸੁਖ ਅਹਿਲਾਦਾ।

ਦਸਮੇਸ਼

"ਵਹਿ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਅਕੇਲਾ"

(੧)

ਜੋ ਕੁਝ ਵੀ ਇਤਿਹਾਸਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੀ, ਉਹ ਇਕ 'ਬਚਿਤ੍ਰ ਨਾਟਕ' ਸੀ। ਖਾਲਸੇ ਦੀ ਧੁਰ ਆਤਮਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਰੂਪ ਉਕਰਿਆ ਹੋਇਆ ਹੈ ਜੋ ਅਨਾਦੀ ਤੇ ਅਗੰਮ ਹੈ, ਜੋ ਨਿਰੋਲ ਉਹ ਰੂਪ ਹੈ ਜਦੋਂ ਆਪ —

ਦ੍ਵੈ ਤੇ ਏਕ ਰੂਪ ਹ੍ਵੈ ਗਯੋ

ਹੋ ਗਏ ਸਨ। ਜਦੋਂ ਆਪ ਪਾਰਬ੍ਰਹਮ ਨਾਲ ਅਭੇਦ ਸਨ। ਖਾਲਸੇ ਦੀ ਆਤਮਾ ਵਿਚ ਦਸਮੇਸ਼ ਦਾ ਉਹ ਰੂਪ ਟਿਕਿਆ ਹੋਇਆ ਹੈ ਜੋ ੧੬੯੯ ਦੇ ਕੇਸਗੜ੍ਹ ਦੇ ਨਾਟਕ ਵਿਚ ਅਤੇ ਮਗਰੋਂ ਕੁਝ ਵਿਸ਼ੇਸ਼ ਮੌਕਿਆਂ ਤੇ ਦਸਮੇਸ਼ ਨੇ ਧਾਰਨ ਕਰਕੇ ਖਾਲਸੇ ਨੂੰ ਅਕਾਲ-ਪੁਰਖ ਦਾ ਝਲਕਾਰਾ ਦਿਖਾਇਆ ਸੀ। ਇਹ ਉਸ ਤਰ੍ਹਾਂ ਦਾ ਇਕ ਵਿਰਾਟ ਪਰ ਅਤਿਅੰਤ ਸੁੰਦਰ ਰੂਪ ਹੈ, ਜੋ ਕ੍ਰਿਸ਼ਨ ਜੀ ਨੇ ਅਰਜਨ ਨੂੰ

ਦਿਖਾਇਆ ਸੀ, ਇਹ ਉਸ ਭਰੂਾਂ ਦਾ ਵਿਰਾਟ-ਰੂਪ ਹੈ, ਜੋ ਵਿਸ਼ਨੂੰ ਜੀ ਦੇ ਚਿਤ੍ਰਾਂ ਪਰ ਵਿਦਮਾਨ ਹੁੰਦਾ ਹੈ ਜਦੋਂ ਉਹ ਖੀਰ ਸਾਗਰ ਵਿਚ ਸਰਪ-ਸੇਜਾ ਤੇ ਬਿਰਾਜਮਾਨ ਹਨ ਅਤੇ—

ਨਾਭਿ ਕਮਲ ਤੇ ਬ੍ਰਹਮਾ ਉਪਜੇ
ਬੇਦ ਪੜਹਿ ਮੁਖਿ ਕੰਠਿ ਸਵਾਰਿ ॥
ਤਾ ਕੋ ਅੰਤੁ ਨ ਜਾਈ ਲਖਣਾ
ਆਵਤ ਜਾਤ ਰਹੈ ਗੁਬਾਰਿ ॥

(ਗੂਜਰੀ ਮਹਲਾ ੧)

ਖਾਲਸੇ ਦੇ ਹਿਰਦੇ ਵਿਚ ਦਸਮੇਸ਼ ਦਾ ਬੜਾ ਵਚਿਤ੍ਰ ਸਰੂਪ ਉਕਰਿਆ ਹੋਇਆ ਹੈ ਜਿਸ ਦਾ ਝਲਕਾਰਾ ਖਾਲਸੇ ਨੂੰ ਦਿਸਣ ਲਗ ਪੈਂਦਾ ਹੈ, ਜਦੋਂ ਵੀ ਉਹ ਕਿਸੇ 'ਸ਼ੁਭ ਕਰਮਨ' ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅਰਦਾਸਾ ਕਰਦੇ ਹਨ ਅਤੇ ਡੰਕੇ ਤੇ ਚੋਟ ਲਗਦੀ ਹੈ। ਇਹ ਝਲਕਾਰਾ ਪੂਰਾ ਤੇ ਮੁੜ ਕੇ ਸ਼ਾਇਦ ਖਾਲਸੇ ਨੇ ਨਹੀਂ ਦੇਖਿਆ ਪਰ ਕਦੇ 'ਨੀਲਾ ਬਾਣਾ' ਕਦੇ 'ਚਿੱਟਾ ਬਾਜ' ਉਹਨਾਂ ਨੂੰ ਦਿਸਦਾ ਹੈ, ਅਤੇ ਉਹਨਾਂ ਦੀ 'ਚੜ੍ਹਦੀ ਕਲਾ' ਪਰਤੱਖ ਹੋ ਜਾਂਦੀ ਹੈ ਅਤੇ 'ਵਾਹਿਗੁਰੂ ਜੀ ਕੀ ਫ਼ਤਹ' ਸਾਖਿਆਤ ਦਿਸਣ ਲਗਦੀ ਹੈ। ਖਾਲਸੇ ਦੇ ਹਿਰਦੇ ਵਿਚ ਦਸਮੇਸ਼ ਦਾ ਇਹ ਸਰੂਪ ਟਿਕਿਆ ਹੋਇਆ ਹੈ :—

ਨੀਲਾ ਘੋੜਾ, ਬਾਂਕਾ ਜੋੜਾ,
ਹਥ ਪਰ ਬਾਜ ਸੁਹਾਏ ਨੇ।

ਖਾਲਸੇ ਦੀ ਆਤਮਾ ਦਸਮੇਸ਼ ਦੇ ਅਨੰਤੀ, ਅਨਾਦੀ, ਅਗੰਮੀ ਸਰੂਪ ਨਾਲ ਕੀਲੀ ਹੋਈ ਹੈ ਕਿ ਦਸਮੇਸ਼ ਦਾ ਅਸਲ ਪਾਰਬ੍ਰਹਮੀ ਸਰੂਪ ਇਹ ਸੀ ਕਿ—

ਆਪ ਕਲਗੀਆਂ ਵਾਲੇ ਸਨ।
ਨੀਲੇ ਘੋੜੇ ਵਾਲੇ ਸਨ।
ਨੀਲੇ ਜੋੜੇ ਵਾਲੇ ਸਨ।
ਮੀਰੀ ਪੀਰੀ ਦੀਆਂ ਤਲਵਾਰਾਂ ਵਾਲੇ ਸਨ।
ਚਿਟੇ ਬਾਜਾਂ ਵਾਲੇ ਸਨ।

ਆਪ ਦਾ ਅਨੰਤੀ ਅਨਾਦੀ ਚਿਤ੍ਰ ਖਾਲਸੇ ਨੇ ਇਸੇ ਰੂਪ ਵਿਚ ਚਿਤ੍ਰਿਆ ਹੈ ਕਿ ਦਸਮੇਸ਼ ਨੀਲੇ ਘੋੜੇ ਤੇ ਸਵਾਰ, ਨੀਲਾ ਬਾਣਾ ਧਾਰੀ, ਕਲਗੀ ਸਜਾਈ ਖੱਬੇ ਹੱਥ ਤੇ ਬਾਜ ਬਿਠਾਈ, ਸੱਜੇ ਹੱਥ ਵਿਚ ਅਤੇ ਸਰੀਰ ਤੇ ਸਰਬ ਲੋਹ ਸ਼ਸਤ੍ਰ ਧਾਰੀ ਦਿਸਦੇ ਹਨ। ਇਹ ਖਾਲਸੇ ਦਾ ਇਸ਼ਟ ਦਸਮੇਸ਼ ਹੈ ਜੋ ਜੁਗੋ ਜੁਗ ਅਟੱਲ ਹੈ, ਜੋ ਆਦਿ-ਕਾਲ ਤੋਂ ਬਿਰਾਜਮਾਨ ਹੈ।

ਇਸੇ ਤਰ੍ਹਾਂ ਦਸਮੇਸ਼ ਦੇ ਹਿਰਦੇ ਵਿਚ ਵੀ ਜੋ ਖਾਲਸੇ ਦਾ ਅਨਾਦੀ ਅਗੰਮੀ ਸਰੂਪ ਸੀ ਉਹ ਬੜਾ ਵਿਸਮਾਦੀ ਅਤੇ ਵਚਿਤ੍ਰ ਸੀ; ਉਹ ਸਰੂਪ ਜਿਸ ਨੂੰ ਆਪ ਨੇ 'ਇਸ਼ਟ ਸੁਹਿਰਦ' ਮੰਨ ਕੇ ਨਮਸਕਾਰ ਕੀਤੀ ਹੈ। ਇਹ ਵੀ ਪਾਰਬ੍ਰਹਮ ਦਾ ਸਰੂਪ ਸੀ —

ਖਾਲਸਾ ਮੇਰੋ ਧਰਮ ਅਰ ਕਰਮ ॥
ਖਾਲਸਾ ਮੇਰੋ ਭੇਦ ਨਿਜ ਮਰਮ ॥
ਖਾਲਸਾ ਮੇਰੋ ਸਤਿਗੁਰ ਪੂਰਾ ॥
ਖਾਲਸਾ ਮੇਰੋ ਸਜਨ ਸੂਰਾ ॥

ਖਾਲਸਾ ਅਤੇ ਦਸਮੇਸ਼ ਇਕਮਿਕ ਸਨ। ਖਾਲਸਾ ਦਸਮੇਸ਼ ਵਿਚ ਜੀਉਂਦਾ ਅਤੇ ਦਸਮੇਸ਼ ਖਾਲਸੇ ਵਿਚ ਰੂਪਮਾਨ ਹੈ। ਇਹ ਦੋਵੇਂ ਪਾਰਬ੍ਰਹਮ ਦੇ ਰੂਪ ਹਨ। ਇਤਿਹਾਸ ਵਿਚ ਇਹ ਕਈ ਵਾਰੀ ਨਾਟਕ ਖੇਡਣ ਲਈ ਵਿਦਮਾਨ ਹੋ ਜਾਂਦੇ ਹਨ ਫਿਰ ਪਾਰਬ੍ਰਹਮ ਨਾਲ ਅਭੇਦ ਹੋ ਜਾਂਦੇ ਹਨ। ਇਹ ਸਦਾ ਸਥਿਰ ਹਨ, ਸਦਾ ਨਿਰਗੁਣ ਅਤੇ ਸਰਗੁਣ ਵਿਚ ਵਿਚਰਦੇ ਰਹਿੰਦੇ ਹਨ। ਦਸਮੇਸ਼ ਨੇ ਖਾਲਸੇ ਬਾਰੇ ਇਹ ਵੀ ਕਿਹਾ ਹੈ—

ਰੋਮ ਰੋਮ ਜੇ ਰਸਨਾ ਪਾਊ ॥
ਤਦਪਿ ਖਾਲਸਾ ਜਸ ਤਹ ਗਾਊ ॥
ਹੌ ਖਾਲਸੇ ਕਾ ਖਾਲਸਾ ਮੇਰੋ ॥
ਓਤ ਪਤ ਸਾਗਰ ਬੂੰਦੇਰੋ ॥

(ਸਰਬ ਲੋਹ)

ਖਾਲਸੇ ਨੂੰ ਦਸਮੇਸ਼ ਜੀ ਨੇ 'ਅਕਾਲ' ਦਾ ਹੀ ਰੂਪ ਮੰਨਿਆ ਹੈ,

'ਅਕਾਲ' ਜਦੋਂ ਸਰੂਪ ਧਾਰਦਾ ਹੈ,ਉਹ ਦੇਹ ਧਾਰਦਾ ਹੈ, ਤਾਂ ਖਾਲਸਾ ਰੂਪ ਵਿਚ ਪ੍ਰਗਟ ਹੁੰਦਾ ਹੈ, ਜੋ ਦਸਮੇਸ਼ ਦਾ ਅਨਾਦੀ ਰੂਪ ਹੈ—

ਪੁਰਸ ਅਕਾਲ ਸੁ ਮੂਰਤ ਏਹਾ ॥
ਪ੍ਰਗਟ ਅਕਾਲ ਖਾਲਸਾ ਦੇਹਾ ॥

(ਪ੍ਰਹਿਲਾਦ ਸਿੰਘ)

ਸੋ ਦਸਮੇਸ਼ ਦੇ ਜਿਸ ਰੂਪ ਨੇ ਖਾਲਸੇ ਨੂੰ ਕੀਲਿਆ ਹੋਇਆ ਹੈ, ਉਹ ਨੀਲੇ ਜੋੜੇ, ਨੀਲੇ ਘੋੜੇ, ਚਿਟੇ ਬਾਜ ਅਤੇ ਕਲਗੀ ਵਾਲਾ ਸਰੂਪ ਹੈ। ਧੰਨ ਕਲਗ਼ੀਆਂ ਵਾਲਾ, ਧੰਨ ਚਿੱਟੇ ਬਾਜਾਂ ਵਾਲਾ, ਧੰਨ ਨੀਲੇ ਘੋੜੇ ਵਾਲਾ। ਇਹ ਹੈ ਖਾਲਸੇ ਦਾ ਦਸਮੇਸ਼, ਤੇ ਇਹ ਹੈ ਦਸਮੇਸ਼ ਦਾ ਖਾਲਸਾ।

(੨)

ਭਾਵੇਂ ਇਸ ਵਚਿਤ੍ਰ ਸਰੂਪ ਦਾ ਦਰਸ਼ਨ ਖਾਲਸੇ ਅਤੇ ਆਮ ਮਨੁਖਤਾ ਨੇ ਦਸਮੇਸ਼ ਦੇ ਇਤਿਹਾਸ ਜਾਮੇ ਨਾਲ ਕੀਤਾ ਪਰ ਇਸ ਦੇ ਝਲਕਾਰੇ ਪਹਿਲੇ ਗੁਰੂ ਸਾਹਿਬਾਨ ਵਿਚ ਸਿਖ ਅਤੇ ਮਨੁਖਤਾ ਨੂੰ ਵਜਦੇ ਰਹੇ ਹਨ। ਭੱਟਾਂ ਨੇ ਗੁਰੂ ਸਾਹਿਬਾਨ ਨੂੰ ਬੜੇ ਬੜੇ ਵਚਿਤ੍ਰ ਦਰਸ਼ਨਾ ਸਹਿਤ ਵੇਖਿਆ ਹੈ—

ਸ੍ਰੀ ਗੁਰੂ ਨਾਨਕ ਸਰੂਪ ਵਿਚ ਭੱਟਾਂ ਨੇ ਦਰਸ਼ਨ ਇਹ ਕੀਤੇ ਹਨ :—

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥

ਇਸੇ 'ਨਾਨਕ ਨਾਮ' ਦਾ ਜਾਪ ਜੁਗੋ ਜੁਗ ਹੁੰਦਾ ਰਿਹਾ ਹੈ :—

ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ ॥
ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ ॥
ਗਾਵਹਿ ਇੰਦ੍ਰਾਦ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਨਿਓ ॥
ਕਬਿ ਕਲ ਸੁ ਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥

ਭੱਟ ਕੀਰਤ ਸ੍ਰੀ ਗੁਰੂ ਅਮਰਦਾਸ ਜੀ ਦਾ ਸਰੂਪ ਦਸਦਾ ਹੈ :—

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥
ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥
ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥
ਨਾਨਕ ਕੁਲਿ ਨਿਮਲੁ ਅਵਤਰਿਉ ਅੰਗਦ ਲਹਣੇ ਸੰਗਿ ਹੁਅ ॥
ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ ॥

ਭੱਟਾਂ ਤੋਂ ਪਹਿਲਾਂ ਵੀ ਜਨ ਸਾਧਾਰਨ ਨੇ ਅਭੁਲ ਸਾਧਾਰਨ ਬ੍ਰਿਤੀ ਨਾਲ ਵੇਖ ਲਿਆ ਸੀ ਕਿ 'ਨਾਨਕ ਘਰਾਣਾ' ਪਾਰਬ੍ਰਹਮ ਦਾ ਆਪਣਾ ਹੀ 'ਘਰਾਣਾ' ਹੈ ਅਤੇ ਜਨ ਸਾਧਾਰਨ ਨੇ ਗੁਰੂ ਵਿਅਕਤੀ ਨੂੰ ਆਪਣੀ ਭਾਵਨਾ ਵਿਚ ਪਾਰਬ੍ਰਹਮੀ ਸਰੂਪਾਂ ਵਿਚ ਕਲਪਿਆ ਤੇ ਵੇਖਿਆ — 'ਨਾਨਕ' ਨੂੰ ਉਹਨਾਂ 'ਨ × ਅਨਕ' ਭਾਵ 'ਅਦ੍ਵੈਤ' ਜਾਂ 'ੴ' ਦੇ ਰੂਪ ਵਿਚ ਹੀ ਵੇਖਿਆ ਅਤੇ ਉਸ ਨੂੰ ਸਾਰੀ ਮਨੁਖਤਾ ਲਈ 'ਨਿਰੰਕਾਰੀ' 'ਨਾਨਕ ਨਿਰੰਕਾਰੀ' ਦਾ ਰੂਪ ਦਸਿਆ, ਉਸ ਨੂੰ ਸਾਰੀ ਮਨੁਖਤਾ ਦਾ 'ਬਾਬਾ-ਨਾਨਕ' ਦਸਿਆ, 'ਅਗਦ' ਨੂੰ 'ਨਾਨਕ ਘਰ' ਦਾ ਅੰਗਿਆ ਹੋਇਆ (Marked and approved) ਮੰਨਿਆ ਅਤੇ ਉਸ ਨੂੰ ਨਾਨਕ ਦਾ ਰੂਪ ਪਰਮਾਣਿਆ, ਸ੍ਰੀ ਗੁਰੂ ਅਮਰਦਾਸ ਜੀ ਨੂੰ —

ਨਿਮਾਣਿਆਂ ਦਾ ਮਾਣ।
ਨਿਤਾਣਿਆਂ ਦਾ ਤਾਣ।
ਨਿਥਾਵਿਆਂ ਦਾ ਥਾਵ।

ਨਿਧਿਰਿਆਂ ਦੀ ਧਿਰ ।
ਨਿਪਤਿਆਂ ਦੀ ਪਤ ।
ਨਿਗਤਿਆਂ ਦੀ ਗਤ ।

ਮੰਨਿਆ ਤੇ ਸਚਮੁਚ ਅਮਰ ਸਰੂਪ ਬ੍ਰਹਮ ਸਰੂਪ ਵਿਚ ਵਿਲੀਨ ਕਰ ਦਿਤਾ, ਸ੍ਰੀ ਗੁਰੂ ਰਾਮਦਾਸ ਨੂੰ 'ਸੋਢੀ ਸੁਲਤਾਨ' ਕਰ ਕੇ ਚਿਤ੍ਰਿਆ ਅਤੇ ਉਸ ਦੇ ਸਰੂਪ ਨੂੰ 'ਧੰਨ ਧੰਨ' ਕਰ ਕੇ ਬਿਆਨਿਆ, ਸ੍ਰੀ ਗੁਰੂ ਅਰਜਨ ਦੇਵ ਜੀ ਦੀ 'ਚੌਕੜੀ' ਵਿਚੋਂ 'ਨੂਰ ਦਾ ਝਲਕਾਰਾ' ਸਭ ਨੇ ਵੇਖਿਆ, ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ

ਮੀਰੀ ਪੀਰੀ ਦਾ ਮਾਲਕ,
ਬੰਦੀ ਛੋੜ. ਚੌਕੀ ਸਾਹਿਬ ਦਾ ਵਾਲੀ,

ਕਰ ਕੇ ਨਮਸਕਾਰਿਆ, ਸ੍ਰੀ ਗੁਰੂ ਹਰਿਰਾਏ ਸਾਹਿਬ ਦੀ ਮੁਠ ਵਿਚੋਂ 'ਫੂਲਬੰਸ' ਦਾ ਰਾਜ ਸਿੰਘਾਸਨ ਉਤਰਦਾ ਵੇਖਿਆ, ਸ੍ਰੀ ਹਰਿਕ੍ਰਿਸ਼ਨ ਦੇ ਧਿਆਨ ਨਾਲ 'ਸਭਿ ਦੁਖਿ ਜਾਇ' ਦੀ ਮਹਾਨਤਾ ਪਰਵਾਨੀ, ਸ੍ਰੀ ਗੁਰੂ ਤੇਗ ਬਹਾਦਰ—

ਸਿਮਰੀਐ ਘਰ ਨਉਨਿਧਿ ਆਵੈ ਧਾਇ ॥
ਸਭ ਥਾਈ ਹੋਇ ਸਹਾਇ ॥

ਦੀ ਬਖਸ਼ਸ਼ ਮੰਨੀ ਜੋ ਪਾਰਬ੍ਰਹਮ ਦੀ ਸ਼ਕਤੀ ਦੀ ਹੀ ਸੂਚਕ ਹੈ ।

'ਅੰਮ੍ਰਿਤ ਕੇ ਦਾਤਾ', ਪੰਥ ਕੇ ਵਾਲੀ', 'ਚਿਟਿਆਂ ਬਾਜਾਂ ਵਾਲੇ' ਨੂੰ ਤੇ ਫਿਰ ਸਿਖਰ ਦੇ ਜੋਬਨ ਵਿਚ ਖਾਲਸੇ ਨੇ ਦੇਖਿਆ—ਕਲਗੀ ਸਜਾਈ ਹੋਈ, ਨੀਲੇ ਬਾਣੇ ਵਿਚ, ਨੀਲੇ ਘੋੜੇ ਤੇ ਬੀਰ-ਰਸ ਮਗਨ ਸੰਤ ਸਿਪਾਹੀ, ਖੱਬੇ ਹੱਥ ਤੇ ਚਿਟਾ ਬਾਜ ਬਿਠਾਈ । ਪਾਰਬ੍ਰਹਮ ਦੇ ਇਸ ਦਰਸ਼ਨ ਤੇ ਖਾਲਸਾ ਮੁਗਧ ਹੋ ਗਿਆ ।

(੩)

ਦਸਮੇਸ਼ ਦਾ ਇਹ ਵਚਿਤ੍ਰ ਦਰਸ਼ਨ ਸੱਚਮੁਚ ਪਾਰਬ੍ਰਹਮ ਦਾ ਅਗੰਮ ਅਨਾਦਿ ਦਰਸ਼ਨ, ਹੈ ਜੇ ਇਸ ਦਰਸ਼ਨ ਦੇ ਸਾਰੇ ਅੰਗਾਂ ਦੇ ਰਹਿਸ ਨੂੰ ਸਰਲ ਬੁਧੀ ਤੇ ਬ੍ਰਿਤੀ ਨਾਲ ਵੀ ਵੇਖਿਆ ਜਾਏ । ਇਸ ਦਰਸ਼ਨ ਦੇ ਕਮਾਲ ਅਰਥ ਸ:

ਕਪੂਰ ਸਿੰਘ ਜੀ ਨੇ ਆਪਣੀ ਪੁਸਤਕ 'The Baisakhi of Guru Gobind Singh' ਦੇ ਅੰਤਕਾ ਨੰ: ੮ ਜਿਸ ਦਾ ਸਿਰਲੇਖ 'The Archtypal Form of Guru Gobind Singh' ਹੈ, ਵਿਚ ਕੀਤੇ ਹਨ। ਕੁਝ ਉਹਨਾਂ ਦੇ ਸਹਾਰੇ ਕੁਝ ਆਪਣੀ ਭਾਵ-ਭਾਵਨੀ ਦੁਆਰਾ ਇਹ 'ਦਸਮੇਸ਼ ਰਹਿਸ' ਇਥੇ ਪ੍ਰਗਟ ਕਰਦਾ ਹਾਂ। 'ਦਸਮੇਸ਼ ਦਰਸ਼ਨ' ਦੀਆਂ ਸਾਰੀਆਂ ਬਰੀਕੀਆਂ ਵਿਚ ਤਾਂ ਜਾਣ ਦੀ ਮੇਰੇ ਵਿਚ ਸਮਰੱਥਾ ਨਹੀਂ ਹੈ ਪਰ ਉਸ ਦਰਸ਼ਨ ਦੇ ਇਹ ਮੋਟੇ ਮੋਟੇ ਅੰਗ ਤਾਂ ਵੇਖਣ ਦਾ ਹੀਆ ਕਰੀਏ। 'ਦਸਮੇਸ਼ ਦੇ—

੧. ਨੀਲੇ ਰੰਗ (ਘੋੜੇ ਦਾ, ਬਸਤਰਾਂ ਦਾ, ਦਸਤਾਰੇ ਦਾ) ਦਾ ਰਹੱਸ।

੨. ਚਿੱਟੇ ਰੰਗ ਦੇ ਬਾਜ਼ ਦਾ ਰਹੱਸ।

੩. ਸਰਬ ਲੋਹ (All Steel) ਦੇ ਸ਼ਸਤ੍ਰਾਂ ਦਾ ਅਹਿਸਾਸ।

ਅਤੇ —

੪. ਹੀਰਿਆਂ ਦੀ ਚਮਕਦੀ ਕਲਗੀ ਦਾ ਰਹਿਸ।

(੪)

੧. ਨੀਲਾ ਰੰਗ

ਦਸਮੇਸ਼ ਜੀ ਜਦੋਂ ੧੬੯੯ ਦੀ ਵਿਸਾਖੀ ਦੇ ਦਿਨ ਭਾਰਤ ਭਰ ਵਿਚੋਂ ਪੁਜੀ ਸੰਗਤ ਦੇ ਸਾਹਮਣੇ ਸੀਸ-ਭੇਟਾ ਲਈ ਸ੍ਰੀ ਸਾਹਿਬ ਸੂਤ ਕੇ ਆਏ ਤਾਂ ਆਪ ਨੇ ਸਾਰਾ ਬਾਣਾ ਬਿਲਕੁਲ ਗੂੜ੍ਹੇ ਨੀਲੇ ਰੰਗ ਦਾ ਪਾਇਆ ਹੋਇਆ ਸੀ। ਆਪ ਮਗਰੋਂ ਵੀ ਵਿਸ਼ੇਸ਼ ਮੌਕਿਆਂ ਤੇ ਇਹ ਪਹਿਰਾਵਾ ਪਾਉਂਦੇ ਰਹੇ। ਹੁਣ ਵੀ ਨਿਹੰਗ ਸਿੰਘ ਇਹੋ ਬਾਣਾ ਪਾਉਂਦੇ ਹਨ। ਆਪ ਦਾ ਘੋੜਾ ਵੀ ਨੀਲਾ ਸੀ।

ਇਹ ਨੀਲਾ ਰੰਗ ਅਨੰਤ, ਅਗੰਮ, ਅਗਾਧ ਪਾਰਬ੍ਰਹਮ ਦਾ ਸੂਚਕ ਹੈ। ਇਹ ਖੀਰ ਸਮੁੰਦਰ ਦੀ ਅਪਰੰਪਰਤਾ ਦਾ ਸੂਚਕ ਹੈ. ਇਹ ਅਨੰਤ ਨਾਗ ਦੇ ਲਾ-ਮਹਿਦੂਦ ਹੋਣ ਦਾ ਸੂਚਕ ਹੈ, ਇਹ ਅਰਬਦ-ਨਰਬਦ ਦੇ ਧੁੰਧੂਕਾਰ ਦਾ ਸੂਚਕ ਹੈ, ਇਹ ਸਾਗਰ ਅਤੇ ਆਕਾਸ਼ ਦੀ ਵਿਸ਼ਾਲਤਾ, ਅਗੰਮਤਾ ਤੇ ਅਨੰਤਤਾ ਦਾ ਸੂਚਕ ਹੈ। ਨੀਲਾ 'ਸਿੰਘ ਅਗੰਮਤਾ' ਦੀ ਝਲਕ ਹੈ ਇਹ ਨਿਰਗੁਣ ਬ੍ਰਹਮ ਦਾ ਚਿੰਨ੍ਹ ਹੈ।

ਇਸ ਵਿਚ ਮਨੁੱਖੀ–ਪੱਧਰ ਤੇ ਬ੍ਰਹਮ ਗਿਆਨੀ (Cosmic man) ਦਾ ਦਰਸ਼ਨ ਹੈ ਜਿਸ ਦੇ ਸੁਭਾ ਦੀ ਵਿਸ਼ਾਲਤਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਸੀ ਹੈ—

ਬ੍ਰਹਮ ਗਿਆਨੀ ਸਦਾ ਨਿਰਲੇਪ ॥
ਜੈਸੇ ਜਲ ਮਹਿ ਕਮਲ ਅਲੇਪ ॥
ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥
ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ ॥
ਜੈਸੇ ਮੈਲੁ ਨ ਲਾਗੈ ਜਲਾ ॥
ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ ॥
ਜੈਸੇ ਧਰ ਊਪਰਿ ਆਕਾਸੁ ॥

ਨੀਲਾ ਰੰਗ 'ਗਗਨ' ਅਤੇ 'ਸਾਗਰ' ਦਾ ਹੈ। 'ਗਗਨ' ਤੇ 'ਸਾਗਰ' ਕਿਸੇ ਸੁਭਾ ਦੇ ਹੀ ਲਖਾਇਕ ਹਨ। ਇਹ ਮਨੁਖੀ ਸੁਭਾ ਦਾ ਆਦਰਸ਼ਕ ਰੰਗ ਹੈ, ਮਨੁੱਖੀ ਆਚਰਨ ਦੇ ਖਾਲਸਈ ਪੱਧਰ ਹਨ। 'ਨਿਰਮਲ ਤੇ ਨਿਰਮਲਾ' 'ਮਨਿ ਹੋਇ ਪ੍ਰਗਾਸ' ਦਾ ਸੁਭਾ ਹੈ, ਨੀਲਾਹਟ ਦਾ ਸੁਭਾ। ਇਹ ਮਨੁਖੀ ਸੁਭਾ ਅਤੇ ਗਿਆਨੀ, ਉਚਾਈ ਅਤੇ ਵਿਕਾਸ, ਰੂਪ ਅਤੇ ਪ੍ਰਕਾਸ਼ ਦੀ ਅਸੀਮਤਾ ਦਾ ਚਿੰਨ੍ਹ ਹੈ। ਨੀਲਾ ਰੰਗ ਖਾਲਸਾ ਹੈ, ਸਤਿ ਹੈ, ਬ੍ਰਹਮ ਗਿਆਨ ਹੈ, ਪ੍ਰਕਾਸ਼ ਹੈ ਅਤੇ ਉਚੀ ਤੋਂ ਉਚੀ ਅਸਲੀਅਤ (Reality) ਦਾ ਲਖਾਇਕ ਹੈ।

ਨੀਲਾ ਘੋੜਾ ਦਸ਼ਮੇਸ਼ ਦਾ ਵਾਹਨ ਹੈ ਪਰ ਬੀਰਤਾ ਦਾ ਵਾਹਨ ਵੀ ਹੈ।

'ਨੀਲੇ ਘੋੜੇ' ਵਿਚ ਦੋ ਤੱਤ ਹਨ : ਨੀਲੇਪਨ ਦਾ ਜਿਸ ਦੀ ਵਿਆਖਿਆ ਉਪਰ ਆ ਗਈ ਹੈ ਜੋ ਖਾਲਸਾ-ਪਨ ਦੀ ਲਖਾਇਕ ਹੈ ਅਤੇ 'ਘੋੜੇ' ਦਾ ਜੋ ਸਿਪਾਹੀ ਦਾ ਮਿਤ੍ਰ ਹੈ, ਸਿਪਾਹੀ ਦਾ ਸਾਥੀ ਤੇ ਸਿਪਾਹੀ ਦੀ ਜਾਨ। 'ਨੀਲਾ' 'ਸੰਤ' ਦਾ ਚਿੰਨ੍ਹ ਹੈ, ਅਤੇ 'ਘੋੜਾ' ਸਿਪਾਹੀ ਦਾ ਅਤੇ 'ਨੀਲਾ ਘੋੜਾ' 'ਸੰਤ ਸਿਪਾਹੀ' ਦਾ। 'ਨੀਲਾ' ਬ੍ਰਹਮ ਗਿਆਨ ਦਾ ਚਿੰਨ੍ਹ ਹੈ ਅਤੇ 'ਘੋੜਾ' 'ਸ਼ਕਤੀ' ਦਾ, 'ਨੀਲਾ' 'ਭਗਤੀ' ਦਾ ਚਿੰਨ੍ਹ ਹੈ ਅਤੇ ਘੋੜਾ 'ਸ਼ਕਤੀ' ਦਾ, 'ਨੀਲਾ' 'ਜੋਗ' ਦਾ ਚਿੰਨ੍ਹ ਹੈ ਅਤੇ 'ਘੋੜਾ' 'ਰਾਜ' ਦਾ। ਸੋ 'ਨੀਲਾ' 'ਘੋੜਾ' ਤੇ ਇਕ ਮੁਕੰਮਲ ਜੀਵਨ ਫਲਸਫਾ ਹੈ, ਇਹ ਤੇ ਇਕ ਸਦੀਵੀ ਆਦਰਸ਼ ਹੈ, ਇਕ ਸਾਮਿਕ ਚੀਜ਼ ਨਹੀਂ।

੨—ਚਿੱਟਾ ਬਾਜ਼

ਇੰਨ ਬਿੰਨ, 'ਨੀਲੇ ਘੋੜੇ' ਦੀ ਤਰ੍ਹਾਂ 'ਚਿੱਟਾ ਬਾਜ਼' ਵੀ ਇਕ ਜੀਵਨ ਫਲਸਫਾ ਹੈ ਜਿਸ ਵਿਚ 'ਚਿੱਟਾਪਨ' ਆਤਮਿਕ ਗਿਆਨ, ਆਤਮਿਕ ਅਵਸਥਾ ਅਤੇ ਅਮਨ ਦਾ ਸੂਚਕ ਹੈ। ਚਿੱਟਾਪਨ ਆਤਮਕ ਦੀ ਸਾਤਵਕ ਦਸ਼ਾ ਦਾ ਲਖਾਇਕ ਹੈ। ਚੰਗਿਆਈ ਆਚਰਨ ਦੀ ਉਚਾਈ ਦਾ ਚਿੰਨ੍ਹ ਚਿੱਟਾ ਹੈ—ਸੇਤੰਬਰ ਹੈ।

ਬਾਜ਼' ਦੀ ਪੰਛੀਆਂ ਵਿਚ ਅਜਬ ਸ਼ੋਭਾ ਹੈ ਜਿਵੇਂ ਸਿੰਘ ਦੀ ਮਿਰਗਾਂ ਵਿਚ ਹੈ। 'ਬਾਜ਼' ਪੰਛੀਆਂ ਵਿਚੋਂ ਸਭ ਤੋਂ ਵਧੀਕ ਸ਼ਕਤੀਸ਼ਾਲੀ ਪੰਛੀ ਹੈ। ਇਹ ਸਮਰਥਾ ਅਤੇ ਸ਼ਕਤੀ ਦਾ ਸਰੂਪ ਮੰਨਿਆ ਗਿਆ ਹੈ।

ਇਸ ਲਈ 'ਚਿੱਟਾ ਬਾਜ਼' ਭਗਤੀ ਤੇ ਸ਼ਕਤੀ, ਸੰਤ ਤੇ ਸਿਪਾਹੀ' ਰਾਜ ਤੇ ਜੋਗ ਦਾ ਹੀ ਚਿੰਨ੍ਹ ਬਣਿਆ। 'ਨੀਲਾ ਘੋੜਾ' ਅਤੇ 'ਚਿੱਟਾ ਬਾਜ਼' ਦੋਵੇਂ ਦਸਮੇਸ਼ ਜੀ ਦੀ ਜੀਵਨ ਫ਼ਲਾਸਫ਼ੀ ਨੇ ਆਪ ਖਾਲਸੇ ਨੂੰ ਪਰਦਾਨ ਕੀਤੇ, ਦੇ ਲਖਾਇਕ ਹਨ। ਦਸਮੇਸ਼ ਜੀ ਹੀ ਅਨੰਤ ਪਾਰਬ੍ਰਹਮ ਹਨ,ਦਸਮੇਸ਼ ਜੀ ਹੀ ਦੁਸ਼ਟ-ਦਮਨ ਸਿਪਾਹੀ ਹਨ, ਦਸਮੇਸ਼ ਜੀ ਹੀ ਅਧਿਆਤਮਕਤਾ ਦੀ ਸਿਖਰ ਹਨ।

੩—ਸਰਬ ਲੋਹ

ਦਸਮੇਸ਼ ਜੀ ਦੇ ਹਥ ਵਿਚ ਸ਼ਸਤ੍ਰ ਹਨ, ਸਰਬ ਲੋਹ ਦੇ। ਸ਼ਸਤ੍ਰਧਾਰੀ ਹੋਣ ਤੇ ਆਪਣੇ ਸ਼ਸਤ੍ਰ ਦੀ ਦਮਕ ਨੂੰ ਕਾਇਮ ਰਖ ਸਕਣਾ ਪੂਰਨ ਸੁਤੰਤਰਤਾ ਅਤੇ ਸਵਰਾਜ ਦਾ ਚਿੰਨ੍ਹ ਹੈ। ਦਸਮੇਸ਼ ਜੀ ਲਈ 'ਸਰਬ ਲੋਹ' 'ਪਾਰਬ੍ਰਹਮ' ਦਾ ਲਖਾਇਕ ਹੈ ਅਤੇ 'ਸ਼ਸਤ੍ਰ' ਵੀ 'ਪਾਰਬ੍ਰਹਮ' ਦੇ ਲਖਾਇਕ ਹਨ :—

ਅਕਾਲ ਪੁਰਖ ਦੀ ਰਛਾ ਹਮਨੈ ॥
ਸਰਬ ਲੋਹ ਦੀ ਰਛਿਆ ਹਮਨੈ ॥
ਸਰਬ ਕਾਲ ਜੀ ਦੀ ਰਛਿਆ ਹਮਨੈ ॥
ਸਰਬ ਲੋਹ ਜੀ ਦੀ ਰਛਿਆ ਹਮਨੈ ॥

(ਅਕਾਲ ਉਸਤਤਿ)

ਅਤੇ—ਨਮਸਕਾਰ ਸ੍ਰੀ ਖੜਗ ਕੋ ਕਰੋ ਸੁ ਹਿਤ ਚਿਤੁ ਲਾਇ ॥
ਪੂਰਨ ਕਰੌ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ ॥

(ਬਚਿਤ੍ਰ ਨਾਟਕ)

ਅਤੇ ਇਹ ਸ਼ਸਤ੍ਰ ਕਰਦੇ ਕੀ ਹਨ ?

ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥

(ਬਚਿਤ੍ਰ ਨਾਟਕ)

'ਦਸਮੇਸ਼' ਜੀ ਦਾ 'ਅਕਾਲ ਪੁਰਖ'

ਨਮੋ ਸਸਤ੍ਰ ਪਾਣੇ ॥
ਨਮੋ ਅਸਤ੍ਰ ਮਾਣੇ ॥

ਹੈ। ਕਿਉਂਕਿ ਉਸ ਨੇ ਧਰਮ ਦੀ ਰਾਖੀ ਕਰਨੀ ਹੈ ਅਤੇ 'ਧਰਮੰਧੁਜਾ' ਹੈ। ਇਹਨਾਂ ਸ਼ਸਤ੍ਰਾਂ ਦਾ ਰੂਪ ਹੋਣ ਕਰ ਕੇ ਹੀ ਵਾਹਿਗੁਰੂ—

ਗ਼ਨੀਮੁਲ ਸ਼ਿਕਸਤੈ ॥ ਗ਼ਰੀਬੁਲ ਪਰਸਤੈ ॥

ਹੈ।

ਇਹ 'ਸਰਬ ਲੋਹ' ਦੇ ਸ਼ਸਤ੍ਰ ਹੀ ਖਾਲਸੇ ਦੀ ਸੁਤੰਤਰਤਾ ਤੇ ਖਾਲਸਾ ਪੰਥ ਦੇ ਕਰਤਵ ਦਾ ਚਿੰਨ੍ਹ ਹਨ।

ਇਹਨਾਂ ਸ਼ਸਤ੍ਰਾਂ ਨੇ ਹੀ ਅਗਿਆਨਤਾ ਦਾ ਪਰਦਾ ਚੀਰਨਾ ਹੈ ਅਤੇ ਆਮਤਕ ਗਿਆਨ ਦਾ ਪਰਕਾਸ਼ ਦੇਣਾ ਹੈ। ਸੁ ਇਹ ਸ਼ਸਤ੍ਰ ਸੁਤੰਤਰਤਾ, ਸਵਰਾਜ ਅਤੇ ਆਤਮਕ-ਗਿਆਨ ਦੇ ਲਖਾਇਕ ਹਨ। ਇਹ 'ਸੰਤ ਸਿਪਾਸੀ' ਤੇ 'ਰਾਜ ਜੋਗ' ਦੇ ਹੀ ਚਿੰਨ੍ਹ ਨਿਕਲੇ।

੪—ਹੀਰਿਆਂ ਦੀ ਕਲਗੀ

'ਹੀਰਾ' ਸ਼ੁਧ, 'ਅਮੁਲ' ਪਵਿਤਰ, ਰੋਸ਼ਨ ਵਸਤੂ ਹੈ, ਇਹ ਰੋਸ਼ਨੀ ਦਾ ਚਿੰਨ੍ਹ ਮੰਨਿਆ ਗਿਆ ਹੈ ਅਤੇ ਇਹ ਸੁਵਰਗਾਂ ਦਾ ਲਖਾਇਕ ਮੰਨਿਆ ਹੈ। ਕਲਗੀ ਲੀਡਰ ਦਾ ਚਿੰਨ੍ਹ ਹੈ, ਜੋਧੇ ਸੂਰਬੀਰ ਦਾ ਚਿੰਨ੍ਹ ਹੈ।

ਅਰਥ ਉਸੇ ਦਸਮੇਸ਼ ਸਰੂਪ ਤੇ ਜਾਂ ਉਸੇ — 'ਸੰਤ ਸਿਪਾਹੀ' 'ਰਾਜ ਜੋਗੀ' ਦਾ ਹੈ। ਦਸਮੇਸ਼ ਨੇ ਇਹੋ ਰੂਪ ਤੇ ਆਦਰਸ਼ ਖਾਲਸੇ ਨੂੰ ਦਿਤਾ ਹੈ।

(੫)

'ਦਸਮੇਸ਼' ਜੀ ਨੇ ਇਸ ਫ਼ਲਸਫ਼ੇ ਦਾ ਚਿੰਨ੍ਹ 'ਅੰਮ੍ਰਿਤ' 'ਖੰਡੇ ਦਾ ਅੰਮ੍ਰਿਤ' ਬਣਾਇਆ ਅਤੇ ਇਹ 'ਖਾਲਸੇ' ਦੇ ਅੰਦਰ ਪਾ ਦਿਤਾ। ਜਪੁ, ਜਾਪੁ ਵਿਚ 'ਨੀਲਾਹਟ' ਹੈ।

'੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥' ਦੀ ਅਤੇ —
'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਦੀ ਅਤੇ
'ਅਚਲ ਮੂਰਤਿ ਅਨੁਭਉ ਪ੍ਰਕਾਸ ਅਮਿਤੋਜਿ ਕਹਿੱਜੈ' ਦੀ।

'ਖੰਡਾ' 'ਮੀਰੀ ਪੀਰੀ' 'ਸੰਤ ਸਿਪਾਹੀ' ਦਾ ਚਿੰਨ੍ਹ ਹੈ ਕਿਉਂਕਿ ਉਸ ਵਿਚ 'ਮੀਰੀ

ਪੀਰੀ ਦੀਆਂ ਦੋਵੇਂ ਤਲਵਾਰਾਂ ਸਮਾਈਆਂ ਹੋਈਆਂ ਹਨ । ਜਲ ਦੀ ਪਵਿਤਰਤਾ, ਪਤਾਸਿਆਂ ਦੀ ਮਿਠਾਸ ਤੇ ਕਲਗੀਧਰ ਦੀ ਤਕਣੀ, ਲਿਵ ਤੇ ਸਮਾਧੀ ਅੰਮ੍ਰਿਤ ਵਿਚ ਸਥਿਰ ਹਨ ।

ਅੰਮ੍ਰਿਤ ਦਸਮੇਸ਼ ਦਾ ਆਪਾ ਹੈ ।
ਦਸਮੇਸ਼ ਪਾਰਬ੍ਰਹਮ ਦਾ ਰੂਪ ਹੈ ।

ਭਾਗ ਦੂਜਾ

ਦਸਮ ਗ੍ਰੰਥ

ਜਾਪੁ : ਕਰਮ ਨਾਮ ਬਰਨਤ

(੧)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬ੍ਰਹਮ ਪਰਮਾਤਮਾ ਨੂੰ ਆਪ ਕੋਈ ਵੀ ਨਾਮ ਨਹੀਂ ਦਿਤਾ। ਉਸ ਨੂੰ ਆਪ ਨੇ 'ਜਿਹ' 'ਤਵ' ਦੇ ਪੜਨਾਵਾਂ ਦੁਆਰਾ ਹੀ ਦਰਸਾਇਆ ਹੈ —

'ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ'

ਅਤੇ—

'ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ' ॥

'ਜਾਪੁ ਸਾਹਿਬ ਵਿਚ 'ਨਮਸਤ੍ਵੰ' 'ਨਮਸਤੰ' ਕਹਿ ਕੇ ਸੰਬੋਧਨ ਕੀਤਾ ਹੈ। ਉਸ ਦਾ ਕੋਈ ਨਾਮ ਸੰਭਵ ਨਹੀਂ ਹੈ। ਪਰ ਜਾਪਦਾ ਹੈ ਕਿ ਸ਼ਾਇਦ ਮਗਰੋਂ ਜਿਸ ਨਾਮ ਨੂੰ ਆਪ ਨੇ ਪਰਵਾਨ ਕੀਤਾ ਹੈ, ਉਹ 'ਵਾਹਿਗੁਰੂ' ਹੈ। ਇਹ ਵੀ ਕੋਈ ਵਿਸ਼ੇਸ਼ ਨਾਮ ਨਹੀਂ ਹੈ, ਸਗੋਂ ਇਕ ਅਚੰਭਤ ਦਸ਼ਾ ਦੀ ਲਖਤਾ ਹੈ। 'ਵਾਹਿਗੁਰੂ' ਇਕ ਵਿਸਮਾਦੀ ਦਾ ਬਿਆਨ ਹੈ ਜੋ ਕਿ ਉਸ ਦੇ ਮਹਾਨ ਕਰਤਵ ਦੇਖ ਕੇ ਮਨ ਵਿਚ ਪੈਦਾ ਹੁੰਦੀ ਹੈ। ਉਸ ਸਰਬ-ਵਿਆਪਕ ਮਹਾਨ ਸ਼ਕਤੀ ਦਾ ਕੋਈ ਵੀ ਨਾਮ ਸੰਭਵ ਨਹੀਂ ਹੈ :

ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਉਸ ਦੇ ਕਰਤਵਾਂ ਤੋਂ ਹੀ ਬਿਆਨ ਕਰਨਾ ਠੀਕ ਸਮਝਿਆ ਹੈ। ਆਪ ਨੇ ਆਪਣੇ ਸਾਰੇ ਗ੍ਰੰਥਾਂ-ਅਕਾਲ ਉਸਤਤਿ, ਬਚਿਤ੍ਰ ਨਾਟਕ;ਗਿਆਨ ਪ੍ਰਬੋਧ ਆਦਿ—ਵਿਚ 'ਵਾਹਿਗੁਰੂ' ਨੂੰ ਕੇਵਲ ਉਸ ਦੇ ਕਰਮ ਨਾਮਾਂ ਦੁਆਰਾ ਹੀ ਬਿਆਨ ਕੀਤਾ ਹੈ।

'ਜਾਪੁ' ਨਿਰੋਲ 'ਕਰਮ ਨਾਮ ਬਰਨਤ' ਦੀ ਬਾਣੀ ਹੈ। ਬਾਕੀ ਬਾਣੀਆਂ ਜਿਵੇਂ ਅਕਾਲ ਉਸਤਤਿ, ਬਚਿਤ੍ਰ ਨਾਟਕ ਤੇ 'ਗਿਆਨ ਪ੍ਰਬੋਧ' ਵਿਚ 'ਕਰਮ ਨਾਮ ਬਰਨਤ' ਤੇ ਹੈ ਪਰ ਹੈ ਕੇਵਲ 'ਮੰਗਲਾਚਰਨ' ਰੂਪ ਵਿਚ। ਪਰ 'ਜਾਪੁ' ਸਾਹਿਬ ਕੇਵਲ 'ਕਰਮ ਨਾਮ ਬਰਨਤ' ਹੈ, ਇਸ ਵਿਚ ਹੋਰ ਕੋਈ ਵਿਸ਼ਾ,ਕਹਾਣੀ, ਨਾਟਕ ਨਹੀਂ ਛੋਹਿਆ, ਜਿਵੇਂ 'ਅਕਾਲ ਉਸਤਤਿ', 'ਬਚਿਤ੍ਰ ਨਾਟਕ' ਅਤੇ 'ਗਿਆਨ ਪ੍ਰਬੋਧ' ਵਿਚ ਕੀਤਾ ਹੈ। ਜਾਂ ਅਸੀਂ ਇਹ ਮੰਨ ਸਕਦੇ ਹਾਂ ਕਿ 'ਜਾਪੁ' ਸਾਰੇ 'ਦਸਮ ਗ੍ਰੰਥ' ਕਾ 'ਮੰਗਲਾਚਰਨ' ਹੈ।

ਇਸ ਵਾਸਤੇ 'ਜਾਪੁ' ਵਿਸ਼ੁਧ ਰੂਪ ਵਿਚ 'ਵਾਹਿਗੁਰੂ-ਦਰਸ਼ਨ' ਹੈ, ਨਿਰੋਲ ਫਲਸਫਾ ਹੈ। 'ਵਾਹਿਗੁਰੂ' ਦੇ ਅਨੇਕ 'ਕਰਮ ਨਾਮ ਬਰਨਤ' — ਪੱਖਾਂ ਨੂੰ ਅਕਾਲ ਉਸਤਤਿ, 'ਬਚਿਤ੍ਰ ਨਾਟਕ' ਅਤੇ 'ਗਿਆਨ ਪ੍ਰਬੋਧ' ਵਿਚ ਛੋਹਿਆ ਗਿਆ ਹੈ, ਉਹ ਬੜੇ ਹੀ ਵਚਿਤਰ ਪੱਖ ਹਨ, ਪਰ 'ਜਾਪੁ' ਸਾਹਿਬ ਵਿਚ ਦਸਮੇਸ਼ ਜੀ ਨੇ 'ਕਰਮ ਨਾਮ ਬਰਨਤ' ਦੀ ਹਦ ਮੁਕਾਈ ਹੈ। ਸੋ 'ਜਾਪੁ' ਵਿਚ ਜਿਵੇਂ ਆਪ ਨੇ 'ਕਰਮ ਨਾਮ ਬਰਨਤ' ਦੁਆਰਾ ਅਕਥ ਕਥਾ ਕਥੀ ਹੈ, ਉਸ ਦਾ ਝਾਵਲਾ ਵੇਖਣ ਦਾ ਉਪਰਾਲਾ ਕਰਦੇ ਹਾਂ।

(੨)

'ਜਾਪੁ' ਦਾ ਪਹਿਲਾ ਛੰਦ—ਛਪੈ ਛੰਦ—ਇਸ ਪਰਕਾਰ ਹੈ :—

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿੱਜੈ ॥

ਤ੍ਰਿਭਵਣ ਮਹੀਪ ਸੁਰ ਨਰ ਅਸੁਰ
ਨੇਤ ਨੇਤ ਬਣ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ
ਨਾਮ ਬਰਨਤ ਸੁਮਤ ॥ ੧ ॥

ਇਹ ਛੰਦ ਇਕ ਤਰ੍ਹਾਂ 'ਜਾਪੁ' ਦੀ ਭੂਮਿਕਾ ਵੀ ਹੈ ਅਤੇ 'ਮੂਲ ਮੰਤ੍ਰ' ਵੀ ਹੈ। ਇਸ ਵਿਚ ਉਸ—'ਵਾਹਿਗੁਰੂ' ਬਾਰੇ ਇਹ ਨਿਰਨੇ ਕੀਤੇ ਹਨ :—

(ੳ) 'ਵਾਹਿਗੁਰੂ' ਸਰੀਰ ਨਹੀਂ ਹੈ, ਭਾਵ ਹੈ, ਨਿਯਮ ਹੈ, ਨਿਰਲੇਪ ਸ਼ਕਤੀ ਹੈ—ਉਹ 'Principle' ਹੈ ਜਾਂ Principal, Principle (ਮੁਖ ਨਿਯਮ) ਹੈ, ਉਹ ਆਦਰਸ਼ Ideal ਹੈ, ਉਹ ਸਿਧਾਂਤ Theory ਹੈ, ਉਹ Absoluteness ਹੈ, ਵਿਅੱਕਤਵ ਨਹੀਂ ਹੈ।

ਇਸੇ ਲਈ ਉਹ—'ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ' ਹੈ 'ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ' ਹੈ। ਘਟੋ ਘਟ ਕਿਸੇ ਮਨੁਖ ਦੀ ਸੀਮਾ ਵਿਚ ਨਹੀਂ ਹੈ ਕਿ ਉਸ ਦੇ ਆਕਾਰ ਨੂੰ ਜਾਣੇ—'ਕੋਊ ਕਹਿ ਨ ਸਕਤ ਕਿਹ'। ਉਹ ਕੋਈ ਸ਼ਕਤੀ ਹੈ, ਸੂਖਮ ਹੋਂਦ ਹੈ, ਸਿਧਾਂਤ ਤੇ ਉਦੇਸ਼ ਹੈ, ਨਾ ਕਿ ਸਰੀਰ।

(ਅ) 'ਵਾਹਿਗੁਰੂ' ਤਾਂ 'ਅਚਲ ਮੂਰਤਿ' ਹੈ — Immortal Beauty ਉਹ ਐਸੀ ਸੁੰਦਰਤਾ ਹੈ ਜੋ ਚਲਾਇਮਾਨ ਨਹੀਂ ਹੈ, ਜੋ ਅਬਿਨਾਸ਼ੀ ਹੈ, "ਸੁੰਦਰਤਾ' ਹੈ। 'ਸੁੰਦਰਤਾ' ਆਕਾਰ ਨਹੀਂ ਹੈ, ਸੁੰਦਰਤਾ 'ਭਾਵ' ਹੈ। ਸੁੰਦਰਤਾ' ਕਿਸੇ ਸ਼ਕਤੀ ਦਾ ਸਾਰ ਰੂਪ ਹੈ। ਸੁੰਦਰਤਾ ਕਿਸੇ ਪ੍ਰਕਾਸ਼ ਨੂੰ ਪ੍ਰਕਾਸ਼ਮਾਨ ਕਰਨ ਦਾ ਯਤਨ ਹੈ। 'ਵਾਹਿਗੁਰੂ' ਅਬਿਗਤ ਸੁੰਦਰਤਾ ਹੈ। ਇਸ ਸੁੰਦਰਤਾ ਦਾ ਝਾਵਲਾ ਮਨੁਖੀ ਸੁੰਦਰਤਾ, ਬੁਧੀ ਬਲ, ਸੁਘੜ ਸ਼ਖਸੀਅਤ, ਸਾਊ ਆਚਰਨ ਵਿਚੋਂ ਵਜਦਾ ਹੈ। ਬ੍ਰਹਮ ਜੋਤਿ ਮਨੁਖ ਅੰਦਰ ਪਰਵੇਸ਼ ਕਰਦੀ ਹੈ ਅਤੇ ਉਸ ਦੇ ਸੁਰਤ, ਮਨ, ਬੁਧ ਵਿਚ ਚਮਤਕਾਰ ਉਤਪੰਨ ਕਰਦੀ ਹੈ। ਜਾਗਤ 'ਜੋਤਿ' ਦੀ ਸੁੰਦਰਤਾ ਹੈ।

(ੲ) ਵਾਹਿਗੁਰੂ 'ਅਨਭਉ ਪ੍ਰਕਾਸ' ਹੈ — Intuition ਹੈ।

ਵਾਹਿਗੁਰੂ ਨੂੰ ਕੇਵਲ ਅਦਰੋਂ Intuition ਸ਼ਬਦ ਰੂਪ ਵਿਚ ਜਾਣਿਆ ਜਾ ਸਕਦਾ ਹੈ। ਉਹ 'ਅਨੁਭਵ' ਹੋਣ ਵਾਲੀ ਸ਼ਕਤੀ ਹੈ ਜਾਂ ਪ੍ਰਕਾਸ਼ ਹੈ। ਅਨੁਭਵ ਵਿਚ ਪ੍ਰਕਾਸ਼ਮਾਨ ਹੁੰਦਾ ਰਹਿੰਦਾ ਹੈ। ਜਿਤਨੇ ਮਿਠੇ ਕੋਮਲ ਭਾਵ ਹਨ ਤੇ ਅਨੁਭਵ ਹਨ, ਉਹ ਸਾਰੇ ਵਾਹਿਗੁਰੂ ਚਮਤਕਾਰ ਹਨ। ਪਿਆਰ, ਕੋਮਲਤਾ, ਮਿੱਠਤ, ਵਿਸ਼ਵਾਸ, ਸਾਹਸ, ਦਲੇਰੀ, ਗਿਆਨ, ਆਸ਼ਾ, ਨਿਰਲੇਪਤਾ—ਦੇ ਕੋਮਲ ਅਨੁਭਵਾਂ ਵਿਚ ਉਹ ਪਤਾ ਲਗਦਾ ਹੈ। ਅੰਦਰੋਂ ਜੋ ਕੁਝ ਗਿਆਨ ਪ੍ਰਗਟ ਹੁੰਦਾ ਹੈ, ਇਹ ਉਸ ਦਾ ਚਮਤਕਾਰ ਹੈ, ਜੋ ਜੁਰਤ ਦਲੇਰੀ ਸਾਹਸ ਹੈ, ਇਹ ਉਸ ਦਾ ਚਮਤਕਾਰ ਹੈ। ਆਪਣੇ ਅਹਿਸਾਸਾਂ, ਮਨੋਭਾਵਾਂ ਤੇ ਸੁਰਤੀ ਵਿਚ ਉਸ ਨੂੰ ਮਹਿਸੂਸਿਆ ਜਾ ਸਕਦਾ ਹੈ।

(ਸ) ਉਹ 'ਅਮਿਤੋਜਿ' (Infinite) ਹੈ। ਉਸ ਦੀ ਕੋਈ ਸੀਮਾ ਨਹੀਂ ਹੈ। ਜਿਥੇ ਵੀ ਉਸ ਦੀ ਸੀਮਾ ਨਿਸਚਿਤ ਕਰੀਏ, ਉਹ ਹੋਰ ਉਚੇਰਾ ਹੋ ਜਾਂਦਾ ਹੈ। ਭਾਵ ਉਹ ਸਦਾ ਵਿਕਾਸ ਕਰਦਾ ਹੈ, ਸਦਾ ਉਨਤੀ ਕਰਦਾ ਤੇ ਉਨਿਤ ਹੁੰਦਾ ਰਹਿੰਦਾ ਹੈ, ਉਹ ਸਦਾ ਅਗੇਰੇ ਵਧਦਾ ਰਹਿੰਦਾ ਹੈ, ਉਹ Dynamism ਹੈ, Progress ਹੈ, Evolve ਕਰਦਾ ਰਹਿੰਦਾ ਹੈ। ਵਾਹਿਗੁਰੂ ਕਿਤੇ ਰੁਕਦਾ, ਹੰਭਦਾ, ਥੱਕਦਾ ਨਹੀਂ ਹੈ। ਉਹ ਇਸ ਲਈ ਆਤਮਿਕ, ਮਾਨਸਿਕ, ਸਦਾਚਾਰਕ ਪਰਗਤੀ ਹੈ, ਸਦਾ ਅਗੇ ਵਧਦੇ ਜਾਣਾ, ਉਨਿਤ ਹੁੰਦੇ ਰਹਿਣਾ ਹੈ। ਅੰਤਮ ਸੀਮਾ ਉਨਤੀ ਦੀ ਕੋਈ ਨਹੀਂ ਹੁੰਦੀ।

(ਹ) ਉਹ 'ਸਾਹ ਸਾਹਾਣਿ' ਹੈ—Master of Masters, ਭਾਵ ਉਹ ਸ਼ਕਤੀਆਂ ਦੇ ਸਿਰ ਸ਼ਕਤੀ ਹੈ (Supreme) ਹੈ। ਉਸ ਤੋਂ ਉਪਰ ਜਾਂ ਪਰੇ ਕੋਈ ਹੋਰ ਸ਼ਕਤੀ ਨਹੀਂ ਹੈ। ਉਹ ਸਾਰੀਆਂ ਸ਼ਕਤੀਆਂ ਆਤਮਿਕ, ਮਾਨਸਿਕ, ਸਦਾਚਾਰਕ, ਸਰੀਰਕ, ਬੋਧਿਕ, ਰਾਜਸੀ, ਸਮਾਜੀ ਦਾ ਸੋਮਾ ਹੈ। ਉਹ ਹਰ ਸ਼ਕਤੀ ਦਾ ਮੂਲ ਹੈ।

(ਕ) ਉਹ ਅਨੂਪ–ਨੇਤ ਨੇਤ ਹੈ (Incomparable Unique) ਕੇਵਲ ਇਕੋ ਹੀ ਸ਼ਕਤੀ Infinite. Supreme ਆਦਿ ਹੋ ਸਕਦੀ ਹੈ।

(ਖ) ਉਸ ਨੂੰ 'ਕਰਮ ਨਾਮ' ਬਰਨਤ ਕੀਤਾ ਜਾ ਸਕਦਾ ਹੈ। ਉਸ ਦੇ

ਕਰਤੱਵ ਨੂੰ ਵੇਖ ਕੇ ਉਸ ਦਾ ਅਨੁਮਾਨ (Inference) ਹੀ ਹੋ ਸਕਦਾ ਹੈ ਪੱਖੇ ਨੂੰ ਚਲਦਾ ਵੇਖ ਕੇ ਅਨੁਮਾਨ ਹੁੰਦਾ ਹੈ ਬਿਜਲੀ ਦਾ। ਅਨੇਕ ਵਿਸਮਾਦੀ ਕਰਤੱਵਾਂ ਵਿਚੋਂ ਅਨੁਮਾਨ ਹੁੰਦਾ ਹੈ, ਉਸ ਸ਼ਕਤੀ ਦਾ।

ਸੋ ਵਾਹਿਗੁਰੂ ਹੈ ਸੂਖਮ ਨਿਯਮ (Principle,) ਅਬਿਨਾਸ਼ੀ ਸੁੰਦਰਤਾ (Immortal Beauty) ਅਨਭਉ ਪ੍ਰਕਾਸ਼ (Intuitive wisdom) ਅਮਿਤੋਜਿ (Infinite power, ਓਜ), ਸਾਹੁ ਸਾਹਾਣਿ (Supreme Governor), ਨੇਤ ਨੇਤ (Incomparable) ਅਤੇ ਕਰਮ ਨਾਮ (Inference), ਜਿਸ ਹਿਸੇ ਵਿਚ ਉਹ ਪਰਵੇਸ਼ ਕਰਦਾ ਹੈ, ਪ੍ਰਕਾਸ਼-ਮਾਨ ਹੁੰਦਾ ਹੈ, ਉਥੇ ਨਿਯਮ, ਸੁੰਦਰਤਾ, ਅਨੁਭਵੀ ਸਿਆਣਪ, ਅਨੰਤ ਅਗਮੀ ਉਨਤੀ ਲਈ ਲਗਨ, ਸਿਖਰਾਂ ਨੂੰ ਛੋਹਣ ਦਾ ਬਲ, ਪੈਦਾ ਹੁੰਦੇ ਹਨ। ਇਹਨਾਂ ਦਾ ਪ੍ਰੇਮ ਉਤਪੰਨ ਹੁੰਦਾ ਹੈ।

(੩)

'ਵਾਹਿਗੁਰੂ' ਜੀ ਬਾਰੇ ਜੋ ਆਖਰਾਂ ਦੀ ਗਲ ਦਸਮੇਸ਼ ਜੀ ਨੇ 'ਜਾਪੁ' ਦੇ ਅੰਤ ਤੇ ਕਹੀ ਹੈ, ਉਹ ਇਸ ਪਰਕਾਰ ਹੈ।

ਚਤ੍ਰ ਚਕ੍ਰ ਵਰਤੀ ਚਤ੍ਰ ਚਕ੍ਰ ਭੁਗਤੇ ॥
ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥
ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥
ਸਦਾ ਅੰਗ-ਸੰਗੇ ਅਭੰਗੰ ਬਿਭੂਤੇ ॥ ੧੯੯ ॥

ਵਾਹਿਗੁਰੂ ਸ਼ਕਤੀ ਦਾ ਇਕ ਪਰਕਾਸ਼ ਹੈ, ਅਕਾਰ ਨਹੀਂ ਹੈ, ਇਸੇ ਲਈ ਉਹ ਹਰ ਕਿਸੇ ਦੇ 'ਸਦਾ ਅੰਗ ਸੰਗੇ' ਰਹਿੰਦਾ ਹੈ। ਉਹ ਸਦਾ

(ੳ) 'ਚਤ੍ਰ ਚਕ੍ਰ ਵਰਤੀ' ਹੈ ਚੌਹਾਂ ਚੱਕਾਂ ਵਿਚ ਵਰਤ ਰਹਿਆ ਹੈ। ਕੋਈ ਸਰੀਰ ਜਾਂ ਅਕਾਰ ਸਦਾ ਚੌਹਾਂ ਚੱਕਾਂ ਵਿਚ ਨਹੀਂ ਵਰਤ ਸਕਦਾ। ਪਰ ਸ਼ਕਤੀ ਹਰ ਪਾਸੇ ਪਸਰ ਸਕਦੀ ਹੈ, ਬਿਰਤੀ, ਪ੍ਰਕਾਸ਼, ਅਨੁਭਵ, ਬੁੱਧੀ ਹਰ ਪਾਸੇ ਲਾ ਸਕਦੇ ਹਨ।

(ਅ) ਓਹ 'ਚਤ੍ਰ ਚਕ੍ਰ ਭੁਗਤੇ' ਹੈ। ਹਰ ਪਾਸੇ ਨੂੰ ਭੋਗ ਮਾਣ ਰਿਹਾ ਹੈ। ਉਹ ਹਰ ਹਿਰਦੇ ਦੀ ਸੇਜਾ ਤੇ ਬੈਠਾ ਉਸ ਨੂੰ ਭੋਗ ਰਿਹਾ ਹੈ। ਉਹ ਮਨੁਖੀ ਸੁਰਤੀ ਬਿਰਤੀ ਦੀ ਸ਼ਕਤੀ ਹੈ।

(ੲ) ਉਹ 'ਸੁਯੰਭਵ ਸੁਭੈ' ਹੈ। ਉਹ ਆਪਣੇ ਆਪ ਤੋਂ ਹੀ ਪ੍ਰਕਾਸ਼-ਮਾਨ ਹੋ ਕੇ ਹਰ ਪਾਸੇ ਹਰ ਹਿਰਦੇ ਵਿਚ ਸ਼ੋਭ ਰਿਹਾ ਹੈ। ਉਹ ਪ੍ਰਕਾਸ਼, ਸਿਆਣਪ, ਬੁਧੀ ਚੇਤਨਤਾ ਹੈ ਜੋ ਸੁਤੇ-ਸਿਧ ਹੈ। ਕੋਈ ਆਕਾਰ ਵਾਲੀ ਚੀਜ਼ ਆਪਣੇ ਆਪ ਵਿਚੋਂ ਪ੍ਰਗਟ ਨਹੀਂ ਹੁੰਦੀ।

(ਸ) ਉਹ 'ਸਰਬ ਜੁਗਤੇ' ਹੈ—ਸਭ ਦੇ ਨਿਰੰਤਰ ਮਿਲਿਆ ਹੋਇਆ ਹੈ। ਉਹ ਮਨੁਖੀ ਅਨੁਭਵ ਅਤੇ ਹਿਰਦੇ ਦੀ ਹੀ ਅਵਸਥਾ ਹੈ।

(ਹ) 'ਦੁਕਾਲੰ ਪ੍ਰਣਾਸੀ' ਹੈ—ਪੂਰਨ ਪ੍ਰਕਾਸ਼, ਬੁਧੀ, ਸਿਆਣਪ, ਜੁਗਤੀ ਹੈ ਜਿਸ ਦੁਆਰਾ ਮਨੁਖ ਪਾਪ ਅਤੇ ਦੁਕਾਲੰ (ਭੈੜੇ ਸਮੇਂ) ਤੋਂ ਬਚਦਾ ਹੈ। ਵਾਹਿਗੁਰੂ 'ਦੁਕਾਲੰ ਪ੍ਰਣਾਸੀ' ਹੈ। ਮਨੁਖ ਲਈ ਭੈੜਾ ਸਮਾਂ ਉਹ ਹੈ ਜਦੋਂ ਉਹ ਡਿਗਦਾ ਹੈ, ਬੁਜ਼ਦਿਲ ਹੁੰਦਾ ਹੈ, ਸਚ ਨੂੰ ਪਿੱਠ ਦਿੰਦਾ ਹੈ, ਪਾਪ ਵਿਚ ਲਪੇਟ ਹੁੰਦਾ ਹੈ। ਵਾਹਿਗੁਰੂ ਪ੍ਰਕਾਸ਼-ਰੂਪ ਵਿਚ ਉਸ ਦੇ ਅੰਦਰੋਂ ਅਨੁਭਵ ਵਿਚੋਂ ਪ੍ਰਗਟ ਹੁੰਦਾ ਹੈ ਅਤੇ ਉਸ ਲਈ 'ਦੁਕਾਲੰ ਪ੍ਰਣਾਸੀ' ਹੁੰਦਾ ਹੈ।

(ਕ) 'ਦਿਆਲੰ ਸਰੂਪ ਹੈ। ਜਦੋਂ ਮਨੁਖ 'ਦੁਕਾਲੰ' ਵਿਚ ਪੈਣ ਲਗਦਾ ਹੈ, ਉਹ ਅੰਦਰ ਚੁਪ ਚਾਪ ਨਹੀਂ ਬੈਠ ਸਕਦਾ, ਝਟ ਪ੍ਰਗਟ ਹੋ ਕੇ ਉਸ ਨੂੰ ਬਚਾਂਦਾ ਹੈ, ਇਹ ਹੀ 'ਦਿਆਲੰ' ਹੈ।

(ਗ) ਸਦਾ 'ਅੰਗ ਸੰਗ' ਹੈ, ਬਲ, ਬੁਧੀ, ਆਤਮਾ, ਪ੍ਰਕਾਸ਼ ਰੂਪ ਵਿਚ।

(ਘ) 'ਅਭੰਗੀ ਬਿਭੂਤੇ' ਹੈ—ਨਾਸ਼ ਨਾ ਹੋਣ ਵਾਲੀ ਵਿਭੂਤੀ (ਸੰਪਦਾ—(Possession Property) ਹੈ। ਸਰੀਰ ਨਾਸ਼ ਹੋ ਸਕਦਾ ਹੈ। ਪਰ ਉਹ ਨਾਸ਼ ਨਹੀਂ ਹੁੰਦਾ। ਉਹ ਸਾਡਾ ਅਸਲਾ ਹੈ।

ਸੋ ਉਸਦੀ ਪਰਾਪਤੀ ਕੇਵਲ ਅੰਦਰੋਂ ਹੀ ਹੋ ਸਕਦੀ ਹੈ। ਉਸ ਦੀ ਤਲਾਸ਼ ਆਤਮ-ਵਿਕਾਸ ਹੀ ਹੈ। ਜਿਵੇਂ ਜਿਵੇਂ ਅਸੀਂ ਨਿਯਮਾਂ, ਸੁੰਦਰਤਾ ਆਦਿ ਵਿਚ ਉਨਤੀ ਕਰਾਂਗੇ, ਤਿਵੇਂ ਤਿਵੇਂ ਸਾਡੇ ਕਰਤੱਵਾਂ ਵਿਚ ਉਹ ਪ੍ਰਗਟ ਹੁੰਦਾ

ਜਾਇਗਾ ।

(੪)

'ਜਾਪੁ' ਦੇ ਛੰਦ ਨੰਬਰ ੧ ਅਤੇ ਛੰਦ ਨੰਬਰ ੧੯੯ ਦੇ ਰੂਪ ਉਤੇ ਸੁਝਾ ਦਿਤੇ ਹਨ । ਜੇ ਛੰਦ ਨੰਬਰ ੧ ਕੇਂਦਰ ਹੈ ਤਾਂ ਛੰਦ ਨੰਬਰ ੧੯੯ ਦਾਇਰੇ ਦੀ ਬਾਹਰਲੀ ਲਕੀਰ ਹੈ—ਇਕ ਨਿਰਗੁਣ ਕਥਾ ਹੈ ਤੇ ਦੂਜੀ ਸਰਗੁਣ ਕਥਾ ਹੈ । ਇਹਨਾਂ ਦੋ ਛੰਦਾਂ ਦੇ ਵਿਚਲੇ ੧੯੭ ਬੰਦਾਂ ਵਿਚ 'ਵਾਹਿਗੁਰੂ' ਜੀ ਦੇ ਅਨੇਕ ਹਾਂ ਪੱਖ ਅਤੇ ਰੂਪ 'ਕਰਮ ਨਾਮ ਬਰਨਤ' ਹਨ । 'ਜਾਪੁ' ਦਾ ਸਾਰ (Summary) ਨਹੀਂ ਦਿਤਾ ਜਾ ਸਕਦਾ, 'ਜਾਪੁ' ਆਪ ਹੀ ਸਾਰੇ ਭਾਰਤੀ ਗ੍ਰੰਥਾਂ ਦਾ ਸਾਰ ਹੈ । ਪਰ ਤਾਂ ਵੀ ਇਸ ਲੇਖ ਦੀਆਂ ਸੀਮਾਂ ਦਾ ਧਿਆਨ ਰਖਦੇ ਹੋਏ, ਕੁਝ ਵਿਸ਼ੇਸ਼ ਤੱਤ ਤੇ ਪੱਖ ਦ੍ਰਿੜ੍ਹ ਕਰਨ ਦਾ ਯਤਨ ਕਰਦੇ ਹਾਂ ।

ਵਾਹਿਗੁਰੂ

(ੳ) ਅਕਾਲ, ਕ੍ਰਿਪਾਲ, ਅਰੂਪ ਅਨੂਪ ਅਭੇਖ, ਅਲੇਖ, ਅਕਾਏ, ਅਜਾਏ, ਅਗੰਜੇ, ਅਭੰਜੇ, ਅਨਾਮੇ, ਅਠਾਮੇ, ਅਕਰਮੰ, ਅਧਰਮੰ, ਅਨਾਮੰ, ਅਧਾਮੰ, ਅਬਾਹੇ, ਅਡਾਹੇ, ਅਨੀਲੇ, ਅਨਾਦੇ, ਅਛੇਦੇ, ਅਗਾਧੇ, ਅਪਾਰੇ, ਅਭੂਤੇ, ਅਜਾਪੇ, ਨ੍ਰਿਦੇਸੇ, ਨ੍ਰਿਭੇਸੇ, ਨ੍ਰਿਧਾਤੇ, ਨ੍ਰਿਤਾਪੇ, ਤ੍ਰਿਬਰਗੇ ਅਸਰਗੇ, ਆਦਿ ਹੈ ।

(ਅ) ਉਹ 'ਸਰਬ ਸੋਖੰ' 'ਸਰਬ ਪੋਖੰ,' 'ਸਰਬ ਕਰਤਾ' ਅਤੇ 'ਸਰਬ ਹਰਤਾ' ਹੈ । ਇਹ ਵਿਰੋਧ ਨਹੀਂ ਹੈ 'ਸੋਖੰ ਤੇ ਪੋਖੰ' ਜਾ 'ਕਰਤਾ ਤੇ ਹਰਤਾ'— ਇਹ ਦੋਵੇਂ ਸ਼ਕਤੀਆਂ ਇਕੋ ਹਨ ਅਤੇ 'ਵਾਹਿਗਰੂ' ਵਿਚ ਇਕਠੀਆਂ ਹਨ ।

(ੲ) 'ਵਾਹਿਗੁਰੂ' ਅਮੀਕ ਹੈਂ ਅਤੇ ਰਫ਼ੀਕ ਹੈਂ । ਬੜਾ ਡੂੰਘਾ ਹੈ ਪਰ ਸਭ ਦਾ ਮਿਤਰ ਪਿਆਰਾ ਸਾਥੀ (ਰਫ਼ੀਕ) ਹੈ ।

(ਸ) 'ਵਾਹਿਗੁਰੂ' ਭਾਨ ਭਾਨੇ, ਚੰਦ੍ਰ ਚੰਦ੍ਰੇ, ਗੀਤ ਗੀਤੇ, ਤਾਨ ਤਾਨੇ, ਨ੍ਰਿਤ ਨ੍ਰਿਤੇ, ਨਾਦ ਨਾਦੇ, ਹੈ । ਸੂਰਜ ਦਾ ਸੂਰਜ ਹੈ, ਭਾਵ ਪ੍ਰਕਾਸ਼ ਵੀ ਉਸ ਤੋਂ ਪ੍ਰਕਾਸ਼ ਲੈਂਦਾ ਹੈ, ਤੇਜ ਵੀ ਉਸ ਪਾਸੋਂ ਤੇਜ ਲੈਂਦਾ ਹੈ; ਉਹ ਚੰਦ੍ਰ ਦਾ ਚੰਦਰਮਾਂ ਭਾਵ ਸੁੰਦਰਤਾ, ਸੀਤਲਤਾ ਦਾ ਸੋਮਾ ਹੈ । ਗੀਤ, ਤਾਨ, ਨ੍ਰਿਤ, ਨਾਦ, ਦਾ ਸੋਮਾ

ਹੈ। ਸਾਰੀਆਂ ਕੋਮਲ-ਕਲਾਂ ਦਾ ਕੇਂਦਰ ਹੈ।

(ਹ) 'ਵਾਹਿਗੁਰੂ' 'ਕਲੰਕੰ' ਬਿਨਾਂ ਨੇਕਲੰਕੀ ਸਰੂਪ ਹੈ। ਉਸ ਵਿਚ ਕੋਈ ਦੋਸ਼ ਕਲੰਕ ਸੰਭਵ ਨਹੀਂ ਹੈ, ਉਹ ਨੇਕਲੰਕ ਹੈ।

(ਕ) ਉਹ ਹੈ 'ਸ਼ਸਤਰ ਪਾਣੇ, ਅਸਤ੍ਰ ਮਾਣੇ, ਪਰਮ ਗਿਆਤਾ ਲੋਕ ਮਾਤਾ, ਉਹ ਸ਼ਸਤਰ-ਅਸਤ੍ਰ ਧਾਰੀ ਹੈ ਪਰ ਉਹ ਇਹਨਾਂ ਸ਼ਸਤਰਾਂ ਅਸਤਰਾਂ ਦੀ ਵਰਤੋਂ ਪਰਮ ਗਿਆਨਵਾਨ ਹੋ ਕੇ ਕੇਵਲ ਹੱਕ ਤੇ ਨਿਆਂ ਲਈ ਅਤੇ ਲੋਕ ਭਲੇ (ਲੋਕ ਮਾਤਾ ਹੋ ਕੇ) ਲਈ ਕਰਦਾ ਹੈ। (ਇਸ ਛੰਦ (ਨੰ: ਪ੨) ਵਿਚ ਸ੍ਰੀ ਗੁਰੂ ਗੋਬਿਦ ਸਿੰਘ ਜੀ ਦਾ ਸ਼ਸਤਰਾਂ ਦਾ ਸਿਧਾਂਤ ਬੜੇ ਹੀ ਸੋਹਣੇ ਢੰਗ ਨਾਲ ਦਿਤਾ ਹੋਇਆ ਹੈ।)

(ਖ) ਉਹ 'ਰੋਗ ਹਰਤਾ' ਅਤੇ 'ਰਾਗ ਰੂਪੇ ਹੈ।

(ਗ) ਉਹ ਮੰਤ੍ਰ ਮੰਤ੍ਰੰ, ਜੰਤ੍ਰ ਜੰਤ੍ਰੰ ਤੰਤ੍ਰ ਤੰਤ੍ਰੰ ਹੈ। ਸਾਰੇ ਮੰਤ੍ਰ, ਜੰਤ੍ਰ ਤੇ ਤੰਤ੍ਰ ਉਸ ਵਿਚੋਂ ਉਪਜੇ ਹਨ, ਉਸਨੂੰ ਛੋਹ ਨਹੀਂ ਸਕਦੇ, ਉਸ ਤੇ ਕਾਟ ਨਹੀਂ ਕਰ ਸਕਦੇ।

(ਘ) ਉਹ 'ਸਿਧਦਾ ਬੁਧਦਾ ਬ੍ਰਿਧ ਕਰਤਾ ਹੈ। ਸਿਖੀ ਦੇਣ ਵਾਲਾ, ਬੁਧੀ ਦਾ ਵਾਧਾ ਕਰਨ ਵਾਲਾ ਅਤੇ ਉੱਨਤੀ ਦੇ ਬਖਸ਼ਣ ਵਾਲਾ ਹੈ।

(ਙ) ਉਹ 'ਪ੍ਰੀਤ ਪ੍ਰੀਤੇ' ਹੈ।

(ਚ) 'ਵਾਹਿਗੁਰੂ' 'ਕੁਕਰਮੰ ਪ੍ਰਣਾਸੀ' ਹੈ—ਮਨੁਖ ਵਿਚੋਂ 'ਖੋਟੀ ਬੁਧੀ' ਦੇ ਨਾਸ਼ ਕਰਨ ਵਾਲਾ ਹੈ।

(ਛ) 'ਵਾਹਿਗੁਰੂ' 'ਧਰਮੰ ਧੁਜਾ' ਹੈ—ਉਹ ਧਰਮ ਦਾ ਝੰਡਾ ਹੈ। ਧਰਮ ਦਾ ਉੱਚੇ ਤੋਂ ਉੱਚਾ ਸਿਖਰ ਹੈ।

(ਜ) ਵਾਹਿਗੁਰੂ—ਹੁਸਨਲ ਵਜੂ, ਤਮਾਮੁਲ ਰੁਜੂ, ਹਮੇਸੁਲ ਸਲਾਮੇ ਹੈ। ਗਨੀਮੁਲ ਸ਼ਿਕਸਤੈ, ਗਰੀਬੁਲ ਪਰਸਤੈ, ਤਮੀਜ਼ੁਲ ਤਮਾਮੈਂ, ਰੁਜੂਅਲ ਨਿਧਾਨੈ, ਹਰੀਫੁਲ ਅਜੀਮੈਂ, ਰਜ਼ਾਇਕ ਯਕੀਨੈ ਹੈ। ਸੁੰਦਰਤਾ ਦਾ ਸਰੀਰ ਹੈ; ਸਾਰੇ ਦਾ ਧਿਆਨ ਖਿਚਣ ਵਾਲਾ ਹੈ, ਸਦਾ ਸਲਾਮਤ ਰਹਿਣ ਵਾਲਾ ਹੈ, ਦੁਸ਼ਮਨਾਂ ਨੂੰ ਫਤੇ ਕਰਨ ਵਾਲਾ ਹੈ, ਗਰੀਬ ਦਾ ਪੱਖ ਕਰਨ ਵਾਲਾ ਹੈ, ਸਭ ਦੀ ਤਮੀਜ਼ ਵਾਲਾ ਹੈ,

ਤੁਵਜੋ ਕਰਨ ਵਾਲਾ ਹੈ, ਵਡਾ ਮਿਤਰ ਹੈ, ਨਿਸਚੇ ਰੋਜ਼ੀ ਦੇਣ ਵਾਲਾ ਹੈ।

(ਝ) 'ਵਾਹਿਗੁਰੂ' 'ਨਰਕੰ ਪ੍ਰਣਾਸ਼' ਹੈ—ਕਿਸ਼ੇ ਨੂੰ ਨਰਕ ਵਿਚ ਨਹੀਂ ਜਾਣ ਦਿੰਦਾ।

(ਞ) ਵਾਹਿਗੁਰੂ ਤਾਂ 'ਸਮਸਤੁਲ ਕਲਾਮ ਹੈਂ', ਸਾਹਿਬ ਦਿਮਾਗ਼, ਹੁਸਨਲ ਚਰਾਗ਼, ਕਾਮਲ ਕਰੀਮ, ਹੈ। ਉਹ ਸਭਨਾਂ ਵਿਚ ਬੋਲਦਾ ਹੈ, ਵਡਾ ਦਾਨਾ ਹੈ ਸੁੰਦਰਤਾ ਹੈ, ਪੂਰਨ ਬਖਸ਼ਿੰਦ ਹੈ।

(ਟ) ਉਹ 'ਜੁਰਅਤਿ ਜਮਾਲ' ਹੈ। ਸਾਹਸ ਵਾਲਾ ਅਤੇ ਸੁੰਦਰਤਾ ਵਾਲਾ ਹੈ।

(ਠ) ਉਹ 'ਖਲ ਖੰਡਨ' ਹੈਂ। ਮੂਰਖਾਂ ਨੂੰ ਮਾਰਨ ਵਾਲਾ ਹੈ।

(ਡ) ਉਹ 'ਅੰਧਕਾਰ' ਵੀ ਹੈ ਅਤੇ 'ਤੇਜ ਤੇਜੇ' ਵੀ ਹੈ। ਉਸ ਵਿਚ ਕੋਈ ਵਿਰੋਧ ਨਹੀਂ ਹੈ।

(ਢ) ਉਹ 'ਸੁਧਰਮੰ ਬਿਭੂਤੇ' ਹੈ। ਉਹ ਹਰ ਕਿਸੇ ਨੂੰ ਸ਼ੁਭ ਧਰਮ ਨਾਲ ਵਿਭੂਸ਼ਤ ਕਰਨ ਵਾਲਾ ਹੈ।

'ਜਾਪੁ' ਦੀ ਧੁਨੀ 'ਅਕਾਲ ਉਸਤਤਿ' 'ਬਚਿਤਰ ਨਾਟਕ' ਅਤੇ 'ਗਿਆਨ ਪ੍ਰਬੋਧ' ਗ੍ਰੰਥਾਂ ਦੇ ਮੰਗਲਾਚਰਨਾਂ ਵਿਚ ਜਾ ਸਮਾਈ ਹੋਈ ਹੈ। ਇਹੋ 'ਕਰਮ ਨਾਮ' ਇਹਨਾਂ ਗ੍ਰੰਥਾਂ ਵਿਚ 'ਬਰਨਤ' ਹਨ ਜਾਂ ਸਮਾਨ ਅਰਥਾਂ ਵਾਲੇ ਨਾਮ। ਪਰ ਇਹਨਾਂ ਗ੍ਰੰਥਾਂ ਵਿਚ ਜੋ ਆਪਣਾ ਨਵੇਕਲਾ ਰੂਪ 'ਕਰਮ ਨਾਮ ਬਰਨਤ' ਦਾ ਹੈ, ਉਹ ਵੀ ਬੜਾ ਵਚਿਤਰ ਹੈ ਜਿਵੇਂ 'ਅਕਾਲ ਉਸਤਤਿ' ਵਿਚ —

ਅਕਾਲ ਪੁਰਖੁ ਕੀ ਰਛਾ ਹਮਨੈ ॥
ਸਰਬ ਲੋਹ ਦੀ ਰਛਿਯਾ ਹਮਨੈ ॥
ਸਰਬ ਕਾਲ ਜੀ ਦੀ ਰਛਿਯਾ ਹਮਨੈ ॥
ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ ॥

'ਸਰਬ ਕਾਲ' ਅਤੇ 'ਸਰਬ ਲੋਹ' ਰੂਪ ਪਰਧਾਨ ਨਾਮ ਹਨ। ਇੰਜ ਹੀ 'ਬਚਿਤਰ ਨਾਟਕ' ਵਿਚ 'ਨਮਸਕਾਰ ਸ੍ਰੀ ਖੜਗ ਕਉ' ਕਿਹਾ ਹੈ। 'ਸ੍ਰੀ ਖੜਗ' ਹੀ 'ਵਾਹਿਗੁਰੂ' ਜੀ ਦਾ ਸਰੂਪ ਬਣਾ ਦਿਤਾ ਹੈ। ਉਸ ਨੂੰ ਬਰਨਤ ਕੀਤਾ ਹੈ,

'ਅਸ' (ਤਲਵਾਰ) 'ਤੇਗੰ' 'ਖੜਗ ਪਾਣੰ' 'ਕ੍ਰਿਪਾਲੰ ਕਰਾਲੰ ਜਾਂ 'ਕਾਲ. ਰੂਪ ਵਿਚ। ਉਸ ਨੂੰ ਲੋਹ ਕਲਮੰ ਵਾਲਾ ਵੀ ਕਿਹਾ ਹੈ ਅਤੇ 'ਗਿਆਨ ਪ੍ਰਬੋਧ' ਵਿਚ ਵਾਹਿਗੁਰੂ ਜੀ' —

ਨਮੋ ਲੋਕ ਲੋਕੇਸ੍ਵਰੰ ਲੋਕ ਨਾਥੇ ਤੇ
ਨਮੋ ਲੋਕ ਲੋਕੇਸ੍ਵਰੰ ਲੋਕ ਗਯਾਤਾ ॥

ਹੋ ਗਏ ਹਨ।

ਇਹਨਾਂ ਬਾਣੀਆਂ ਵਿਚ ਵੀ ਵਾਹਿਗੁਰੂ ਜੀ ਦੇ 'ਕਰਮ ਨਾਮ ਬਰਨਤ' ਹਨ ਅਤੇ ਹਨ ਵੀ ਉਹ ਹੀ ਜੋ 'ਜਾਪੁ' ਵਿਚ ਆ ਗਏ ਹਨ, ਕਿਤੇ ਕਿਤੇ ਕੋਈ ਅਸਲੋਂ ਨਵਾਂ ਨਾਮ ਆਇਆ ਹੈ, ਭਾਵੇਂ ਭਾਵਨਾ ਉਸ ਦੀ ਵੀ 'ਜਾਪੁ' ਵਿਚ ਮੌਜੂਦ ਹੈ।

'ਦਸਮ ਗ੍ਰੰਥ' ਦਾ 'ਵਾਹਿਗੁਰੂ' 'ਆਦਿ ਗ੍ਰੰਥ ਤੋਂ' ਅਸਲੋਂ ਵਖਰਾ ਨਹੀਂ ਹੈ, ਪਰ ਜਿਸ ਸ਼ਬਦਾਵਲੀ ਵਿਚ ਇਥੇ ਬਿਆਨ ਕੀਤਾ ਗਿਆ ਹੈ। ਉਹ ਭਿੰਨ ਹੈ। ਭਾਵ ਭਿੰਨ ਨਹੀਂ, ਰੂਪ ਭਿੰਨ ਹੈ। ਦੋਹਾਂ ਗ੍ਰੰਥਾਂ ਦਾ 'ਵਾਹਿਗੁਰੂ' ਅਸਲੋਂ ਤੇ ਇਹੋ ਹੈ :—

ਬਿਲਾਵਲ ਮਹਲਾ ੫ (੮੨੭)

ਰਾਖਿ ਲੀਏ ਸਤਿਗੁਰ ਕੀ ਸਰਣ ॥
ਜੈ ਜੈਕਾਰੁ ਹੋਆ ਜਗ ਅੰਤਰਿ
ਪਾਰਬ੍ਰਹਮੁ ਮੇਰੋ ਤਾਰਣ ਤਰਣ ॥ ੧ ॥ ਰਹਾਉ ॥
ਬਿਸ੍ੰਭਰ ਪੂਰਨ ਸੁਖਦਾਤਾ
ਸਗਲ ਸਮਗ੍ਰੀ ਪੋਖਣ ਭਰਣ ॥
ਥਾਨ ਥਨੰਤਰਿ ਸਰਬ ਨਿਰੰਤਰਿ
ਬਲਿ ਬਲਿ ਜਾਂਈ ਹਰਿ ਕੇ ਚਰਣ ॥ ੧ ॥
ਜੀਅ ਜੁਗਤਿ ਵਸਿ ਮੇਰੇ ਸੁਆਮੀ
ਸਰਬ ਸਿਧਿ ਤੁਮ ਕਾਰਣ ਕਰਣ ॥
ਆਦਿ ਜੁਗਾਦਿ ਪ੍ਰਭੁ ਰਖਦਾ ਆਇਆ
ਹਰਿ ਸਿਮਰਤ ਨਾਨਕ ਨਹੀ ਡਰਣ ॥੨॥੩੦॥੧੧੬॥

ਅਕਾਲ ਉਸਤਤ ਤੇ ਪ੍ਰੇਮਾ-ਭਗਤੀ

ਸਾਚੁ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

(੧)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਅਕਾਲ ਉਸਤਤ' ਵਿਚੋਂ ਅਸੀਂ ਹੁਣ ਕੇਵਲ ਇਹ ਨਿਸਚਿਤ ਕਰਨ ਲਗੇ ਹਾਂ ਕਿ ਪ੍ਰੇਮ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ—ਅਕਾਲ ਪੁਰਖੁ ਨਾਲ ਪ੍ਰੇਮ ਕਿਸ ਤਰ੍ਹਾਂ ਕੀਤਾ ਜਾ ਸਕਦਾ ਹੈ। ਨਿਤਨੇਮ ਵਾਲੇ 'ਤ੍ਵਪ੍ਰਸਾਦਿ ਸਵੱਯੇ' ਬਾਣੀ 'ਅਕਾਲ ਉਸਤਤ' ਦਾ ਭਾਗ ਹਨ (ਛੰਦ ੨੧ ਤੋਂ ੩੦ ਤੀਕ) ਅਤੇ ਇਹਨਾਂ ਵਿਚ ਪ੍ਰੇਮ ਕਰਨ ਦੀ ਮਹਾਨਤਾ ਨੂੰ ਸਪਸ਼ਟ ਕੀਤਾ ਹੋਇਆ ਹੈ ਕਿ—

(ੳ) ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕੋ
ਅੰਤ ਕੇ ਧਾਮ ਸਿਧਾਰੇ ॥ ੩ ॥ ੨੩ ॥

(ਅ) ਸ੍ਰੀ ਭਗ੍ਵਾਨ ਭਜੇ ਬਿਨੁ ਭੂਪਤਿ
ਏਕ ਰਤੀ ਬਿਨੁ ਏਕ ਨ ਲੇਖੈ ॥ ੪ ॥ ੨੪ ॥

(ੲ) ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ

ਤਿਆਗ ਜਹਾਨ ਨਿਦਾਨ ਚਲੈਂਗੇ ॥ ੫ ॥ ੨੫ ॥

(ਸ) ਸਾਹਿਬੁ ਸ੍ਰੀ ਸਭ ਕੋ ਸਿਰਨਾਇਕ
ਜਾਚਕ ਅਨੇਕ ਸੁ ਏਕ ਦਿਵਯਾ ॥ ੬ ॥ ੨੬ ॥

(ਹ) ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ
ਤੇ ਨਰ ਫੇਰ ਨ ਦੇਹ ਧਰੈਂਗੇ ॥ ੮ ॥ ੨੮ ॥

(ਕ) ਸਾਚੁ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥ ੯ ॥ ੨੯ ॥

(ਖ) ਕੂਰ ਕ੍ਰਿਆ ਉਰਝਿਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥ ੧੦ ॥ ੩੦ ॥

(ੳ) 'ਪ੍ਰੇਮ' ਦੁਆਰਾ ਮੌਤ ਤੇ ਫਤਹ ਪਰਾਪਤ ਹੋ ਸਕਦੀ ਹੈ। ਪ੍ਰੇਮ ਬਿਨਾ 'ਅੰਤ ਕੋ ਅੰਤ ਕੇ ਧਾਮ ਸਿਧਾਰੇ' ਭਾਵੇਂ ਬੜੇ ਧਨਾਢ ਸਨ ਭਾਵੇਂ ਬੜੇ ਸੂਰਮੇ ਤੇ ਭਾਵੇਂ ਰਾਜੇ ਸ਼ਾਹ ਪਾਤਸ਼ਾਹ ਸਨ। ਪਰ ਜਿਨ੍ਹਾਂ ਪ੍ਰੇਮ ਕੀਤਾ ਉਹ 'ਅੰਤ ਕੇ ਧਾਮ' ਨਹੀਂ ਜਾਂਦੇ। 'ਪ੍ਰੇਮ' ਉਦੋਂ ਹੀ 'ਪ੍ਰੇਮ' ਹੈ ਜਦੋਂ ਇਹ 'ਅੰਤ—ਮੌਤ' ਤੇ ਵਿਜਈ ਹੋ ਜਾਵੇ, ਨਹੀਂ ਤਾਂ ਪ੍ਰੇਮ ਅਸਫਲ ਜਾਂ ਅਧੂਰਾ ਹੈ।

੧—'ਪ੍ਰੇਮ' ਮੌਤ ਤੇ ਵਿਜਈ ਹੁੰਦਾ ਹੈ—ਸੱਚ, ਨਿਆਂ ਦੇ ਅਸੂਲਾਂ ਕਰਕੇ, ਆਦਰਸ਼ ਕਰਕੇ, ਜਿਨ੍ਹਾਂ ਦੇ ਸਾਹਮਣੇ ਸੱਚ ਤੇ ਨਿਆਂ ਦੀ ਰਖਿਆ ਦਾ ਆਦਰਸ਼ ਸੀ, ਉਹਨਾਂ ਦਾ ਸਰੀਰ ਤਾਂ ਮਰ ਸਕਦਾ ਹੈ, ਪਰ ਉਹ ਨਹੀਂ ਮਰ ਸਕਦੇ। 'ਸੱਚ' ਤੇ 'ਨਿਆਂ' ਦਾ ਪ੍ਰੇਮ 'ਭਗਵਾਨ' ਦਾ ਪ੍ਰੇਮ ਹੈ। ਈਸਾ, ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਜੀ ਨੇ ਇਸ ਤਰ੍ਹਾਂ 'ਪ੍ਰੇਮ' ਕੀਤਾ ਅਤੇ ਉਹ ਅਮਰ ਹਨ।

੨—'ਪ੍ਰੇਮ' ਕਰਨ ਵਾਲੇ ਦੀ ਬਾਣੀ ਵਿਚ ਬਲ ਪੈਦਾ ਹੁੰਦਾ ਹੈ—'ਹਰਿ ਸਿਮਰਨਿ ਲਗਿ ਬੇਦ ਉਪਾਏ' (ਸੁਖਮਨੀ, ।।੮।।੧।।) ਅਤੇ ਇਸ ਬਾਣੀ ਨੂੰ ਮਨੁਖਤਾ ਸਦਾ ਸਾਂਭਦੀ ਹੈ। ਇਹ ਬਾਣੀ ਮਨੁਖਤਾ ਨੂੰ ਬਲ, ਉਤਸ਼ਾਹ, ਸਾਹਸ, ਜੁਰਅੱਤ, ਦ੍ਰਿੜ੍ਹਤਾ, ਆਦਰਸ਼ ਦਿੰਦੀ ਰਹਿੰਦੀ ਹੈ। ਇਸ ਬਾਣੀ ਦੇ ਬਲ ਦੁਆਰਾ ਅਨੇਕ ਪ੍ਰੇਮ ਕਰਨ ਵਾਲੇ ਜ਼ਿੰਦਾ ਰਹਿੰਦੇ ਹਨ।

੩—'ਪ੍ਰੇਮ' ਮਨੁਖ ਨੂੰ ਸ਼ੁਭ ਨਿਰਮਲ ਕਰਨੀ ਦਿੰਦਾ ਹੈ, ਉਸ ਦੀ ਯਾਦ ਵਿਚ ਮਨੁਖ ਦਾ ਸਿਮਰਨ ਰਹਿੰਦਾ ਹੈ। ਮਨੁਖਤਾ ਦਾ ਪ੍ਰੇਮ ਪ੍ਰਭੂ ਪ੍ਰੇਮ ਹੈ, ਭਗਵਾਨ ਦਾ ਪ੍ਰੇਮ ਹੈ, ਮਾਨਵ-ਪ੍ਰੇਮੀ ਸਦਾ ਅਮਰ ਹਨ। ਸੋ 'ਪ੍ਰੇਮ' ਮੌਤ (ਭੁਲ ਜਾਂ ਵਿਸਰ ਜਾਣ) ਤੇ ਜਿਤ ਹੈ।

(ਅ) 'ਪ੍ਰੇਮ' ਦੁਆਰਾ ਹੀ ਮਨੁਖ ਕਿਸੇ 'ਲੇਖੇ' ਵਿਚ ਆ ਸਕਦਾ ਹੈ— ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੇ। 'ਲੇਖੇ' ਦਾ ਭਾਵ ਹੈ ਕਿਸੇ ਗਿਣਤੀ ਵਿਚ ਸ਼ਾਮਲ ਹੋ ਸਕਣਾ। ਗਿਣਤੀ ਵਿਚ ਤੇ ਸੰਸਾਰ ਇਤਿਹਾਸ ਵਿਚ ਥੋੜੇ ਲੋਕ ਹੁੰਦੇ ਹਨ। ਕੋਈ ਮਹਾਨ ਭਗਤ, ਬਾਦਸ਼ਾਹ, ਲੇਖਕ, ਨੇਤਾ, ਵਿਗਿਆਨੀ ਉਸਾਰੂ-ਮਨੁਖ ਹੀ ਸੰਸਾਰ-ਇਤਿਹਾਸ ਵਿਚ ਗਿਣਤੀ ਵਿਚ ਆਉਂਦਾ ਹੈ। ਹੋਰ ਅਨੇਕ ਮਨੁਖ ਜੰਮਦੇ ਤੇ ਮਰਦੇ ਹਨ। ਗਿਣਤੀ ਵਿਚ ਆ ਜਾਣ ਦਾ ਭਾਵ ਵੀ ਮੌਤ ਨੂੰ ਜਿਤ ਲੈਣਾ ਹੈ। ਸੋ ਪ੍ਰੇਮੀ ਉਹ ਹੀ ਹਨ ਜਿਨ੍ਹਾਂ ਨੇ ਸੰਸਾਰ ਲਈ ਕੁਝ ਕੀਤਾ ਹੈ ਅਤੇ ਸੰਸਾਰ ਵਿਚ 'ਅਕਾਲ ਉਸਤਤ' ਜਾਂ 'ਪ੍ਰੇਮ' ਦੀ ਦਸ਼ਾ ਪੈਦਾ ਕੀਤੀ ਹੈ। ਉਹ ਦਸ਼ਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਰਨੇ ਅਨੁਸਾਰ ਇਹ ਹੈ :—

ਪੁੰਨ ਪ੍ਰਤਾਪਨ ਬਾਢ ਜੈਤ ਧੁਨ
ਪਾਪਨ ਕੇ ਬਹੁ ਪੁੰਜ ਖਪੈਂਗੇ ॥
ਸਾਧ ਸਮੂਹ ਪ੍ਰਸੰਨ ਫਿਰੈ ਜਗ
ਸਤ੍ਰ ਸਭੈ ਅਵਲੋਕ ਚਪੈਂਗੇ ॥

ਭਗਵਾਨ ਨਾਲ ਪ੍ਰੇਮ ਉਹਨਾਂ ਮਹਾਨ ਪੁਰਸ਼ਾਂ ਨੇ ਕੀਤਾ ਹੈ ਜਿਹਨਾਂ ਦੁਆਰਾ ਸੰਸਾਰ ਵਿਚੋਂ ਪਾਪ ਘਟਿਆ ਹੈ, ਪੁੰਨ ਵਧਿਆ ਹੈ, ਜਿਹਨਾਂ ਦੀ ਕਰਣੀ ਨਾਲ ਸਾਧ ਸੁਖੀ ਹੋਏ ਹਨ ਅਤੇ ਨੇਕੀ ਵਧੀ ਹੈ ਤੇ ਬੁਰਾਈ ਘਟੀ ਹੈ। ਇਸ ਤਰ੍ਹਾਂ ਅਕਾਲ ਦੀ ਉਸਤਤ ਹੋਈ ਹੈ। ਪ੍ਰੇਮੀਆਂ ਨੇ ਨੇਕੀ ਵਧਾਈ ਹੈ, ਬੁਰਾਈ ਘਟਾਈ ਹੈ। 'ਪ੍ਰੇਮ' ਇਹ ਹੈ।

(ੲ) 'ਪ੍ਰੇਮ' ਕਰਨ ਵਾਲੇ ਜਹਾਨ ਦੇ ਰਖਵਾਲੇ ਹਨ, ਉਹ ਜਹਾਨ ਨੂੰ ਤਿਆਗਦੇ ਨਹੀਂ– ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ ਬਿਨੁ ਤਿਆਗ ਜਹਾਨ ਨਿਦਾਨ ਚਲੈਂਗੇ। ਸਗੋਂ ਭਗਵਾਨ ਦੇ ਪ੍ਰੇਮੀ ਜਹਾਨ ਨੂੰ ਇੰਨਾ ਪ੍ਰੇਮ ਕਰਦੇ ਹਨ ਕਿ ਇਸ

ਦੀ ਕਲਿਆਨ ਲਈ—ਨੇਕੀ (ਪੁੰਨ) ਵਧਾਣ ਲਈ ਅਤੇ ਪਾਪ ਘਟਾਨ ਲਈ, ਸਾਧ ਦੀ ਰਖਿਆ ਲਈ ਅਤੇ ਨੇਕੀ ਦੇ ਸ਼ਤਰੂਆਂ ਦੇ ਨਾਸ਼ ਲਈ, ਮੁੜ ਸੰਸਾਰ ਨਾਲ ਸਬੰਧ ਬਣਾਈ ਰਖਦੇ ਹਨ। ਸੰਸਾਰ ਨੂੰ ਬਾਣੀ ਦੇ ਜਾਂਦੇ ਹਨ, ਇਤਿਹਾਸ (ਕਰਤਵ) ਦੇ ਜਾਂਦੇ ਹਨ ਜਿਹਨਾਂ ਤੋਂ ਸੰਸਾਰ ਨੂੰ ਸਦਾ ਉਤਸ਼ਾਹ ਮਿਲਦਾ ਰਹਿੰਦਾ ਹੈ। 'ਪ੍ਰੇਮੀ' ਸੰਸਾਰੀਆਂ ਨੂੰ ਪ੍ਰੇਮ ਕਰਦੇ ਹਨ, ਇਹਨਾਂ ਨੂੰ ਇਹਨਾਂ ਦੀਆਂ ਕਮਜ਼ੋਰੀਆਂ ਕਰ ਕੇ ਘ੍ਰਿਣਾ ਨਹੀਂ ਕਰਦੇ, ਇਹਨਾਂ ਨਾਲ ਹਮਦਰਦੀ ਕਰਦੇ ਹਨ।

(ਸ) 'ਪ੍ਰੇਮ' ਕਰਨ ਵਾਲੇ ਬੜੇ ਅਣਖੀ ਅਤੇ ਗ਼ੈਰਤ ਵਾਲੇ ਰੱਜੇ ਪੁੱਜੇ ਲੋਕ ਹੁੰਦੇ ਹਨ—ਸਾਹਿਬ ਸ੍ਰੀ ਸਭ ਕੋ ਸਿਰਨਾਇਕ ਜਾਚਕ ਅਨੇਕ ਸੁ ਇਕ ਦਿਵਯਾ। ਜੋ ਭਗਵਾਨ ਨੂੰ, ਸਾਹਿਬ ਨੂੰ ਪ੍ਰੇਮ ਕਰਦੇ ਹਨ, ਉਹ ਕਿਸੇ ਅਗੇ ਹਥ ਨਹੀਂ ਪਸਾਰ ਸਕਦੇ, ਉਹਨਾਂ ਦੀ ਅਣਖ ਆਗਿਆ ਨਹੀਂ ਦਿੰਦੀ, ਉਹ ਪਰਾਧੀਨ ਗ਼ੁਲਾਮ ਨਹੀਂ ਹੋ ਸਕਦੇ। 'ਪ੍ਰੇਮ' ਅਣਖ, ਗ਼ੈਰਤ, ਸੁਤੰਤਰਤਾ, ਰਜੇਵਾਂ ਪਰਦਾਨ ਕਰਦਾ ਹੈ।

(ਕ) 'ਪ੍ਰੇਮ' ਮੁਕਤ ਕਰਦਾ ਹੈ, ਦੇਹ ਅਤੇ ਦੇਹ ਨਾਲ ਸਬੰਧਤ ਕਮਜ਼ੋਰੀਆਂ ਤੋਂ—ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈ ਪਗ, ਤੇ ਨਰ ਫੇਰ ਨ ਦੇਹ ਧਰੈਂਗੇ। 'ਪ੍ਰੇਮ' ਮਨੁਖ ਦਾ ਵਿਕਾਸ਼ ਪੂਰਨ ਕਰਦਾ ਹੈ ਅਤੇ ਉਸ ਨੂੰ ਸਿਖਰ ਤੀਕ ਲੈ ਜਾਂਦਾ ਹੈ। ਕੇਵਲ 'ਪ੍ਰੇਮ' ਹੀ ਮਨੁਖ ਨੂੰ ਮਾਨਵੀ ਸਿਖਰ ਤੀਕ ਲੈ ਜਾ ਸਕਦਾ ਹੈ ਅਤੇ 'ਹਰਿ ਤੇ ਹਰਿਜਨ' ਨੂੰ ਇਕ ਕਰ ਸਕਦਾ ਹੈ। 'ਪ੍ਰੇਮ' ਸਾਰੀਆਂ ਮਾਨਵੀ ਕਮਜ਼ੋਰੀਆਂ ਤੇ ਵਿਜੇ ਹੈ। ਇਸ ਤਰ੍ਹਾਂ 'ਪ੍ਰੇਮ' ਨਾਲ ਹੀ ਕੋਈ 'ਪ੍ਰਭ ਪਾਇਓ' ਅਤੇ 'ਭਗਵਾਨ ਕੋ ਭੇਦੁ ਨ ਪਾਇਓ' ਤੀਕ ਪੁਜਦਾ ਹੈ।

ਸਾਚੁ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।
ਕੂਰ ਕ੍ਰਿਆ ਉਰਝਿਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ।

'ਅਕਾਲ ਉਸਤਤ' ਦੇ ਛੰਦ ੨੧ ਤੋਂ ੩੫ ਤੀਕ (ਤ੍ਵਪ੍ਰਸਾਦਿ ਸਵੱਯੇ) ਵਿਚਲੀ ਵਿਚਾਰ ਵਿਚੋਂ ਸਪਸ਼ਟ ਹੋ ਗਿਆ ਹੈ ਕਿ 'ਪ੍ਰੇਮ ਮਾਰਗ' ਮਨੁਖ ਲਈ ਬੜੀ ਮਹਾਨਤਾ ਵਾਲਾ ਮਾਰਗ ਹੈ ਜਿਸ ਦੁਆਰਾ ਉਹ ਮੌਤ ਨੂੰ ਜਿਤਦਾ ਹੈ, ਸੰਸਾਰ ਇਤਿਹਾਸ ਵਿਚ ਕਿਸੇ ਗਿਣਤੀ ਵਿਚ ਆਉਂਦਾ ਹੈ, ਸੰਸਾਰ ਸੁਧਾਰਕਾਂ ਵਿਚ ਪਰਵਾਨ ਹੁੰਦਾ ਹੈ, ਗੈਰਤ ਤੇ ਅਣਖ ਦਾ ਜੀਵਨ ਜੀਂਦਾ ਹੈ ਅਤੇ ਹੋਰਾਂ ਨੂੰ ਇਹ ਜੀਵਨ ਦਿੰਦਾ ਹੈ। ਮੁਕਤੀ ਨੂੰ ਪਰਾਪਤ ਹੁੰਦਾ ਹੈ ਅਤੇ ਪ੍ਰਭੂ ਨਾਲ ਇਕ ਹੁੰਦਾ ਹੈ।

ਹੁਣ ਵਿਚਾਰ ਇਹ ਹੈ ਕਿ ਪ੍ਰਭੂ ਨੂੰ 'ਪ੍ਰੇਮ ਕਿਸ ਤਰ੍ਹਾਂ ਕੀਤਾ ਜਾਏ ?' 'ਅਕਾਲ ਉਸਤਤ' ਵਿਚ ਇਸ ਪ੍ਰਸ਼ਨ ਦਾ ਉਤਰ ਹੈ ਕਿ ਉਸਤਤ ਕਰਕੇ। ਉਸਤਤ ਦਾ ਭਾਵ ਕਿਸੇ ਵਿਚੋਂ ਖੂਬੀਆਂ ਦੀ ਤਲਾਸ਼ ਹੈ, ਕਿਸੇ ਦੇ ਗੁਣ ਲਭਣ ਦਾ ਉਪਰਾਲਾ ਹੈ, ਕਿਸੇ ਦੀ ਮਹਾਨਤਾ ਨੂੰ ਪਰਖ ਕੇ ਸਤਿਕਾਰਨਾ ਹੈ ਅਤੇ ਫਿਰ ਉਸ ਨੂੰ ਉਹਨਾਂ ਖੂਬੀਆਂ ਲਈ ਆਪਣਾ ਆਦਰਸ਼ ਠਹਿਰਾਣਾ ਹੈ ਤੇ ਇਸ ਤਰ੍ਹਾਂ ਉਸ ਨਾਲ ਅਭੇਦ ਹੋਣਾ ਹੈ।

'ਅਕਾਲ ਉਸਤਤ' ਵਿਚ ਪ੍ਰਭੂ ਦੀ ਉਸਤਤ ਕਰਨ ਲਈ ਉਸ ਦੀਆਂ ਕੁਝ ਵਿਸ਼ੇਸ਼ ਖੂਬੀਆਂ ਇਹ ਦਰਸਾਈਆਂ ਹਨ। ਉਹ ਹੈ :—

੧. ਅਕਾਲ ਪੁਰਖ (ਮੰਗਲਾਚਰਣ)
੨. ਸਰਬ ਲੋਹ (ਮੰਗਲਾਚਰਣ)
੩. ਸਰਬ ਕਾਲ (ਮੰਗਲਾਚਰਣ)
੪. ਏਕੰਕਾਰਾ (ਛੰਦ ੧)
੫. ਸ੍ਰੀ ਪਤਿ (ਛੰਦ ੨੩)
੬. ਸ੍ਰੀ ਭਗਵਾਨ (ਛੰਦ ੨੩)
੭. ਸਾਹਿਬੁ (ਛੰਦ ੨੬)
੮. ਦਿਵਯਾ (ਛੰਦ ੨੬)
੯. ਹਰੀ (ਛੰਦ ੫੧—੬੨)

੧੦. ਗਿਆਨ (ਛੰਦ ੭੧—੭੬)
੧੧. 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' (ਛੰਦ ੮੫)
[ਪ੍ਰਭੂ ਹੀ ਮਾਨਸ ਕੀ ਜਾਤ (ਸ਼੍ਰੇਣੀ-ਬੀਜ) ਹੈ]।
੧੨. ਦੇਹਰਾ ਮਸੀਤ ਸੋਈ (ਛੰਦ ੮੬) [ਧਰਮਾਂ ਦੀ ਏਕਤਾ]।
੧੩. ਨਿਰਲੇਪ (ਛੰਦ ੯੧—੧੦੨, ੧੬੫—੧੭੯)
੧੪. ਦੁਸ਼ਟ ਗੰਜਨ, ਸੱਤ੍ਰੂ ਭੰਜਨ, ਪਰਮ ਪੁਰਖ ਪ੍ਰਮਾਣ
(੧੯੨, ੧੯੪, ੧੯੬)
੧੫. ਆਤਮ-ਸਰੂਪ (੨੦੨)
੧੬. ਦੀਨਨ ਕੀ ਪ੍ਰਤਿਪਾਲ (੨੪੩—੨੫੬)

(੩)

ਹੁਣ ਵਿਚਾਰਨਾ ਹੈ ਕਿ ਇਹ ਉਸਤਤ ਦੇ ਸਰੂਪ ਕੀ ਹਨ ? ਇਹ ਸਰੂਪ 'ਅਕਾਲ' ਹਨ। ਇਹ 'ਉਸਤਤ' 'ਅਕਾਲ' ਹੈ। ਭਾਵ, ਪ੍ਰਭੂ ਦੀਆਂ ਇਹ ਉਹ ਖੂਬੀਆਂ ਹਨ ਜੋ ਸਦਾ ਸਥਿਰ ਹਨ, ਜੋ ਕਦੇ ਵੀ ਨਾਸ਼ ਨਹੀਂ ਹੁੰਦੀਆਂ। ਇਹ ਪੂਰਨ ਸਚ ਤੇ ਸਾਰਥਕ ਹਨ, ਇਹ ਤ੍ਰੈਕਾਲ ਪੂਰਨ ਤੇ ਸਮਰਥ ਹਨ। ਇਸ ਰਚਨਾ ਦੇ ਆਧਾਰ ਤੇ ਇਹ ਉਸਤਤ-ਸਰੂਪ ਇਸ ਤਰ੍ਹਾਂ ਹਨ :—

੧—ਅਕਾਲ ਪੁਰਖ

ਅਸੀਂ ਪ੍ਰਭੂ ਨੂੰ 'ਅਕਾਲ ਪੁਰਖੁ' ਰੂਪ ਵਿਚ ਪ੍ਰੇਮ ਕਰਨਾ ਹੈ। 'ਪ੍ਰੇਮ' ਕਿਸੇ ਅਬਿਨਾਸ਼ੀ ਵਸਤੂ ਦਾ ਹੀ ਸੁਖਦਾਈ ਤੇ ਲਾਭਵੰਦਾ ਹੋ ਸਕਦਾ ਹੈ। 'ਪ੍ਰਭੂ' ਦੀ ਸੱਤਾ ਅਬਿਨਾਸ਼ੀ-ਅਕਾਲ ਹੈ। ਇਹ ਸੱਤਾ ਹੈ 'ਪੁਰਖੁ' ਰੂਪ ਦੀ। ਪ੍ਰੇਮ ਕਰਨਾ ਹੈ ਉਸ ਦੇ 'ਪੁਰਖੁ-ਰੂਪ' ਨੂੰ। 'ਪੁਰਖੁ' ਹੈ 'ਨਰ-ਰੂਪ', 'ਕਾਰਣ-ਚੇਤੰਨ ਰੂਪ' ਅਤੇ 'ਸਰਬ ਵਿਆਪੀ ਰੂਪ'। ਖਾਲਸੇ ਦੀ ਢਾਲ 'ਪੁਰਖ ਰੂਪ' ਉਤੇ ਢਾਲੀ ਹੈ—ਕੇਸ, ਦਾੜ੍ਹਾ। ਸਾਕੇਸ਼ ਸਰੂਪ ਹੀ 'ਸਾਬਤ ਸੂਰਤ' ਸਰੂਪ ਹੈ। ਇਸੇ ਲਈ ਇਹ 'ਸਿੰਘ ਸਰੂਪ' ਹੈ, ਇਹ ਪੁਰਖ ਵਾਚੀ' ਹੈ। ਕੁਦਰਤ ਨੇ ਜੋ ਵਿਸ਼ੇਸ਼ਤਾ

'ਨਰ ਰੂਪ' ਤੇ ਫਿਰ 'ਨਰ ਸਿੰਘ' ਰੂਪ ਵਿਚ ਰਖੀ ਹੈ, ਉਹ ਇਸਤ੍ਰੀ ਰੂਪ ਵਿਚ ਨਹੀਂ ਰਖੀ। ਨਰ ਰੂਪ ਹੀ ਸੰਘਰਸ਼ ਵਾਲਾ ਰੂਪ ਹੈ, ਪਰਵਿਰਤੀ ਰੂਪ ਹੈ, 'ਉਸਾਰੂ ਤੇ ਦ੍ਰਿੜ੍ਹਤਾ ਦਾ ਰੂਪ ਹੈ, ਇਹ ਹੀ 'ਸੁਭ ਕਰਮਨ' ਲਈ ਜੂਝਨ ਵਾਲਾ ਰੂਪ ਹੈ। 'ਖਾਲਸਾ' ਸਿਪਾਹੀ ਰੂਪ ਹੈ, ਸਿਪਾਹੀ ਨਰ ਰੂਪ ਹੈ। ਪ੍ਰਭੂ 'ਪੁਰਖ ਰੂਪ' ਹੈ, ਭਾਵ ਉਸ ਖਾਲਸੇ ਦੀ ਜੋ ਪ੍ਰਭੂ ਦਾ ਪ੍ਰੇਮੀ ਹੈ, ਜ਼ੁਮੇਵਾਰੀ ਹੈ ਕਿ ਉਹ ਮਨੁਖਤਾ ਦਾ ਸੁਹਾਗ ਹੋਏ ਅਤੇ ਮਨੁਖਤਾ ਦੀ ਇਜ਼ਤ, ਗੈਰਤ, ਸੁੰਦਰਤਾ, ਸੋਭਾ, ਸਤਿ, ਜਤਿ, ਧਨ, ਰੋਜ਼ੀ ਦੀ ਉਸੇ ਤਰ੍ਹਾਂ ਰਖਵਾਲੀ ਕਰੇ ਜਿਵੇਂ 'ਸੁਹਾਗ' ਨੇ ਸੁਹਾਗਨ ਦੀ ਕਰਨੀ ਹੈ, ਉਹ 'ਪੁਰਖ' ਦਾ ਜੇ ਉਪਾਸ਼ਕ ਹੈ। ਪ੍ਰਭੂ 'ਪੁਰਖ' ਹੈ ਅਤੇ ਉਸ ਦਾ ਉਪਾਸ਼ਕ ਖਾਲਸਾ ਵੀ ਸਾਕੇਸ਼ ਹੈ ਅਤੇ 'ਪੁਰਖ' ਹੈ, 'ਪੁਰਖ' (Masculine) ਦਾ ਚਿੰਨ੍ਹ 'ਕੇਸ' ਹਨ।

'ਪੁਰਖ' 'ਕਾਰਣ' ਹੈ, ਉਤਪਤੀ ਤੇ ਉਸਾਰੀ ਦਾ। 'ਪੁਰਖ' ਰਾਹੀਂ ਹੀ 'ਉਤਪਤੀ' ਹੈ। ਪ੍ਰਭੂ ਇਸ ਤਰ੍ਹਾਂ ਪੁਰਖ ਹੈ, ਉਹ ਸਾਰੀ ਉਤਪਤੀ ਅਤੇ ਉਸਾਰੀ ਦਾ ਕਾਰਨ ਹੈ। ਉਹ ਉਪਜਾਊ ਸ਼ਕਤੀ ਹੈ, ਉਹ ਪਰਧਾਨ ਕਾਰਨ ਹੈ, ਉਹ ਕਰਨ ਕਾਰਣ ਹੈ। ਖਾਲਸੇ ਨੇ ਪ੍ਰੇਮ ਕਰਨਾ ਹੈ, ਉਪਜਾਊ ਤੇ ਉਸਾਰੂ ਹੋ ਕੇ।

'ਪੁਰਖ' ਦਾ ਭਾਵ 'ਚੇਤੰਨਤਾ' ਹੈ। 'ਪੁਰਖ' 'ਸਾਹਿਬੁਲ ਦਿਮਾਗ' ਹੈ। 'ਪੁਰਖ' ਜੀਵਨ ਹੈ। ਉਤਮ ਵਿਚਾਰ, ਉਤਮ ਅਨੁਭਵ, ਉਤਮ ਸੋਚ ਪੁਰਖ ਦੇ ਤੱਤ ਹਨ। 'ਪੁਰਖ' ਹੀ ਕੁਦਰਤ ਬ੍ਰਹਮੰਡ ਦੀ ਸਾਰੀ ਵਿਉਂਤ ਪਿਛੇ ਵਿਚਰ ਰਿਹਾ ਹੈ। ਖਾਲਸਾ 'ਸਾਹਿਬੁਲ ਦਿਮਾਗ' ਹੋ ਕੇ ਪ੍ਰਭੂ ਨੂੰ ਪ੍ਰੇਮ ਕਰਦਾ ਹੈ।

'ਪੁਰਖ' ਸਰਬ-ਵਿਆਪੀ ਹੈ। ਨਰ ਰੂਪ, ਚੇਤੰਨ ਰੂਪ ਸਰਬ ਵਿਆਪੀ, ਹਨ। ਇਹਨਾਂ ਦੁਆਰਾ ਹੀ ਜੀਵਨ ਰੌ ਚਲ ਰਹੀ ਹੈ। ਖਾਲਸਾ ਆਦਰਸ਼ ਸਰਬ-ਵਿਆਪੀ ਹੈ।

੨—ਸਰਬ-ਲੋਹ

ਖਾਲਸੇ ਨੇ ਪ੍ਰੇਮ ਕਰਨਾ ਹੈ ਪ੍ਰਭੂ ਦੇ 'ਸਰਬ-ਲੋਹ' ਸਰੂਪ ਨੂੰ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਨਮਸਕਾਰ ਕਰ ਰਹੇ ਹਨ, ਸਰਬ-ਲੋਹ ਸਰੂਪ ਨੂੰ ਅਤੇ

'ਸਰਬ ਲੋਹ' ਸਰੂਪ ਹੈ, 'ਰਛਿਆ' ਕਰਨ ਵਾਲਾ ਸਰੂਪ। ਪ੍ਰਭੂ ਪ੍ਰੇਮੀ ਲਈ ਲੋਹੇ ਦੀ ਦੀਵਾਰ ਹੈ ਜੋ ਉਸ ਦਾ ਬਚਾ ਕਰਦੀ ਹੈ, ਜਦੋਂ ਕਾਮ, ਕ੍ਰੋਧ ਆਦਿ ਵੈਰੀ ਹਮਲਾ ਕਰਦੇ ਹਨ। 'ਸਰਬ ਲੋਹ' ਸਰੂਪ ਹੈ ਜੋ ਲਿਫ (Bend) ਨਹੀਂ ਸਕਦਾ, ਭਾਵ ਅਸੂਲ ਤੇ ਦ੍ਰਿੜ੍ਹ ਰਹਿੰਦਾ ਹੈ ਅਤੇ ਨਫੇ-ਨੁਕਸਾਨ ਦੀ ਗਿਣਤੀ ਵਿਚ ਪੈ ਕੇ ਅਸੂਲ ਤੋਂ ਲਿਫਦਾ ਨਹੀਂ ਹੈ। 'ਸਰਬ ਲੋਹ' ਹੈ ਜੋ ਕਰਾਰੀ ਸੱਟ ਲਾਣ ਦੇ ਵੀ ਸਮਰੱਥ ਹੈ, ਜਦੋਂ ਹੋਰ ਕੋਈ ਹੀਲਾ ਨਾ ਰਹੇ ਅਤੇ ਸਾਹਮਣੇ ਅਨਿਆ ਹੋ ਰਿਹਾ ਹੋਵੇ। ਸਰਬ ਲੋਹ ਸ਼ਸਤ੍ਰ ਰੂਪ ਹੈ, ਚੰਡੀ ਰੂਪ ਹੈ, ਇਸੇ ਰੂਪ ਨੇ ਦਸ਼ਾ ਪੈਦਾ ਕਰਨੀ ਹੈ:—

ਪੁੰਨ ਪ੍ਰਤਾਪਨ ਬਾਢ ਜੈਤ ਧੁਨਿ
ਪਾਪਨ ਕੇ ਬਹੁ ਪੁੰਜ ਖਪੈਂਗੇ ॥
ਸਾਧ ਸਮੂਹ ਪ੍ਰਸੰਨ ਫਿਰੈ ਜਗ
ਸਤ੍ਰ ਸਭੈ ਅਵਲੋਕ ਚਪੈਂਗੇ ॥ ੭ ॥ ੨੭ ॥

'ਸਰਬ ਲੋਹ' ਹੀ 'ਭਗਉਤੀ ਰੂਪ' ਹੈ। ਇਹ 'ਤੇਗ' ਹੈ।

'ਖਾਲਸੇ' ਨੇ ਇਸ 'ਸਰਬ ਲੋਹ' ਰੂਪ ਨੂੰ ਪ੍ਰੇਮ ਕਰਨਾ ਹੈ। 'ਸਰਬ ਲੋਹ' ਵਾਂਗ ਸਮਰਥ, ਅਸੂਲ ਤੇ ਦ੍ਰਿੜ੍ਹ ਅਤੇ ਸਾਧ ਦੇਣ ਵਾਲਾ ਸਿਧ ਹੋਣਾ ਹੈ। ਇਵੇਂ ਹੀ ਪ੍ਰੇਮ ਹੋਵੇਗਾ। ਪ੍ਰੇਮ ਗੱਲਾਂ ਦੀ ਤਾਂ ਚੀਜ਼ ਨਹੀਂ ਹੈ, ਕਰਨੀ ਦੀ ਚੀਜ਼ ਹੈ — ਜਿਥੇ ਆਦਰਸ਼ 'ਸੰਤ ਉਬਾਰਨ' ਅਤੇ ਦੁਸ਼ਟ ਸਭਨ ਕੋ ਮੂਲ ਉਪਾਰਨ' ਹੈ। ਖਾਲਸੇ ਨੇ ਪ੍ਰੇਮ ਨਿਭਾਣ ਲਈ ਸਰਬ-ਲੋਹ ਵਾਂਗ ਕੁਝ ਕਰਨਾ ਹੈ।

੩—ਸਰਬ ਕਾਲ

ਪ੍ਰਭੂ ਜਿਸ ਨੂੰ ਪ੍ਰੇਮ ਕਰਨਾ ਹੈ 'ਸਰਬ ਕਾਲ' ਰੂਪ ਹੈ। ਉਹ ਸਦਾ ਸਥਿਰ ਹੈ ਪਰ ਸਭ ਦਾ ਕਾਲ ਹੈ। ਸੰਸਾਰ ਦੀ ਸਾਰੀ ਸੁੰਦਰਤਾ ਨੂੰ ਆਪਣੇ ਵਿਚੋਂ ਜਨਮ ਦਿੰਦਾ ਹੈ ਅਤੇ ਫਿਰ ਆਪਣੇ ਵਿਚ ਸਮੇਟ ਲੈਂਦਾ ਹੈ। ਅਵ

ਆਪਣੇ ਵਿਚੋਂ ਪੈਦਾ ਕਰਦਾ ਹੈ ਅਤੇ ਫਿਰ ਆਪਣੇ ਵਿਚ ਸਮੇਟ ਲੈਂਦਾ ਹੈ। 'ਸੁੰਦਰਤਾ' ਦਾ ਅੰਤ ਧਾਮ ਹੈ।

ਏਕ ਸਿਵ ਭਏ ਏਕ ਗਏ
ਰਾਮ ਚੰਦ੍ਰ ਕ੍ਰਿਸਨ ਕੇ ਅਵਤਾਰ ਭੀ ਅਨੇਕ ਹੈਂ ॥
ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ
ਸਿੰਮ੍ਰਿਤ ਸਮੂਹਨ ਕੈ ਹੁਇ ਹੁਇ ਬਿਤਏ ਹੈਂ ॥
ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ
ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ ॥
ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ
ਭੂਮ ਹੀ ਤੇ ਹੁਇ ਕੈ ਫਿਰਿ ਭੂਮਿ ਹੀ ਮਿਲਏ ਹੈਂ ॥੭॥੭੭॥

'ਪ੍ਰਭੂ' ਇਹ ਸਾਰੀ ਮਹਾਨਤਾ ਪੈਦਾ ਕਰਦਾ ਹੈ ਅਤੇ ਫਿਰ ਆਪਣੇ ਵਿਚ ਵਿਲੀਨ ਕਰ ਲੈਂਦਾ ਹੈ। ਭਾਵ ਉਹ ਸਦਾ ਸੁੰਦਰਤਾ ਦਾ ਸਾਗਰ ਕਾਇਮ ਰਹਿੰਦਾ ਹੈ, ਜਿਸ ਵਿਚੋਂ ਫਿਰ ਸੁੰਦਰਤਾ ਉਮਲ ਉਮਲ ਕੇ ਉਠਦੀ ਰਹਿੰਦੀ ਹੈ। ਖਾਲਸੇ ਦਾ ਲਕਸ਼ ਸਦੀਵੀ-ਸੁੰਦਰਤਾ ਤੇ ਜੋਤਿ ਦੀ ਉਪਾਸ਼ਨਾ ਹੈ।

੪—ਏਕੰਕਾਰ

ਖਾਲਸਾ 'ਏਕੰਕਾਰ' ਦਾ ਉਪਾਸ਼ਕ ਹੈ। ਸਾਰੇ ਜੀਵਨ ਪਿਛੇ 'ਏਕੰਕਾਰ ਸਤਾ' ਕੰਮ ਕਰ ਰਹੀ ਹੈ, ਸਾਰੀ ਅਨੇਕਤਾ ਦੀ ਅਸਲੀਅਤ 'ਏਕਤਾ' ਹੀ ਹੈ—'ਲੋਕ ਚਤ੍ਰਦਸ ਜੋਤਿ ਪ੍ਰਕਾਸ਼ੀ' ਹੈ। 'ਹਸਤ ਕੀਟ', 'ਰਾਵ ਰੰਕ'—ਸਭ ਘਟ ਘਟ ਕੇ ਅੰਤਰਜਾਮੀ ਹੈ। 'ਖਾਲਸਾ' ਬਾਹਰਲੇ ਭੇਦ ਨੂੰ ਤੇ ਅਨੇਕਤਾ ਨੂੰ ਨਹੀਂ ਵੇਖਦਾ, ਵਿਚਲੀ ਜੋਤਿ ਨੂੰ ਪਛਾਣਦਾ ਹੈ ਅਤੇ ਇਸ ਲਈ ਸਾਰੇ ਬ੍ਰਹਮੰਡ, ਸਾਰੀ ਮਨੁਖਤਾ ਨਾਲ ਪ੍ਰੇਮ ਕਰਦਾ ਹੈ। ਉਹ ਕਿਸੇ ਧਰਮ, ਸਭਿਆਚਾਰ, ਦੇਸ਼, ਜਾਤ, ਰੂਪ, ਰੰਗ, ਪਹਿਰਾਵੇ ਨਾਲ ਵਿਤਕਰਾ ਨਹੀਂ ਕਰਦਾ। ਇਸ ਮਜ਼ਮੂਨ ਨੂੰ ਅਕਾਲ ਉਸਤਤ ਵਿਚ ਬਹੁਤ ਗੰਭੀਰਤਾ ਨਾਲ ਉਜਾਗਰ ਕੀਤਾ ਹੋਇਆ ਹੈ ਜਿਥੇ 'ਮਾਨਸ ਕੀ ਜਾਤ' ਅਤੇ 'ਦੇਹਰਾ ਮਸੀਤ' ਦੀ ਏਕਤਾ ਦਸੀ ਹੈ।

੫–ਸ੍ਰੀ ਪਤਿ

ਪ੍ਰਭੂ ਸਾਰੀ 'ਮਾਇਆ' ਦਾ ਧਾਰਨੀ ਹੈ, ਉਸ ਦਾ ਮਾਲਕ ਹੈ। ਮਾਇਆ ਦੇ ਪਸਾਰੇ ਅਤੇ ਸੰਸਾਰ ਦੀ ਖੇਡ ਦਾ ਪਤੀ ਹੈ।

੬–ਸ੍ਰੀ ਭਗਵਾਨ

ਅਤੇ ਪ੍ਰਭੂ 'ਭਗਵਾਨ' ਵੀ ਹੈ, ਉਸ 'ਮਾਇਆ' ਦੀ, ਕਿਸਮਤ ਦੀ ਵੰਡ ਕਰਨ ਵਾਲਾ ਵੀ ਹੈ।

ਇਸ ਲਈ ਖਾਲਸਾ ਭਾਣੇ ਵਿਚ ਰਾਜ਼ੀ ਹੈ। 'ਪ੍ਰੇਮੀ' ਆਪਣੇ ਭਾਗ ਨਾਲ ਸੰਤੁਸ਼ਟ ਹੈ ਕਿਉਂਕਿ ਉਹ ਭਗਵਾਨ ਨੂੰ ਪ੍ਰੇਮ ਕਰਦਾ ਹੈ।

੭–ਸਾਹਿਬੁ

ਖਾਲਸਾ ਸਾਰੇ ਬ੍ਰਹਮੰਡ ਨੂੰ ਇਕ ਵਿਉਂਤ (Plan) ਮੰਨਦਾ ਹੈ, ਇਸ ਪਿਛੇ ਕੁਦਰਤ ਦੀ ਵਿਉਂਤ (Scheme) ਹੈ। ਕਿਸੇ ਮਹਾਨ ਵਿਉਂਤ ਅਨੁਸਾਰ ਹੀ ਹਰ ਜੀਵ ਦਾ ਕਰਤੱਵ ਨਿਸਚਿਤ ਹੈ ਅਤੇ ਕੋਈ ਮਹਾਨ 'ਸਾਹਿਬੁ' (Manager) ਇਸ ਵਿਉਂਤ ਨੂੰ ਚਲਾ ਰਿਹਾ ਹੈ। ਕੁਦਰਤ ਦੀ ਵਿਉਂਤ ਨੂੰ ਸਤਿਕਾਰਨਾ ਹੀ ਪ੍ਰਭੂ ਪ੍ਰੇਮ ਹੈ।

੮–ਦਿਵਯਾ

ਰੋਜ਼ੀ ਰਜ਼ਾਕ ਹੈ। ਸਭ ਨੂੰ ਰੋਜ਼ੀ ਤੇ ਸਭ ਕੁਝ ਪਹੁੰਚਾਣ ਵਾਲਾ ਹੈ, ਪ੍ਰਭੂ ਇਸ ਗੱਲ ਦਾ ਵਿਸ਼ਵਾਸ 'ਪ੍ਰੇਮ' ਹੈ। ਇਸ ਵਿਸ਼ਵਾਸ ਨਾਲ ਹੀ ਗ਼ੈਰਤ ਤੇ ਅਣਖ ਪੈਦਾ ਹੁੰਦੇ ਹਨ।

੯–ਹਰੀ

ਜਲੇ ਹਰੀ, ਥਲੇ ਹਰੀ, ਪੁਰੇ ਹਰੀ; ਬਨੇ ਹਰੀ ॥
ਗਿਰੇ ਹਰੀ, ਗੁਫੇ ਹਰੀ, ਛਿਤੇ ਹਰੀ, ਨਭੇ ਹਰੀ ॥

ਪ੍ਰਭੂ ਜ਼ਿੰਦਗੀ ਨੂੰ ਪਰਫੁਲਤ (ਹਰੀ) ਕਰਨ ਵਾਲਾ ਹੈ ਅਤੇ ਉਹਦੀ

ਇਹ ਸ਼ਕਤੀ ਹਰ ਥਾਂ, ਹਰ ਸਮੇਂ, ਹਰ ਹਿਰਦੇ ਵਿਚ ਮੌਜੂਦ ਹੈ। ਫਿਰ ਜੀਵ, ਜੰਤ, ਬਨਸਪਤੀ ਸਦਾ ਵਿਕਾਸ਼ ਕਰਨਗੇ। ਇਹ ਯੋਗ ਆਸ਼ਾਵਾਦ ਹੈ। ਪ੍ਰੇਮੀ ਸਦਾ ਉਨਤੀ ਦਾ ਆਸ਼ਕ ਹੈ ਅਤੇ ਇਸ ਪਾਸੇ ਉਸ ਦੀ ਆਸ਼ਾ ਸਦਾ ਕਾਇਮ ਰਹਿੰਦੀ ਹੈ, 'ਹਰੀ' ਦਾ ਪ੍ਰੇਮੀ ਜੀਵਨ ਨੂੰ ਹਰਾ-ਭਰਾ ਵੇਖਦਾ ਹੈ।

੧੦-ਗਿਆਨ

ਉਨਤੀ ਤੇ ਹਰਿਆਵਲ ਸੂਝਵਾਨ ਵਤੀਰੇ (ਗਿਆਨ) ਨਾਲ ਹੋਣੀ ਹੈ ਰਸਮੀ, ਫੋਕਟ, ਪਾਖੰਡ ਕਰਮਾਂ ਨਾਲ ਨਹੀਂ। 'ਗਿਆਨ' 'ਪਾਖੰਡ' ਦਾ ਵਿਰੋਧ ਹੈ। ਜਿਥੇ 'ਧਰਮ' ਹੈ, 'ਪਾਖੰਡ' ਨਹੀਂ ਹੈ। ਪ੍ਰਭੂ ਪ੍ਰੇਮ ਗਿਆਨ-ਮਈ ਧਰਮੀ ਜੀਵਨ ਹੈ, ਫੋਕਟ, ਕਰਮ ਨਹੀਂ।

ਖੂਕ ਮਲ ਹਾਰੀ ਗਜ ਗਦਹਾ ਬਿਭੂਤ ਧਾਰੀ
ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈ॥
ਘੁਘੂ ਮਟ ਬਾਸੀ ਲਗੇ ਡੋਲਤ ਉਦਾਸੀ
ਮ੍ਰਿਗ ਤਰਵਰ ਸਦੀਵ ਮੋਨ ਸਾਧੇ ਹੀ ਮਰਤ ਹੈ॥
ਬਿੰਦ ਕੇ ਸਧਯਾ, ਤਾਹਿ ਹੀਜ ਕੀ ਬਡਯਾ ਦੇਤ
ਬੰਦਰ ਸਦੀਵ ਪਾਇ ਨਾਗੇ ਹੀ ਫਿਰਤ ਹੈ॥
ਅੰਗਨਾ ਅਧੀਨ, ਕਾਮ ਕ੍ਰੋਧ ਮੈ ਪ੍ਰਬੀਨ
ਏਕ ਗਿਆਨ ਕੇ ਬਿਹੀਨ ਛੀਨ ਕੈਸੇ ਕੈ ਤਰਤ ਹੈ॥੧॥੭॥੧੫

੧੧-ਮਾਨਸ ਦੀ ਜਾਤ

ਖਾਲਸੇ ਤੇ ਪ੍ਰੇਮੀ ਦੀ 'ਜਾਤ ਪ੍ਰਭੂ' ਹੈ। ਉਹ ਕੇਵਲ ਪ੍ਰਭੂ ਵਲ ਝੁਕਦਾ ਹੈ। ਸਾਰੀ ਮਨੁਖਤਾ ਦੀ ਜਾਤ ਇਹੋ ਹੈ। ਮਨੁਖ ਨੂੰ ਮਨੁਖ ਦੇ ਤੌਰ ਤੇ ਸਤਿਕਾਰਨਾ ਹੀ ਪ੍ਰਭੂ-ਪ੍ਰੇਮ ਹੈ।

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ, ਕੋਊ ਜਤੀ ਅਨਮਾਨਬੋ॥
ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸਾਫੀ,

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਈ,
ਦੂਸਰੋ ਨ ਭੇਦ ਕੋਈ, ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕ ਜੋਤ ਜਾਨਬੋ ॥੧੫॥੮੫॥

੧੨—ਦੇਹਰਾ ਮਸੀਤ ਸੋਈ

ਧਾਰਮਕ ਤੇ ਹੋਰ ਸਾਰੇ ਵਿਤਕਿਰਿਆਂ ਤੋਂ ਉਪਰ ਉਠਣ ਨਾਲ ਹੀ ਪ੍ਰਭੂ ਪ੍ਰੇਮ ਸੰਭਵ ਹੈ। ਖਾਲਸਾ ਫਿਰਕਾ-ਪ੍ਰਸਤ ਅਤੇ ਵਿਤਕਰੇ ਬਾਜ਼ ਨਹੀਂ ਹੈ।

ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,
ਮਾਨਸ ਸਭੈ ਏਕ ਪੈ ਅਨੇਕ ਕੋ ਪ੍ਰਭਾਉ ਹੈ ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥ ੧੬ ॥ ੮੬ ॥

੧੩—ਨਿਰਲੇਪ

ਪ੍ਰਭੂ ਸਭ ਕੁਝ ਹੈ, ਪਰ ਸਭ ਤੋਂ ਨਿਰਲੇਪ ਵੀ ਹੈ—

ਨ ਰਾਗੰ ਨ ਰੰਗੰ ਨ ਰੂਪੰ ਨ ਰੇਖੰ ॥
ਨ ਮੋਹੰ ਨ ਕ੍ਰੋਹੰ ਨ ਦ੍ਰੋਹੰ ਨ ਦ੍ਵੈਖੰ ॥
ਨ ਕਰਮੰ ਨ ਭਰਮੰ ਨ ਜਨਮੰ ਨ ਜਾਤੰ ॥
ਨ ਮਿਤ੍ਰੰ ਨ ਸਤ੍ਰੰ ਨ ਪਿਤ੍ਰੰ ਨ ਮਾਤੰ ॥ ੧ ॥ ੯੧ ॥

ਇਸ ਲਈ ਸੰਸਾਰ ਦੇ ਸਾਰੇ ਤਮਾਸ਼ੇ ਵਿਚ ਵਿਚਰਨਾ ਭੀ ਹੈ ਅਤੇ ਇਸ ਤੋਂ ਨਿਰਲੇਪ ਵੀ ਰਹਿਣਾ ਹੈ। ਇਹ ਪ੍ਰੇਮ ਦੀ ਰੀਤ ਹੈ। ਇਹ ਪ੍ਰਭੂ ਪ੍ਰੇਮ ਹੈ।

੧੪—ਦੁਸ਼ਟ ਗੰਜਨ

ਪ੍ਰਭੂ ਬੁਰਾਈ ਦਾ ਨਾਸ ਕਰਨ ਵਾਲਾ ਹੈ। ਬੁਰਾਈ ਜਾਂ ਦੁਸ਼ਟਤਾ ਨਾਲ ਟਾਕਰਾ ਕਰਨਾ ਹੀ 'ਪ੍ਰਭੂ ਪ੍ਰੇਮ' ਹੈ। ਜਿਸ ਨੇ ਪ੍ਰਭੂ ਨੂੰ ਪ੍ਰੇਮ ਕਰਨਾ ਹੈ, ਉਸ ਨੂੰ ਕੰਮ ਕਰਨਾ ਪਏਗਾ। ਉਸ ਨੂੰ ਬੁਰਾਈ ਵਿਰੁਧ ਯੁਧ ਕਰਨਾ ਪਏਗਾ ਕਿਉਂਕਿ ਪ੍ਰਭੂ ਆਪ ਇਹੋ ਕੁਝ ਕਰਦਾ ਹੈ :—

ਗਨੀਮੁਲ ਖਿਰਾਜ ਹੈਂ ॥ ਗਰੀਬੁਲ ਨਿਵਾਜ ਹੈਂ ॥
ਹਰੀਫੁਲ ਸ਼ਿਕੰਨ ਹੈਂ ॥ ਹਿਰਾਸੁਲ ਫਿਕੰਨ ਹੈਂ ॥
ਕਲੰਕੰ ਪ੍ਰਣਾਸ ਹੈਂ ॥
ਸਮਸਤੁਲ ਨਿਵਾਸ ਹੈਂ ॥ ਅਗੰਜੁਲ ਗਨੀਮ ਹੈਂ ॥
ਰਜ਼ਾਇਕ ਰਹੀਮ ਹੈਂ ॥ ੧੫੪ ॥ (ਜਾਪੁ)

'ਅਕਾਲ ਉਸਤਤ' ਵਾਲਾ ਵਾਹਿਗੁਰੂ ਵੀ ਇਹੋ ਕੁਝ ਕਰਦਾ ਹੈ :

ਦੁਸ਼ਟ ਗੰਜਨ, ਸਤ੍ਰੂ ਭੰਜਨ, ਪਰਮ ਪੁਰਖੁ ਪ੍ਰਮਾਥ ॥
ਦੁਸ਼ਟ ਹਰਤਾ, ਸ੍ਰਿਸਟ ਕਰਤਾ, ਜਗਤ ਮੈ ਜਿਹ ਗਾਥ ॥
ਭੂਤ ਭਬ ਭਵਿਖ ਭਵਾਨ, ਪ੍ਰਮਾਨ ਦੇਵ ਅਗੰਜ ॥
ਆਦਿ ਅੰਤ ਅਨਾਦਿ ਸ੍ਰੀਪਤਿ,
ਪਰਮ ਪੁਰਖ ਅਭੰਜ ॥ ੬੨ ॥ ੧੯੨ ॥

ਸੋ ਪ੍ਰਭੂ ਨੂੰ ਪ੍ਰੇਮ ਕਰਨ ਲਈ 'ਸੰਤ ਸਿਪਾਹੀ' ਦਾ ਕਰਤੱਵ ਕਰਨਾ ਜ਼ਰੂਰੀ ਹੈ।

੧੫—ਆਤਮ ਸਰੂਪ

ਪ੍ਰਭੂ-ਪ੍ਰੇਮ ਦਾ ਇਕ ਸਰੂਪ ਆਪਣੇ ਆਪ ਦੀ ਸੋਝੀ ਹੈ।

ਸਬ ਪ੍ਰਤਾਪ ਜਗਦੀਸ ਕੋ ਕਹੋ ਸਕਲ ਬਿਧ ਤੈਨ ॥

ਪ੍ਰਭੂ ਦੀ ਇਕ 'ਅਕਾਲ ਉਸਤਤ' ਇਹ ਹੈ :

ਦੀਨਨ ਕੀ ਪ੍ਰਤਿਪਾਲ ਕਰੈ
ਨਿਤ ਸੰਤ ਉਬਾਰ ਗਨੀਮਨ ਗਾਰੈ ॥

ਪਛ ਪਸੂ ਨਗ ਨਾਗ ਨਰਾਧਪ,
ਸਰਬ ਸਮੈ ਸਭ ਕੋ ਪ੍ਰਤਿਪਾਰੈ ॥
ਪੋਖਤ ਹੈ ਜਲ ਮੈ ਥਲ ਮੈ ਪਲ ਮੈ
ਕਲ ਕੇ ਨਹੀਂ ਕਰਮ ਬਿਚਾਰੈ ॥
ਦੀਨ ਦਇਆਲ ਦਇਆ ਨਿਧਿ ਦੋਖਨ
ਦੇਖਤ ਹੈ ਪਰ ਦੇਤ ਨ ਹਾਰੈ ॥ ੧ ॥ ੨੪੩ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਭੂ ਦਾ 'ਨਿਤ ਸੰਤ ਉਬਾਰ ਗਨੀਮਨ ਗਾਰੈ' ਦਾ ਸੁਭਾ ਬੜਾ ਪਸੰਦ ਹੈ। ਇਸੇ ਸੁਭਾ ਦਾ ਉਹਨਾਂ ਨੇ ਖਾਲਸਾ ਸਾਜਿਆ ਅਤੇ ਇਹ ਉਹਨਾਂ ਦਾ ਆਦਰਸ਼ ਸੀ, ਇਹੋ ਮਿਸ਼ਨ ਲੈ ਕੇ ਉਹ ਸੰਸਾਰ ਤੇ ਆਏ ਸਨ। ਜੋ ਵੀ ਇਸ 'ਸੰਤ ਸਿਪਾਹੀ' ਮਿਸ਼ਨ ਦੀ ਪੂਰਤੀ ਲਈ ਜਤਨ ਕਰਦਾ ਹੈ, ਉਹ ਪ੍ਰਭੂ ਉਸਤਤ ਕਰਦਾ ਹੈ ਅਤੇ ਪ੍ਰਭੂ ਪ੍ਰੇਮੀ ਹੈ।

(੪)

ਇਹ ਹੈ ਪ੍ਰੇਮਾ ਭਗਤੀ। ਇਸ ਪਰਕਾਰ ਦੀ ਕਰਮ ਯੋਗੀ, ਸੰਤ ਸਿਪਾਹੀ ਦੀ ਭਗਤੀ ਤੋਂ ਬਿਨਾਂ ਭਾਵੇਂ ਮਨੁਖ ਕੁਝ ਬਣ ਜਾਵੇ, ਉਹ ਕਿਸੇ ਲੇਖੇ ਨਹੀਂ ਹੈ। ਬਹੁਤੇ ਰਸਮੀ ਧਾਰਮਕ ਲੋਕ ਇਸ ਪਰਕਾਰ ਦੀ ਕਠਨ ਭਗਤੀ ਨਹੀਂ ਕਰ ਸਕਦੇ। ਉਹ ਗੁਰੂ ਦਸਮੇਸ਼ ਦੀ ਨਜ਼ਰ ਵਿਚ ਪਰਵਾਨ ਨਹੀਂ ਹਨ। ਇਹਨਾਂ ਦੀ ਕੀਮਤ ਇਹ ਹੈ।

ਸ੍ਰਾਵਗ ਸੁਧ ਸਮੂਹ ਸਿਧਾਨ ਕੇ
ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁਧ ਸੁਧਾਦਿਕ
ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ
ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥

ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂਤੇ
ਏਕ ਰਤੀ ਬਿਨੁ ਏਕ ਰਤੀ ਕੇ ।। ੧ ।। ੨੧ ।।

'ਕਰਮ ਯੋਗੀ' ਪ੍ਰੇਮ ਤੋਂ ਬਿਨਾ ਸਭ 'ਕੂਰ ਕ੍ਰਿਆ' ਹੈ—ਪਾਹਨ ਪੂਜਾ, ਲਿੰਗ ਭਗਤੀ, ਸੀਸੁ ਨਿਵਾਣਾ, ਬੁਤ ਪੂਜਾ, ਮ੍ਰਿਤਾਨ ਪੂਜਾ। ਕਰਮ ਯੋਗੀ ਨੇਮ ਤੋਂ ਬਿਨਾਂ ਸੂਰਮਤਾ ਅਤੇ ਰਾਜਨੀਤੀ ਕਿਸੇ ਕੰਮ ਨਹੀਂ ਹਨ। ਕਰਮ ਯੋਗੀ ਬਿਨਾਂ ਅਮੀਰੀ ਠਾਠ ਨਿਰਾਰਥਕ ਹੈ। (ਵੇਖੋ ਤ੍ਵਪ੍ਰਸਾਦਿ ਸਵਯੇ)। 'ਅਕਾਲ ਉਸਤਤ' ਉਪਯੋਗੀ ਕਰਮ ਹੈ, ਕਰਮ ਯੋਗ ਦੀ ਦੁਨੀਆਂ ਹੈ, ਰਸਮੀ ਕਰਮ ਕਾਂਡ ਅਤੇ ਪੂਜਾ ਪਾਠ ਨਹੀਂ ਹੈ।

ਵਾਰ ਭਗਉਤੀ: ਵਾਹਿਗੁਰੂ ਕੀ ਫ਼ਤਹ

ਖੰਡਾ ਪ੍ਰਿਥਮੈ ਸਾਜਿਕੈ ਜਿਨ ਸਭ ਸੈਸਾਰੁ ਉਪਾਇਆ ॥

(੧)

'ਵਾਰ ਭਗਉਤੀ' ਦਾ ਅੰਤ੍ਰੀਵ ਆਸ਼ਾ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੁਖ ਉਦੇਸ਼ ਸੀ। ਇਹ ਆਸ਼ਾ ਹੈ 'ਦੇਵਤੇ' ਅਤੇ 'ਦੈਂਤਾਂ' ਦਾ ਯੁਧ ਜੋ ਕਿ ਇਕ ਸਦਾ ਵਾਪਰ ਰਹੀ ਘਟਨਾ ਹੈ। ਇਸ ਯੁਧ ਵਿਚ ਖਾਲਸੇ ਨੇ ਦੈਵੀ ਸ਼ਕਤੀਆਂ ਦਾ ਸਾਥ ਦੇ ਕੇ ਦੈਂਤ ਸ਼ਕਤੀਆਂ ਦਾ ਵਿਨਾਸ਼ ਕਰਨਾ ਹੈ। ਆਪਣੇ ਆਗਮਨ ਦਾ ਉਦੇਸ਼ ਵੀ ਦਸਮੇਸ਼ ਜੀ ਨੇ ਸਦਾ ਇਹੋ ਦਸਿਆ ਹੈ ਕਿ ਦੈਵੀ ਸ਼ਕਤੀਆਂ ਦੀ ਸਹਾਇਤਾ ਕਰਕੇ ਦੈਂਤ ਸ਼ਕਤੀਆਂ ਦਾ ਨਾਸ਼ ਕਰਨਾ ਹੈ—

ਜਾਹਿ ਤਹਾਂ ਤੈ ਧਰਮ ਚਲਾਇ।
ਕਬੁਧਿ ਕਰਨ ਤੇ ਲੋਕ ਹਟਾਇ ॥

(ਬਚਿਤ੍ਰ ਨਾਟਕ)

ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸ਼ਟ ਦੋਖੀਅਨ ਪਕਰਿ ਪਛਾਰੋ ॥ ੪੨ ॥

(ਬਚਿਤ੍ਰ ਨਾਟਕ)

ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥ ੪੩ ॥

(ਬਚਿਤ੍ਰ ਨਾਟਕ)

ਆਪ ਨੇ ਤਿੰਨ ਰਚਨਾਵਾਂ ਦਾ ਆਧਾਰ ਇਸੇ ਪ੍ਰਕ੍ਰਿਤੀ ਦੀ ਮੂਲ ਟੱਕਰ ਦੇ ਦੁਆਲੇ ਕੀਤਾ ਹੈ ਅਤੇ 'ਭਗਉਤੀ' ਜਾਂ ਚੰਡੀ ਨੂੰ ਪ੍ਰਥਮ ਦੇਵੀ ਮੰਨਿਆ ਹੈ, ਜੋ ਇਸ ਟੱਕਰ ਵਿਚ ਸਦਾ ਦੈਵੀ ਸ਼ਕਤੀਆਂ ਦੀ ਸਹਾਇਕ ਹੈ। ਆਪ ਨੇ ਮਾਰਕੰਡੇ ਪੁਰਾਣ ਤੋਂ ਚੰਡੀ ਦੀ ਕਥਾ ਲਈ ਅਤੇ ਉਸ ਨੂੰ 'ਚੰਡੀ ਚਰਿਤ੍ਰ ਪਹਿਲਾ', 'ਚੰਡੀ ਚਰਿਤ੍ਰ ਦੂਜਾ' ਅਤੇ 'ਵਾਰ ਭਗਉਤੀ' ਦੀਆਂ ਬੀਰ-ਰਸੀ ਰਚਨਾਵਾਂ ਵਿਚ ਆਪਣੇ ਮੌਲਿਕ ਰੰਗ ਵਿਚ ਬਿਆਨਿਆ। ਕਥਾ ਇੰਨੀ ਜ਼ਰੂਰੀ ਨਹੀਂ, ਜਿੰਨਾ ਇਸ ਦਾ ਅਸੂਲ ਜ਼ਰੂਰੀ ਹੈ। ਕਥਾ ਦੀ ਅਸਲੀਅਤ ਪਰਤਖ ਹੈ ਕਿ ਚੰਗਿਆਈ ਤੇ ਬੁਰਾਈ ਦਾ ਘੋਲ ਯਥਾਰਥਕ ਅਸਲੀਅਤ ਹੈ ਅਤੇ ਆਦਰਸ਼-ਵਾਦੀਆਂ ਨੇ ਚੰਗਿਆਈ ਦਾ ਸਾਥ ਦੇਣਾ ਹੈ।

(੨)

ਇਹ ਘੋਲ ਕਿਥੋਂ ਆ ਗਿਆ ? 'ਘੋਲ' ਤਾਂ 'ਖੰਡੇ' ਦੇ ਫ਼ਲਸਫ਼ੇ ਵਿਚ ਹੀ ਹੈ—'ਖੰਡਾ ਪ੍ਰਿਥਮੈ ਸਾਜਿਕੈ ਜਿਨ ਸਭ ਸੈਸਾਰ ਉਪਾਇਆ, ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲ ਰਚਾਇ ਬਣਾਇਆ। ਸੰਸਾਰ-ਖੇਲ ਦਾ ਆਧਾਰ 'ਖੰਡਾ' ਹੈ। ਖੰਡਾ ਦ੍ਵੈਤ ਦਾ ਸਾਧਨ ਹੈ, ਖੰਡਨ ਕਰਕੇ ਦੋ ਟੁਕੜੇ ਕੀਤੇ, 'ਖੰਡਾ' 'ਚੰਗਿਆਈ' ਅਤੇ 'ਬੁਰਾਈ' ਇਕੋ ਸ਼ਕਤੀ ਦੇ ਟੁਕੜੇ ਕਰਕੇ ਉਤਪੰਨ ਕਰਦਾ ਹੈ। 'ਖੰਡਾ' ਹੀ ਫਿਰ ਦੋਹਾਂ ਦੇ ਹੱਥ ਵਿਚ ਹੋ ਕੇ 'ਚੰਡੀ' ਬਣਦਾ ਹੈ—ਦੋ ਤਲਵਾਰਾਂ ਅਤੇ ਦੋਹਾਂ ਤਾਕਤਾਂ ਦਾ ਘੋਲ ਤੁਰ ਪੈਂਦਾ ਹੈ। 'ਖੰਡਾ' ਹੀ ਫਿਰ ਦੈਵੀ ਤਾਕਤਾਂ ਦੇ ਟੁਕੜੇ ਵੀ ਕਰਦਾ ਹੈ ਅਤੇ ਦੈਂਤ ਤਾਕਤਾਂ ਨੂੰ ਵੀ ਘਾਇਲ ਕਰਦਾ ਹੈ। ਇਹ ਘੋਲ ਅਮੁਕ ਹੈ। ਕਿਸੇ ਸਮੇਂ ਦੇਵ-ਤਾਕਤ ਜਿੱਤ ਜਾਂਦੀ ਹੈ,

ਪਰ ਫਿਰ ਦੈਂਤ-ਤਾਕਤ ਦਾ ਦਬਾਅ ਵਧ ਜਾਂਦਾ ਹੈ। ਇਹ ਘੋਲ ਸਦੀਵੀ ਹੈ ਅਤੇ ਇਸੇ ਤੇ 'ਸੰਸਾਰ-ਖੇਲ' ਦੀ ਗਤੀ ਹੈ।

'ਖੰਡੇ' ਨੇ 'ਦ੍ਵੈਤ' ਦਿਤੀ—ਨੇਕੀ ਬਦੀ, ਸਤਿ ਅਸਤਿ, ਪਿਆਰ ਘ੍ਰਿਣਾ, ਰਾਗ ਅਨੁਰਾਗ, ਪਰਵਿਰਤ ਨਿਰਵਿਰਤ, ਨਿਮਰਤਾ ਹੰਕਾਰ, ਜਤ ਕਾਮ, ਸੰਜਮ ਅਸੰਜਮ, ਜੀਵਨ ਮੌਤ, ਰਾਤ ਦਿਨ, ਰੌਸ਼ਨੀ ਅੰਧਕਾਰ, ਅਮਨ ਜੰਗ, ਸੰਤੋਖ ਲਾਲਚ, ਆਦਿ ਆਦਿ, 'ਖੰਡੇ' ਨੇ ਖੇਲ ਬਣਾ ਦਿਤਾ।

(੩)

'ਦ੍ਵੈਤ' ਤਾਂ 'ਸੰਸਾਰ ਖੇਲ' ਦਾ ਅਵੱਸ਼ ਅੰਗ ਹੈ, ਪਰ 'ਖਾਲਸੇ' ਨੇ 'ਖੰਡੇ' ਵਿਚੋਂ 'ਅੰਮ੍ਰਿਤ' ਪੈਦਾ ਕੀਤਾ ਹੈ, ਦੋ 'ਤਲਵਾਰਾਂ' ਪਾ ਲਈਆਂ—ਮੀਰੀ ਪੀਰੀ, ਰਾਜ ਜੋਗ, ਗਿਆਨ ਕਰਮ, ਸੰਤ ਸਿਪਾਹੀ ਦੀਆਂ ਅਤੇ ਇਸ ਤਰ੍ਹਾਂ 'ਦ੍ਵੈਤ' ਨੂੰ ਮੁੜ 'ਖੰਡੇ' ਦੀ ਏਕਤਾ ਵਿਚ ਲਿਆਂਦਾ। 'ਖੰਡੇ' ਵਿਚੋਂ 'ਅੰਮ੍ਰਿਤ' ਉਤਪੰਨ ਕੀਤਾ। ਖਾਲਸੇ ਨੇ ਇਸੇ 'ਸੰਸਾਰ ਖੇਲ' ਨੂੰ 'ਅੰਮ੍ਰਿਤ ਤਮਾਸ਼ੇ' ਵਿਚ ਬਦਲਣਾ ਹੈ। 'ਖੰਡੇ' ਦੇ ਦੋਹਾਂ ਪਾਸਿਆਂ—ਦੋ ਭਗਉਤੀਆਂ ਨੂੰ 'ਅੰਮ੍ਰਿਤ' ਵਿਚ ਬਦਲ ਕੇ ਵਰਤਣਾ ਹੈ। ਸਮੁਚੇ ਜੀਵਨ ਨੂੰ ਸਵੀਕਾਰਨਾ ਹੈ ਅਤੇ ਇਸ ਵਿਚ ਦੀ ਦ੍ਵੈਤ ਵਿਚੋਂ ਅੰਮ੍ਰਿਤ ਨਿਤਾਰਨਾ ਹੈ। ਉਸਾਰੂ ਪਾਸੇ ਆਪਣਾ ਬਲ ਦੇਣਾ ਹੈ।

(੪)

ਅੰਮ੍ਰਿਤ-ਜੀਵਨ ਦੀ ਉਤਪਤੀ ਲਈ ਸਾਰੇ ਗੁਰੂ ਸਾਹਿਬਾਨ ਨੇ ਘੋਲ ਕੀਤਾ। ਸਾਰਿਆਂ ਗੁਰੂ ਸਾਹਿਬਾਨ ਨੇ 'ਭਗਉਤੀ' ਦਾ ਕਰਤੱਵ ਕੀਤਾ। ੧੪੬੯ ਤੋਂ ਅਰੰਭ ਹੋਏ ਅੰਮ੍ਰਿਤ-ਜੀਵਨ ਦੇ ਘੋਲ ਨੂੰ ਇਤਿਹਾਸਕ ਰੂਪ ਦਸਮੇਸ਼ ਜੀ ਨੇ 'ਵਾਰ ਭਗਉਤੀ' ਵਿਚ ਇਸ ਤਰ੍ਹਾਂ ਚਿਤਰਿਆ :—

> ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ ॥
> ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ॥
> ਅਰਜਨ ਹਰਿਗੋਬਿੰਦ ਨੂੰ ਸਿਮਰੌ ਸ੍ਰੀ ਹਰਿ ਰਾਇ ॥

ਸ੍ਰੀ ਹਰਿਕ੍ਰਿਸਨ ਧਿਆਈਐ ਜਿਸੁ ਡਿਠੈ ਸਭ ਦੁਖ ਜਾਇ ॥
ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ ॥
ਸਭ ਥਾਈਂ ਹੋਇ ਸਹਾਇ ॥

(ਅਰਦਾਸ, ਵਾਰ ਸ੍ਰੀ ਭਗਉਤੀ ਜੀ ਕੀ)

ਇਹ ਅਰਦਾਸ ਦਾ ਅਰੰਭਕ ਹਿੱਸਾ ਹੈ ਅਤੇ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਬਚਨ ਹਨ ਜੋ ਕਿ ਆਪ ਨੇ ਵਾਰ ਸ੍ਰੀ ਭਗੌਤੀ ਜੀ ਦੇ ਵਿਚ ਅਰਾਧਨਾ ਦੇ ਰੂਪ ਵਿਚ ਲਿਖੇ ਹਨ ।

ਅਰਦਾਸ ਸਿੱਖ ਪੰਥ ਦੇ ਆਦਰਸ਼ਾਂ ਨੂੰ ਅਤੇ ਉਹਨਾਂ ਦੀ ਪ੍ਰਾਪਤੀ ਲਈ ਕੀਤੇ ਸੰਘਰਸ਼ ਦੇ ਇਤਿਹਾਸ ਨੂੰ ਪੂਰੀ ਤਰ੍ਹਾਂ ਬਿਆਨ ਕਰਦੀ ਹੈ । ਅਰਦਾਸ ਵਿਚ ਸਿੱਖ ਪੰਥ ਦੇ ਸਮੁਚੇ ਆਦਰਸ਼ ਨੂੰ ਅਰੰਭ ਵਿਚ ਵੀ ਬਿਆਨ ਕੀਤਾ ਹੈ ਤੇ ਅੰਤ ਵਿਚ ਵੀ । ਅਰੰਭ ਵਿਚ ਹੈ '੧ ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ' ਅਤੇ ਅੰਤ ਦੇ ਬਚਨ ਹਨ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਇਹ ਦੋਵੇਂ ਬਚਨ ਭਾਵ '੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ' ਅਤੇ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਕਾ ਭਲਾ' ਸਮਾਨ ਭਾਵਾਂ ਦੇ ਹਨ ਅਤੇ ਇਕ ਦੂਜੇ ਦੀ ਵਿਆਖਿਆ ਕਰਦੇ ਹਨ ।

ਸਿੱਖ ਪੰਥ ਦਾ ਆਦਰਸ਼ ਇਹ ਹੈ ਕਿ ਸੰਸਾਰ ਉਤੇ ਉਹ ਸਮਾਂ ਲਿਆਉਣ ਦਾ ਯਤਨ ਕੀਤਾ ਜਾਏ ਜਦੋਂ ਸੱਚ ਮੁਚ 'ਵਾਹਿਗੁਰੂ ਜੀ ਕੀ ਫਤਹ' ਹੋ ਜਾਏ ਅਤੇ '੧ ਓ' ਦੀ ਭਾਵਨਾ ਪੂਰਨ ਤੌਰ ਤੇ ਅਮਲੀ ਜੀਵਨ ਵਿਚ ਪ੍ਰਗਟ ਹੋ ਜਾਏ । '੧ ਓ' ਦੇ ਅਨੇਕ ਪੱਖ ਹਨ । ਪਰ ਇਕ ਪੱਖ ਇਹ ਹੈ : ਸਰਬੱਤ ਦਾ ਭਲਾ । 'ਸਰਬੱਤ ਕੇ ਭਲੇ' ਵਿਚ ਚਕ੍ਰ ਚਿਹਨ,*ਬਰਨ ਜਾਤਿ, ਰੂਪ ਰੰਗ, ਰੇਖ ਭੇਖ ਦਾ ਵਿਤਕਰਾ ਨਹੀਂ ਸਗੋਂ ਸਾਰੀ ਮਨੁਖਤਾ ਸਾਰੇ ਬ੍ਰਹਿਮੰਡ ਦਾ ਭਲਾ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਾਜ਼ਰ ਹਜ਼ੂਰ ਅਤੇ ਜ਼ਾਹਰ ਜ਼ਹੂਰ ਵਾਹਿਗੁਰੂ 'ਚਕ੍ਰ ਚਿਹਨ ਅਰ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ

ਕਹਿ ਨ ਸਕਤਿ ਕਿਹ' ਹੈ। ਭਾਵ ਵਾਹਿਗੁਰੂ ਸਾਰੇ ਚਕ੍ਰ ਚਿਹਨਾਂ ਰੂਪਾਂ ਰੰਗਾਂ ਅਤੇ ਰੇਖਾਂ ਭੇਖਾਂ ਵਿਚ ਵਿਆਪਕ ਹੈ। ਇਸ ਵਾਸਤੇ 'ਵਾਹਿਗੁਰੂ ਜੀ ਕੀ ਫ਼ਤਹ' ਦੀ ਘੜੀ ਕੇਵਲ ਤਦ ਹੀ ਆ ਸਕਦੀ ਹੈ ਜਦ ਕਿਸੇ ਤਰ੍ਹਾਂ 'ਸਰਬੱਤ ਕਾ ਭਲਾ' ਹੋ ਸਕੇ। ਇਹ ਭਲਾ ਤਦ ਹੋ ਸਕਦਾ ਹੈ ਜੇ '੧ ਓ' ਦੇ ਇਹ ਅਰਥ ਵੀ ਅਸਲੀ ਰੂਪ ਵਿਚ ਪ੍ਰਗਟ ਹੋ ਸਕਣ ਕਿ ਨਾਮ ਦੀ ਚੜ੍ਹਦੀ ਕਲਾ ਹੋ ਜਾਏ। ਜਿਉਂ ਜਿਉਂ ਮਨੁਖਤਾ ਨਾਮ ਵਿਚ ਜਾਂ ਪ੍ਰਭੂ-ਪ੍ਰੇਮ ਵਿਚ ਲੀਨ ਹੁੰਦੀ ਜਾਵੇਗੀ ਤਿਉਂ ਤਿਉਂ 'ਸਰਬੱਤ ਕਾ ਭਲਾ' ਵੀ ਹੋ ਜਾਵੇਗਾ।

ਇਸ 'ਸਰਬੱਤ ਕੇ ਭਲੇ' ਅਤੇ 'ਵਾਹਿਗੁਰੂ ਜੀ ਕੀ ਫਤਹ' ਲਈ ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕ ਥਾਈਂ ਅਰਦਾਸ ਕੀਤੀ ਹੈ; ਜਿਵੇਂ—

'ਦੇਹ ਸਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋਂ, ਜਬ ਜਾਇ ਲਰੋਂ
ਨਿਸਚੈ ਕਰਿ ਆਪਨੀ ਜੀਤ ਕਰੋਂ ॥
ਅਰੁ ਸਿਖ ਹੋ ਅਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਣ ਮੈ ਤਬ ਜੂਝ ਮਰੋਂ ॥

(ਚੰਡੀ ਚਰਿਤ੍ਰ-੨੩੧)

ਖਾਲਸੇ ਦੀ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਸ਼ੁਭ ਕਰਮ ਲਈ ਕੀਤੀ ਸੀ ਕਿ 'ਵਾਹਿਗੁਰੂ ਜੀ ਕੀ ਫ਼ਤਹ' ਦਾ ਯੁਗ ਜਾਂ 'ਸਰਬੱਤ ਕੇ ਭਲੇ' ਦਾ ਯੁਗ ਸੰਸਾਰ ਵਿਚ ਲਿਆਂਦਾ ਜਾ ਸਕੇ। ਇਹੋ ਸੀ ਖਾਲਸੇ ਦਾ ਸਦੀਵੀ ਆਦਰਸ਼। ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਇਸ ਦਾ ਕੁਝ ਮਾਰਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਵਾਰ ਸ੍ਰੀ ਭਗਉਤੀ' ਦੀਆਂ ਪਹਿਲੀਆਂ ਛੇ ਸਤਰਾਂ ਵਿਚ ਦਰਸਾਇਆ ਹੈ। ਪਹਿਲੀਆਂ ਛੇ ਸਤਰਾਂ ਹਨ:—

ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ ॥
ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ॥
ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ ॥
ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭ ਦੁਖ ਜਾਇ ॥
ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ ॥
ਸਭ ਥਾਈਂ ਹੋਇ ਸਹਾਇ ॥ (ਅਰਦਾਸ)

ਅਸੀਂ ਵਿਚਾਰਨਾ ਇਹ ਹੈ ਕਿ ਖਾਲਸਾ ਪੰਥ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀ ਸੁਝਾਅ ਦਿਤਾ ਹੈ—ਇਹਨਾਂ ਸਤਰਾਂ ਵਿਚ – ਤਾਂ ਜੋ ਉਹ ਆਪਣੇ ਲਕਸ਼ ਨੂੰ ਪੂਰਾ ਕਰ ਸਕੇ ਅਤੇ 'ਵਾਹਿਗੁਰੂ ਜੀ ਕੀ ਫ਼ਤਹ' ਜਾਂ 'ਸਰਬੱਤ ਕੇ ਭਲੇ' ਦੇ ਯੁਗ ਦਾ ਅਰੰਭ ਹੋਵੇ । ਅਰਦਾਸ ਦੀਆਂ ਇਹਨਾਂ ਛੇ ਸਤਰਾਂ ਨੂੰ ਤਿੰਨ ਭਾਗਾਂ ਵਿਚ ਵਿਚਾਰਿਆ ਜਾ ਸਕਦਾ ਹੈ:—

(ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੇਰਨਾ ਕੀਤੀ ਹੈ ਕਿ ਖਾਲਸੇ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨੂੰ ਧਿਆਉਣਾ ਹੈ । ਗੁਰੂ ਨਾਨਕ ਲਈਂ ਧਿਆਇ ॥......

ਸ੍ਰੀ ਹਰਿ ਕ੍ਰਿਸ਼ਨ ਧਿਆਈਐ
ਜਿਸੁ ਡਿਠੈ ਸਭ ਦੁਖ ਜਾਇ ॥'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨੂੰ ਧਿਆ ਰਹੇ ਹਨ ।

(ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਗੌਤੀ ਜੀ ਨੂੰ, ਸ੍ਰੀ ਗੁਰੂ ਅਰਜਨ ਦੇਵ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸਿਮਰਦੇ ਹਨ:

'ਪ੍ਰਿਥਮ ਭਗੌਤੀ ਸਿਮਰ ਕੈ .....
ਅਰਜਨ ਹਰਿ ਗੋਬਿੰਦ ਨੂੰ
ਸਿਮਰੌ ਸ੍ਰੀ ਹਰਿ ਰਾਇ......
ਤੇਗ ਬਹਾਦਰ ਸਿਮਰੀਐ
ਘਰ ਨਉ ਨਿਧਿ ਆਵੈ ਧਾਇ ॥

ਖ਼ਾਲਸੇ ਨੇ ਵੀ ਇਹੋ ਅਰਦਾਸ ਕਰਨੀ ਹੈ ਅਤੇ ਇਹਨਾਂ ਪੰਜਾਂ ਨੂੰ ਸਿਮਰਨਾ ਹੈ।

(ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਰਦਾਸ ਕੀਤੀ ਹੈ ਕਿ ਇਹ ਤਿੰਨ ਗੁਰੂ ਸਹਾਇਕ ਹੋਣ: ਸ੍ਰੀ ਗੁਰੂ ਅੰਗਦ ਦੇਵ, ਸ੍ਰੀ ਗੁਰੂ ਅਮਰ ਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ। ਇਹਨਾਂ ਦੀ ਸਹਾਇਤਾ ਮੰਗੀ ਹੈ, 'ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਹਨਾਂ ਤਿੰਨਾਂ ਨੂੰ ਪੁਕਾਰਦੇ ਹਨ ਕਿ ਮੇਰੀ ਸਹਾਇਤਾ ਕਰੋ ਤਾਂ ਜੋ 'ਵਾਹਿਗੁਰੂ ਜੀ ਕੀ ਫ਼ਤਹ' ਅਤੇ 'ਸਰਬੱਤ ਕੇ ਭਲੇ' ਦਾ ਯੁਗ ਅਰੰਭ ਹੋਵੇ। ਖਾਲਸੇ ਨੇ ਵੀ ਇਹਨਾਂ ਤੋਂ ਸਹਾਇਤਾ ਲੈਣੀ ਹੈ।

ਧਿਆਵਨ, ਸਿਮਰਨ, ਸਹਾਇਕ ਹੋਵਨ ਦਾ ਭਾਵ ਕੀ ਹੈ? ਹੋ ਸਕਦਾ ਹੈ ਕਿ ਸਾਨੂੰ ਇਸ ਗੱਲ ਦਾ ਭੇਦ ਪੂਰੀ ਤਰ੍ਹਾਂ ਪ੍ਰਾਪਤ ਨਾ ਹੋ ਸਕੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਤਿੰਨ ਸ਼ਰੇਣੀਆਂ (ਗੁਰੂ ਵਿਅੱਕਤੀਆਂ) ਨੌਂ ਗੁਰੂਆਂ ਦੀਆਂ ਕਿਉਂ ਬਣਾ ਦਿਤੀਆਂ? ਅਤੇ ਕਿਸੇ ਸ਼ਰੇਣੀ ਨੂੰ ਉਹਨਾਂ ਨੇ ਧਿਆਇਆ ਕਿਉਂ? ਕਿਸੇ ਨੂੰ ਸਿਮਰਿਆ ਕਿਉਂ? ਅਤੇ ਕਿਸੇ ਨੂੰ ਸਹਾਇਤਾ ਲਈ ਪੁਕਾਰਿਆ ਕਿਉਂ? ਪਰ ਇਹ ਵੀ ਕਹਿਣਾ ਠੀਕ ਨਹੀਂ ਹੋਵੇਗਾ ਕਿ ਇਹ ਤਿੰਨੇ ਸ਼ਬਦ — ਭਾਵ ਧਿਆਵਨ, ਸਿਮਰਨ ਅਤੇ ਸਹਾਇਤਾ ਕਰਨ, ਸਮ-ਅਰਥਕ ਹਨ। ਭੇਦ ਲੱਭਣ ਦਾ ਮਾਮੂਲੀ ਜਿਹਾ ਯਤਨ ਕਰਦੇ ਹਾਂ, ਕੋਈ ਦਾਅਵਾ ਨਹੀਂ ਹੈ ਅਭੁੱਲਤਾ ਦਾ।

(ੳ) ਦਸਵੇਂ ਪਾਤਸ਼ਾਹ ਨੇ ਪਹਿਲੇ ਪਾਤਸ਼ਾਹ ਨੂੰ ਧਿਆਇਆ ਹੈ; ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਨੂੰ ਵੀ ਧਿਆਇਆ ਹੈ। ਧਿਆਵਨ ਦਾ ਅਰਥ ਹੈ ਧਿਆਨ ਵਿਚ ਰੱਖਣਾ। ਭਾਵ ਉਹਨਾਂ ਆਦਰਸ਼ਾਂ ਅਤੇ ਟੀਚਿਆਂ ਨੂੰ ਧਿਆਨ ਵਿਚ ਰਖਣਾ ਜਿਨ੍ਹਾਂ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖ ਪੰਥ ਦੀ ਨੀਂਹ ਰਖੀ। ਖਾਲਸੇ ਨੇ ਉਹਨਾਂ ਟੀਚਿਆਂ ਲਈ ਹੀ ਸਦਾ ਸੰਘਰਸ਼ ਕਰਨਾ ਹੈ।

ਪੂਰਨ ਰੂਪ ਵਿਚ ਉਹਨਾਂ ਟੀਚਿਆਂ ਦੀ ਪ੍ਰਾਪਤੀ ਹੀ 'ਸਰਬੱਤ ਕੇ ਭਲੇ' ਜਾਂ 'ਵਾਹਿਗੁਰੂ ਜੀ ਕੀ ਫ਼ਤਹ' ਦੇ ਯੁੱਗ ਨੂੰ ਅਰੰਭ ਕਰ ਸਕਦੀ ਹੈ। ਖਾਲਸੇ ਨੇ

ਵੀ ਉਹਨਾਂ ਟੀਚਿਆਂ ਲਈ ਹੀ ਸੰਘਰਸ਼ ਕਰਨਾ ਹੈ। 'ਦਸਵੇਂ ਪਾਤਸ਼ਾਹ' ਵੀ ਜੋ ਯਤਨ ਕਰਦੇ ਰਹੇ ਉਹ ਉਹਨਾਂ ਆਦਰਸ਼ਾਂ ਨੂੰ ਧਿਆਨ ਵਿਚ ਰੱਖ ਕੇ ਹੀ ਕਰਦੇ ਰਹੇ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਥਾਪਨ ਕੀਤੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਥਾਪਨ ਕੀਤੇ ਆਦਰਸ਼ਾਂ ਨੂੰ ਧਿਆਨ ਵਿਚ ਰਖਣਾ ਅਤੇ ਉਹਨਾਂ ਦੀ ਸਿੱਧੀ ਲਈ ਯਤਨ ਕਰਨਾ ਹੀ 'ਗੁਰ ਨਾਨਕ ਲਈਂ ਧਿਆਇ' ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਥੇ ਆਸ਼ੇ ਬਹੁ-ਪੱਖੀ ਸਨ, ਕਿਉਂਕਿ ਮਨੁੱਖੀ ਜੀਵਨ ਹੀ ਬਹੁ-ਪੱਖੀ ਹੈ ਗੁਰੂ ਨਾਨਕ ਦੇਵ ਜੀ ਦੇ ਆਦਰਸ਼ਾਂ ਵਿਚ ਦਾਰਸ਼ਨਿਕ; ਧਾਰਮਿਕ, ਰਾਜਸੀ, ਸਮਾਜਕ ਅਤੇ ਸਭਿਆਚਾਰਕ ਆਦਰਸ਼ ਸਨ ਤੇ ਇਹ ਸਭ ਕੁਝ ਇਕ ਬਾਗ਼ੈਰਤ, ਅਣਖੀਲੇ ਜੀਵਨ ਲਈ ਜ਼ਰੂਰੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ 'ਗੁਰੂ ਦਾ ਸਿਧਾਂਤ' ਇਹ ਸੀ ਕਿ ਗੁਰੂ ਮਨੁੱਖਤਾ ਨੂੰ ਏਕਤਾ ਤੇ ਬਰਾਬਰੀ ਦਿੰਦਾ ਹੈ :—

ਨਾਨਕ ਸਤਿਗੁਰੁ ਐਸਾ ਜਾਣੀਐ
ਜੋ ਸਭਸੈ ਲਏ ਮਿਲਾਏ ਜੀਉ ॥
(ਸਿਰੀ ਰਾਗੁ ਮ: ੧)

ਗੁਰੂ ਮਨੁੱਖਤਾ ਨੂੰ ਅਣਖ ਵਾਲਾ ਤੇ ਸਤਿਕਾਰ ਵਾਲਾ ਜੀਵਨ ਜੀਣ ਲਈ ਵੰਗਾਰਦਾ ਹੈ :—

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥
(ਮ: ੧ ਸਲੋਕ ਵਾਰ ਮਾਝ ਕੀ)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਰਸ਼ਨ ਵਿਚ '੧ ਓ' ਦੀ ਪਰਧਾਨਤਾ ਮੰਨੀ ਹੈ। ਧਰਮ ਵਿਚ 'ਸਤਿਨਾਮੁ' ਦੀ, ਜੀਵਨ ਵਿਚ 'ਕਰਤਾ ਪੁਰਖੁ' ਦੀ, ਰਾਜਸੀ ਪੱਖ ਵਿਚ 'ਨਿਰਭਉ ਤੇ ਨਿਰਵੈਰੁ' ਦੀ ਸਭਿਆਚਾਰ ਵਿਚ 'ਅਕਾਲ ਮੂਰਤਿ' ਅਤੇ 'ਗੁਰਪ੍ਰਸਾਦਿ' ਦੀ। ਸਭਿਆਚਾਰ ਵਿਚ ਰਾਜਸੀ, ਧਾਰਮਕ ਅਤੇ ਸਮਾਜਕ ਸਾਧਨਾਂ ਦੁਆਰਾ ਉੱਚਾ ਕਰਨ ਲਈ ਗੁਰੂ ਨਾਨਕ ਦੇਵ ਜੀ ਨੇ ਸਾਰੀ ਜਨਤਾ ਦਾ ਧਿਆਨ ਫੋਕਟ ਧਰਮ, ਪਾਖੰਡ ਸ੍ਵੈਵਿਰੋਧੀ ਦਸ਼ਾ, ਬੇ-ਅਣਖ ਅਤੇ

ਬੇ-ਗੈਰਤ ਜੀਵਨ ਵਲ ਇਉਂ ਦਿਵਾਇਆ:—

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
ਛੋਡੀਲੇ ਪਾਖੰਡਾ ॥ ਨਾਮਿ ਲਇਐ ਜਾਹਿ ਤਰੰਦਾ ॥ ੧ ॥

(ਮ: ੧)

ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥
ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥
ਚਉਕੇ ਉਪਰਿ ਕਿਸੈ ਨ ਜਾਣਾ ॥
ਦੇ ਕੈ ਚਉਕਾ ਕਢੀ ਕਾਰ ॥
ਉਪਰਿ ਆਇ ਬੈਠੇ ਕੂੜਿਆਰ ॥
ਮਤੁ ਭਿਟੈ ਵੇ ਮਤੁ ਭਿਟੈ ॥
ਇਹੁ ਅੰਨੁ ਅਸਾਡਾ ਫਿਟੈ ॥
ਤਨਿ ਫਿਟੈ ਫੇੜ ਕਰੇਨਿ ॥
ਮਨਿ ਜੂਠੈ ਚੁਲੀ ਭਰੇਨਿ ॥

ਕਹੁ ਨਾਨਕ ਸਚੁ ਧਿਆਈਐ ॥
ਸੁਚਿ ਹੋਵੈ ਤਾ ਸਚੁ ਪਾਈਐ ॥ ੨ ॥
(ਆਸਾ ਦੀ ਵਾਰ)

ਬੇਅਣਖ ਜੀਵਨ ਵਿਚ ਹੀ ਆਪਣੀਆਂ ਧਰਮ ਪੁਸਤਕਾਂ ਤੋਂ ਕੋਈ ਮੂੰਹ ਮੋੜਦਾ ਹੈ, ਆਪਣੇ ਧਾਰਮਿਕ ਤੇ ਪੂਜਾ ਦੇ ਤਰੀਕਿਆਂ ਤੋਂ ਬੇਮੁਖ ਹੁੰਦਾ ਹੈ। ਕੋਈ ਬੇਅਣਖ ਹੀ ਆਪਣੇ ਪਹਿਰਾਵੇ ਤੇ ਨੱਕ ਚੜ੍ਹਾ ਸਕਦਾ ਹੈ; ਕਈ ਬੇਅਣਖ ਹੀ 'ਅਭਾਖਿਆ ਕਾ ਕੁਠਾ ਬਕਰਾ' ਖਾ ਸਕਦਾ ਹੈ। ਗੁਲਾਮੀ ਅਤੇ ਗੁਲਾਮੀ ਵਿਚੋਂ ਪੈਦਾ ਹੋਇਆ ਤਰਾਸ (ਡਰ) ਹੀ ਮਨੁੱਖੀ ਜੀਵਨ ਨੂੰ ਬੇਅਣਖ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਬੇਗੈਰਤੀ ਨੂੰ ਦੂਰ ਕਰਨ ਲਈ ਮਨੁੱਖੀ ਏਕਤਾ ਤੇ ਬਰਾਬਰੀ ਦੀ ਫਿਲਾਸਫ਼ੀ ਦਿਤੀ; ਗੁਰੂ ਅਤੇ ਗੁਰੂ ਗ੍ਰੰਥ ਸਾਹਿਬ ਦਾ ਉਹ ਸਿਧਾਂਤ ਦਿਤਾ ਜਿਹੜਾ ਸਾਰੇ ਭਾਰਤੀਆਂ ਨੂੰ ਇਕੱਠਾ ਕਰ ਸਕੇ, ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਸੋਹਣਾ ਗੁਰ ਦਸਿਆ, ਗ੍ਰਹਿਸਤ ਦੇ ਨਿਭਾਣ ਲਈ। ਮਨੁਖ ਦੇ ਸਾਹਮਣੇ ਪਹਿਲੇ ਪਾਤਸ਼ਾਹ ਨੇ ਸਚਿਆਰੁ ਬਣਨ ਦਾ ਟੀਚਾ ਪੇਸ਼ ਕੀਤਾ। ਸਾਰੇ 'ਜਪੁਜੀ ਸਾਹਿਬ' ਵਿਚ ਉਸ ਟੀਚ ਦੀ ਵਿਆਖਿਆ ਵੀ ਕੀਤੀ ਅਤੇ ਉਸ ਟੀਚੇ ਤਕ ਪਹੁੰਚਣ ਦੇ ਸਾਧਨ ਵੀ ਦਸੇ। ਆਪ ਨੇ ਸਾਰੀ 'ਆਸਾ ਦੀ ਵਾਰ' ਵਿਚ 'ਮਾਣਸ' ਤੋਂ 'ਦੇਵਤਾ' ਬਣਨ ਦਾ ਆਦਰਸ਼ ਵੀ ਦਸਿਆ ਹੈ ਅਤੇ ਇਸ ਪਦ ਦੀ ਪ੍ਰਾਪਤੀ ਲਈ ਸਾਧਨ ਵੀ ਦਸੇ। ਆਪ ਨੇ—

ਪਉੜੀ ॥ ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ ॥
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥
ਵਡਿਆਈ ਵਡਾ ਪਾਇਆ ॥ ੭ ॥
(ਆਸਾ ਦੀ ਵਾਰ)

ਦਾ ਆਦਰਸ਼ ਮਨੁੱਖੀ ਸੇਵਾ ਲਈ ਪੇਸ਼ ਕੀਤਾ। ਆਪ ਨੇ ਸਾਰੇ ਸੰਸਾਰ ਦਾ ਭ੍ਰਮਣ ਕਰਕੇ ਲੀਹ ਪਾਈ ਕਿ ਕੀ ਪ੍ਰਚਾਰਨਾ ਹੈ ਅਤੇ ਕਿਵੇਂ ਪਰਚਾਰਨਾ ਹੈ ?

ਆਪ ਦੇ ਆਸ਼ੇ ਆਦਰਸ਼ ਸੂਰਜ ਵਾਂਗ ਚਮਕੇ। ਆਪ ਦੀ ਬਾਣੀ ਵਿਚ ਸਿੰਘ ਵਾਲੀ ਗਰਜ ਪੈਦਾ ਹੋਈ ਅਤੇ ਮਿਰਗਾਂਵਲੀ ਆਪ ਦੇ ਬਲਵਾਨ ਸਾਧਨਾਂ ਦੇ ਸਾਹਮਣੇ ਭੱਜ ਉਠੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਗੁਰ ਨਾਨਕ ਲਈਂ ਧਿਆਇ' ਵਿਚੋਂ ਇਨ੍ਹਾਂ ਹੀ ਆਦਰਸ਼ਾਂ ਵਾਸਤੇ ਪਰੇਰਨਾ ਪਰਾਪਤ ਕੀਤੀ ਅਤੇ ਇਨ੍ਹਾਂ ਹੀ ਆਦਰਸ਼ਾਂ ਲਈ ਪਰੇਰਨਾ ਖਾਲਸੇ ਨੂੰ ਦਿਤੀ। 'ਦਸਵਾਂ ਪਾਤਸ਼ਾਹ' ਪਹਿਲੇ ਪਾਤਸ਼ਾਹ ਦਾ ਹੀ ਸਰੂਪ ਸੀ।

ਅਜੇ ਮੇਰੀ ਅਲਪ ਬੁੱਧੀ ਇਸ ਗੱਲ ਨੂੰ ਹੱਲ ਨਹੀਂ ਕਰ ਸਕੀ ਕਿ 'ਸ੍ਰੀ ਹਰਿਕ੍ਰਿਸ਼ਨ ਧਿਆਈਐ' ਤੋਂ ਵਿਸ਼ੇਸ਼ ਤੌਰ ਤੇ 'ਦਸਵੇਂ ਪਾਤਸ਼ਾਹ' ਦਾ ਕੀ ਭਾਵ ਸੀ। ਪਰ ਸ੍ਰੀ ਹਰਿਕ੍ਰਿਸ਼ਨ ਅਗਿਆਨਤਾ ਦੇ ਨਾਸ਼ਕ ਹਨ ਅਤੇ ਰੋਗ ਦੇ ਨਾਸ਼ਕ ਹਨ। ਆਪ ਦੀ ਤੱਕਣੀ ਨਾਲ ਉਸੇ ਤਰ੍ਹਾਂ ਮਨੁੱਖੀ ਮਨ ਬੁੱਧੀ ਦੀ ਧੁੰਧ ਮਿਟਦੀ ਸੀ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਮਿਟੀ—

ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧੁ ਜਗਿ ਚਾਨਣੁ ਹੋਆ ॥

(ਭਾਈ ਗੁਰਦਾਸ ਜੀ)

ਆਪ ਦੀ ਛੁਹ ਨਾਲ ਰੋਗ ਨਾਸ਼ ਹੁੰਦੇ ਸਨ—ਸਰੀਰਕ, ਆਤਮਕ, ਮਾਨਸਕ ਅਤੇ ਸਦਾਚਾਰਕ ਰੋਗ।

ਇਸ ਤਰ੍ਹਾਂ 'ਗੁਰ ਨਾਨਕ ਲਈਂ ਧਿਆਇ' ਅਤੇ 'ਸ੍ਰੀ ਹਰਿ ਕ੍ਰਿਸ਼ਨ ਧਿਆਈਐ' ਖਾਲਸੇ ਦੇ ਆਦਰਸ਼ ਹਨ, ਖਾਲਸੇ ਨੇ ਆਪਣੇ ਕਰਤੱਵ ਦੀ ਪੂਰਤੀ ਲਈ ਇਨ੍ਹਾਂ ਨੂੰ ਧਿਆਉਣਾ ਹੈ।

(ਅ) 'ਦਸਵੇਂ ਪਾਤਸ਼ਾਹ' ਨੇ ਪੰਜਾਂ ਦੀ ਇਕ ਸ਼ਰੇਣੀ ਬਣਾਈ ਹੈ ਅਤੇ ਉਨ੍ਹਾਂ ਨੂੰ ਸਿਮਰਿਆ ਹੈ—'ਪ੍ਰਿਥਮ ਭਗੌਤੀ ਸਿਮਰ ਕੈ' 'ਅਰਜਨ ਹਰਿਗੋਬਿੰਦ ਨੂੰ ਸਿਮਰੌ ਸ੍ਰੀ ਹਰਿਰਾਇ', 'ਤੇਗ ਬਹਾਦਰ ਸਿਮਰੀਐ'। ਇਨ੍ਹਾਂ ਪੰਜਾਂ ਦੀ ਇਕ ਸ਼ਰੇਣੀ ਬਨਾਣਾ ਹੀ ਕਮਾਲ ਦਾ ਅਨੁਭਵ ਹੈ। ਭਗੌਤੀ ਪਰਮਾਤਮਾ ਦੀ ਉਹ ਸ਼ਕਤੀ ਹੈ ਜਿਸ ਨਾਲ 'ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ' ਦਾ ਆਦਰਸ਼ ਪੂਰਨ ਹੋਣਾ ਹੈ। ਇਹ 'ਧਰਮ ਚਲਾਵਨ' ਲਈ 'ਸੰਤ ਉਬਾਰਨ' ਲਈ ਅਤੇ 'ਦੁਸ਼ਟ

ਸਭਨ ਕੋ ਮੂਲ ਉਪਾਰਨ' ਲਈ ਅਤਿਅੰਤ ਜ਼ਰੂਰੀ ਸ਼ਕਤੀ ਹੈ। 'ਦਸਵੇਂ ਪਾਤਸ਼ਾਹ' ਨੇ 'ਸ੍ਰੀ ਸਾਹਿਬ' ਦੀ ਸ਼ਰਨ ਲਈ ਹੈ। ਫਿਰ 'ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿ ਰਾਇ' ਅਤੇ 'ਤੇਗ ਬਹਾਦਰ ਸਿਮਰੀਐ' ਨੇ ਘੋਲ ਕੀਤਾ ਹੈ, ਕੁਰਬਾਨੀ ਕੀਤੀ ਹੈ, ਤਲਵਾਰ ਨਾਲ ਜੂਝੇ ਹਨ – ਉਨ੍ਹਾਂ ਆਦਰਸ਼ਾਂ ਲਈ ਜੋ ਆਦਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਥਾਪਨ ਕੀਤੇ ਸਨ।

ਸਿਮਰਨ ਦਾ ਭਾਵ ਯਾਦ ਹੈ, ਧਿਆਵਣ ਦਾ ਭਾਵ ਧਿਆਨ ਵਿਚ ਰਖਣਾ ਹੈ। ਸਿਖ ਧਰਮ ਯਾਦ ਅਤੇ ਧਿਆਨ ਦਾ ਧਰਮ ਹੈ। ਸਿਮਰਨ ਦਾ ਭਾਵ ਇਹ ਹੈ ਕਿ ਜਦੋਂ ਸਿਖ ਕਰਤੱਵ ਕਰਨ ਲਗਾ ਹੈ ਉਸ ਨੇ ਉਨ੍ਹਾਂ ਆਦਰਸ਼ਾਂ ਲਈ ਕਰਤੱਵ ਕਰਨਾ ਹੈ ਜੋ ਪਹਿਲੇ ਪਾਤਸ਼ਾਹ ਨੇ ਸਥਾਪਨ ਕੀਤੇ ਹੋਏ ਹਨ ਅਤੇ ਉਸ ਤਰੀਕੇ ਨੂੰ ਯਾਦ ਰਖ ਕੇ ਘੋਲ ਕਰਨਾ ਹੈ, ਉਸ ਕਰਬਾਨੀ ਤੇ ਭਾਵਨਾ ਨੂੰ ਯਾਦ ਰਖ ਕੇ ਘੋਲ ਕਰਨਾ ਹੈ ਜਿਸ ਤਰ੍ਹਾਂ 'ਅਰਜਨ, ਹਰਿਗੋਬਿੰਦ, ਸ੍ਰੀ ਹਰਿਰਾਇ ਅਤੇ ਤੇਗ ਬਹਾਦਰ' ਜੀ ਨੇ ਕੀਤਾ। ਇਹ ਚਾਰੇ ਸੂਰਮੇ ਗੁਰੂ ਹਨ ਜਿਨ੍ਹਾਂ ਸ੍ਰੀ ਸਾਹਿਬ ਪਕੜੀ ਵੀ ਅਤੇ ਸ੍ਰੀ ਸਾਹਿਬ ਦਾ ਵਾਰ ਵੀ ਸਹਿਆ। ਯਾਦ ਇਹ ਰਖਣਾ ਹੈ ਕਿ ਖਾਲਸਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਥਾਪਨ ਕੀਤੇ ਆਦਰਸ਼ ਕੁਰਬਾਨੀ ਬਿਨਾਂ ਪ੍ਰਾਪਤ ਨਹੀਂ ਕਰ ਸਕਦਾ—ਖਾਲਸੇ ਨੇ ਉਸ ਹੱਦ ਤਕ ਘੋਲ ਕਰਨਾ ਹੈ ਜਿਥੇ ਉਹ ਆਪਾ ਤਕ ਵਾਰ ਦੇਵੇ। ਇਹ ਚਾਰੇ ਗੁਰੂ ਸਿਪਾਹੀ ਬਣ ਕੇ ਜੂਝੇ ਅਤੇ ਖਾਲਸੇ ਦਾ ਇਕ ਰੂਪ ਸਿਪਾਹੀ ਹੈ।

ਪਰ ਇਨ੍ਹਾਂ ਨੂੰ ਸਿਮਰਦਿਆਂ ਹੀ 'ਸੁਖਮਨੀ' ਨੂੰ ਵੀ ਸਿਮਰਨਾ ਹੈ। ਇਹ ਗੁਰੂ ਅਰਜਨ ਦੇਵ ਜੀ ਦਾ ਹਿਰਦਾ ਹੈ। ਨਾਵੇਂ ਮਹਲੇ ਦੇ ਸਲੋਕਾਂ ਨੂੰ ਵੀ ਸਿਮਰਨਾ ਹੈ ਇਨ੍ਹਾਂ ਦੇ ਦਰਸ਼ਨ ਵਿਚ ਹੀ 'ਤੇਗ ਬਹਾਦਰ' ਹੋਣ ਦਾ ਬਲ ਹੈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਉਨ੍ਹਾਂ ਭਾਵਨਾਵਾਂ ਨੂੰ ਸਿਮਰਨਾ ਹੈ ਜੋ ਨਿਸ਼ਾਨ ਝੁਲਾਉਣ ਵਿਚ ਅਤੇ ਅਕਾਲ ਤਖਤ ਬਣਵਾਨ ਵਿਚ ਹਨ। ਉਨ੍ਹਾਂ ਦੀ ਬੰਦੀ-ਛੋੜ ਬਣਨ ਦੀ ਮਿਸਾਲ ਨੂੰ ਯਾਦ ਰਖਣਾ ਹੈ ਅਤੇ ਖਾਲਸੇ ਨੇ ਬੰਦੀ ਛੋੜ ਬਣਨਾ ਹੈ। ਉਨ੍ਹਾਂ ਦੇ ਚੌਂਕੀ ਸਾਹਿਬ ਦੇ ਸਿਧਾਂਤ ਨੂੰ ਵੇਖਣਾ ਹੈ ਅਤੇ ਖਾਲਸੇ ਨੇ ਹਰ ਅਨਿਆਂ ਦੇ ਵਿਰੁਧ ਚੌਂਕੀ ਜਾਂ ਜਹਾਦ ਕਰਨਾ ਹੈ। ਇਨ੍ਹਾਂ ਨੂੰ ਸਿਮਰਨ

ਕਰਦਿਆਂ ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਇਸ ਸਿਧਾਂਤ ਨੂੰ ਵੇਖਣਾ ਕਿ ਕਿਥੋਂ ਜੁੱਰਤ (Courage of conviction) ਨਹੀਂ ਹੈ ਉਥੇ ਸਿਖੀ ਨਹੀਂ। ਸਿਖ ਵਿਚ ਆਪਣੇ ਆਪ ਨੂੰ ਸਿਖ ਕਹਿਣ ਦੀ ਜੁੱਰਤ ਹੈ। ਖਾਲਸੇ ਦੇ ਕੇਸ ਵੀ ਉਸ ਦੇ ਵਿਸ਼ਵਾਸ ਨੂੰ ਜੁੱਰਤ-ਮਈ ਢੰਗ ਨਾਲ ਪ੍ਰਗਟ ਕਰਦੇ ਹਨ।

ਜਿਥੇ ਗੁਰੂ ਅਰਜਨ ਦੇਵ ਦਾ ਸਿਮਰਨ ਹੈ ਉਥੇ 'ਬਿਸਰਿ ਗਈ ਸਭ ਤਾਤਿ ਪਰਾਈ' ਦਾ ਸਿਮਰਨ ਹੈ, ਉਥੇ 'ਗਰੀਬੀ ਗਦਾ ਹਮਾਰੀ' ਦਾ ਸਿਮਰਨ ਵੀ ਹੈ; ਉਥੇ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਦਾ ਸਿਮਰਨ ਵੀ ਹੈ। ਜਿਥੇ ਗੁਰੂ ਤੇਗ ਬਹਾਦਰ ਜੀ ਦਾ ਸਿਮਰਨ ਹੈ ਉਥੇ ਇਨ੍ਹਾਂ ਤਿੰਨਾਂ ਸਿਧਾਤਾਂ ਦਾ ਪਰਮੁਖ ਰੂਪ ਵੀ ਸਿਮਰਨ ਹੈ—

੧. ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥

੨. ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥

੩. ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ ॥

(੪) ਦਸਵੇਂ ਪਾਤਸ਼ਾਹ ਨੇ ਗੁਰੂ ਨਾਨਕ ਸਾਹਿਬ ਨੂੰ ਧਿਆ ਕੇ ਉਹਨਾਂ ਦੇ ਆਦਰਸ਼ ਨੂੰ ਸਮਝਿਆ। 'ਅਰਜਨ, ਹਰਿਗੋਬਿੰਦ, ਹਰਿਰਾਇ, ਤੇਗ ਬਹਾਦਰ' ਸਿਮਰ ਕੇ ਸੂਰਮੇ ਸਿਪਾਹੀ ਦੇ ਕਰਤੱਵ ਨੂੰ ਦ੍ਰਿੜ੍ਹ ਕੀਤਾ ਅਤੇ ਫਿਰ 'ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ' ਤੋਂ ਸਹਾਇਤਾ ਮੰਗੀ ਹੈ। ਇਹ ਤਿੰਨ ਗੁਰੂਆਂ ਦੀ ਸ਼੍ਰੇਣੀ ਨਿਰਮਾਣ ਸੇਵਾ ਦੁਆਰਾ ਪ੍ਰਵਾਣ ਹੋਏ ਪੁਰਸ਼ਾਂ ਦੀ ਸ਼੍ਰੇਣੀ ਹੈ। ਤਿੰਨਾਂ ਨੇ ਹੀ ਅਣਥੱਕ ਸੇਵਾ ਕੀਤੀ ਹੈ। ਆਪਣਾ ਆਪ ਉਹਨਾਂ ਆਦਰਸ਼ਾਂ ਲਈ ਵਾਰਿਆ ਘੋਲਿਆ ਹੈ ਜੋ ਪ੍ਰਿਥਮ ਗੁਰੂ ਨੇ ਸਥਾਪਨ ਕੀਤੇ ਸਨ। ਇਹਨਾਂ ਪਾਸੋਂ ਸਬਰ ਦਾ ਬਲ ਲੈਣਾ ਹੈ।

'ਜਤੁ ਪਾਹਾਰਾ ਧੀਰਜੁ ਸੁਨਿਆਰੁ' ਵਾਲਾ ਧੀਰਜ ਇਹਨਾਂ ਵਿਚ ਸੀ, 'ਸੇਵ ਕੀਤੀ ਸੰਤੋਖੀਈਂ' ਵਾਲਾ ਧੀਰਜ ਇਹਨਾਂ ਵਿਚ ਸੀ, ਅਤੇ 'ਸੇਵਕ ਕੀ ਓੜਕ ਨਿਬਹੀ ਪ੍ਰੀਤਿ' ਵਾਲੀ ਪ੍ਰੀਤ ਇਹਨਾਂ ਵਿਚ ਸੀ। ਇਹ ਸਿਖ ਆਚਰਨ ਦਾ ਉਹ ਅੰਗ ਹੈ ਜਿਸ ਨੂੰ ਸੰਤ ਕਹਿੰਦੇ ਹਨ ਅਤੇ ਇਸ ਤਰ੍ਹਾਂ ਖਾਲਸੇ ਦਾ ਪੂਰਾ ਆਚਰਨ ਬਣਦਾ ਹੈ ਸੰਤ-ਸਿਪਾਹੀ। ਗੁਰੂ ਅੰਗਦ ਸਾਹਿਬ ਉਹ ਆਸ਼ਕ, ਚਾਕਰ

ਅਤੇ ਸੇਵਕ ਹਨ ਜਿਥੇ ਇਹ ਆ ਕੇ ਸੱਚ ਹੁੰਦਾ ਹੈ :

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥
ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥ ੨ ॥

(ਆਸਾ ਦੀ ਵਾਰ)

ਸ੍ਰੀ ਗੁਰੂ ਅਮਰਦਾਸ ਉਹ ਸੰਤ ਹਨ ਜਿਨ੍ਹਾਂ ਦੀ ਚਾਲ ਨਿਰਾਲੀ ਹੈ ਅਤੇ ਜੋ ਅਕੱਥ ਦੀ ਕਹਾਣੀ ਕਥਦੇ ਹਨ :—

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ ॥
ਕਰਹਾ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ ॥
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥
ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ ॥
ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ ॥

(ਅਨੰਦੁ ਸਾਹਿਬ)

ਸ੍ਰੀ ਗੁਰੂ ਰਾਮਦਾਸ ਜੀ ਸਿੱਖ ਨੂੰ ਸਵੇਰੇ ਜਗਾਉਂਦੇ ਹਨ, ਉਸ ਨੂੰ ਇਸ਼ਨਾਨ ਕਰਾਉਂਦੇ ਹਨ, ਸਿਮਰਨ ਵਿਚ ਲਗਾਉਂਦੇ ਹਨ ਅਤੇ ਸੰਗਤ ਵਿਚ ਲੈ ਜਾਂਦੇ ਹਨ ਉਹ ਰੋਜ਼ ਸਿਖ ਦੀ ਇਹ ਸਹਾਇਤਾ ਕਰਦੇ ਹਨ :—

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪ੍ਰਭਾਤੀ
ਇਸਨਾਨੁ ਕਰੇ ਅੰਮ੍ਰਿਤਸਰ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲ ਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥

ਜਿਸਨੋ ਦਿਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥

(ਗਉੜੀ ਵਾਰ ਮਹਲਾ ੪)

ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਆਪ ਬਣਾਇਆ, ਇਸ ਤਰ੍ਹਾਂ ਉਹਨਾਂ ਨੇ ਆਪਣੇ ਖਾਲਸੇ ਵਿਚ ਕਿਸੇ ਆਦਰਸ਼ ਦੀ ਪੂਰਤੀ ਲਈ ਜਾਨ ਪਾਈ। ਇਹ ਅਰਦਾਸ ਉਹਨਾਂ ਆਪ ਕੀਤੀ ਅਤੇ ਖਾਲਸੇ ਨੇ ਕੀਤੀ। ਖਾਲਸਾ ਧਿਆਂਦਾ ਹੈ ਸਿਮਰਦਾ ਹੈ ਸਹਾਇਤਾ ਮੰਗਦਾ ਹੈ।

(੫)

ਖਾਲਸੇ ਨੇ ਅਰਦਾਸ ਵਿਚ ਅਗਲੀਆਂ ਸਤਰਾਂ ਅੰਕਤ ਕੀਤੀਆਂ ਅਤੇ ਕਿਹਾ ਕਿ 'ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਭ ਥਾਈਂ ਹੋਇ ਸਹਾਇ ॥ ਦਸਾਂ ਪਾਤਸ਼ਾਹੀਆਂ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਕਾ ਧਿਆਨ ਧਰ ਬੋਲੋ ਜੀ ਸ੍ਰੀ ਵਾਹਿਗੁਰੂ।'

ਖਾਲਸੇ ਵਿਚ ਬਲ ਰਹਿਣਾ ਹੈ ਜਦੋਂ ਤਕ ਖਾਲਸੇ ਨੇ ਨਿਆਰਾ ਰਹਿਣਾ ਹੈ, ਜਦੋਂ ਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਦਸਵੇਂ ਪਾਤਸ਼ਾਹ' ਨੇ—ਸਭ ਥਾਈਂ, ਸਹਾਈ ਹੋਣਾ ਹੈ।

'ਦਸਵਾਂ ਪਾਤਸ਼ਾਹ' ਕਿਵੇਂ ਸਭ ਥਾਈਂ ਖਾਲਸੇ ਦਾ ਸਹਾਈ ਹੁੰਦਾ ਹੈ? ਉਸੇ ਅਰਦਾਸ ਦੁਆਰਾ ਜੋ ਉਹ ਆਪ ਕਰਦਾ ਸੀ, ਉਸੇ ਆਦਰਸ਼ ਦੁਆਰਾ ਜੋ ਉਸ ਨੇ ਸਥਾਪਨ ਕੀਤਾ। ਖਾਲਸੇ ਦਾ ਕੇਸਗੜ੍ਹ ਸਦਾ ਖਾਲਸੇ ਦੇ ਨਾਲ ਹੈ, ਖਾਲਸੇ ਦਾ ਦਰਸ਼ਨ ਗੁਰੂ ਗੋਬਿੰਦ ਸਿੰਘ ਜੀ ਦਾ ਦਰਸ਼ਨ ਹੈ, ਜਿਸ ਖਾਲਸੇ ਦੇ ਕੇਸ ਹਨ ਉਹ ਕੇਸਗੜ੍ਹ ਵਿਚ ਹੈ ਅਤੇ ਇਹ ਕੇਸਗੜ੍ਹ ਉਸ ਦੀ ਸਭ ਥਾਈਂ ਸਹਾਇਤਾ ਕਰਦਾ ਹੈ। ਕੇਸ ਹੁੰਦਿਆਂ ਸਿੱਖ ਬੇਗੈਰਤ ਨਹੀਂ ਹੋ ਸਕਦਾ ਕਿ ਉਹ 'ਅਰਜਨ, ਹਰਿਗੋਬਿੰਦ ਜਾਂ ਅਮਰਦਾਸ, ਰਾਮਦਾਸ' ਵਾਲੇ ਕਰਤੱਵ ਨਾ ਨਿਭਾਵੇ।

ਉਹ ਸੰਤ ਸਿਪਾਹੀ ਦਾ ਹੀ ਕਰਤੱਵ ਨਿਭਾਉਂਦਾ ਹੈ। ਸਕੇਸ਼ ਖਾਲਸਾ ਪਰ-ਧਨ, ਪਰ-ਤਨ, ਪਰ-ਨਿੰਦਾ ਵਿਚ ਨਹੀਂ ਲਗ ਸਕਦਾ, ਉਹਦੀ ਗੈਰਤ ਉਸ ਨੂੰ ਇਜਾਜ਼ਤ ਨਹੀਂ ਦੇਂਦੀ। ਸੋ ਕੇਸਾਂ ਦੇ ਰੂਪ ਵਿਚ 'ਦਸਵਾਂ ਪਾਤਸ਼ਾਹ' ਸਭ ਥਾਈਂ ਸਹਾਈ ਹੁੰਦਾ ਹੈ। 'ਦਸਵੇਂ ਪਾਤਸ਼ਾਹ' ਦਾ ਚਿੱਟਾ ਬਾਜ਼ ਖਾਲਸੇ ਨੂੰ ਵੰਗਾਰਦਾ ਹੈ ਕਿ ਉਸ ਨੇ ਸੰਤ ਵੀ ਬਣਨਾ ਹੈ (ਚਿੱਟੇ ਰੰਗ ਦਾ) ਅਤੇ ਬਾਜ਼ ਵੀ ਬਣਨਾ ਹੈ (ਤਾਕਤਵਰ ਸਿਪਾਹੀ)। 'ਦਸਵੇਂ ਪਾਤਸ਼ਾਹ'ਦਾ ਨੀਲਾ ਘੋੜਾ ਹਰ ਥਾਂ ਖਾਲਸੇ ਦਾ ਸਹਾਈ ਹੈ। ਨੀਲਾਹਟ ਦੀ ਵਿਸ਼ਾਲਤਾ ਸੰਤ ਦਾ ਚਿੰਨ੍ਹ ਹੈ ਅਤੇ ਘੋੜਾ ਸਿਪਾਹੀ ਦਾ ਚਿੰਨ੍ਹ ਹੈ। ਦਸਵੇਂ ਪਾਤਸ਼ਾਹ ਦਾ ਖਾਲਸਾ ਸੰਤ ਸਿਪਾਹੀ ਹੈ, 'ਦਸਵੇਂ ਪਾਤਸ਼ਾਹ' ਦੀ ਰਹਿਤ'ਦਸਵੇਂ ਪਾਤਸ਼ਾਹ'ਦਾ ਅੰਮ੍ਰਿਤ'ਸਭ ਥਾਈਂ ਹੋਇ ਸਹਾਇ' ਹੈ: ਦਸਵੇਂ ਪਾਤਸ਼ਾਹ ਦਾ ਜਾਪੁ ਸਾਹਿਬ—

ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥
ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥
ਕਿ ਸਾਹਿਬ ਦਿਮਾਗ ਹੈਂ । ਕਿ ਹੁਸਨਲ ਚਰਾਗ ਹੈਂ ॥
ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ ਹੈਂ ॥੧੫੧॥
ਕਿ ਰੋਜ਼ੀ ਦਹਿੰਦ ਹੈਂ ॥ ਕਿ ਰਾਜ਼ਕ ਰਹਿੰਦ ਹੈਂ ॥
ਕਰੀਮੁਲ ਕਮਾਲ ਹੈਂ ॥ ਕਿ ਹੁਸਨਲ ਜਮਾਲ ਹੈਂ ॥੧੫੨॥

ਖਾਲਸੇ ਨੂੰ ਸੰਤ ਸਿਪਾਹੀ ਦਾ ਕਰਤੱਵ ਨਿਭਾਣ ਲਈ 'ਸਭ ਥਾਈਂ ਸਹਾਇ' ਹੁੰਦਾ ਹੈ। 'ਦਸਵੇਂ ਪਾਤਸ਼ਾਹ' ਦੀ ਬਖਸ਼ੀ 'ਸ੍ਰੀ ਸਾਹਿਬ 'ਦਸਵੇਂ ਪਾਤਸ਼ਾਹ' ਦਾ ਬਖਸ਼ਿਆ 'ਖੰਡੇ ਦਾ ਪਾਹੁਲ' ਖਾਲਸੇ ਦਾ 'ਸਭ ਥਾਈਂ ਸਹਾਇ' ਹੁੰਦਾ ਹੈ। 'ਦਸਵੇਂ ਪਾਤਸ਼ਾਹ' ਦਾ ਸਾਜਿਆ ਪੰਥ 'ਪੰਜ ਪਿਆਰੇ', ਖਾਲਸੇ ਦੇ ਸਭ ਥਾਈਂ ਸਹਾਇ' ਹਨ। ਇਹ ਖਾਲਸੇ ਨੂੰ ਖਾਲਸੇ ਦੇ ਕਰਤੱਵ ਤੋਂ ਡਿਗਣ ਨਹੀਂ ਦੇਂਦੇ : ਇਹੋ ਸਹਾਇਤਾ ਹੈ। 'ਦਸਵੇਂ ਪਾਤਸ਼ਾਹ' ਦਾ ਗੁਰ-ਗੱਦੀ ਤੇ ਬਿਰਾਜਮਾਨ ਕੀਤਾ 'ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੁਗੋ ਜੁਗ ਅਟੱਲ' ਹੈ। ਇਸ 'ਜੁਗੋ ਜੁਗ ਅਟੱਲ' ਗੁਰੂ ਦਾ ਦੀਦਾਰ ਤੇ ਪਾਠ ਖਾਲਸੇ ਦਾ 'ਸਭ ਥਾਈਂ ਸਹਾਇ' ਹੈ। 'ਦਸਵੇਂ ਪਾਤਸ਼ਾਹ' ਦੀ ਬਖਸ਼ੀ ਅਰਦਾਸ ਖਾਲਸੇ

ਦੀ 'ਸਭ ਥਾਈਂ ਸਹਾਇ' ਹੈ। ਇਹ ਹੈ ਅਜਬ ਦੀਦਾਰ 'ਦਸਵੇਂ ਪਾਤਸ਼ਾਹ' ਦਾ ਅਤੇ ਖਾਲਸੇ ਦਾ।

(੬)

ਦਸਾਂ ਗੁਰੂ ਸਾਹਿਬਾਨ ਦਾ ਕਰਤੱਵ 'ਵਾਰ ਸ੍ਰੀ ਭਗਉਤੀ' ਦੇ ਕਰਤੱਵ ਦੀ ਇਕ ਕੜੀ ਹੈ।

ਅਰਦਾਸ ਦਾ ਅਗਲਾ ਭਾਗ — 'ਤੇਗ ਵਾਹੀ' — ਦਾ ਇਤਿਹਾਸ ਹੀ ਹੈ ਅਤੇ ਇਸ ਤਰ੍ਹਾਂ ਸਿੰਘ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ ... ...। ਖਾਲਸੇ ਨੇ 'ਵਾਰ ਭਗਉਤੀ' — ਜ਼ੁਲਮ ਵਿਰੁਧ ਡੱਟ ਕੇ ਸਦਾ ਤੋਰੀ ਰਖਣੀ ਹੈ। ਇਹ ਵਾਰ ਅਮੁਕ ਵਾਰ ਹੈ, ਹੁਣ ਵੀ ਚਲ ਰਹੀ ਹੈ, ਇਹ ਕਥਾ। ਇਸ ਦੀ ਕਹਾਣੀ ਇਨੀ ਜ਼ਰੂਰੀ ਨਹੀਂ ਹੈ। ਇਸ ਦੇ ਮੁਖ ਅਸੂਲ ਜ਼ਰੂਰੀ ਹਨ। ਕਹਾਣੀ ਦਾ ਰੂਪ ਬਦਲਦਾ ਰਹਿੰਦਾ ਹੈ, ਅਸੂਲ ਨਹੀਂ ਬਦਲਦੇ।

ਆਦਿ ਤੋਂ ਹੀ 'ਸ੍ਰੀ ਭਗਉਤੀ' ਦੇ ਬਲ ਨਾਲ ਹੀ ਇਨਸਾਫ਼ ਤੇ ਅਸੂਲ ਦੀ ਰਖਿਆ ਹੁੰਦੀ ਰਹੀ ਹੈ :—

ਤੈਥੋਂ ਹੀ ਬਲ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸ਼ਨ ਲੈ ਕੰਸੁ ਕੇਸੀ ਪਕੜਿ ਗਿਰਾਇਆ ॥

ਇਹ ਸ੍ਰੀ ਭਗਉਤੀ ਦੀ ਕਥਾ ਦਾ ਸਾਰ ਦਸਮੇਸ਼ ਜੀ ਨੇ ਦਸਿਆ ਹੈ — ਕਹਾਣੀ ਕੋਈ ਹੋ ਸਕਦੀ ਹੈ।

ਗਿਆਨ ਪਰਬੋਧ : ਜਪਸ ਤੁਯੰ

(੧)

'ਗਿਆਨ ਪਰਬੋਧ' ਗ੍ਰੰਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਸ਼੍ਰੋਮਣੀ ਬਾਣੀ ਹੈ । 'ਗਿਆਨ ਪਰਬੋਧ' ਦਾ ਅਰਥ ਹੈ 'ਗਿਆਨ ਦੀ ਜਾਗਰਤੀ', ਗਿਆਨ ਦਾ ਉਦੇ ਹੋਣਾ, ਗਿਆਨ ਪ੍ਰਚੰਡ ਹੋਣਾ, ਪ੍ਰਕਾਸ਼ਮਾਨ ਹੋਣਾ । ਇਸ ਗ੍ਰੰਥ ਵਿਚ ਆਪ ਨੇ ਨਿਰਨਾ ਕੀਤਾ ਹੈ ਕਿ ਜਿਥੇ 'ਗਿਆਨ ਪਰਬੋਧ' ਹੁੰਦਾ ਹੈ, ਉਥੇ ਧਰਮ ਕਿਹੜਾ ਹੁੰਦਾ ਹੈ, ਭਾਵ ਜਿਸ ਹਿਰਦੇ ਆਤਮਾ ਵਿਚ ਗਿਆਨ ਪ੍ਰਚੰਡ ਹੋ ਜਾਂਦਾ ਹੈ, ਉਹ ਜੀਵ ਕਿਸ ਧਰਮ ਨੂੰ ਨਿਭਾਉਂਦਾ ਹੈ ਜਾਂ ਗਿਆਨੀ ਦਾ ਸ੍ਰੇਸ਼ਟ ਧਰਮ ਕੀ ਹੈ ।

ਇਸ ਪ੍ਰਸ਼ਨ ਦਾ ਨਿਰਨਾ ਕਰਨ ਲਈ ਕਿ ਗਿਆਨੀ ਦਾ ਧਰਮ ਕੀ ਹੈ, ਆਪ ਨੇ ਭਾਰਤ ਵਿਚ ਪਰਚਲਤ ਧਰਮ-ਰੂਪਾਂ ਦਾ ਸੰਕੇਤ ਕੀਤਾ ਹੈ ਅਤੇ ਫਿਰ ਸਪਸ਼ਟ ਕੀਤਾ ਹੈ ਕਿ ਗਿਆਨੀ ਦਾ ਪਰਮੁਖ ਧਰਮ ਕੀ ਹੋਵੇਗਾ । ਪਰਚਲਤ ਚਤੁਰ ਧਰਮ ਆਪ ਨੇ ਇਹ ਦਸੇ ਹਨ :—

ਇਕ ਰਾਜੁ ਧਰਮ ਇਕ ਦਾਨ ਧਰਮ ॥
ਇਕ ਭੋਗ ਧਰਮ ਇਕ ਮੋਛ ਕਰਮ ॥

ਇਹ ਚਤੁਰ ਵਰਗ ਸਭ ਜਗ ਭਣੰਤ ॥

ਸੋ ਆਤਮਾਹ ਪਰਾਤਮਾ ਪੁਛੰਤ ॥ ੭ ॥ ੧੩੨ ॥

ਚਾਰ ਧਰਮ ਹਨ—ਰਾਜ ਧਰਮ (ਰਾਜਨੀਤੀ), ਦਾਨ ਧਰਮ (ਦਾਨ ਦੇਣਾ), ਭੋਗ ਧਰਮ (ਗ੍ਰਹਿਸਤ ਧਰਮ ਤੇ ਭੋਗ ਦਾ ਜੀਵਨ) ਅਤੇ ਮੋਖ ਧਰਮ ਜਾਂ ਸੰਨਿਆਸ ਨੀਤੀ ।

ਇਕ ਰਾਜ ਧਰਮ ਇਕ ਧਰਮ ਦਾਨ ॥

ਇਕ ਭੋਗ ਧਰਮ ਇਕ ਮੋਛ ਵਾਨ ॥

ਤੁਮ ਕਹੋ ਚਤ੍ਰ ਚਤ੍ਰੇ ਬਿਚਾਰ ॥

ਜੇ ਤ੍ਰਿਕਾਲ ਭਏ ਜੁਗ ਅਪਾਰ ॥ ੮ ॥ ੧੩੨ ॥

ਧਰਮ ਚਾਰ ਮੰਨੇ ਗਏ ਹਨ—ਰਾਜ, ਦਾਨ, ਭੋਗ, ਮੋਛ (ਮੁਕਤੀ) ।

ਗੁਰੂ ਸਾਹਿਬ ਨੇ 'ਗਿਆਨ ਪਰਬੋਧ' ਗ੍ਰੰਥ ਵਿਖੇ ਫਿਰ ਵਿਸਥਾਰ ਸਹਿਤ 'ਦਾਨ ਧਰਮ' ਦੇ ਨਿਭਾਣ ਵਾਲਿਆਂ ਦਾ ਨਿਰਨਾ ਕੀਤਾ ਹੈ ਕਿ ਭਾਰਤ ਵਿਚ ਪਰਮੁਖ ਰਾਜੇ ਇਹ ਹੋਏ ਹਨ ਜਿਨ੍ਹਾਂ ਨੇ ਜਗ ਕਰ ਕਰ ਕੇ ਦਾਨ ਧਰਮ ਨਿਬਾਇਆ ਹੈ । 'ਦਾਨ ਧਰਮ' ਦੇ ਇਤਿਹਾਸ ਵਿਚ ਆਪ ਨੇ (੧) ਰਾਜਾ ਯੁਧਿਸ਼ਟਰ, (੨) ਰਾਜਾ ਪ੍ਰੀਛਤ, (੩) ਰਾਜਾ ਜਨਮੇਜਾ ਅਤੇ (੪) ਰਾਜਾ ਅਜੈ ਸਿੰਘ ਆਦਿ ਦੇ ਜੱਗਾਂ ਦਾ ਵਿਸਥਾਰ ਦਿਤਾ ਹੈ । ਇਸ ਗ੍ਰੰਥ ਦੇ ੧੩੬ ਤੋਂ ੩੩੬ ਤੀਕ ਦੇ ਛੰਦ ਇਸ ਵਿਸਥਾਰ ਤੇ ਲਗੇ ਹੋਏ ਹਨ । 'ਦਾਨ ਧਰਮ' ਜਗ ਕਰ ਕੇ ਹੀ ਨਿਭਾਇਆ ਜਾਂਦਾ ਰਿਹਾ ਹੈ ਅਤੇ ਕਲਜੁਗ ਵਿਚ ਭਾਰਤ ਦੇ ਇਹਨਾਂ ਰਾਜਿਆਂ ਨੇ ਅਨੇਕ ਰੂਪਾਂ ਵਿਚ ਬੇਅੰਤ ਪੁੰਨ ਦਾਨ ਕੀਤਾ ।

(੧) ਰਾਜਾ ਯੁਧਿਸ਼ਟਰ ਨੇ ਅਸ਼ਵਮੇਧ ਜਗ ਕੀਤਾ ਅਤੇ ਉਸ ਨੇ ਇਸ ਪਰਕਾਰ ਦਾਨ ਕੀਤਾ :—

ਕੋਟਿ ਕੋਟਿ ਬੁਲਾਇ ਰਿੱਤਜ ਕੋਟਿ ਬ੍ਰਹਮ ਬੁਲਾਇ ॥
ਕੋਟਿ ਕੋਟਿ ਬਨਾਇ ਬਿੰਜਨ ਭੋਗੀਅਹਿ ਬਹੁ ਭਾਇ ॥
ਜੱਤ੍ਰ ਤੱਤ੍ਰ ਸਮਗ੍ਰ ਕਾ ਕਾਹੂੰ ਲਾਗ ਹੈ ਨ੍ਰਿਪਰਾਇ ॥
ਰਾਜਸੂਇ ਕਰਹਿ ਲਗੇ ਧਰਮ ਕੋ ਚਿਤ ਚਾਇ ॥ ੧ ॥ ੧੪੨ ॥

ਏਕ ਏਕ ਸੁਵਰਨ ਕੋ ਦਿਜ ਏਕ ਦੀਜੈ ਭਾਰ ॥
ਏਕ ਸਉ ਗਜ ਏਕ ਸਉ ਰਥਿ ਦੁਇ ਸਹੰਸ੍ਰ ਤੁਖਾਰ ॥
ਸਹੰਸ ਚਤੁਰ ਸੁਵਰਨ ਸਿੰਗੀ ਮਹਿਖ ਦਾਨ ਅਪਾਰ ॥
ਏਕ ਏਕਹਿ ਦੀਜੀਐ ਸੁਨ ਰਾਜ ਰਾਜ ਅਉਤਾਰ ॥ ੨ ॥ ੧੪੩ ॥

ਭਾਵ— ਦਾਨ ਇਹ ਦਿਓ : ਇਕ ਇਕ ਬ੍ਰਾਹਮਣ (ਦਿਜ) ਨੂੰ ਇਕ ਇਕ ਭਾਰ ਸੋਨਾ ਦਿਓ, ਇਕ ਸੌ ਹਾਥੀ, ਇਕ ਸੌ ਰਥ, ਦੋ ਹਜ਼ਾਰ ਘੋੜੇ, ਚਾਰ ਹਜ਼ਾਰ ਸੋਨੇ ਦੇ ਸਿੰਗਾਂ ਵਾਲੀਆਂ ਗਊਆਂ ਅਤੇ ਬੇਅੰਤ ਮੱਝਾਂ ਇਹ ਇਕ ਬ੍ਰਾਹਮਣ ਨੂੰ ਦਿਓ ।

ਬ੍ਰਾਹਮਣ ਤੋਂ ਉਪਰੰਤ ਹੋਰ ਦੀਨ ਲੋਕਾਂ ਨੂੰ ਬੇਅੰਤ ਸੋਨਾ, ਚਾਂਦੀ ਤਾਂਬਾ ਅਤੇ ਅੰਨ ਦਾਨ ਦਿਤਾ ।

ਸੁਵਰਨ ਦਾਨ ਸੁ ਰੁਕਮਦਾਨ ਸੁ ਤਾਮ੍ਰ ਦਾਨ ਅਨੰਤ ॥
ਅੰਨ ਦਾਨ ਅਨੰਤ ਦੀਜਤ ਦੇਖ ਦੀਨ ਦੁਰੰਤ ॥
ਬਸਤ੍ਰ ਦਾਨ ਪਟੰਬ੍ਰ ਦਾਨ ਸੁ ਸਸਤ੍ਰ ਦਾਨ ਦਿਜੰਤ ॥
ਭੂਪ ਭਿੱਛਕ ਹੁਇ ਗਏ ਸਬ ਦੇਸ ਦੇਸ ਦੁਰੰਤ ॥ ੩ ॥ ੧੪੪ ॥

ਯੁਧਿਸ਼ਟਰ ਨੇ ਅਨੰਤ ਦਾਨ ਦਿਤਾ ਅਤੇ ਅਨੇਕ ਰਾਜਿਆਂ ਨੂੰ ਜਿਤਿਆ ਪਰ :—

ਪੰਚ ਸੈ ਬਰਖ ਪ੍ਰਮਾਨ ਸੁ ਰਾਜ ਕੈ ਇਹ ਦੀਪ ॥
ਅੰਤ ਜਾਇ ਗਿਰੇ ਰਸਾਤਲ ਪੰਡੁ ਪੁਤ੍ਰ ਮਹੀਪ ॥
ਭੂਮ ਭਰਤ ਭਏ ਪਰੀਛਤ ਪਰਮ ਰੂਪ ਮਹਾਨ ॥
ਅਮਿਤ ਰੂਪ ਉਦਾਰ ਦਾਨ ਅਛਿੱਤ ਤੇਜ ਨਿਧਾਨ ॥੧੫॥੧੫੬॥

ਪੰਜ ਸੌ ਸਾਲ ਰਾਜ ਕਰਕੇ ਯੁਧਿਸ਼ਟਰ ਮਰ ਗਿਆ ਅਤੇ ਸਾਰੇ ਪਾਂਡੂ ਹਿਮਾਲਾ ਪਰਬਤ ਵਿਚ ਸਮਾ ਗਏ ਤੇ ਭਾਰਤ ਦਾ ਰਾਜ ਯੁਧਿਸ਼ਟਰ ਦੇ ਪੋਤਰੇ (ਅਭਯਮਨੂੰ ਦੇ ਪੁਤਰ) ਪਰੀਛਤ ਨੂੰ ਪਰਾਪਤ ਹੋਇਆ ।

(੨) 'ਪ੍ਰੀਛਤ' ਨੇ 'ਗਜਾ ਮੇਧ' ਜਗ ਅਰਭ ਦਿਤਾ । ਉਸ ਨੇ ਵੀ ਅਨੇਕ ਦਾਨ ਦਿਤਾ :—

ਹੀਰ ਚੀਰ ਪਟੰਬਰਾਦਿਕ ਬਾਜ ਅਉ ਗਜ ਰਾਜ ॥
ਸਾਜ ਬਾਜ ਸਬੈ ਦੀਏ ਬਹੁ ਰਾਜ ਕੌ ਨ੍ਰਿਪ ਰਾਜ ॥੩॥੧੫੯॥

ਹੀਰੇ, ਕਪੜੇ, ਰੇਸ਼ਮੀ ਕਪੜੇ, ਘੋੜੇ, ਹਾਥੀ ਆਦਿਕ ਦਾਨ ਦਿਤੇ। ਪਰ ਆਪ ਰਿਸ਼ੀ ਦੇ ਸਰਾਪ ਕਾਰਨ, ਸੱਪ ਦੇ ਡੰਗ ਨਾਲ ਮਰਿਆ ਅਤੇ ਉਸ ਦਾ ਲੜਕਾ ਜਨਮੇਜਾ 'ਭੂਮ ਭਰਥ' ਬਣਿਆ।

(੩) 'ਜਨਮੇਜਾ' ਨੇ 'ਸਰਪ ਮੇਧ' ਜਗ ਕੀਤਾ, ਪਿਉ ਦੀ ਮੌਤ ਦਾ ਬਦਲਾ ਸੱਪਾਂ ਤੋਂ ਲੈਣ ਲਈ।

ਰਾਜ ਕੋ ਗ੍ਰਿਹ ਪਾਇਕੈ ਜਨਮੇਜ ਰਾਜ ਮਹਾਨ ॥
ਸੂਰਬੀਰ ਹਠੀ ਤਪੀ ਦਸ ਚਾਰ ਚਾਰ ਨਿਧਾਨ ॥
ਪਿਤਰ ਕੇ ਬਧ ਕੋਪ ਤੇ ਸਬ ਬਿਪ ਲੀਨ ਬੁਲਾਇ ॥
ਸਰਪ ਮੇਧ ਕਰਯੋ ਲਗੇ ਮਖ ਧਰਮ ਕੇ ਚਿਤ ਚਾਇ ॥ ॥੧੬੫॥

ਅਨੇਕ ਅਨੇਕ ਸਰਪ ਜਗ ਕੁੰਡ ਦੀ ਅਗਨੀ ਵਿਚ ਸੜਦੇ ਗਏ। 'ਕੁਲੰ ਕੋਟ ਹੋਮੇ ਬਿਖੈ ਵਹਿਣ ਕੁੰਡੇ' — ਸੱਪਾਂ ਦੀਆਂ ਕਰੋੜਾਂ ਕੁਲਾਂ ਅਗਨਿ ਕੁੰਡ ਵਿਚ ਸਾੜ ਦਿਤੀਆਂ। ਪਰ ਆਪ ਅੰਤ ਤੇ ਕੋਹੜ ਨਾਲ ਮਰਿਆ :—

ਰਹਿਯੋ ਨਾਕ ਮੈ ਕੂਟ ਛਤ੍ਰੀ ਸਵਾਨੰ ॥
ਭਈ ਤਉਨ ਹਾਂ ਰੋਗ ਤੇ ਭੂਪ ਹਾਨੰ ॥੧੮॥੨੨੬॥

(੪) ਜਨਮੇਜੇ ਦੇ ਪੁਤਰਾਂ ਵਿਚੋਂ ਅਸ਼ਮੇਦ ਰਾਜਾ ਬਣਿਆ, ਅਸ਼ਮੇਧਾਨ ਵਜ਼ੀਰ ਅਤੇ ਅਜੈ ਸਿੰਘ ਸੈਨਾਪਤੀ। ਪਰ ਅਜੈ ਸਿੰਘ ਨੇ ਅੰਤ ਤੇ ਰਾਜ ਸਾਂਭ ਲਿਆ। ਇਸ ਤਰ੍ਹਾਂ ਇਸ ਦੀ ਕੁਲ ਰਾਜ ਕਰਦੀ ਰਹੀ ਅਤੇ ਅਨੇਕ ਦਾਨ ਪੁੰਨ ਹੁੰਦੇ ਰਹੇ।

ਇਸ ਤਰ੍ਹਾਂ ਦਸਮੇਸ਼ ਜੀ ਨੇ ਦਾਨ ਧਰਮ ਦਾ ਵਿਸਥਾਰ ਦਿਤਾ ਹੈ। ਪਰ ਸਾਰਿਆਂ ਦਾਨ ਧਰਮ ਦਾ ਪਾਲਨ ਕਰਨ ਵਾਲਿਆਂ ਰਾਜਿਆਂ ਦੀ ਮਾਨਸਕ ਤੇ ਆਤਮਕ ਦਸ਼ਾ ਜੋ ਦਿਸਦੀ ਹੈ, ਵਿਸਥਾਰ ਵਿਚੋਂ ਉਹ ਕਿਸੇ ਤਰ੍ਹਾਂ ਵੀ ਚੰਗੀ ਨਹੀਂ ਦਿਸਦੀ। ਇਹ ਰਾਜੇ ਜਿੱਤਾਂ ਦੀ ਇੱਛਾ ਲਈ, ਬਦਲੇ ਲੈਣ ਲਈ, ਜ਼ੋਰ ਜ਼ੁਲਮ ਲਈ ਦਾਨ ਧਰਮ ਨਿਭਾਂਦੇ ਰਹੇ ਹਨ ਅਤੇ ਫਲ ਦੀ ਲੋਚਾ ਕਰਦੇ ਰਹੇ

ਹਨ । ਦਾਨ ਧਰਮ ਦਾ ਪਾਲਨ ਉਹਨਾਂ ਨੂੰ ਸਹਿਜ-ਅਵਸਥਾ ਨਹੀਂ ਦੇ ਸਕਿਆ ।

ਇੰਨਾ ਲੰਮਾ ਦਾਨ ਧਰਮ ਦਾ ਵਿਸਥਾਰ ਦਸਮੇਸ਼ ਜੀ ਨੇ ਇਹ ਸਿਧ ਕਰਨ ਲਈ ਕੀਤਾ ਹੈ ਕਿ 'ਪਰੀਛਤ' ਦਾਨੀ ਹੁੰਦਾ ਹੋਇਆ ਰਿਸ਼ੀ ਦੇ ਗਲ ਮਰਿਆ ਸੱਪ ਪਾ ਕੇ ਉਸ ਦੇ ਸਰਾਪ ਨਾਲ ਮੋਇਆ, 'ਜਨਮੇਜਾ' ਕੋਹੜ ਨਾਲ ਮੋਇਆ, ਜਨਮੇਜੇ ਦੇ ਪੁਤਰ ਲੜ ਕੇ ਮੋਏ । ਕਾਲ ਇਹਨਾਂ ਦਾਨੀਆਂ ਨੂੰ ਖਾ ਗਿਆ ।

ਦਸਮੇਸ਼ ਜੀ ਨੇ ਗਿਆਨ ਪਰਬੋਧ' ਗ੍ਰੰਥ ਵਿਚ ਧਰਮ ਦੇ ਬਾਕੀ ਤਿੰਨ ਰੂਪਾਂ ਦਾ ਨਿਰਨਾ ਨਹੀਂ ਕੀਤਾ । ਇਉਂ ਜਾਪਦਾ ਹੈ ਕਿ ਆਪ ਨੇ ਇਹ ਨਿਰਨਾ ਆਪਣੇ ਬਾਕੀ ਗ੍ਰੰਥਾਂ ਵਿਚ ਕਰ ਦਿਤਾ ਹੈ ਜਿਵੇਂ 'ਮੋਛ ਧਰਮ' ਲਈ 'ਜਾਪੁ' ਤੇ 'ਅਕਾਲ ਉਸਤਤਿ' ਵਿਚ ਭਗਤੀ ਦਾ ਸਾਰ ਦਿਤਾ ਹੈ । ਭੋਗ ਧਰਮ ਦਾ ਇਤਿਹਾਸ ਚਰਿਤ੍ਰ ਪਾਖਯਾਨ ਵਿਚ ਹੈ । ਰਾਜ ਧਰਮ ਦਾ ਨਿਰਨਾ 'ਚੰਡੀ ਚਰਿਤ੍ਰਾਂ' ਵਿਚ ਦਿਸਦਾ ਹੈ । ਪਰ ਜੋ ਕੁਝ ਆਪ ਅਸਲ ਨਿਰਨਾ ਕਰਨਾ ਚਾਹੁੰਦੇ ਹਨ, ਉਹ ਆਪ ਨੇ 'ਗਿਆਨ ਪ੍ਰਬੋਧ' ਵਿਚ ਵੀ ਕੀਤਾ ਹੈ ਅਤੇ ਹੋਰ ਗ੍ਰੰਥਾਂ ਵਿਚ ਵੀ ਉਹ ਨਿਰਨਾ ਹੈ 'ਜਪਸ ਤੁਯੰ' ਦਾ ।

(੨)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਗਿਆਨ ਪਰਬੋਧ' ਗ੍ਰੰਥ ਵਿਚ ਮਹਾਨ ਨਿਰਨਾ ਇਹ ਕੀਤਾ ਹੈ ਕਿ ਪਰਮੁਖ ਅਤੇ ਸਰਬ ਸਰੇਸ਼ਟ ਧਰਮ 'ਜਪਸ ਤੁਯੰ, ਜਪਸ ਤੁਯੰ' ਹੈ । 'ਜਪਸ ਤੁਯੰ' ਦਾ ਧਰਮ ਹੋਰ ਸਾਰੇ ਧਰਮਾਂ ਤੋਂ ਸਰੇਸ਼ਟ ਹੈ—

ਅਨੰਤ ਜੋਗਯ ਕਰਮਣੰ ॥ ਗਜਾਦਿ ਆਦਿ ਧਰਮਣੰ ॥
ਅਨੇਕ ਦੇਸ ਭਰਮਣੰ ॥ ਨ ਏਕ ਨਾਮ ਕੇ ਸਮੰ ॥੧੨॥ ੯੦ ॥
ਇਕੰਤ ਕੂੰਟ ਬਾਸਨੰ ॥ ਭ੍ਰਮੰਤ ਕੋਟਕੰ ਬਨੰ ॥
ਉਚਾਟ ਨਾਦਿ ਕਰਮਣੰ ॥ ਅਨੇਕ ਉਦਾਸ ਭਰਮਣੰ ॥੧੩॥੯੧॥
ਅਨੇਕ ਭੇਖ ਆਸਨੰ ॥ ਕਰੋਰ ਕੰਟਕੰ ਬ੍ਰਤੰ ॥

ਦਿਸਾਦਿਸਾ ਭੂਮੇਸਸੰ ॥ ਅਨੇਕ ਭੇਖ ਪੇਖਨੰ ॥੧੪॥੯੨॥
ਕਰੋਰ ਕੋਟ ਦਾਨਕੰ ॥ ਅਨੇਕ ਜਗਯ ਕ੍ਰਿਤਬਜੰ ॥
ਸਨਯਾਸ ਆਦਿ ਧਰਮਣੰ ॥ ਉਦਾਸ ਨਾਮ ਕਰਮਣੰ ॥੧੫॥੯੩॥
ਅਨੇਕ ਪਾਠ ਪਾਠਨੰ ॥ ਅਨੰਤ ਠਾਟ ਠਾਟਨੰ ॥
ਨ ਏਕ ਨਾਮ ਕੇ ਸਮੰ ॥ ਸਮਸਤ ਸ੍ਰਿਸਟਿ ਕੇ ਭ੍ਰਮੰ ॥੧੬॥੯੪॥

'ਨ ਏਕ ਨਾਮ ਕੇ ਸਮੰ'—ਹੋਰ ਅਨੇਕ ਧਰਮ ਨਾਮ-ਧਰਮ ਜਾਂ ਨਾਮ ਭਗਤਾਂ ਦੇ ਤੁਲ ਨਹੀਂ ਹੋ ਸਕਦੇ। ਛੰਦ ੯੦ ਤੋਂ ੧੦੩ ਵਿਚ ਅਨੇਕ ਰਸਮੀ ਭਾਰਤੀ ਧਰਮ ਦਾ ਰੂਪ ਦਸਿਆ ਹੈ—ਜਗ, ਦਾਨ, ਤੀਰਥ, ਭਰਮਣ, ਇਕਾਂਤ ਸਮਾਈ, ਉਦਾਸ, ਭੇਖ, ਬ੍ਰਤ, ਪਾਠ, ਦਇਆ, ਸੰਜਮ, ਗੀਤ, ਗਿਆਨ, ਜੰਤ੍ਰ ਮੰਤ੍ਰ, ਦੇਵੀ ਦੇ ਬਚਿਤ੍ਰ ਦਾ ਜਾਪ ਆਦਿ। ਪਰ ਨਿਰਨਾ ਇਹ ਹੈ 'ਨ ਏਕ ਨਾਮ ਕੇ ਸਮੰ'। ਇਸ ਲਈ—

ਅਨਾਦਿ ਅਗਾਧ ਬਿਅਧਿ ਆਦਿ ਅਨਾਦਿ ਕੋ ਮਨਾਈਐ ॥
ਅਗੰਜ ਅਭੰਜ ਅਰੰਜ ਅਗੰਜ ਗੰਜ ਕਉ ਧਿਆਈਐ ॥
ਅਲੇਖ ਅਭੇਖ ਅਦ੍ਵੈਖ ਅਰੇਖ ਅਸੇਖ ਕੋ ਪਛਾਨੀਐ ॥
ਨ ਭੂਲ ਜੰਤ੍ਰ ਤੰਤ੍ਰ ਮੰਤ੍ਰ ਭਰਮ ਭੇਖ ਠਾਨੀਐ ॥ ੧ । ੧੦੪ ॥

ਅਤੇ

ਬ੍ਰਤਾਦਿ ਦਾਨ ਸੰਜਮਾਦਿ ਤੀਰਥ ਦੇਵ ਕਰਮਣੰ ॥
ਹਯਾਦਿ ਕੁੰਜਮੇਦ ਰਾਜਸੂ ਬਿਨਾ ਨ ਭਰਮਣੰ ॥
ਨਿਵਲ ਆਦਿ ਕਰਮ ਭੇਖ ਅਨੇਕ ਭੇਖ ਮਾਨੀਐ ॥
ਅਦੇਖ ਭੇਖ ਕੇ ਬਿਨਾ ਸੁ ਕਰਮ ਭਰਮ ਜਾਨੀਐ ॥੩॥੧੫੬॥

ਅਤੇ

ਅਨੰਤ ਤੀਰਥ ਆਦਿ ਆਸਨਾਦਿ ਨਾਰਦ ਆਸਨੰ ॥
ਬਰਾਗ ਔਰ ਸੰਨਿਆਸ ਅਉ ਅਨਾਦਿ ਜੋਗ ਪ੍ਰਾਸਨੰ ॥
ਅਨਾਦਿ ਤੀਰਥ ਸੰਜਮਾਦਿ ਬਰਤ ਨੇਮ ਪੇਖੀਐ ॥
ਅਨਾਦਿ ਅਗਾਧਿ ਕੇ ਬਿਨਾ ਸਮਸਤ ਭਰਮ ਲੇਖੀਐ ॥੫॥੧੦੮॥

ਨਾਮ ਭਗਤੀ ਬਿਨਾਂ ਬਾਕੀ ਸਭ ਭੇਖ ਤੇ ਭਰਮ ਹੈ। ਇਸ ਲਈ ਦਸਮੇਸ਼ ਜੀ ਨੇ ਨਿਰਨਾ ਦਿਤਾ ਹੈ 'ਨ ਏਕਾ ਨਾਮ ਕੇ ਸਮੰ' ਅਤੇ ਆਪ ਕਰਤੱਵ ਕੀਤਾ ਹੈ ਧਰਮ ਪਾਲਿਆ ਹੈ—

ਜਪਸ਼ ਤੁਯੰ ॥ ਜਪਸ ਤੁਯੰ ॥
ਜਪਸ ਤੁਯੰ ॥ ਜਪਸ ਤੁਯੰ ॥

ਇਹ ਨਿਰਨਾ ਹੈ, ਪਹਿਲੇ ਗੁਰੂ ਸਾਹਿਬਾਨ ਦਾ —

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥
ਨਾਨਕ ਗੁਰਮੁਖਿ ਨਾਮੁ ਜਪੀਐ ਇਕਬਾਰ ॥ ੧ ॥
ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥
ਮਹਾ ਉਦਾਸੁ ਤਪੀਸਰੁ ਥੀਵੈ ॥
ਅਗਨਿ ਮਾਹਿ ਹੋਮਤ ਪਰਾਨ ॥
ਕਨਿਕ ਅਸ੍ਵ ਹੈਵਰ ਭੂਮਿ ਦਾਨ ॥
ਨਿਉਲੀ ਕਰਮ ਕਰੈ ਬਹੁ ਆਸਨ ॥
ਜੈਨ ਮਾਰਗ ਸੰਜਮ ਅਤਿ ਸਾਧਨ ॥
ਨਿਮਖ ਨਿਮਖ ਕਰਿ ਸਰੀਰੁ ਕਟਾਵੈ ॥
ਤਉ ਭੀ ਹਉਮੈ ਮੈਲੁ ਨ ਜਾਵੈ ॥

ਹਰਿ ਕੇ ਨਾਮ ਸਮਸਰਿ ਕਛੁ ਨਾਹਿ ॥
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ ॥ ੨ ॥
(ਸੁਖਮਨੀ ਮਹਲਾ ੫)

'ਹਰਿ ਕੇ ਨਾਮ ਸਮਸਰਿ ਕਛੁ ਨਾਹਿ' ਅਤੇ 'ਨ ਏਕ ਨਾਮ ਕੇ ਸਮੰ'— ਇਕੋ ਗਲ ਹਨ, ਬਿਲਕੁਲ ਇਕ ਦੂਜੇ ਦਾ ਉਲਥਾ। ਪਹਿਲਾ ਨਿਰਨਾ ਵੀ ਇਕੋ ਹੈ ਕਿ 'ਦਾਨ ਧਰਮ' ਨਾਲ 'ਹਉਮੈ' ਨਹੀਂ ਹਟੀ, ਉਹ ਰਾਜੇ ਹਉਮੈ ਕਰਦੇ ਮਰੇ। ਸ੍ਰੀ ਗੁਰੂ ਅਰਜਨ ਸਾਹਿਬ ਦਾ ਨਿਰਨਾ ਵੀ ਇਹੋ ਹੈ ਕਿ ਅਨੇਕ ਹੋਰ ਧਰਮ ਕਰਨ ਉਪਰੰਤ ਭੀ 'ਹਉਮੈ ਮੈਲ ਨ ਜਾਵੈ।' ਪਰੀਛਤ, ਜਨਮੇਜਾ ਆਦਿ 'ਹਉਮੈ' ਕਰਦੇ ਮਰੇ ਜਾਂ ਨਾਸ਼ ਹੋਏ, ਇਸ ਤਰ੍ਹਾਂ ਅਨੇਕ ਪਰਕਾਰ ਦੇ ਧਰਮ ਕਰਨ ਵਾਲੇ ਹਉਮੈ ਅਧੀਨ ਰਹੇ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਦਸਮੇਸ਼ ਜੀ ਦੇ ਨਿਰਨੇ ਬਿਲਕੁਲ ਇਕੋ ਹਨ।

(੩)

'ਗਿਆਨ ਪਰਬੋਧ' ਗ੍ਰੰਥ ਵਿਚ ਦਸਮੇਸ਼ ਜੀ ਨੇ ਕਿਉਂ 'ਜਪਸ ਤੁਯੰ ਜਪਸ ਤੁਯੰ'—ਮੈਂ ਕਿਉਂ ਤੇਰਾ ਸਿਮਰਨ ਕਰਦਾ ਹਾਂ। ਉਤਰ ਹੈ :

ਤਥਸ ਤੁਯੰ ॥ ਤਥਸ ਤੁਯੰ ॥

'ਤਥਸ ਤੁਯੰ, ਤਥਸ ਤੁਯੰ'—ਕੇਵਲ ਤੂੰ ਹੀ ਐਸਾ ਹੈਂ, ਕੇਵਲ ਤੂੰ ਹੀ ਐਸਾ ਹੈਂ।

ਭਗਤੀ ਤਾਂ ਉਸ ਦੀ ਕਰਨੀ ਚਾਹੀਦੀ ਹੈ 'ਜਾਤੇ ਊਪਰਿ ਕੋ ਨਾਹੀ ॥' ਜਿਸ ਦੇ ਉਤੇ ਹੋਰ ਤੇ ਫਿਰ ਹੋਰ ਕੋਈ ਹੈ, ਉਸ ਦੀ ਭਗਤੀ ਕਰਨ ਦਾ ਕੋਈ ਅਰਥ ਹੀ ਨਹੀਂ ਹੈ। ਭਗਤੀ ਤੇ ਉਸ ਦੀ ਹੋਣੀ ਚਾਹੀਦੀ ਹੈ ਜਿਸ ਤੋਂ ਉਪਰ ਹੋਰ ਕੋਈ ਨਹੀਂ।

'ਗਿਆਨ ਪਰਬੋਧ' ਗ੍ਰੰਥ ਵਿਚ ਇਹ ਨਿਰਨਾ ਵੀ ਕੀਤਾ ਹੈ ਕਿ ਵਾਹਿਗੁਰੂ ਤੋਂ ਉਪਰ ਕੋਈ ਨਹੀਂ। ਨਮੋ ਹੈ ਉਸ ਨੂੰ—

੧—ਨਮੋ ਨਾਥ ਪੂਰੇ ਸਦਾ ਸਿਧ ਕਰਮੰ ॥
ਅਛੇਦੀ ਅਭੇਦੀ ਸਦਾ ਏਕ ਧਰਮੰ ॥
ਕਲੰਕੰ ਬਿਨਾ ਨਿਹਕਲੰਕੀ ਸਰੂਪੇ ॥
ਅਛੇਦੰ ਅਭੇਦੰ ਅਖੇਦੰ ਅਨੂਪੇ ॥ ੧ ॥
ਨਮੋ ਲੋਕ ਲੋਕੇਸ੍ਵਰੰ ਲੋਕ ਨਾਥੇ ॥
ਸਦੈਵੰ ਸਦਾ ਸਰਬ ਸਾਥੰ ਅਨਾਥੇ ॥
ਨਮੋ ਏਕ ਰੂਪੰ ਅਨੇਕੰ ਸਰੂਪੇ ॥
ਸਦਾ ਸਰਬ ਸਾਹੰ ਸਦਾ ਸਰਬ ਭੂਪੇ ॥ ੨ ॥

੨—ਨ ਰੰਗੰ ਨ ਰੂਪੰ ਨ ਜਾਤੰ ਨ ਪਾਤੰ ॥
ਨ ਸਤ੍ਰੂ ਨ ਮਿਤ੍ਰੂ ਨ ਪੁਤ੍ਰੂ ਨ ਮਾਤੰ ॥ ੪ ॥

੩—ਸਦਾ ਸਰਬ ਦਾ ਸਿਧ ਦਾ ਬੁਧਿ ਦਾਤਾ ॥
ਨਮੋ ਲੋਕ ਲੋਕੇਸ੍ਵਰੰ ਲੋਕ ਗਯਾਤਾ ॥ ੮ ॥

੪—ਜਗੰਤ ਜੋਤਿ ਜੁਆਲਕਾ ॥
ਜਲੰਤ ਦੀਪ ਮਾਲਕਾ ॥ ੯ ॥ ੧੭ ॥

੫—ਬਿਸ੍ਵੰਭਰ ਭਰਣੰ ਜਗਤ ਪ੍ਰਕਰਣੰ
ਅਧਰਣ ਧਰਣੰ ਸਿਸਟ ਕਰੰ ॥ ੨ ॥ ੨੨ ॥

੬—ਆਜਾਨੁ ਬਾਹੁ ਸਾਰੰਗ ਕਰ ਧਰਣੰ ॥
ਅਮਿਤ ਜੋਤਿ ਜਗ ਜੋਤ ਪ੍ਰਕਰਣੰ ॥
ਖੜਗ ਪਾਣ ਖਲ ਦਲ ਬਲ ਹਰਣੰ ॥
ਮਹਾ ਬਾਹੁ ਬਿਸ੍ਵੰਭਰ ਭਰ ਭਰਣੰ ॥ ੯ ॥ ੨੯ ॥

੭—ਦੀਨ ਦਯਾਲ ਦੁਖ ਹਰਣ ॥
ਦੁਰਮਤ ਹੰਤਾ ਦੁਖ ਖੰਡਣ ॥ ੫ ॥ ੩੬ ॥

੮—ਜੁਧ ਕੇ ਜਿਤਯਾ ਰੰਗ ਭੂਮ ਕੇ ਭਵਯਾ
ਭਾਰ ਭੂਮ ਕੇ ਮਿਟਯਾ ਨਾਥ ਤੀਕ ਲੋਕ ਗਾਈਐ ॥੪॥੪੩॥

੯—ਅਗੰਮ ਤੇਜ ਸੋਭੀਯੰ ॥

ਰਿਖੀਸ੍ਰ ਈਸ ਲੋਭੀਯੰ ॥
ਅਨੇਕ ਬਾਰ ਧਿਆਵਹੀ ॥
ਨ ਤਤ੍ਰ ਪਾਰ ਪਾਵਹੀ ॥ ੯ ॥ ੯੭ ॥

ਸ਼ੋ ੧੦—ਨਿਵਲ ਆਦਿ ਕਰਮਣੰ ॥
ਅਨੰਤ ਦਾਨ ਧਰਮਣੰ ॥
ਅਨੰਤ ਤੀਰਥ ਬਾਸਨੰ ॥
ਨ ਏਕ ਨਾਮ ਕੇ ਸਮੰ ॥ ੧੧ ॥ ੯੯ ॥

ਹੋਰ ਕੁਛ ਵੀ

'ਨ ਏਕ ਨਾਮ ਕੇ ਸਮੰ' ॥
ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥
ਸਗਲ ਕ੍ਰਿਆ ਮਹਿ ਊਤਮ ਕਿਰਿਆ ॥
ਸਾਧ ਸੰਗਿ ਦੁਰਮਤਿ ਮਲੁ ਹਿਰਿਆ ॥
ਸਗਲ ਉਦਮ ਮਹਿ ਉਦਮੁ ਭਲਾ ॥
ਹਰਿ ਕਾ ਨਾਮੁ ਜਪਹੁ ਜੀਅ ਸਦਾ ॥

(ਸੁਖਮਨੀ)

ਨਿਰਨੇ ਫਿਰ ਮਿਲ ਗਏ ਹਨ ।

(੪)

ਪਰ 'ਦਾਨ ਧਰਮ' ਵੀ ਨਿਸਫਲ ਨਹੀਂ ਹੈ । ਫਿਰ 'ਦਾਨ ਧਰਮ' ਨਿਭਾਇਆ ਕਿਵੇਂ ਜਾਵੇ ਤਾਂ ਜੋ ਉਹ ਨਿਸਚਿਤ ਫਲ ਪੈਦਾ ਕਰੇ । 'ਦਾਨ ਧਰਮ' ਉਵੇਂ ਨਿਭਾਇਆ ਜਾਵੇ ਜਿਵੇਂ ਸ੍ਰੀ ਦਸਮੇਸ਼ ਜੀ ਨੇ ਆਪ ਨਿਭਾਇਆ—ਪਿਤਾ ਦਾਨ, ਮਾਤਾ ਦਾਨ, ਪੁਤਰ ਦਾਨ, ਸਰਬੰਸ ਦਾਨ, ਸਿਖੀ ਦਾਨ, ਆਤਮ ਦਾਨ । ਆਪ ਨੇ ਸਭ ਕੁਝ ਦਾਨ ਕਰ ਦਿਤਾ ਤੇ ਹਉਮੈ ਦਾ ਅਭਾਵ ਕਰ ਦਿਤਾ । ਆਪ ਨੇ 'ਅਕਾਲ ਪੁਰਖੁ' ਨੂੰ

'ਨਮੋ ਲੋਕ ਲੋਕੇਸ੍ਵਰੰ ਲੋਕ ਨਾਥੇ'

ਪਹਿਚਾਨਕੇ 'ਲੋਕ ਸੇਵਾ' ਲਈ ਸਭ ਕੁਝ ਬਲੀਦਾਨ ਕਰ ਦਿਤਾ। 'ਸ਼ੁਭ ਕਰਮ' (ਲੋਕੇਸ੍ਵਰੰ ਦੇ ਸ਼ੁਭ ਕਰਮ) ਲਈ ਦਾਨ-ਧਰਮ ਪਾਲਿਆ। ਇਹ ਜੱਗ ਆਪ ਨੇ ਕੀਤਾ, ਉਹ ਅਸੁਵਮੇਧ ਜੱਗ ਕਰਨ, ਗਜਾਮੇਧ ਜੱਗ ਨੇਮ, ਸਰਪਮੇਧ ਜੱਗ ਵਿਚ ਆਪਣੀ ਅਹੂਤੀ ਦਿਤੀ।

ਖਾਲਸੇ ਨੇ 'ਦਾਨ-ਧਰਮ' ਪਾਲਣਾ ਹੈ।
ਖਾਲਸੇ ਨੇ 'ਜੋਗ-ਧਰਮ' ਪਾਲਣਾ ਹੈ।
ਪਰ ਆਤਮ-ਸਮਰਪਣ ਕਰਕੇ।

'ਗਿਆਨ ਪਰਬੋਧ' ਹੋਵੇ ਤਾਂ ਇਹ 'ਦਾਨ-ਧਰਮ' ਪਾਲਣਾ ਹੈ। 'ਜਪਸ ਤੁਖੰ' ਤੋਂ 'ਗਿਆਨ ਪਰਬੋਧ' ਹੈ, ਗਿਆਨ ਪਰਬੋਧ ਤੋਂ 'ਦਾਨ-ਧਰਮ' ਦੀ ਪਾਲਣਾ ਹੈ। 'ਲੋਕ ਨਾਥ' ਹੋਣ ਲਈ ਆਪਣੇ ਆਪ ਦੀ ਅਹੂਤੀ ਦੇਣੀ ਹੈ।

ਯਹੈ ਹਮਾਰੈ ਪੀਰ

(੧)

'ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਵਿਸ਼ੇਸ਼ ਰਚਨਾ ਹੈ ਜੋ ਸ਼ਸਤ੍ਰਾਂ ਬਾਰੇ ਨਵੀਨ ਦ੍ਰਿਸ਼ਟੀਕੋਨ ਦਿੰਦੀ ਹੈ ਅਤੇ ਇਸ ਦੇ ਨਾਲ ਅਨੇਤ੍ਰ ਪਰਕਾਰ ਦੇ ਇਤਿਹਾਸਕ, ਮਿਥਿਹਾਸਕ ਤੇ ਬੋਲੀ ਦੇ ਗਿਆਨ ਦਾ ਭੰਡਾਰ ਹੈ। ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ ਆਦਿ ਵਿਚ ਸ੍ਰੀ ਕਾਲ ਜੀ, ਸ੍ਰੀ ਅਕਾਲ ਪੁਰਖ ਜੀ ਦੇ ਅਨੇਕ ਕਰਮ ਨਾਮ ਦਿਤੇ ਹਨ। ਇਸ ਗ੍ਰੰਥ ਵਿਚ ਵਾਹਿਗੁਰੂ ਦੇ ਅਨੇਕ ਐਸੇ ਨਾਮ ਦ੍ਰਿੜਾਏ ਜੋ ਸ਼ਸਤ੍ਰਾਂ ਦੇ ਨਾਮ ਹਨ ਅਤੇ ਅਕਾਲ ਪੁਰਖ ਨੂੰ ਹੀ 'ਭਗਉਤੀ' (ਸ੍ਰੀ ਸਾਹਿਬ) ਸਿਧ ਕੀਤਾ ਹੈ ਜਾਂ 'ਭਗਉਤੀ' ਨੂੰ 'ਅਕਾਲ ਪੁਰਖ' ਮੰਨਿਆ ਹੈ। 'ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ' ਜੋਧਿਆਂ ਅਤੇ ਸੰਤ ਸਿਪਾਹੀਆਂ ਦਾ ਗ੍ਰੰਥ ਹੈ। ਸ਼ਸਤ੍ਰ ਨੂੰ ਅਕਾਲ ਪੁਰਖ ਦਾ ਰੂਪ ਜਾਂ ਸ਼ਕਤੀ ਜਾਣ ਕੇ ਜੋਧੇ ਇਹਨਾਂ ਨੂੰ ਪੂਜਦੇ ਹਨ।

'ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ' ਦੇ ਕੁਲ ੧੩੧੮ ਛੰਦ ਹਨ ਜੋ ਪੰਜ ਅਧਿਆਵਾਂ ਵਿਚ ਵੰਡੇ ਹੋਏ ਹਨ। ਇਸ ਰਚਨਾ ਦਾ ਸੰਖੇਪ, ਸਾਰ ਨਹੀਂ ਦਿਤਾ

ਜਾ ਸਕਦਾ ਕਿਉਂਕਿ ਹਰ ਸਲੋਕ ਆਪਣੇ ਆਪ ਵਿਚ ਤਲਵਾਰ, ਚਕ੍ਰ, ਬਾਣ (ਤੀਰ), ਪਾਂਸ (ਫਾਂਸੀ) ਅਤੇ ਤੁਪਕ (ਬੰਦੂਕ) ਦੇ ਨਾਮ ਬਨਾਣ ਦਾ ਗੁਰ (formula) ਤਰੀਕਾ ਦਸਦਾ ਹੈ। ਜੋ ੧੩੧੮ ਸਲੋਕਾਂ ਵਿਚ ਘਟੋ ਘਟ ੮੩੧੮ ਗੁਰ (formulae) ਦਸੇ ਹਨ ਜਿਹਨਾਂ ਦੀ ਸਹਾਇਤਾ ਨਾਲ ਲਖਾਂ ਹੀ ਨਾਮ ਉਪਰ ਦਸੇ ਪੰਜ ਸ਼ਸਤ੍ਰਾਂ ਦੇ ਨਿਸਚਿਤ ਕੀਤੇ ਜਾ ਸਕਦੇ ਹਨ।

ਇਸ ਗ੍ਰੰਥ ਦੇ ਪੰਜ ਅਧਿਆਏ ਇਸ ਪਰਕਾਰ ਹਨ :—

(੧) ਪ੍ਰਿਥਮ ਅਧਿਆਏ—ਸ੍ਰੀ ਭਧਉਤੀ ਜੀ ਕੀ ਉਸਤਤਿ—੧ ਤੋਂ ੨੭ ਛੰਦ
(੨) ਦੁਤੀਯ ਅਧਿਆਏ—ਸ੍ਰੀ ਚਕ੍ਰ ਨਾਮ —੨੮ ਤੋਂ ੭੪ ਛੰਦ
(੩) ਤ੍ਰਿਤਯ ਅਧਿਆਏ—ਸ੍ਰੀ ਬਾਣ ਨਾਮ —੭੫ ਤੋਂ ੨੫੧ ਛੰਦ
(੪) ਚਤੁਰਥਮੋ ਅਧਿਆਏ—ਸ੍ਰੀ ਪਾਂਸ਼ ਨਾਮ —੨੫੨ ਤੋਂ ੪੬੦ ਛੰਦ
(੫) ਪਚੰਮੋ ਅਧਿਆਏ —ਸ੍ਰੀ ਤੁਪਕ ਨਾਮ —੪੬੧ ਤੋਂ ੧੩੧੮ ਛੰਦ

ਪਹਿਲੇ ਅਧਿਆਏ ਵਿਚ ਅਨੇਕ ਸ਼ਸਤ੍ਰਾਂ ਦੇ ਨਾਮ ਗਿਣੇ ਹਨ ਪਰ ਉਹ ਸਾਰੇ ਸ਼ਸਤ੍ਰ ਭਗਉਤੀ (ਤਲਵਾਰ) ਦਾ ਹੀ ਰੂਪ ਮੰਨੇ ਗਏ ਹਨ। ਇਸ ਲਈ ਸਰਬ ਸ੍ਰੇਸ਼ਟ ਸ਼ਸਤ੍ਰ 'ਭਗਉਤੀ' (ਤਲਵਾਰ, ਕਿਰਪਾਨ)–ਸ੍ਰੀ ਸਾਹਿਬ ਹੀ ਹੈ ਸ਼ਸਤ੍ਰਧਾਰੀ ਦਾ ਹੁਣ ਵੀ ਇਹੋ ਚਿੰਨ੍ਹ ਹੈ। ਖਾਲਸੇ ਨੇ ਇਸ ਚਿੰਨ੍ਹ ਨੂੰ ਧਾਰਨ ਕੀਤਾ ਹੋਇਆ ਹੈ। ਸ੍ਰੀ ਸਾਹਿਬ ਦਾ ਧਾਰਨ ਕਰਨਾ ਇਕ ਫਲਸਫੇ ਦਾ ਚਿੰਨ੍ਹ ਹੈ ਅਤੇ ਕਿਸੇ ਜੀਵਨ ਮਾਰਗ ਅਤੇ ਜੀਵਨ ਕਰਤਵ ਦਾ ਲਖਾਇਕ ਹੈ।

ਸੋ 'ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ' ਵਿਚ ਕੇਵਲ ਪੰਜ ਸ਼ਸਤ੍ਰ ਹੀ ਸਾਰੇ ਸ਼ਸਤ੍ਰਾਂ ਦੇ ਪ੍ਰਤੀਨਿਧ ਮੰਨੇ ਗਏ ਹਨ। ਇਹ ਪੰਜ ਮੁਖ ਸ਼ਸਤ੍ਰ ਹਨ—ਤਲਵਾਰ, ਚਕ੍ਰ, ਤੀਰ, ਪਾਂਸ ਅਤੇ ਤੁਪਕ। ਪਰ ਇਹਨਾਂ ਵਿਚੋਂ ਵੀ ਉਸਤਤਿ ਕੇਵਲ 'ਸ੍ਰੀ ਭਗਉਤੀ' ਦੀ ਗਾਇਨ ਕੀਤੀ ਹੈ ਕਿਉਂਕਿ ਉਹ ਸਾਰੇ ਸ਼ਸਤ੍ਰਾਂ ਦੀ ਸ਼੍ਰੋਮਣੀ ਹੈ। ਤਲਵਾਰ ਦਾ ਵਰਨਣ ਵੀ ਸਰਬ ਪ੍ਰਿਥਮ ਕੀਤਾ ਹੈ। ਸਭ ਤੋਂ ਵਧ ਛੰਦ 'ਤੁਪਕ' ਵਰਨਣ ਤੇ ਲਗਾਏ ਹਨ (੮੫੮ ਛੰਦ)।

ਹੇਠਾਂ ਪੰਜਾਂ ਹੀ ਅਧਿਆਵਾਂ ਵਿਚੋਂ ਥੋੜੀ ਥੋੜੀ ਸ਼ਸਤ੍ਰ ਨਾਮ ਮਾਲਾ ਦੀ ਸੂਚੀ ਨਮੂਨੇ ਮਾਤਰ ਦਿੰਦੇ ਹਾਂ।

(੧) 'ਭਗਉਤੀ' ਜੀ ਦੀ ਉਸਤਤਿ ੧ ਤੋਂ ੨੭ ਛੰਦ ਵਿਚ ਕੀਤੀ ਹੈ ਅਤੇ ਇਸ ਨੂੰ ਅਸਿ, ਕ੍ਰਿਪਾਨ, ਧਾਰਾ ਧਾਰੀ, ਸੈਫ, ਸੂਲ, ਜਮਦਾਢ, ਕਵਚਾਂਤਕ, ਸਕ੍ਰਾਂਤ, ਤੇਗ, ਧਰਬਾਦ ਦੇ ਨਾਮ ਦਿਤੇ ਹਨ। ਸ੍ਰੀ ਸਾਹਿਬ ਨੂੰ ਹੀ ਅਸਿ, ਕ੍ਰਿਪਾਨ, ਖੰਡੋ, ਖੜਗ, ਤੁਪਕ, ਤਬਰ, ਤੀਰ, ਸੈਫ਼, ਸਰੋਹੀ, ਸੈਹਥੀ ਆਦਿ ਦਾ ਪ੍ਰਤੀਨਿਧ ਥਾਪਿਆ ਹੈ।

ਸ੍ਰੀ ਸਾਹਿਬ ਦੀ ਉਸਤਤਿ ਕਰਨ ਵਿਚ ਦਸਮੇਸ਼ ਜੀ ਨੇ ਹੱਦ ਮੁਕਾ ਦਿਤੀ ਹੈ। ਉਸਤਤਿ ਇਹ ਕੀਤੀ ਹੈ :

(ੳ) ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥ ੩ ॥

(ਅ) ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰ ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ ॥ ੪ ॥

(ੲ) ਅਸਿ ਕ੍ਰਿਪਾਨ ਖੰਡੋ ਖੜਗ ਸੈਫ ਤੇਗ ਤਰਵਾਰ ॥
ਰੱਛ ਕਰੋ ਹਮਰੀ ਸਦਾ ਕਵਚਾਂਤਕ ਕਰਵਾਰ ॥ ੧੦ ॥

(ਸ) ਤੁਹੀ ਕਟਾਰੀ ਦਾੜ੍ਹ ਜਮ ਤੂੰ ਬਿਛੂਓ ਅਰੁ ਬਾਨ ॥
ਤੋ ਪਤਿ ਪਦ ਜੋ ਲੀਜੀਐ ਰੱਛ ਦਾਸ ਮੁਹਿ ਜਾਨ ॥ ੧੧ ॥

(੨) ਚਕ੍ਰ ਦੇ ਨਾਮ (ਦੁਤੀਯ ਅਧਿਆਏ)।

ਛੰਦ	੫੭ — ਬਿਸਨ	+	ਸ਼ਸਤ੍ਰ	
,,	੫੮ — ਮੁਰ	+	ਮਰਦਨ	
,,	੫੯ — ਮਧੁ	+	ਹਾ	
,,	੬੦ — ਨਰਕਾਸੁਰ	+	ਰਿਪ	
,,	੬੧ — ਦੈਤ ਬਕਤ੍ਰ	+	ਸੂਦਨ	
,,	੬੨ — ਚੰਦੇਰੀ ਨਾਥ	+	ਰਿਪੁ	
,,	੬੩ — ਨਰਕਾਸੁਰ	+	ਮਰਦਨ	
,,	੬੪ — ਕ੍ਰਿਸ਼ਨ	+	ਆਯੁਧ	
,,	੬੫ — ਬਜ੍ਰਿ ਅਨੁਜ	+	ਸ਼ਸਤ੍ਰ	
,,	੬੬ — ਬਿਰਹ	+	ਸ਼ਸਤ੍ਰ	

ਛੰਦ ੬੮ — ਗਿਰਧਰ + ਆਯੁਧ

,, ੬੯ — ਕਾਲੀ ਨਥੀਆ + ਸ਼ਸਤ੍ਰ

(੩) ਤ੍ਰਿਤਯ ਅਧਿਆਏ ਵਿਚ 'ਤੀਰ' ਦੇ ਅਨੇਕ ਨਾਮ ਦਿਤੇ ਹਨ :—

ਛੰਦ ੭੬ — ਧਨੁਖ + ਅਗ੍ਰਜ

,, ੭੮ — ਨਿਖੰਗ + ਬਾਸੀ (ਭੱਥੇ ਵਿਚ ਵਸਣ ਵਾਲਾ)

,, ੭੯ — ਮ੍ਰਿਗਯਨ + ਹਾ (ਮ੍ਰਿਗ ਮਾਰਨ ਵਾਲਾ)

,, ੮੦ — ਕਵਚ + ਭੇਦਕ (ਸੰਜੋਯ ਨੂੰ ਕੱਟਣ ਵਾਲਾ)

,, ੮੧ — ਚਰਮ + ਛਾਦਕ (ਢਾਲ ਛੇਦਣ ਵਾਲਾ)

,, ੮੨ — ਸੁਭਟ + ਹਾ (ਸੂਰਮੇ ਨੂੰ ਮਾਰਨ ਵਾਲਾ)

,, ੮੩ — ਪੱਛਨ + ਪਰਾ (ਪੰਛੀਆਂ ਨੂੰ ਮਾਰਨ ਵਾਲਾ)

,, ੮੪ — ਪੱਛਿ + ਅੰਤਕ (ਪੰਛੀਆਂ ਨੂੰ ਮਾਰਨ ਵਾਲਾ)

,, ੮੫ — ਅਕਾਸ + ਚਰ (ਆਕਾਸ ਵਿਚ ਤੁਰਨ ਵਾਲਾ)

,, ੮੮ — ਚੰਦ੍ਰ + ਧਰ + ਚਰ (ਚੰਦ੍ਰਮਾ ਨੂੰ ਧਾਰਨ ਵਾਲਾ
ਅਕਾਸ਼ ਵਿਚ ਤੁਰਨ ਵਾਲਾ)

,, ੮੯ — ਗੋ ਮਰੀਚ + ਧਰ ਧਰ + ਚਰ ।

,, ੧੦੩ — ਮੀਨ + ਕੇਤੁਵਾ ਯੁਧ
(ਕਾਮਦੇਵ ਦਾ ਸ਼ਸਤ੍ਰ)

,, ੧੦੮ — ਜਿਹ ਧਰ + ਸੁਤ (ਧਨੁਖ ਦਾ ਪੁਤ੍ਰ)

,, ੧੦੯ — ਬਾ + ਨ (ਬਾਨ-ਤੀਰ)

,, ੧੧੦ — ਕਾਨੀ + ਧਰ

,, ੧੨੧ — ਬਿਸਨ ਅਨੁਜ + ਤਨੁਜ + ਸਸਤ੍ਰ
ਵਿਸ਼ਨੂੰ ਦੇ ਛੋਟੇ ਭਾਈ (ਇੰਦਰ) ਦੇ ਪੁਤਰ (ਅਰਜਨ) ਦਾ ਸਸਤ੍ਰ

,, ੧੪੪ — ਨੀਲਾਂਬਰ + ਅਨੁਜ + ਅਰਿ
ਨੀਲੇ ਕਪੜੇ ਰੱਖਣ ਵਾਲੇ (ਬਲਿਰਾਮ) ਦੇ ਛੋਟੇ
ਭਰਾ (ਕ੍ਰਿਸ਼ਨ) ਨੂੰ ਮਾਰਨ ਵਾਲਾ + ਤੀਰ

(੪) ਚੋਥੇ ਅਧਿਆਏ ਵਿਚ ਸ੍ਰੀ ਪਾਂਸ ਦੇ ਨਾਮ ਦਿਤੇ ਹਨ :—

ਛੰਦ ੨੫੩ — ਬੀਰ ਗ੍ਰਿਸਤਨੀ (ਸੂਰਮੇ ਨੂੰ ਪਕੜਨ ਵਾਲੀ ਫਾਹੀ)

— ਗ੍ਰੀਵਧਰ (ਗਰਦਨ ਵਿਚ ਟਿਕਨ ਵਾਲੀ)

— ਬਰਣਾ ਯੁਧ (ਵਰੁਣ ਦੇਵਤੇ ਦਾ ਸ਼ਸਤ੍ਰ)

ਛੰਦ ੨੫੫ — ਨਦਨਿ ਏਸ + ਏਸ + ਸ਼ਸਤ੍ਰ

— ਨਦੀਆ ਦੇ ਸੁਆਮੀ (ਸਮੁੰਦ੍ਰ) ਦੇ ਸੁਆਮੀ,

(ਵਰੁਣ) ਦਾ ਸ਼ਸਤ੍ਰ

ਛੰਦ ੨੫੬ — ਗੰਗਾ ਏਸ + ਈਸ + ਸ਼ਸਤ੍ਰ

— ਗੰਗਾ ਦੇ ਸੁਆਮੀ (ਸਮੁੰਦ੍ਰ) ਦੇ ਸੁਆਮੀ

(ਵਰੁਣ) ਦਾ ਸ਼ਸਤ੍ਰ

੨੭੦ — ਕਾਲਿੰਦੀ + ਇੰਦਰ + ਅਸਤ੍ਰ

— ਜਮਨਾ ਦਾ ਰਾਜੇ (ਵਰਣੁ) ਦਾ ਅਸਤ੍ਰ

੨੮੧ — ਜਮਨਾ + ਏਸਰ + ਆਯੁਧ

੨੮੨ — ਕਾ + ਮੰਦ (ਕਮੰਦ ਫਾਹੀ)

੨੯੨ — ਸੂਰਜ + ਪੁਤਰ + ਅਸਤ੍ਰ

੩੦੫ — ਖਲ + ਖੰਡਨ

(ਜਮ ਦੀ ਫਾਂਸੀ)

੩੧੦ — (ਠਗ) + ਆਯੁਧ (ਠਗਾਂ ਦਾ ਸ਼ਸਤ੍ਰ)

੩੧੧ — ਬਾਟਿ + ਹਾ + ਅਸਤ੍ਰ

ਰਸਤੇ ਵਿਚ ਮਾਰਨ ਵਾਲਿਆਂ ਦਾ ਸ਼ਸਤ੍ਰ

੩੧੬ — ਰਾਹ + ਰਿਪੁ + ਅਸਤ੍ਰ

ਰਾਹ ਵਿਚ ਮਾਰਨ ਵਾਲਿਆਂ ਦਾ ਅਸਤ੍ਰ

੩੩੧ — ਸਿੰਧੁ + ਏਸ + ਆਯੁਧ

(੫) ਪੰਚਮੋ ਅਧਿਆਏ ਵਿਚ 'ਤੁਪਕ ਨਾਮ' ਦਿਤੇ ਹਨ: —

ਛੰਦ ੪੬੧ — ਬਾਹਨੀ + ਰਿਪੁ

ਹਾਥੀ, ਰਥ ਆਦਿ ਦੀ ਵੈਰਨ

੪੬੨ — ਸਿੰਧਵਨੀ + ਰਿਪਣੀ

ਰਸਾਲੇ ਦੀ ਵੈਰਨ

੪੬੩ — ਤੁਰੰਗਨੀ + ਰਿਪੁ + ਅਰਿ

੪੬੪ — ਹਯਨੀ + ਹਾ + ਅਰਿ

੪੬੫ — ਅਰਬਨੀ + ਰਿਪੁ + ਅਰਿ

੪੭੯ — ਛਿਤ ਪਤਾਢਿ + ਰਿਪੁ + ਅਰਿ

੫੧੩ — ਕਵਚ ਘਾਤਨੀ (ਫੌਜ) + ਰਿਪੁ ਅਰਿ

੫੬੧ — ਦੁੰਦਭਿ ਘੋਖਨ (ਫੌਜ) + ਰਿਪੁ ਅਰਿ

੬੦੪ — ਹਯਨੀ + ਅਰਿ + ਰਿਪੁ + ਅਰਿ

— ਘੋੜੇ ਦਾ ਵੈਰੀ (ਸ਼ੇਰ) ਦੇ ਵੈਰੀ (ਯੋਧੇ) ਦੀ ਵੈਰਣ

੬ ੩ — ਸਿੰਗੀ ਅਰਿ + ਰਿਪੁ ਅਰਿ

— ਸਿੰਗਾਂ ਵਾਲੇ ਪਸ਼ੂ ਦੇ ਵੈਰੀ (ਸ਼ੇਰ) ਦੀ ਵੈਰਣ

੬੪੬ — ਗੋਲਾ + ਆਲਯ

ਗੋਲੇ ਦਾ ਘਰ (ਬੰਦੂਕ)

੯੧੨ — ਅਰੁਣ ਤਰੰਗਨਿ + ਜਾਚਰ ਨਾਇਕ + ਸ਼ਤ੍ਰੂ

੧੧੯੭ — ਗੋਰਾ + ਏਸ + ਅੰਤਕਣੀ

— ਪ੍ਰਿਥਵੀ ਪਤੀ ਦਾ ਅੰਤ ਕਰਨ ਵਾਲੀ

੧੩੧੯ — ਬਿਮਾਨਗਤਿ + ਅਰਿ ਅਰਿ + ਨ੍ਰਿਪ ਨ੍ਰਿਪ ਨ੍ਰਿਪਿ

— ਨ੍ਰਿਪਿ + ਸਤ੍ਰੁ (ਬੰਦੂਕ)

(੨)

ਉਪਰ 'ਸ਼ਸਤ੍ਰ ਨਾਮ ਮਾਲਾ' ਦੇ ਦਿਤੀ ਹੈ । ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸ਼ਸਤ੍ਰ ਨਾਮ ਮਾਲਾ' ਨੂੰ ਪੁਰਾਣ ਦਾ ਨਾਮ ਦਿਤਾ ਹੈ । ਉਪਰ ਦਿਤੇ ਨਾਮਾਂ ਤੋਂ ਹੀ ਪ੍ਰਗਟ ਹੈ ਕਿ ਇਸ ਗ੍ਰੰਥ ਵਿਚ ਕਿੰਨੀ ਮਿਥਿਹਾਸਕ ਸਮਿਗਰੀ ਮੌਜੂਦ ਹੈ ।

ਇਹ ਗ੍ਰੰਥ ਇਕ ਵਿਸ਼ੇਸ਼ ਦ੍ਰਿਸ਼ਟੀਕੋਨ ਤੋਂ ਵੇਖਿਆ ਤਾਂ 'ਪੁਰਾਣਕ ਸਾਹਿਤ' ਬਾਰੇ ਇਕ ਖੋਜ ਲੇਖ (Thesis) ਜਾਪਦਾ ਹੈ। ਉਹ ਵਿਸ਼ੇਸ਼ ਦ੍ਰਿਸ਼ਟੀਕੋਨ ਇਹ ਹੈ ਕਿ ਭਾਰਤੀ ਮਿਥਿਹਾਸ ਇਤਿਹਾਸ ਵਿਚ ਕਿਸ ਕਿਸ ਦੇਵਤੇ ਅਤੇ ਦੈਂਤ ਨੇ ਕਿਸ ਕਿਸ ਸ਼ਸਤ੍ਰ ਦੀ ਸਹਾਇਤਾ ਨਾਲ ਕੀ ਕੀ ਕਰਤੱਵ ਕੀਤੇ ਹਨ ਜਾਂ ਭਾਰਤ ਦੇ ਮਹਾਨ ਇਤਿਹਾਸ ਵਿਚ ਕਿਸੇ ਯੁਧ ਵਿਚ ਕਿਸ ਕਿਸ ਸ਼ਸਤ੍ਰ ਦਾ ਪਰਯੋਗ ਕੀਤਾ ਗਿਆ। ਨਮੂਨੇ ਵਜੋਂ ਉਪਰਲੇ ਵਿਚਾਰ ਨੂੰ ਸਪਸ਼ਟ ਕਰਨ ਲਈ ਹੇਠ ਕੁਝ ਉਦਾਹਰਨਾਂ ਦਿੰਦੇ ਹਾਂ :

(ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਚਕ੍ਰ' ਜਾਂ 'ਸੁਦਰਸ਼ਨ ਚਕ੍ਰ' ਦੀ ਨਾਮ ਮਾਲਾ ਇਸ ਤਰ੍ਹਾਂ ਅੰਕਤ ਕਰਦੇ ਹਨ :

ਮੁਰ ਪਦ ਪ੍ਰਿਥਮ ਉਚਾਰਿ ਕੈ, ਮਰਦਨ ਬਹੁੜ ਕਹੋ ॥
ਨਾਮ ਸੁਦਰਸ਼ਨ ਚਕ੍ਰ ਕੇ, ਚਿਤ ਮੈਂ ਚਤੁਰ ਲਹੋ ॥ ੫੮ ॥

ਭਾਵ : 'ਮੁਰ' ਇਕ ਰਾਕਸ਼ ਦਾ ਨਾਮ ਸੀ, 'ਮਰਦਨ' ਦਾ ਭਾਵ ਹੈ 'ਨਾਸ਼ ਕਰਨ ਵਾਲਾ' ਕ੍ਰਿਸ਼ਨ ਜੀ ਨੇ ਇਸ ਰਾਕਸ਼ ਨੂੰ ਨਾਸ਼ ਕੀਤਾ ਸੀ। ਸੋ ਇਸ ਵਾਰਤਾ ਨੂੰ ਉਪਰਲੇ ਸ੍ਵ-ਛੰਦ ਵਿਚ ਇਸ ਤਰ੍ਹਾਂ ਸੁਣਾਇਆ ਹੈ ਕਿ 'ਸੁਦਰਸ਼ਨ ਚਕ੍ਰ' ਉਹ ਸ਼ਸਤ੍ਰ ਹੈ ਜਿਸ ਨਾਲ ਕ੍ਰਿਸ਼ਨ ਜੀ ਨੇ 'ਮੁਰ' ਰਾਕਸ਼ ਦਾ ਨਾਸ਼ ਕੀਤਾ ਸੀ। ਇਸੇ ਵਾਸਤੇ ਹੁਣ ਤੀਕ ਕ੍ਰਿਸ਼ਨ ਜੀ ਨੂੰ 'ਮੁਰ ਮਰਦਨ' ਜਾਂ 'ਮੁਰਾਰਿ' (ਮੁਰ ਦਾ ਵੈਰੀ) ਕਹਿੰਦੇ ਹਨ।

(ਅ) ਇਸੇ ਤਰ੍ਹਾਂ ਹੈ ਇਹ ਛੰਦ—

ਮਧੁ ਕੋ ਨਾਮ ਉਚਾਰਿ ਕੈ, ਹਾ ਪਦ ਬਹੁਰ ਉਚਾਰਿ ॥
ਨਾਮ ਸੁਦਰਸਨ ਚਕ੍ਰ ਕੇ, ਲੀਜੈ ਸੁ ਕਬਿ ਸੁਧਾਰਿ ॥੫੯॥

ਭਾਵ : 'ਮਧੁ' ਨਾਮ ਕਹਿਕੇ 'ਹਾ' ਪਦ ਜੋੜ ਦਿਓ, ਅੰਤ ਤੇ 'ਸ਼ਸਤ੍ਰ' ਪਦ ਜੋੜੋ, ਮਧੁਹਾ ਸ਼ਸਤ੍ਰ—ਸੁਦਰਸ਼ਨ ਚਕ੍ਰ ਦਾ ਨਾਮ ਹੈ।

'ਕਾਲਿਕਾ ਪੁਰਾਣ' ਦੀ ਕਥਾ ਹੈ ਕਿ 'ਮਧੁ' ਤੇ 'ਕੈਂਟਬ' 'ਵਿਸ਼ਨੂੰ' ਜੀ ਦੇ ਕੰਨ ਵਿਚੋਂ ਦੋ ਦੈਂਤ ਪੈਦਾ ਹੋਏ ਅਤੇ ਫਿਰ 'ਵਿਸ਼ਨੂੰ' ਜੀ ਨੇ ਹੀ ਇਹਨਾਂ ਦਾ ਨਾਸ਼ ਕੀਤਾ। ਇਸ ਲਈ 'ਮਧੁ ਸੂਦਨ', 'ਮਧੁ ਹਾ' 'ਮਧੁ ਜਿਤ' 'ਮਧੁ

ਮਰਦਨ' ਆਦਿ 'ਵਿਸ਼ਨੂੰ ਜੀ ਦੇ ਅਤੇ ਕ੍ਰਿਸ਼ਨ' ਜੀ ਦੇ ਨਾਮ ਹਨ। 'ਸੁਦਰਸ਼ਨ ਚਕ੍ਰ' ਵਿਸਨੂੰ ਜੀ ਅਤੇ ਕ੍ਰਿਸ਼ਨ ਜੀ ਦਾ ਵਿਸ਼ੇਸ਼ ਸ਼ਸਤ੍ਰ ਹੈ।

(ੲ) ਇਕ ਹੋਰ ਵਿਆਖਿਆ 'ਸੁਦਰਸ਼ਨ ਚਕ੍ਰ' ਦੀ—

ਪ੍ਰਿਥਮ ਚੰਦੇਰੀ ਨਾਥ ਕੋ ਲੀਜੈ ਨਾਮ ਬਨਾਇ ॥
ਪੁਨ ਰਿਪੁ ਨਾਮ ਉਚਾਰੀਐ, ਚਕ੍ਰ ਨਾਮ ਹੁਇ ਜਾਇ ॥ ੬੨ ॥

'ਚੰਦੇਰੀ ਨਾਥ' ਦਾ 'ਵੈਰੀ' 'ਸੁਦਰਸ਼ਨ ਚਕ੍ਰ' ਸੀ। ਚੰਦੇਰੀ ਨਗਰੀ ਸੀ। ਉਸ ਨਗਰੀ ਦਾ ਰਾਜਾ 'ਸ਼ਿਸ਼ੂ ਪਾਲ' ਸੀ ਜਿਸ ਦੀ ਮੰਗੇਤਰ 'ਰੁਕਮਣੀ' ਨੂੰ ਕ੍ਰਿਸ਼ਨ ਜੀ ਨੇ ਜ਼ੋਰ ਨਾਲ ਵਿਆਹ ਲਿਆ ਸੀ। 'ਸ਼ਿਸ਼ੂਪਾਲ' 'ਕ੍ਰਿਸ਼ਨ' ਜੀ ਦਾ ਦੁਸ਼ਮਣ ਹੋ ਗਿਆ 'ਸੁਦਰਸ਼ਨ ਚਕ੍ਰ ਨਾਲ ਕ੍ਰਿਸ਼ਨ ਜੀ ਨੇ ਉਸ ਦਾ ਸਿਰ ਕੱਟ ਦਿਤਾ। ਚੰਦੇਰੀ ਨਾਥ+ਰਿਪੁ+ਚੱਕ੍ਰ।

ਇਸੇ ਤਰ੍ਹਾਂ ਅਨੇਕ ਹੀ ਇਤਿਹਾਸਕ-ਮਿਥਿਹਾਸਕ ਨੁਕਤੇ 'ਸ਼ਸਤ੍ਰ ਨਾਮ ਮਾਲਾ' ਦੀ ਵਿਆਖਿਆ ਵਿਚ ਸਾਹਮਣੇ ਆਉਂਦੇ ਹਨ। ਦਸਮੇਸ਼ ਜੀ ਨੇ ਯੋਧਿਆਂ ਲਈ ਬੀਰਤਾ ਅਤੇ ਗਿਆਨ ਦੇ ਭੰਡਾਰੇ ਇਕੱਠੇ ਹੀ ਇਥੇ ਖੋਲ੍ਹ ਦਿਤੇ ਹਨ।

(੩)

'ਸ਼ਸਤ੍ਰ ਨਾਮ ਮਾਲਾ' ਦਾ ਵਿਚਾਰ ਹੋ ਚੁਕਾ ਹੈ, 'ਪੁਰਾਣਾਂ' ਦਾ ਵਿਚਾਰ ਵੀ ਹੋ ਚੁਕਾ ਹੈ, ਹੁਣ ਵਿਚਾਰਨਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਯਹੈ ਹਮਾਰੈ ਪੀਰ' ਕਿਉਂ ਕਿਹਾ ਹੈ।

ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥ ੩ ॥

'ਪੀਰ' ਦਾ ਭਾਵ 'ਗੁਰੂ' ਹੈ, ਅਤੇ 'ਗੁਰੂ' ਕੇਵਲ 'ਅਕਾਲ ਪੁਰਖੁ' ਹੈ ਅਤੇ 'ਅਕਾਲ ਪੁਰਖ' 'ਸ਼ਸਤ੍ਰ' ਨਾਲ ਅਭੇਦ ਹੈ—

ਤੀਰ ਤੁਹੀ ਸੈਥੀ ਤੁਹੀ, ਤੁਹੀ ਤਬਰ ਤਰਵਾਰ ॥
ਨਾਮ ਤਿਹਾਰੋ ਜੋ ਜਪੈ, ਭਏ ਸਿੰਧ ਭਵ ਪਾਰ ॥ ੪ ॥

ਕਾਲ ਤੁਹੀ, ਕਲੀ ਤੁਹੀ, ਤੁਹੀ ਤੇਗ ਅਰੁ ਤੀਰ ॥
ਤੁਹੀ ਨਿਸਾਨੀ ਜੀਤ ਕੀ, ਆਜ ਤੁਹੀ ਜਗਬੀਰ ॥੫॥

ਪਰਮਾਤਮਾ ਦੇ ਸਿਮਰਨ ਸੇਵਾ ਦਾ ਇਕ ਤਰੀਕਾ 'ਤੇਗ ਵਾਹੁਣਾ ਹੈ । ਉਹਨਾਂ ਦੀ ਰੋਜ਼ ਅਰਦਾਸ ਹੁੰਦੀ ਹੈ ਜਿਨ੍ਹਾਂ 'ਤੇਗ ਵਾਹੀ' ਹੈ—ਇਹ ਵੀ ਭਗਤੀ ਹੈ, ਸਿਮਰਨ ਹੈ, ਇਹ 'ਧਰਮ ਯੁਧ ਦਾ ਚਾਉ' ਹੀ ਸਿਮਰਨ ਹੈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸ਼ਸਤ੍ਰਾਂ ਨੂੰ ਅਕਾਲ ਪੁਰਖੁ ਰੂਪ ਜਾਣ ਕੇ ਨਮਸਕਾਰ ਕੀਤੀ ਹੈ :

'ਨਮਸਕਾਰ ਸ੍ਰੀ ਖੜਗ ਕੋ ਕਰੌ ਸੁ ਹਿਤ ਚਿਤੁ ਲਾਇ ॥'

(ਬਚਿਤ੍ਰ ਨਾਟਕ)

ਵਾਹਿਗੁਰੂ ਨੂੰ ਹੀ ਆਪ ਨੇ 'ਸ਼ਸਤ੍ਰਧਾਰੀ' ਮੰਨਿਆ ਹੈ—

ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥
ਨਮੋ ਪਰਮ ਗਿਆਤਾ । ਨਮੋ ਲੋਕ ਮਾਤਾ ॥

ਵਾਹਿਗੁਰੂ ਦਾ 'ਕਰਤਵ' ਅਤੇ ਸ਼ਸਤ੍ਰਾਂ ਦਾ ਕਰਤਵ ਆਪ ਨੇ ਇਕੋ ਮੰਨਿਆ ਹੈ —

ਖਗਖੰਡ ਬਿਹੰਡੰ, ਖਲ ਦਲ ਖੰਡੰ,
ਅਤਿ ਰਣ ਮੰਡੰ, ਬਰਬੰਡੰ ॥
ਭੁਜਦੰਡ ਅਖੰਡੰ, ਤੇਜ ਪ੍ਰਚੰਡੰ,
ਜੋਤਿ ਅਮੰਡੰ, ਭਾਨ ਪ੍ਰਭੰ ॥
ਸੁਖ ਸੰਤਾ ਕਰਣੰ, ਦੁਰਮਤਿ ਦਰਣੰ,
ਕਿਲ ਵਿਖ ਹਰਣੰ, ਅਸ ਸਰਣੰ ॥
ਜੈ ਜੈ ਜਗ ਕਾਰਣ, ਸ੍ਰਿਸਟਿ ਉਬਾਰਣ,
ਮਮ ਪ੍ਰਤਿਪਾਰਣ ਜੈ ਤੇਗੰ ॥ ੨ ॥

(ਬਚਿਤ੍ਰ ਨਾਟਕ)

ਅਤੇ 'ਜਾਪੁ' ਸਾਹਿਬ ਦਾ ਅਕਾਲ ਪੁਰਖ ਇਹੋ ਕਰਤਵ ਕਰਦਾ ਹੈ, 'ਸ਼ਸਤ੍ਰਧਾਰੀ' ਹੋ ਕੇ ਅਤੇ ਖਾਲਸੇ ਨੇ ਵੀ ਸ਼ਸਤ੍ਰਧਾਰੀ ਹੋ ਕੇ ਇਹੋ ਕਰਨਾ ਹੈ ।

ਗਨੀਮੁਲ ਸ਼ਿਕਸਤੈ ॥ ਗਰੀਬੁਲ ਪਰਸਤੈ ॥ ੧੨੨ ॥
(ਜਾਪੁ)

ਅਜੀਜੁਲ ਨਿਵਾਜ ਹੈ ॥ ਗਨੀਮੁਲ ਖਿਰਾਜ ਹੈ ॥ ੧੨੪ ॥
(ਜਾਪੁ)

ਗਨੀਮੁਲ ਖਿਰਾਜ ਹੈ ॥ ਗਰੀਬੁਲ ਨਿਵਾਜ ਹੈ ॥
ਹਰੀਫੁਲ ਸ਼ਿਕਨ ਹੈ ॥ ਹਿਰਾਸੁਲ ਫਿਕੰਨ ਹੈ ॥ ੧੫੩ (ਜਾਪੁ)

'ਸ਼ਸਤ੍ਰ' ਹੀ "ਵਾਹਿਗੁਰੂ ਜੀ ਦੀ ਫਤਹ" ਦੀ ਘੜੀ ਸੰਸਾਰ ਤੇ ਲਿਆ ਸਕਦੇ ਹਨ। 'ਸ਼ਸਤ੍ਰ' ਨਿਆਂ, ਦੋਸ਼ੀਆਂ, ਜ਼ਾਲਮ ਦੇ ਦੰਡ, ਮੁਆਫੀ ਬਖਸ਼ਸ਼ਾਂ ਦਾ ਚਿੰਨ੍ਹ ਹਨ, ਸ਼ਸਤ੍ਰ ਹੀ ਜੋਸ਼ ਪੈਦਾ ਕਰਦੇ ਹਨ, ਸ਼ਸਤ੍ਰ ਹੀ ਮੁਕਤੀ ਦਾਤਾ ਹਨ, ਆਜ਼ਾਦੀ ਦਾਤਾ ਹਨ, ਸ਼ਸਤ੍ਰ ਹੀ ਸਾਹਸ, ਜੁਰਤ, ਦਲੇਰੀ, ਕੁਰਬਾਨੀ ਦਾ ਸਰੂਪ ਹਨ, ਸ਼ਸਤ੍ਰ ਹੀ ਜਦੋ-ਜਹਿਦ ਦੀ ਨਿਸ਼ਾਨੀ ਹਨ, ਆਤਮ ਸੁਰਖਤਾ ਦਾ ਚਿੰਨ੍ਹ ਹਨ, ਸ਼ਸਤ੍ਰ ਹੀ ਮਿਸ਼ਨ-ਪੰਥ-ਧਰਮ ਦੀ ਸਿਖੀ ਦੇ ਜ਼ਾਮਨ ਹਨ, ਸ਼ਸਤ੍ਰ ਹੀ ਵਿਗੜਿਆਂ ਤਿਗੜਿਆਂ ਦੇ ਪੀਰ ਹਨ। ਪੀਰ ਹਨ, ਭਾਵ ਸੁਧਾਰ ਕਰਨ ਵਾਲੇ ਹਨ। ਪੁਰਾਤਨ ਪੰਜਾਬੀ ਸਿਆਣਪ ਇਸੇ ਸਿਟੇ ਤੇ ਪੁਜੀ ਹੈ ਕਿ ਡੰਡਾ (ਸ਼ਸਤ੍ਰ) ਪੀਰ ਹੈ ਵਿਗੜਿਆਂ ਤਿਗੜਿਆਂ ਦਾ। ਸ਼ਸਤ੍ਰ ਹੀ ਨਿਆਂ ਕਰਦੇ ਹਨ, ਇਹੋ ਗੁਰੂ ਹਨ। ਸ਼ਸਤ੍ਰ ਅਕਾਲ ਪੁਰਖ ਦੀ ਪਰਮੁਖ ਸ਼ਕਤੀ ਹਨ, ਇਹੋ 'ਕਾਲ' ਹਨ, ਇਹੋ 'ਅਕਾਲ' ਹਨ।

ਸ਼ਸਤ੍ਰ ਮਹਾਨ ਹਨ। ਪਰ ਇਹਨਾਂ ਦੀ ਵਰਤੋਂ ਕਰਨ ਵਾਲਾ ਇਹਨਾਂ ਤੋਂ ਵੀ ਮਹਾਨ ਹੋਣਾ ਚਾਹੀਦਾ ਹੈ। ਉਸ ਦੀ ਮਹਾਨਤਾ ਇਹ ਹੋਣੀ ਹੈ ਕਿ ਉਹ

'ਪਰਮ ਗਿਆਤਾ'
'ਲੋਕ ਮਾਤਾ'

ਹੋਵੇ। ਸ਼ਸਤ੍ਰ ਕੇਵਲ ਓਸ ਨੂੰ ਵਰਤਣ ਦਾ ਅਧਿਕਾਰ ਹੈ, ਜਿਸ ਦਾ ਗਿਆਨ ਇਤਨਾ ਪੂਰਨ ਹੋਵੇ, ਕਿ ਉਹ ਸਪਸ਼ਟ ਹੋਵੇ ਕਿ ਨਿਆਂ ਇਹ ਹੈ ਦੋਸ਼ੀ ਇਹ ਹੈ, ਅਤੇ ਦੰਡ ਦਾ ਭਾਗੀ ਇਹ ਹੈ। ਅਗਿਆਨੀ ਮਨੁਖ ਤਾਂ ਸ਼ਸਤ੍ਰ ਦੀ ਵਰਤੋਂ ਕਰਕੇ ਹੋਰ ਵੀ ਹਾਨੀ ਕਰ ਦਿੰਦਾ ਹੈ।

'ਗਿਆਨ' ਅਤੇ 'ਨਿਆਂ' ਦਾ ਮਾਪ ਕੀ ਹੈ ? ਉਤਰ ਹੈ 'ਲੋਕ ਮਾਤਾ' । ਸ਼ਸਤ੍ਰ ਕੇਵਲ 'ਲੋਕ ਮਾਤਾ' ਨੂੰ ਵਰਤਣ ਦਾ ਹੱਕ ਹੈ । 'ਲੋਕ ਮਾਤਾ' । ਉਹ ਹੈ ਜੋ ਲੋਕਾਂ ਦੀ ਭਲਾਈ ਦਾ ਇਸ ਤਰ੍ਹਾਂ ਇੱਛਕ ਹੈ ਜਿਵੇਂ ਮਾਤਾ ਬੱਚੇ ਦੀ ਭਲਾਈ ਦੀ ਇੱਛਕ ਹੈ 'ਲੋਕ-ਹਿਤਾਂ' ਦੀ 'ਰਾਖੀ' ਹੀ 'ਨਿਆਂ' ਹੈ, 'ਲੋਕ-ਹਿਤਾਂ' ਦੀ 'ਰਾਖੀ' ਹੀ ਗਿਆਨ ਹੈ । 'ਸ਼ਸਤ੍ਰ' ਇਹਨਾਂ ਦੋ ਹਾਲਤਾਂ ਵਿਚ ਹੀ ਵਰਤੇ ਜਾ ਸਕਦੇ ਹਨ । ਜਦੋਂ ਸਾਰੇ ਹੋਰ ਹੀਲੇ ਸੁਧਾਰ ਦੇ ਖਤਮ ਹੋ ਜਾਣ, ਕੇਵਲ ਤਦ ਹੀ ਸ਼ਸਤ੍ਰ ਚੁਕਣੇ ਹਨ । ਬੜਾ ਕਰੜਾ ਜ਼ਬਤ ਹੈ ਸ਼ਸਤ੍ਰ ਦੀ ਵਰਤੋਂ ਲਈ, ਕੇਵਲ ਖਾਲਸਾ ਹੀ ਇਹ ਵਰਤੋਂ ਕਰ ਸਕਦਾ ਹੈ ।

ਦਸਮੇਸ਼ ਧਰਮ—ਉਨ੍ਹਾਂ ਦੀ ਬਾਣੀ ਵਿਚੋਂ

(੧)

ਦਸਮ ਗ੍ਰੰਥ ਜੀ ਦਾ ਆਕਾਰ ਪੂਰਾ ਇਤਨਾ ਹੈ ਜਿਤਨਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ। ਇਸ ਲਈ ਉਚਿਤ ਹੈ ਕਿ ਦਸਮੇਸ਼ ਜੀ ਦਾ ਫ਼ਲਸਫ਼ਾ, ਧਰਮ ਅਤੇ ਉਦੇਸ਼ ਉਹਨਾਂ ਦੇ ਆਪਣੇ ਸ਼ਬਦਾਂ ਵਿਚ ਸੰਖੇਪ ਤੌਰ ਤੇ ਅੰਕਤ ਕੀਤੇ ਜਾਣ। ਪਰਮੁਖ ਰੂਪਾਂ ਵਿਚ ਸ੍ਰੀ ਦਸਮੇਸ਼ ਜੀ ਦਾ ਬ੍ਰਹਮ-ਫ਼ਲਸਫ਼ਾ, ਉਹਨਾਂ ਦੇ ਸ਼ਬਦਾਂ ਵਿਚ ਇਸ ਪਰਕਾਰ ਹੈ :

(ੳ) ਵਾਹਿਗੁਰੂ (ਅਕਾਲ ਪੁਰਖੁ)

(੧) 'ਅਕਾਲ ਪੁਰਖੁ' ਦਾ ਕੋਈ ਚੱਕ੍ਰ, ਚਿਹਨ, ਬਰਨ, ਜਾਤਿ, ਪਾਤਿ, ਰੂਪ, ਰੰਗ, ਰੇਖ, ਭੇਖ ਨਹੀਂ ਹੈ।

ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥

(੨) ਪਰ ਉਹ ਹੋਂਦ ਵਾਲਾ ਹੈ, ਅਚਲ ਮੂਰਤਿ ਹੈ, ਅਨਭਉ ਪ੍ਰਕਾਸ਼ ਹੈ ਅਤੇ ਮਹਾਨ ਹੈ—

ਅਚਲ ਮੂਰਤਿ ਅਨਭਉ ਪ੍ਰਕਾਸ਼ ਅਮਿਤੋਜਿ ਕਹਿਜੈ ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ ॥

(੩) ਉਹ ਆਪਣੇ ਕੰਮਾਂ ਵਿਚੋਂ ਪ੍ਰਗਟ ਹੁੰਦਾ ਹੈ ਜਿਵੇਂ ਹਰ ਸ਼ਕਤੀ ਦਾ ਪਤਾ ਕਰਤਵ ਵਿਚੋਂ ਲਗਦਾ ਹੈ।

ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤ ॥

(੪) ਅਕਾਲ ਪੁਰਖੁ ਵਾਹਿਗੁਰੂ ਜਾਪੁ ਸਾਹਿਬ ਅਨੁਸਾਰ :

ਅਕਾਲ, ਕ੍ਰਿਪਾਲ, ਅਰੂਪ, ਅਨੂਪ, ਅਭੇਖ, ਅਲੇਖ ਅਕਾਏ, ਅਜਾਏ, ਅਗੰਜੇ, ਅਭੰਜੇ, ਅਨਾਮੇ, ਅਠਾਮੇ, ਅਕਰਮੰ, ਅਧਰਮੰ, ਅਨਾਮੰ, ਅਧਾਮੰ, ਅਬਾਹੇ, ਅਛਾਹੇ, ਅਨੀਲੇ, ਅਨਾਦੇ, ਅਛੇਦੇ, ਅਗਾਧੇ, ਅਪਾਰੇ, ਅਭੂਤੇ, ਅਜਾਪੇ, ਨ੍ਰਿਦੇਸੇ, ਨ੍ਰਿਭੇਸੇ, ਨ੍ਰਿਧਾਤੇ, ਨ੍ਰਿਘਾਤੇ, ਨ੍ਰਿਤਾਪੇ, ਤ੍ਰਿਬਰਗੇ, ਅਸਰਗੇ ਆਦਿ ਹੈ।

(੫) ਉਹ 'ਸਰਬ ਸੋਖੰ' 'ਸਰਬ ਪੋਖੰ' 'ਸਰਬ ਕਰਤਾ' 'ਸਰਬ ਹਰਤਾ' ਹੈ।

(੬) ਉਹ ਸਾਰੀਆਂ ਸ਼ਕਤੀਆਂ ਦਾ ਮੂਲ ਕੇਂਦਰ (ਸੋਮਾਂ) ਹੈ ਸਾਰੇ ਹੁਨਰਾਂ arts ਦਾ ਆਧਾਰ ਹੈ, ਸਾਰੇ ਸੰਗੀਤ, ਨ੍ਰਿਤ ਦਾ ਅਰੰਭ ਹੈ।

ਨਮੋ ਕਾਲ ਕਾਲੇ ॥ ਨਮੋ ਸਰਬ ਪਾਲੇ ॥
ਨਮੋ ਸਰਬ ਗਉਣੇ ॥ ਨਮੋ ਸਰਬ ਭਉਣੇ ॥ ੪੫ ॥
ਅਨੰਗੀ ਅਨਾਥੇ ॥ ਨ੍ਰਿਸੰਗੀ ਪ੍ਰਮਾਥੇ ॥
ਨਮੋ ਭਾਨ ਭਾਨੇ ॥ ਨਮੋ ਮਾਨ ਮਾਨੇ ॥ ੪੬ ॥
ਨਮੋ ਚੰਦ੍ਰ ਚੰਦ੍ਰੇ ॥ ਨਮੋ ਭਾਨ ਭਾਨੇ ॥
ਨਮੋ ਗੀਤ ਗੀਤੇ ॥ ਨਮੋ ਤਾਨ ਤਾਨੇ ॥ ੪੭ ॥
ਨਮੋ ਨ੍ਰਿੱਤ ਨ੍ਰਿੱਤੇ ॥ ਨਮੋ ਨਾਦ ਨਾਦੇ ॥
ਨਮੋ ਪਾਨ ਪਾਨੇ ॥ ਨਮੋ ਬਾਦ ਬਾਦੇ ॥ ੪੮ ॥

(੭) ਉਹ 'ਸਦਾ ਸੱਚਦਾਨੰਦ ਸਰਬੰ ਪ੍ਰਣਾਸੀ' (ਸਤਿ, ਚਿਤ, ਅਨੰਦ ਹੈ)।

(੮) ਉਹ ਸ਼ਸਤਰਧਾਰੀ ਹੈ ਅਤੇ ਪੂਰਨ ਗਿਆਨਵਾਨ ਹੋ ਕੇ ਲੋਕਾਂ ਦੀ ਰਖਿਆ ਲਈ, ਗਨੀਮਾਨਾਂ ਨੂੰ ਮਾਰਨ ਲਈ, ਗਰੀਬਾਂ ਦੀ ਸਰਪ੍ਰਸ਼ਤੀ ਲਈ ਸ਼ਸਤ੍ਰਾਂ ਨੂੰ ਵਰਤਦਾ ਹੈ।

ਨਮੋ ਸਸਤ੍ਰ ਪਾਣੇ ॥ ਨਮੋ ਅਸਤ੍ਰ ਮਾਣੇ ॥
ਨਮੋ ਪਰਮ ਗਿਆਤਾ ॥ ਨਮੋ ਲੋਕ ਮਾਤਾ ॥੫੨॥
ਗਨੀਮੁਲ ਸ਼ਿਕਸਤੈ ॥ ਗਰੀਬੁਲ ਪਰਸਤੈ ॥
ਬਿਲੰਦੁਲ ਮਕਾਨੈ ॥ ਜ਼ਮੀਨੁਲ ਜ਼ਮਾਨੈ ॥੧੨੨॥
ਗਨੀਮੁਲ ਖਿਰਾਜ ਹੈਂ ॥ ਗਰੀਬੁਲ ਨਿਵਾਜ ਹੈਂ ॥
ਹਰੀਫੁਲ ਸ਼ਿਕੰਨ ਹੈਂ ॥ ਹਿਰਾਸੁਲ ਫਿਕੰਨ ਹੈਂ ॥

(੯) ਉਹ ਸਦਾ "ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ" ਹੈ। 'ਅਕਾਲ ਉਸਤਤ' ਵਿਚ ਇਸ ਪੱਖ ਦਾ ਬੜਾ ਵਿਸਥਾਰ ਗੁਰੂ ਜੀ ਨੇ ਕੀਤਾ ਹੈ।

ਕਤਹੂੰ ਸੁਚੇਤ ਹੁਇ ਕੈ ਚੇਤਨਾ ਕੋ ਚਾਰ ਕੀਓ
ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ ॥
ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ ਕਹੂੰ
ਮਹਾਦਾਨ ਹੁਇਕੈ ਮਾਂਗਿਓ ਧਨ ਦੇਤ ਹੋ ॥
ਕਹੂੰ ਮਹਾਰਾਜ ਕੋ ਦੀਜਤ ਅਨੰਤ ਦਾਨ
ਕਹੂੰ ਮਹਾਰਾਜ ਤੇ ਛੀਨ ਛਿਤ ਲੇਤ ਹੋ ॥
ਕਹੂੰ ਬੇਦ ਰੀਤ ਕਹੂੰ ਤਾਂ ਸਿਉ ਬਿਪ੍ਰੀਤ ਕਹੂੰ
ਤ੍ਰਿਗੁਨ ਅਤੀਤ ਕਹੂੰ ਸਰਗੁਨ ਸਮੇਤ ਹੋ ॥ ੧੧ ॥

ਇਸ ਤਰ੍ਹਾਂ ਉਸ ਨੇ ਹੀ ਇਹ ਰੂਪ ਧਾਰਨ ਕੀਤੇ ਹੋਏ ਹਨ—ਜੱਛ, ਗੰਧਰਬ, ਉਰਗ, ਵਿਦਿਆਧਰ, ਕਿੰਨਰ, ਪਿਸਾਚ, ਹਿੰਦੂ, ਤੁਰਕ, ਦੇਵ, ਦਾਨਵ, ਇੰਦਰ, ਸ਼ਸਤ੍ਰਧਾਰੀ, ਵਿਦਿਆ-ਬਿਚਾਰੀ, ਜਟਾਧਾਰੀ, ਕੰਠੀਧਾਰੀ, ਬ੍ਰਹਮਚਾਰੀ, ਜੋਗੀ, ਕਾਨਫਾਰੀ, ਡੰਡਾਧਾਰੀ, ਆਦਿ।

(੯) ਉਹ ਹਰ ਥਾਂ ਵਿਆਪਕ ਹੈ—

ਜਲੇ ਹਰੀ ॥ ਥਲੇ ਹਰੀ ॥ ਉਰੇ ਹਰੀ ॥ ਬਨੇ ਹਰੀ ॥੧॥੫੧॥
ਗਿਰੇ ਹਰੀ ॥ ਗੁਫੇ ਹਰੀ ॥ ਛਿਤੇ ਹਰੀ ॥ ਨਭੇ ਹਰੀ ॥੨॥੫੨॥
ਈਹਾਂ ਹਰੀ ॥ ਊਹਾਂ ਹਰੀ ॥ ਜਿਮੀ ਹਰੀ ॥ ਜਮਾਂ ਹਰੀ ॥੩॥੫੩॥
ਅਲੇਖ ਹਰੀ ॥ ਅਭੇਖ ਹਰੀ ॥ ਅਦੋਖ ਹਰੀ॥ਅਦ੍ਵੈਖ ਹਰੀ॥੪॥੫੪॥
ਅਕਾਲ ਹਰੀ॥ਅਪਾਲ ਹਰੀ॥ ਅਛੇਦ ਹਰੀ॥ ਅਭੇਦ ਹਰੀ ॥੫॥੫੫॥

(ਅਕਾਲ ਉਸਤਤ)

(੧੦) 'ਬਚਿਤ੍ਰ ਨਾਟਕ' ਵਿਚ ਅਨੇਕ ਰੂਪ ਵਰਨਣ ਕੀਤੇ ਹਨ—

(ੳ) ਨਮਸਕਾਰ ਸ੍ਰੀ ਖੜਗ ਕੋ ਕਰੋ ਸੁ ਹਿਤ ਚਿਤੁ ਲਾਇ ॥੧॥

(ਅ) ਜੈ ਤੇਗੰ ॥ ੨ ॥

(ੲ) ਸਦਾ ਏਕ ਜੋਤ੍ਯੰ ਅਜੂਨੀ ਸਰੂਪੰ ॥
ਮਹਾਦੇਵ ਦੇਵੰ ਮਹਾ ਭੂਪ ਭੂਪੰ ॥
ਨਿਰੰਕਾਰ ਨਿਤ੍ਯੰ ਨਿਰੂਪੰ ਨ੍ਰਿਬਾਣੰ ॥
ਕਲੰਕਾਰਣੇਯੰ ਨਮੋ ਖੜਗ ਪਾਣੰ ॥ ੩ ॥

(ਸ) ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਬਨਾਏ ॥
ਕਿਤੇ ਰਾਮ ਸੇ ਮੇਟ ਡਾਰੇ ਉਪਾਏ ॥
ਮਹਾਦੀਨ ਕੇਤੇ ਪ੍ਰਿਥੀ ਮਾਂਝ ਹੂਏ ॥
ਸਮੈ ਆਪਨੀ ਆਪਨੀ ਅੰਤ ਮੂਏ ॥੨੭॥

(ਹ) ਧਨੁਰ ਬਾਨ ਧਾਰੇ ॥ ਛੁਕੇ ਛੈਲ ਭਾਰੇ ॥੩੭॥

(ਕ) ਨਮੋ ਖਗ ਖੰਡੰ ਕ੍ਰਿਪਾਣੰ ਕਟਾਰੰ ॥
ਸਦਾ ਏਕ ਰੂਪੰ ਸਦਾ ਨਿਰਬਿਕਾਰੰ ॥
ਨਮੋ ਬਾਣ ਪਾਣੰ ਨਮੋ ਦੰਡ ਧਾਰਿਯੰ ॥
ਜਿਨੈ ਚੌਦਹੂੰ ਲੋਕ ਜੋਤੰ ਬਿਥਾਰਿਯੰ ॥੮੭॥

(੧੧) 'ਅਕਾਲ ਉਸਤਤ' ਵਿਚ ਉਸ ਨੂੰ ਅਕਾਲ ਪੁਰਖ ਸਰਬ ਲੋਹ ਸਰਬ ਕਾਲ ਕਿਹਾ ਹੈ :

ਅਕਾਲ ਪੁਰਖ ਦੀ ਰਛਾ ਹਮਨੈ ॥
ਸਰਬ ਲੋਹ ਦੀ ਰਛਿਆ ਹਮਨੈ ॥
ਸਰਬ ਕਾਲ ਜੀ ਦੀ ਰਛਿਆ ਹਮਨੈ ॥
ਸਰਬ ਲੋਹ ਜੀ ਦੀ ਰਛਿਆ ਹਮਨੈ ॥

(੧੨) 'ਗਿਆਨ ਪ੍ਰਬੋਧ' ਵਿਚ ਅਕਾਲ ਪੁਰਖ ਨੂੰ 'ਨਾਥ' ਤੇ ਲੋਕੇਸ੍ਵਰੰ ਕਰਕੇ ਨਮਸਕਾਰਿਆ ਹੈ :

ਨਮੋ ਨਾਥ ਪੂਰੇ ਸਦਾ ਸਿਧ ਕਰਮੰ ॥
ਅਛੇਦੀ ਅਭੇਦੀ ਸਦਾ ਏਕ ਧਰਮੰ ॥
ਕਲੰਕੰ ਬਿਨਾ ਨਿਹਕਲੰਕੀ ਸਰੂਪੇ ॥
ਅਛੇਦੰ ਅਭੇਦੰ ਅਖੇਦੰ ਅਨੂਪੇ ॥ ੧ ॥
ਨਮੋ ਲੋਕ ਲੋਕੇਸ੍ਵਰੰ ਲੋਕ ਨਾਥੇ ॥
ਸਦੈਵੰ ਸਦਾ ਸਰਬ ਸਾਥੰ ਅਨਾਥੇ ॥
ਨਮੋ ਏਕ ਰੂਪੰ ਅਨੇਕੰ ਸਰੂਪੇ ॥
ਸਦਾ ਸਰਬ ਸਾਹੰ ਸਦਾ ਸਰਬ ਭੂਪੇ ॥ ੨ ॥

(੧੩) ਵਾਹਿਗੁਰੂ ਜਦੋਂ ਜੀਵ ਤੇ ਕਿਰਪਾਲ ਹੁੰਦਾ ਹੈ ਤਾਂ ਉਹ ਇਹ ਕਰਦਾ ਹੈ :

ਕਲੰਕੰ ਬਿਨਾ ਨਿਹਕਲੰਕੀ ਸ਼ਰੂਪੇ,

ਰੋਗ ਹਰਤਾ, ਸਿਧਦਾ ਬੁਧਦਾ ਬ੍ਰਿਧ ਕਰਤਾ, ਪ੍ਰੀਤ ਪ੍ਰੀਤੇ, ਕੁਕਰਮ ਪ੍ਰਣਾਸੀ, ਧਰਮੰ ਧੁਜਾ, ਹੁਸਨਲ ਵਜੂ, ਤਮਾਮੁਲ ਰਜੂ, ਤਮੀਜੁਲ ਤਮਾਮੇ, ਰੁਜੂਅਲ ਨਿਧਾਨੈ, ਰਜਾਇਕ ਯਕੀਨੈ, ਨਰਕੰ ਪ੍ਰਣਾਸ, ਸਮਸਤੁਲ ਕਲਾਮ, ਸਾਹਿਬ ਦਿਮਾਗ, ਹੁਸਨਲ ਚਰਾਗ, ਜੁਰਅਤਿ ਜਮਾਲ, ਖਲ ਖੰਡਨ, ਸੁਧਰਮੰ ।

ਚਤ੍ਰ ਚਕ੍ਰ ਵਰਤੀ ਚਤ੍ਰ ਚਕ੍ਰ ਭੁਗਤੇ ॥
ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥

ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥ ੧੯੯ ॥ (ਜਾਪੁ)

ਇਹ ਵਾਹਿਗੁਰੂ-ਅਕਾਲ ਪੁਰਖ ਅਸਲੋਂ ਮੂਲ ਰੂਪ ਵਿਚ ਆਦਿ ਗੁਰੂ ਗ੍ਰੰਥ ਸਾਹਿਬ ਦਾ ਹੀ ਵਿਸਥਾਰ ਹੈ ਪਰ ਸ਼ੈਲੀ-ਰੰਗ-ਰਸ ਦਸਮੇਸ਼ ਜੀ ਦਾ ਆਪਣਾ ਹੈ। ਵੇਖੋ :

ਬਿਲਾਵਲੁ ਮਹਲਾ ੫ (੮੨੧)

ਰਾਖਿ ਲੀਏ ਸਤਿਗੁਰ ਕੀ ਸਰਣ ॥
ਜੈ ਜੈ ਕਾਰੁ ਹੋਆ ਜਗ ਅੰਤਰਿ
ਪਾਰਬ੍ਰਹਮੁ ਮੇਰੋ ਤਾਰਣ ਤਰਣ ॥ ੧ ॥ ਰਹਾਉ ॥
ਬਿਸ੍ੰਭਰ ਪੂਰਨ ਸੁਖਦਾਤਾ,
ਸਗਲ ਸਮਗ੍ਰੀ ਪੋਖਣ ਭਰਣ ॥
ਥਾਨ ਥਨੰਤਰਿ ਸਰਬ ਨਿਰੰਤਰਿ,
ਬਲਿ ਬਲਿ ਜਾਂਈ ਹਰਿ ਕੇ ਚਰਣ ॥ ੧ ॥
ਜੀਅ ਜੁਗਤਿ ਵਸਿ ਮੇਰੇ ਸੁਆਮੀ,
ਸਰਬ ਸਿਧਿ ਤੁਮ ਕਾਰਣ ਕਰਣ ॥
ਆਦਿ ਜੁਗਾਦਿ ਪ੍ਰਭੁ ਰਖਦਾ ਆਇਆ,
ਹਰਿ ਸਿਮਰਤ ਨਾਨਕ ਨਹੀ ਡਰਣ ॥੩॥੩੦॥੧੧੬॥

ਧਰਮ (ਜਪਸਤੁਯੰ)

ਦਸਮੇਸ਼ ਜੀ ਨੇ ਸਾਰੇ ਧਰਮਾਂ ਵਿਚੋਂ ਮਹਾਨ ਧਰਮ 'ਜਪਸ ਤੁਯੰ' ਹੀ ਮੰਨਿਆ ਹੈ, ਹੋਰ ਕਿਸੇ ਰੂਪ ਕਿਸੇ ਹੋਰ ਦੀ ਪੂਜਾ ਨਹੀਂ ਦ੍ਰਿੜਾਈ ਅਤੇ ਦਾਨ, ਪੁੰਨ ਧਰਮ ਦੀ ਵੀ ਉਹ ਕੀਮਤ ਨਹੀਂ ਪਾਈ—ਕੇਵਲ ਨਾਮ-ਭਗਤੀ ਪਰਵਾਨ ਹੈ। 'ਗਿਆਨ ਪ੍ਰਬੋਧ' ਵਿਚ ਆਪ ਨੇ ਅਨੇਕ ਧਰਮਾਂ ਦਾ ਨਿਰਨਾ ਕੀਤਾ ਹੈ :

'ਇਕ ਰਾਜੁ ਧਰਮ ਇਕ ਦਾਨ ਧਰਮ ॥
ਇਕ ਭੋਗ ਧਰਮ ਇਕ ਮੋਛ ਕਰਮੰ' ॥

ਪਰ ਫਿਰ ਨਿਰਨਾ ਇਹ ਕੀਤਾ ਹੈ ਕਿ 'ਏਕ ਨਾਮ' ਦੇ ਸਮਾਨ ਹੋਰ ਕੋਈ ਧਰਮ ਨਹੀਂ ਹੈ ।

ਅਨੰਤ ਜੋਗਯ ਕਰਮਣੰ ॥ ਗਜਾਦਿ ਆਦਿ ਧਰਮਣੰ ॥
ਅਨੇਕ ਦੇਸ ਭਰਮਣੰ ॥ ਨ ਏਕ ਨਾਮ ਕੇ ਸਮੰ ॥੧੨॥ ੯੦ ॥
ਇਕੰਤ ਕੁੰਟ ਬਾਸਨੰ ॥ ਭ੍ਰਮੰਤ ਕੋਟਕੰ ਬਨੰ ॥
ਉਚਾਟ ਨਾਦਿ ਕਰਮਣੰ ॥ ਅਨੇਕ ਉਦਾਸ ਭਰਮਣੰ ॥੧੩॥੯੧॥
ਅਨੇਕ ਭੇਖ ਆਸਨੰ ॥ ਕਰੋਰ ਕੋਟਕੰ ਬ੍ਰਤੰ ॥
ਦਿਸਾ ਦਿਸਾ ਭ੍ਰਮੇਸਸੰ ॥ ਅਨੇਕ ਭੇਖ ਪੇਖਨੰ ॥੧੪॥੯੨॥
ਕਰੋਰ ਕੋਟ ਦਾਨਕੰ ॥ ਅਨੇਕ ਜਗਯ ਕ੍ਰਿਤੋਬਜੰ ॥
ਸਨਯਾਸ ਆਦਿ ਧਰਮਣੰ ॥ ਉਦਾਸ ਨਾਮ ਕਰਮਣੰ ॥੧੫॥੯੩॥
ਅਨੇਕ ਪਾਠ ਪਾਠਨੰ ॥ ਅਨੰਤ ਠਾਟ ਠਾਟਨੰ ॥
ਨ ਏਕ ਨਾਮ ਕੇ ਸਮੰ ॥ ਸਮਸਤ ਸ੍ਰਿਸਟਿ ਕੇ ਭ੍ਰਮੰ ॥੧੬॥੯੪॥

ਇਹੋ ਨਿਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੈ—

ਜਾਪ ਤਾਪ ਗਿਆਨ ਸਭਿ ਧਿਆਨ ॥
ਖਟ ਸਾਸਤ੍ਰ ਸਿਮ੍ਰਿਤਿ ਵਖਿਆਨ ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥
ਸਗਲ ਤਿਆਗਿ ਬਨ ਮਧੇ ਫਿਰਿਆ ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥
ਪੁੰਨ ਦਾਨ ਹੋਮੇ ਬਹੁ ਰਤਨਾ ॥
ਸਰੀਰੁ ਕਟਾਇ ਹੋਮੈ ਕਰਿ ਰਾਤੀ ॥
ਵਰਤ ਨੇਮ ਕਰੈ ਬਹੁ ਭਾਤੀ ॥
ਨਹੀ ਤੁਲਿ ਰਾਮ ਨਾਮ ਬੀਚਾਰ ॥

ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥

(ਸੁਖਮਨੀ)

"ਇਕ" ਜੋਤਿ ਦੀ ਪੂਜਾ ਸਿਮਰਨ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਇਕ ਅਕਾਲ ਪੁਰਖ ਦੀ ਪੂਜਾ ਬਾਰੇ ਦ੍ਰਿੜ੍ਹ ਹਨ—

ਸਵੈਯਾ ॥ ਪਾਇ ਗਹੇ ਜਬ ਤੇ ਤੁਮਰੇ ਤਬ ਤੇ
ਕੋਊ ਆਂਖ ਤਰੇ ਨਹੀਂ ਆਨਜੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ
ਕਹੈਂ ਮਤ ਏਕ ਨ ਮਾਨਜੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ
ਭੇਦ ਕਹੈਂ ਹਮ ਏਕ ਨ ਜਾਨਜੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈਂ
ਨ ਕਹਜੋ ਸਭ ਤੋਹਿ ਬਖਾਨਜੋ ॥

(ਚੌਪਈ)

ਦੋਹਰਾ ॥ ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੋ ਦੁਆਰ ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥ (ਚੌਪਈ)

'ਖਾਲਸੇ' ਦਾ ਧਰਮ "ਜਾਗਤਿ-ਜੋਤਿ" ਦੀ ਉਪਾਸਨਾ ਹੈ ਅਤੇ ਹੋਰ ਕਿਸੇ ਦੇਵੀ ਦੇਵਤੇ, ਗੋਰ, ਮੜ੍ਹੀ, ਤੀਰਥ, ਦਾਨ, ਬ੍ਰਤ ਵਿਚ ਨਹੀਂ ਲਗਣਾ।

ਜਾਗਤ ਜੋਤਿ ਜਪੈ ਨਿਸਬਾਸਰ
ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ
ਗੋਰ ਮੜ੍ਹੀ ਮਠ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ
ਤਬ ਖਾਲਸ ਤਾਹਿ ਨਿਖਾਲਸ ਜਾਨੈ ॥੧॥

ਜਿਨ "ਪ੍ਰੇਮ ਕੀਓ ਤਿਨਹੀ ਪ੍ਰਭ ਪਾਇਓ"—ਧਰਮ ਹੈ, ਸਿਮਰਨ-ਭਜਨ ਤੋਂ ਬਿਨਾਂ ਸਭ ਕਰਮ-ਧਰਮ, ਰਾਜ-ਸਾਜ, ਸਿਧ-ਸਮਾਧ ਨਿਰਮੂਲ ਹਨ—

ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨ ਅੰਤ ਕੋ ਅੰਤ ਕੇ ਧਾਮ ਸਿਧਾਰੇ ॥੩॥੨੩॥
ਸ੍ਰੀ ਭਗਵਾਨ ਭਜੇ ਬਿਨ ਭੂਪਤਿ ਏਕ ਰਤੀ ਬਿਨ ਏਕ ਨ ਲੇਖੈ ॥੪॥੨੪॥

ਪਰ

"ਜੇ ਨਰ ਸ੍ਰੀ ਪਤਿ ਕੇ ਪ੍ਰਸ ਹੈਂ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥"

ਸਿਮਰਨ ਬੜੀ ਗਿਆਨਵਾਨ ਦਸ਼ਾ ਵਿਚੋਂ ਉਪਜਦਾ ਹੈ, ਇਹ "ਬਕ-ਧਿਆਨ" ਨਹੀਂ ਹੈ। ਗੁਰੂ ਜੀ ਨੇ ਪਾਖੰਡ ਅਤੇ ਫੋਕਟ ਧਰਮਾਂ ਦੀ ਕਰੜੀ ਨਿਖੇਧੀ ਕੀਤੀ ਹੈ—

ਖੂਕ ਮਲਹਾਰੀ, ਗਜ ਗਦਹਾ ਬਿਭੂਤ ਧਾਰੀ,
ਗਿਦੂਆ ਮਸਾਨ ਬਾਸ ਕਰਿਓਈ ਕਰਤ ਹੈ ॥
ਘੁਘੂ ਮਟ ਬਾਸੀ, ਲਾਗੇ ਡੋਲਤ ਉਦਾਸੀ,
ਮ੍ਰਿਗ ਤਰਵਰ ਸਦੀਵ ਮੋਨ ਸਾਧੇਈ ਮਰਤ ਹੈ ॥
ਬਿੰਦ ਕੇ ਸਧੱਯਾ, ਤਾਹਿ ਹੀਜ ਕੀ ਬਡੱਯਾ ਦੇਤ,
ਬੰਦਰਾ ਸਦੀਵ ਪਾਇ ਨਾਗੇ ਹੀ ਫਿਰਤ ਹੈ ॥
ਅੰਗਨਾ ਅਧੀਨ, ਕਾਮ ਕ੍ਰੋਧ ਮੈ ਪ੍ਰਬੀਨ,
ਏਕ ਗਿਆਨ ਕੇ ਬਿਹੀਨ, ਛੀਨ ਕੈਸੇ ਕੈ ਤਰਤ ਹੈ ॥
੧॥੭੧॥

ਭੂਤ ਬਨਚਾਰੀ, ਛਿਤ ਛਉਨਾ ਸਬੈ ਦੂਧਾਧਾਰੀ,
ਪਉਨ ਕੇ ਅਹਾਰੀ, ਸੁ ਭੁਜੰਗ ਜਾਨੀਅਤ ਹੈਂ॥
ਤ੍ਰਿਣ ਕੇ ਭੱਛਯਾ, ਧਨ ਲੋਭ ਕੇ ਤਜੱਯਾ,
ਤੇਤੋ ਗਊਅਨ ਕੇ ਜੱਯਾ, ਬ੍ਰਿਖਭੱਯਾ ਮਾਨੀਅਤ ਹੈ ॥
ਨਭ ਕੇ ਉਡੱਯਾ, ਤਾਹਿ ਪੰਛੀ ਕੀ ਬਡੱਯਾ ਦੇਤ,
ਬਗੁਲਾ ਬਿੜਾਲ ਬ੍ਰਿਕ ਧਿਆਨੀ ਠਾਨੀਅਤ ਹੈ ॥
ਜੇਤੇ ਬਡੇ ਗਿਆਨੀ ਤਿਨੋ ਜਾਨੀ ਪੈ ਬਖਾਨੀ ਨਾਹਿ,

ਐਸੇ ਨ ਪ੍ਰਪੰਚ ਮਨ ਭੂਲ ਮਾਨੀਅਤ ਹੈ ॥ ੨ ॥ ੭੨ ॥

(ਅਕਾਲ ਉਸਤਤਿ)

ਗਿਆਨਵਾਨ ਹੋ ਕੇ ਹੀ ਕੋਈ ਜਾਪੁ ਸਾਹਿਬ ਦੇ ਅਕਾਲ-ਪੁਰਖ ਨੂੰ ਸਮਝ ਸਕਦਾ ਹੈ ਅਤੇ ਫਿਰ ਉਸ ਨੂੰ (ਨਮਸਤ੍ਵੰ) 'ਨਮਸਤੰ' ਅਤੇ 'ਨਮੋ' ਕਹਿ ਸਕਦਾ ਹੈ। ਇਹ ਪ੍ਰੇਮ ਹੈ।

ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥
ਨਮਸਤ੍ਵੰ ਅਰੂਪੇ ॥ ਨਮਸਤ੍ਵੰ ਅਨੂਪੇ ॥ ੨ ॥
ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥
ਨਮਸਤੰ ਅਕਾਏ ॥ ਨਮਸਤੰ ਅਜਾਏ ॥ ੩ ॥
ਨਮੋ ਸਰਬ ਕਾਲੇ ॥ ਨਮੋ ਸਰਬ ਦਿਆਲੇ ॥
ਨਮੋ ਸਰਬ ਰੂਪੇ ॥ ਨਮੋ ਸਰਬ ਭੂਪੇ ॥੧੯॥
ਨਮੋ ਸਰਬ ਖਾਪੇ ॥ ਨਮੋ ਸਰਬ ਥਾਪੇ ॥
ਨਮੋ ਸਰਬ ਕਾਲੇ ॥ ਨਮੋ ਸਰਬ ਪਾਲੇ ॥੨੦॥

(ਜਾਪੁ)

ਇਹ ਹੈ ਸਰਲ, ਸਪਸ਼ਟ, ਦੁਬਿਧਾ-ਰਹਿਤ ਧਰਮ।

(ੲ) ਉਦੇਸ਼

ਪਰ ਇਹ "ਬ੍ਰਹਮ ਦਾ ਫ਼ਲਸਫ਼ਾ" ਅਤੇ "ਜਪਸ ਤੁਯੰ" ਦਾ ਧਰਮ ਹਨ ਕਿਸ ਲਈ? ਇਹ ਹਨ ਆਤਮਕ ਉੱਨਤੀ ਲਈ ਅਤੇ "ਖਾਲਸਾ ਸਮਾਜ" ਦੀ ਸਥਾਪਨਾ ਲਈ। ਖਾਲਸਾ ਸਮਾਜ ਹੀ ਦਸਮੇਸ਼ ਜੀ ਦਾ ਉਦੇਸ਼ ਹੈ—ਸਾਰੀ ਮਨੁਖਤਾ ਨੂੰ ਖਾਲਸ,ਪਵਿਤਰ ਬਨਾਣਾ। ਇਹ ਹੋ ਜਾਵੇ ਤਾਂ "ਵਾਹਿਗੁਰੂ ਜੀ ਦੀ ਫ਼ਤਹ ਹੋ ਜਾਂਦੀ ਹੈ। ਖਾਲਸਾ ਸਮਾਜ ਕਿਹੋ ਜਿਹਾ ਹੈ?

(੧) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਅਕਾਲ ਪੁਰਖ' ਦਾ ਸਰੂਪ
"ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥"

ਦਾ ਮੰਨਿਆ ਹੈ । ਪਰ ਜੋ ਲੋਕ ਹੋਰ ਲੋਕਾਂ ਨੂੰ ਚਕ੍ਰ ਚਿਹਨ, ਬਰਨ ਜਾਤਿ, ਰੂਪ ਰੰਗ ਅਤੇ ਰੇਖ ਭੇਖ ਦੇ ਭੇਦ ਕਰਕੇ ਹੀ ਘਿ੍ਣਾ ਕਰਦੇ ਰਹਿੰਦੇ ਹਨ, ਉਹ ਉਸ ਵਾਹਿਗੁਰੂ ਦੇ ਪੁਜਾਰੀ ਕਿਵੇਂ ਕਹੇ ਜਾ ਸਕਦੇ ਹਨ ? ਸੋ ਖਾਲਸਾ ਸਮਾਜ ਵਿਚ ਮਨੁਖਤਾ ਦੀਆਂ ਵੰਡੀਆਂ ਚਕ੍ਰ ਚਿਹਨ ਬਰਨ ਜਾਤਿ, ਰੂਪ ਰੰਗ ਅਤੇ ਰੇਖ ਭੇਖ ਦੇ ਆਧਾਰ ਤੇ ਨਹੀਂ ਹੋ ਸਕਦੀਆਂ । ਇਸੇ ਲਈ ਗੁਰੂ ਜੀ ਨੇ "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਤੇ ਬਲ ਦਿਤਾ ਹੈ ।

"ਦੇਹੁਰਾ ਮਸੀਤ ਸੋਈ ਪੂਜਾ ਔ ਨਿਮਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਪ੍ਰਭਾਉ ਹੈ ॥"

ਤੇ ਜ਼ੋਰ ਦਿਤਾ ਹੈ । ਸਾਰੀ ਮਨੁਖਤਾ ਏਕ-ਜੋਤ ਵਿਚੋਂ ਪੈਦਾ ਹੋਈ ਹੈ ।

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੁਇਕੈ ਫੇਰਿ ਆਗ ਮੈ ਮਿਲਾਹਿਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ ॥
ਤੈਸੇ ਵਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਗੇ ॥ ੧੧ ॥ ੮੧ ॥

(ਅਕਾਲ ਉਸਤਤ)

(੨) ਖਾਲਸਾ ਸਮਾਜ 'ਖਾਲਸ ਸਦਾਚਾਰ' ਤੇ ਅਧਾਰਿਤ ਹੈ ਜਿਸ ਦਾ 'ਸੰਨਿਆਸ' ਅਤੇ 'ਜੋਗ' ਇਸ ਤਰ੍ਹਾਂ ਦਾ ਹੈ—

ਰੇ ਮਨ ਐਸੋ ਕਰ ਸੰਨਿਆਸਾ ॥
ਬਨਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥
ਜਤ ਕੀ ਜਟਾ, ਜੋਗ ਕੋ ਮੰਜਨੁ ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥

ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥੨॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸਿਉ ਲ੍ਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ ॥੩॥੧॥

(ੲ) ਖਾਲਸਾ ਸਮਾਜ ਤਦ ਉਸਰੇਗਾ ਜਦੋਂ ਸਭ ਮਨੁਖਤਾ ਇਹ ਪ੍ਰਣ ਧਾਰਨ ਕਰ ਲਏਗੀ—

ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨ ਪਕਰਿ ਪਛਾਰੋ ॥ ੪੨ ॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥

(ਬਚਿਤ੍ਰ ਨਾਟਕ)

ਦੁਸ਼ਟਾਂ ਨੂੰ ਠੀਕ ਕਰਨ ਦਾ ਹੋਰ ਹਰ ਹੀਲਾ ਪਹਿਲਾਂ ਵਰਤਣਾ ਧਰਮ ਹੈ ਪਰ ਜਦੋਂ ਕਿਸੇ ਤਰ੍ਹਾਂ ਵੀ ਸਮਾਜ ਵਿਚੋਂ ਗੰਦਗੀ ਕੋਹੜ ਨੂੰ ਖਤਮ ਨਾ ਕੀਤਾ ਜਾ ਸਕੇ ਤਾਂ ਤਲਵਾਰ ਨੂੰ ਹੀ ਹਥ ਵਿਚ ਲੈਣ ਦੀ ਆਗਿਆ ਦਸਮੇਸ਼ ਜੀ ਨੇ ਦਿਤੀ ਹੈ ।

ਚੂੰ ਕਾਰਿ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥

(ਜ਼ਫ਼ਰਨਾਮਾ)

(ਪ) ਇਸ ਲਈ 'ਦੁਸ਼ਟਤਾ' ਦੇ ਵਿਰੁਧ ਜੁੱਧ ਲਈ ਹਰ ਖਾਲਸਾ ਸਮਾਜ ਦੇ ਇੱਛਕ ਨੇ ਇਸ ਤਰ੍ਹਾਂ ਤਿਆਰ ਰਹਿਣਾ ਹੈ ਜਿਵੇਂ ਦਸਮੇਸ਼ ਜੀ ਆਪ ਕਹਿੰਦੇ ਹਨ ਅਤੇ ਹਰ ਇੱਛਕ ਨੇ ਇਹੋ ਹੀ 'ਬਰ' ਅਕਾਲ ਪੁਰਖ ਤੋਂ ਮੰਗਣਾ ਹੈ ਜੋ ਦਸਮੇਸ਼ ਜੀ ਨੇ ਮੰਗਿਆ ਹੈ—

ਸ੍ਵੈਯਾ

ਦੇਹਿ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰਿ ਆਪਨੀ ਜੀਤ ਕਰੋਂ ॥
ਅਰੁ ਸਿਖ ਹੌ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋਂ ॥

(ਚੰਡੀ ਚਰਿਤ੍ਰ—੨੩੧)

ਭਾਗ ਤੀਜਾ

ਖਾਲਸਾ

ਖਾਲਸਾ

ਖਾਲਸਾ ਮੇਰੋ ਮਿਤ੍ਰ ਸਖਾਈ ।
ਖਾਲਸਾ ਬੰਧੁ ਪਿਤਾ ਸੁਖਦਾਈ ।
ਖਾਲਸਾ ਮੇਰੀ ਸੋਭਾ, ਸੀਲਾ ।
ਖਾਲਸਾ ਬੰਧ ਸਖਾ ਸਦ ਡੀਲਾ ।
ਖਾਲਸਾ ਮੇਰੀ ਜਾਤ ਅਰ ਪਤ ।
ਖਾਲਸਾ ਸੋ ਮਾਕੋ ਉਤਪਤ ।
ਖਾਲਸਾ ਮੇਰੋ ਭਵਨ ਭੰਡਾਰਾ ।
ਖਾਲਸੇ ਕਰ ਮੇਰੋ ਸਤਕਾਰਾ ।
ਖਾਲਸਾ ਮੇਰੋ ਸ੍ਵਜਨ ਪਰਵਾਰਾ ।
ਖਾਲਸਾ ਮੇਰੋ ਕਰਤ ਉਧਾਰਾ ।
ਖਾਲਸਾ ਮੇਰੇ ਪਿੰਡ ਪਰਾਨ ।
ਖਾਲਸਾ ਮੇਰੀ ਜਾਨ ਕੀ ਜਾਨ ।
ਮਾਨ ਮਹਤ ਮੇਰੀ ਖਾਲਸਾ ਸਹੀ ।
ਖਾਲਸਾ ਮੇਰੋ ਸ੍ਵਾਰਥ ਸਹੀ ।
ਖਾਲਸਾ ਮੇਰੋ ਕਰੇ ਨਿਰਬਾਹ ।

ਖਾਲਸਾ ਮੇਰੋ ਦੇਹ ਅਰ ਸਾਹ ।
ਖਾਲਸਾ ਮੇਰੋ ਧਰਮ ਅਰ ਕਰਮ ।
ਖਾਲਸਾ ਮੇਰੋ ਭੇਦ ਨਿਜ ਮਰਮ ।
ਖਾਲਸਾ ਮੇਰੋ ਸਤਿਗੁਰ ਪੂਰਾ ।
ਖਾਲਸਾ ਮੇਰੋ ਸੱਜਨ ਸੂਰਾ ।
ਖਾਲਸਾ ਮੇਰੋ ਬੁਧ ਅਰ ਗਿਆਨ ।
ਖਾਲਸੇ ਕਾ ਹੋ ਧਰੋਂ ਧਿਆਨ ।
ਉਪਮਾ ਖਾਲਸੇ ਜਾਤ ਨ ਕਹੀ ।
ਜਿਹਵਾ ਏਕ ਪਾਰ ਨਹਿ ਲਹੀ ।

('ਸਰਬ ਲੋਹ' ਵਿਚੋਂ)

ਫਤਹਨਾਮਾ

ਸੰਨ ੧੬੯੯ ਵਿਚ ਤਖਤ ਕੇਸਗੜ੍ਹ (ਅਨੰਦਪੁਰ) ਸਾਹਿਬ ਤੇ ਖਾਲਸਾ ਪੰਥ ਸਾਜਿਆ ਗਿਆ । ਸੰਨ ੧੭੦੦ ਵਿਚ ਫਿਰ ਪਹਾੜੀ ਰਾਜਿਆਂ ਅਤੇ ਮੁਗਲ ਹਕੂਮਤ ਨਾਲ ਗੁਰੂ ਜੀ ਦੇ ਜੁੱਧ ਸ਼ੁਰੂ ਹੋ ਗਏ । ਇਸ ਨਵੀਂ ਖਾਲਸਾ ਜਥੇਬੰਦੀ ਨੂੰ ਕੀ ਪਹਾੜੀਏ ਅਤੇ ਕੀ ਮੁਗਲ ਸਾਮਰਾਜ ਘਿਰਣਾ ਕਰਦੇ ਸਨ ਅਤੇ ਇਸ ਘਿਰਣਾ ਦਾ ਕਾਰਨ, ਇਸ ਜਥੇਬੰਦੀ ਤੋਂ ਤੌਖਲਾ ਸੀ । ਪਹਾੜੀ ਰਾਜੇ ਇਸ ਜਥੇਬੰਦੀ ਨੂੰ ਘਿਰਣਾ ਇਸ ਲਈ ਕਰਦੇ ਸਨ ਕਿ ਇਹ ਕਿਸੇ ਵਰਣ-ਜਾਤ ਨੂੰ ਨਹੀਂ ਸੀ ਮੰਨਦੀ ਅਤੇ ਹਿੰਦੂ ਧਰਮ ਨੂੰ ਭ੍ਰਸ਼ਟ ਕਰ ਰਹੀ ਸੀ ਅਤੇ ਮੁਗਲ ਤੇ ਪਹਾੜੀਏ ਡਰਦੇ ਇਸ ਲਈ ਸਨ ਕਿ ਸਿਖ ਕਈ ਵਾਰੀ ਪਹਿਲਾਂ ਇਹਨਾਂ ਦੀਆਂ ਫੌਜਾਂ ਨੂੰ ਹਾਰ ਦੇ ਚੁਕੇ ਸਨ, ਜਥੇਬੰਦ ਅਤੇ ਤਕੜੇ ਹੋ ਕੇ ਉਹਨਾਂ ਲਈ ਹੋਰ ਵੀ ਖਤਰਨਾਕ ਹੋ ਸਕਦੇ ਸਨ ।

ਗੁਰੂ ਜੀ ਨੇ ਸੰਨ ੧੭੦੦ ਵਿਚ ਰਵਾਲਸਰ ਆਪ ਪੁਜ ਕੇ ਪਹਾੜੀ ਰਾਜਿਆਂ ਨੂੰ ਉਪਦੇਸ਼ ਵੀ ਕੀਤਾ ਕਿ ਰਲ ਕੇ ਬਦੇਸ਼ੀ ਹਕੂਮਤ ਨੂੰ ਬਾਹਰ ਕਢੀਏ, ਜ਼ੋਰ, ਜ਼ੁਲਮ ਨੂੰ ਖਤਮ ਕਰੀਏ, ਪਰ ਰਾਜੇ ਆਪ ਦੀ ਗੱਲ ਨਾ ਮੰਨੇ । ਇਕ ਤੇ

ਉਹ ਗੁਰੂ ਜੀ ਦੇ ਸਾਂਝੀਵਾਲਤਾ ਦੇ ਆਸ਼ਿਆਂ ਨੂੰ ਘਿਣਾ ਕਰਦੇ ਸਨ, ਦੂਜੇ ਉਹ ਮੁਗਲ ਹਕੂਮਤ ਤੋਂ ਡਰਦੇ ਸਨ ਅਤੇ ਵਿਸ਼ਵਾਸ ਨਹੀਂ ਸਨ ਕਰ ਸਕਦੇ ਕਿ ਅਸੀਂ ਕਿਸੇ ਤਰ੍ਹਾਂ ਵੀ, ਉਹਨਾਂ ਦਾ ਮੁਕਾਬਲਾ ਕਰ ਸਕਦੇ ਹਾਂ। ਰਾਜਿਆਂ ਸਗੋਂ ਇਹ ਵਿਚਾਰ ਬਣਾਇਆ ਕਿ ਮੁਗਲ ਹਕੂਮਤ ਨਾਲ ਮਿਲ ਕੇ ਗੁਰੂ ਜੀ ਦੀ ਤਾਕਤ ਨਾਸ ਕੀਤੀ ਜਾਵੇ।

ਰਾਜਿਆਂ ਨੇ ੧੭੦੦, ੧੭੦੧, ੧੭੦੨ ਅਤੇ ੧੭੦੩ ਸੰਨ ਵਿਚ ਗੁਰੂ ਜੀ ਨਾਲ ਜੁੱਧ ਕੀਤੇ। ਅੰਤ ਤੇ ਰਾਜੇ ਅਤੇ ਮੁਗਲੀਆ ਫੌਜਾਂ (ਸੂਬਾ ਸਰਹੰਦ ਅਤੇ ਲਾਹੌਰ) ਨੇ ਮਿਲ ਕੇ ਅਨੰਦਪੁਰ ਤੇ ਹਮਲਾ ਕੀਤਾ ਅਤੇ ਅਨੰਦਪੁਰ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਰਾਜਿਆਂ ਨੇ ਔਰੰਗਜ਼ੇਬ ਤੋਂ ਮਦਦ ਮੰਗੀ ਸੀ ਅਤੇ ਔਰੰਗਜ਼ੇਬ ਨੇ ਸੂਬਾ ਸਰਹੰਦ ਅਤੇ ਸੂਬਾ ਲਾਹੌਰ ਨੂੰ ਫੌਜੀ ਮਦਦ ਦੇਣ ਲਈ ਹੁਕਮ ਕੀਤਾ ਸੀ। ਔਰੰਗਜ਼ੇਬ ਆਪ ਉਸ ਸਮੇਂ ਦੱਖਣ ਵਿਚ ਸੀ।

ਭਾਵੇਂ ਕਿਲ੍ਹੇ ਵਿਚ, ਬਾਹਰ ਘੇਰਾ ਘੱਤਣ ਵਾਲੀ ਫੌਜ ਦੇ ਮੁਕਾਬਲੇ ਤੇ ਗਿਣਤੀ ਬਹੁਤ ਥੋੜੀ ਸੀ, ਪਰ ਤਾਂ ਵੀ ਉਹਨਾਂ ਨੂੰ ਆਪਣੀ ਜਿੱਤ ਹੁੰਦੀ ਕਿਤੇ ਨਹੀਂ ਸੀ ਦਿਸਦੀ। ਫੌਜ ਦੇ ਕਾਰਨ ਸਾਰਾ ਇਲਾਕਾ ਵੀ ਤਬਾਹ ਹੋ ਰਿਹਾ ਸੀ। ਪਹਾੜੀ ਜਨਤਾ ਬੜੀ ਤੰਗ ਸੀ।

ਪਹਾੜੀ ਤੇ ਮੁਗਲ ਫੌਜਾਂ ਤੰਗ ਆ ਗਈਆਂ। ਉਹਨਾਂ ਨੂੰ ਸ਼ਰਮ ਵੀ ਬੜੀ ਸੀ ਕਿ ਉਹ ਗੁਰੂ ਜੀ ਨੂੰ ਪਕੜ ਨਹੀਂ ਸਨ ਸਕੇ। ਬਾਹਰੋਂ ਰਾਜਿਆਂ ਨੇ ਗੁਰੂ ਜੀ ਨੂੰ ਸੁਲ੍ਹਾ ਲਈ ਚਿੱਠੀਆਂ ਲਿਖਣੀਆਂ ਸ਼ੁਰੂ ਕੀਤੀਆਂ। ਰਾਜਿਆਂ ਨੇ ਅਤੇ ਔਰੰਗਜ਼ੇਬ ਨੇ ਸੌਂਹਾਂ ਚੁਕੀਆਂ ਕਿ ਜੇ ਤੁਸੀਂ (ਗੁਰੂ ਜੀ) ਕਿਲ੍ਹਾ ਖਾਲੀ ਕਰ ਦੇਣ ਤਾਂ ਫੌਜ ਉਹਨਾਂ ਦਾ ਪਿੱਛਾ ਨਹੀਂ ਕਰੇਗੀ। ਔਰੰਗਜ਼ੇਬ ਨੇ ਇਹ ਸੌਂਹ ਕੁਰਾਨ ਤੇ ਲਿਖ ਕੇ ਭੇਜੀ। ਰਾਜਿਆਂ ਨੇ ਆਟੇ ਦੀ ਗਊ ਬਣਾ ਕੇ ਸੌਂਹ ਚੁਕੀ।

ਕਿਲ੍ਹੇ ਅੰਦਰ ਸਿਖਾਂ ਦੀ ਹਾਲਤ ਵੀ ਬੜੀ ਖਰਾਬ ਸੀ। ਅੰਦਰ ਖਾਣ ਪੀਣ ਦੀ ਸਾਰੀ ਰਸਦ ਖਤਮ ਹੋ ਚੁਕੀ ਸੀ। ਸਿਖ ਫੌਜ ਨੇ ਘੋੜੇ ਵੀ ਮਾਰ ਕੇ ਖਾ ਲਏ ਸਨ। ਸਿਖ ਬੜੇ ਤੰਗ ਸਨ। ਉਹਨਾਂ ਨੇ ਗੁਰੂ ਜੀ ਨੂੰ ਮਜਬੂਰ ਕਰ

ਦਿਤਾ ਕਿ ਕਿਲ੍ਹਾ ਖਾਲੀ ਕਰ ਦਿਤਾ ਜਾਵੇ—ਇਕ ਵਾਰੀ ਪਹਾੜੀ ਤੇ ਮੁਗਲ ਕਬਜ਼ਾ ਕਰ ਲੈਣ, ਫਿਰ ਉਹ ਛਡ ਦੇਣਗੇ ਅਤੇ ਅਸੀਂ ਫਿਰ ਕਿਲ੍ਹੇ ਵਿਚ ਆ ਜਾਵਾਂਗੇ। ਗੁਰੂ ਜੀ ਨੇ ਸਿਖਾਂ ਨੂੰ ਬਥੇਰਾ ਸਮਝਾਇਆ ਕਿ ਇਹਨਾਂ ਦੀਆਂ ਸੌਹਾਂ ਦਾ ਇਤਬਾਰ ਨਹੀਂ ਕਰਨਾ ਚਾਹੀਦਾ। ਪਰ ਸਿਖ ਭੁਖ ਤੋਂ ਤੰਗ ਆਏ ਹੋਏ ਸਨ।

ਗੁਰੂ ਜੀ ਨੇ ੨੦ ਦਸੰਬਰ ਸੰਨ ੧੭੦੪ ਅੱਧੀ ਰਾਤ ਸਮੇਂ ਅਨੰਦਪੁਰ ਦਾ ਕਿਲ੍ਹਾ ਖਾਲੀ ਕਰ ਦਿਤਾ। ਹਾਲੀ ਸਿਖ ਥੋੜੀ ਦੂਰ ਹੀ ਗਏ ਸਨ ਕਿ ਪਹਾੜੀਆਂ ਤੇ ਮੁਗਲਾਂ ਨੇ ਆਪਣੀਆਂ ਸੌਹਾਂ ਭੁਲਾ ਕੇ ਗੁਰੂ ਜੀ ਦਾ ਪਿੱਛਾ ਕੀਤਾ। ਗੁਰੂ ਜੀ ਰੋਪੜ ਵਲ ਜਾ ਰਹੇ ਸਨ। ਸ਼ਾਹੀ ਫੌਜਾਂ ਪਿੱਛਾ ਕਰ ਰਹੀਆਂ ਸਨ। ਸਰਦੀ ਆਖਰਾਂ ਦੀ ਸੀ। ਬਹੁਤ ਸਿਖ ਸਰਸਾ ਨਦੀ ਵਿਚ ਰੁੜ੍ਹ ਗਏ। ਗੁਰੂ ਜੀ ਤੇ ਦੋ ਵਡੇ ਸਾਹਿਬਜ਼ਾਦੇ ਚਮਕੌਰ ਵਲ ਚਲੇ ਗਏ। ਕੋਈ ੪੦ ਸਿਖ ਉਨ੍ਹਾਂ ਨਾਲ ਸਨ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਜੀ ਨਿਖੜ ਗਏ ਅਤੇ ਗੰਗੂ ਬ੍ਰਾਹਮਣ ਨਾਲ ਖੇੜੀ ਚਲੇ ਗਏ। ਉਸ ਬ੍ਰਾਹਮਣ ਨੇ ਉਹਨਾਂ ਨੂੰ ਸੂਬਾ ਸਰਹੰਦ ਦੇ ਹਵਾਲੇ ਕਰ ਦਿਤਾ।

ਗੁਰੂ ਜੀ ਚਮਕੌਰ ਦੀ ਗੜ੍ਹੀ ਵਿਚ ਮੋਰਚਾ ਬੰਨ੍ਹ ਕੇ ਬੈਠ ਗਏ (੨੧ ਦਸੰਬਰ, ੧੭੦੪)। ਸ਼ਾਹੀ ਫੌਜਾਂ ਵੀ ਪਿਛੋਂ ਆ ਪੁਜੀਆਂ। ਲੜਾਈ ਸ਼ੁਰੂ ਹੋ ਗਈ, ਸਿਖਾਂ ਨੂੰ ਪਰਤੱਖ ਸੀ ਕਿ ਇਥੋਂ ਬਚਣਾ ਕਠਨ ਹੈ। ਪੰਜ ਸਿਖਾਂ ਨੇ ਰਲ ਕੇ ਗੁਰੂ ਜੀ ਨੂੰ ਗੜ੍ਹੀ ਵਿਚੋਂ ਨਿਕਲ ਜਾਣ ਲਈ ਹੁਕਮ ਕੀਤਾ। ਗੁਰੂ ਜੀ ਉਥੋਂ ਨਿਕਲ ਗਏ। ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਵੀ ਆਪ ਦੇ ਨਾਲ ਨਿਕਲੇ। ਪਰ ਅਗੋਂ ਨਿਖੜ ਗਏ। ਗੁਰੂ ਜੀ ਇਕੱਲੇ ਹੀ ਪਾਸੇ ਚਲੇ ਗਏ।

ਗੁਰੂ ਜੀ ਇਥੋਂ ਨਿਕਲ ਕੇ ਕਿੜੀ ਪਿੰਡ ਤੋਂ ਹੁੰਦੇ ਮਾਛੀਵਾੜੇ ਪਹੁੰਚੇ, ਇਥੇ ਹੀ ਤਿੰਨੇ ਸਿਖ ਵੀ ਆਪ ਨੂੰ ਆ ਮਿਲੇ। ਗੁਲਾਬੇ ਮਸੰਦ ਦੇ ਘਰ ਆਪ ਠਹਿਰੇ। ਪਰ ਇਥੇ ਠਹਿਰਨਾ ਠੀਕ ਨਹੀਂ ਸੀ। ਸ਼ਾਹੀ ਫੌਜ ਪਿੱਛਾ ਕਰ ਰਹੀ ਸੀ। ਇਥੋਂ ਨਬੀ ਖਾਂ ਅਤੇ ਗਨੀ ਖਾਂ ਤੇ ਸਿਖਾਂ ਨੇ ਆਪ ਨੂੰ 'ਉਚ ਦੇ ਪੀਰ'

ਬਣਾ ਕੇ ਪਲੰਘ ਤੇ ਬਿਠਾ ਕੇ 'ਜਟਪੁਰੇ' ਪੁਜਾਇਆ । ਰਾਇ ਕਲਾ ਇਥੇ ਹੀ ਆਪ ਨੂੰ ਮਿਲਿਆ ਅਤੇ 'ਮਾਹੀ' ਨੇ ਆਪ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੀ ਖਬਰ ਦਿਤੀ ।

'ਜਟਪੁਰੇ' ਤੋਂ ਗੁਰੂ ਜੀ 'ਦੀਨੇ' ਪੁਜੇ ਜਿਥੇ ਚੌਧਰੀ ਸਮੀਰ, ਲਖਮੀਰ ਤੇ ਤਖਤ ਮਲ ਨੇ ਆਪ ਦਾ ਸੁਆਗਤ ਕੀਤਾ । ਸੂਬਾ ਸਰਹੰਦ ਨੂੰ ਵੀ ਪਤਾ ਲਗ ਗਿਆ, ਪਰ ਇਹਨਾਂ ਭਰਾਵਾਂ ਨੇ ਸੂਬੇ ਦੀਆਂ ਧਮਕੀਆਂ ਦੀ ਪਰਵਾਹ ਨਾ ਕੀਤੀ । ਇਥੇ ਹੀ ਗੁਰੂ ਜੀ ਨੇ 'ਜ਼ਫਰਨਾਮਾ' ਲਿਖਿਆ ਜਿਸ ਵਿਚ ਆਪ ਨੇ ਔਰੰਗਜ਼ੇਬ ਨੂੰ ਉਸ ਦੀਆਂ ਝੂਠੀਆਂ ਸੌਹਾਂ ਦੀ ਯਾਦ ਦਿਵਾਈ ਅਤੇ ਦਸਿਆ ਕਿ ਜਿਤ ਤੇ ਸੱਚ ਦੀ ਹੋਣੀ ਹੈ । 'ਜ਼ਫਰਨਾਮਾ' (ਫਤਹ ਦੀ ਚਿਠੀ) ਬੜੀ ਹੀ ਅਲੌਕਿਕ ਚਿਠੀ ਜਿਹੜੀ ਕਦੇ ਕਿਸੇ ਬਾਦਸ਼ਾਹ ਨੂੰ ਲਿਖੀ ਗਈ ਹੋਵੇ ।

ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਇਹ ਚਿਠੀ ਲੈ ਕੇ ਔਰੰਗਜ਼ੇਬ ਵਲ ਦਖਣ ਨੂੰ ਤੁਰੇ । ਔਰੰਗਜ਼ੇਬ ਨੂੰ 'ਜ਼ਫਰਨਾਮਾ' 'ਅਹਿਮਦ ਨਗਰ' (ਦੱਖਣ) ਪਹੁੰਚ ਕੇ ਦੋਹਾਂ ਸਿੰਘਾਂ ਨੇ ਦਿਤਾ । ਔਰੰਗਜ਼ੇਬ ਦੇ ਦਿਲ ਤੇ ਇਸ ਚਿਠੀ ਦਾ ਬੜਾ ਹੀ ਪ੍ਰਭਾਵ ਪਿਆ । ਉਹ ਪਹਿਲਾਂ ਹੀ ਚਿੱਠੀਆਂ ਰਾਹੀਂ ਗੁਰੂ ਜੀ ਨੂੰ ਦੋ ਵਾਰੀ ਬੇਨਤੀ ਕਰ ਚੁਕਾ ਸੀ ਕਿ ਮੈਨੂੰ ਮਿਲੋ । ਉਸ ਨੇ 'ਜ਼ਫਰਨਾਮਾ' ਪੜ੍ਹ ਕੇ ਫਿਰ ਬੇਨਤੀ ਕੀਤੀ ਅਤੇ ਸਾਰੇ ਸ਼ਾਹੀ ਹਾਕਮਾਂ ਨੂੰ ਗੁਰੂ ਜੀ ਤੋਂ ਸਾਰੀਆਂ ਪਾਬੰਦੀਆਂ ਹਟਾਣ ਲਈ ਹੁਕਮ ਦਿਤਾ । ਸਾਰੀ ਲੜਾਈ ਬੰਦ ਕਰਨ ਦਾ ਹੁਕਮ ਦਿਤਾ ।

ਪਰ ਇਸ ਹੁਕਮ ਦੇ ਮਿਲਣ ਤੋਂ ਪਹਿਲਾਂ ਸਰਹੰਦ ਦੀ ਫੌਜ ਗੁਰੂ ਜੀ ਵਿਰੁਧ ਚਾਲੇ ਪਾ ਚੁਕੀ ਸੀ । ਗੁਰੂ ਜੀ ਦੀਨੇ ਪਿੰਡ ਤੋਂ ਵੀ ਉਠ ਤੁਰੇ ਅਤੇ 'ਕੋਟ ਕਪੂਰੇ' ਤੋਂ ਢਿਲਪਾਂ ਕਲਾਂ, ਜੈਤੋ ਤੋਂ ਹੁੰਦੇ ਖਿਦਰਾਣੇ ਵਲ ਹੋ ਤੁਰੇ । ਇਸ ਢਾਬ (ਖਿਦਰਾਣੇ ਦੀ ਢਾਬ) ਤੇ ਚਾਲੀ ਮੁਕਤਿਆਂ ਦਾ ਸ਼ਾਹੀ ਫੌਜ ਨਾਲ ਟਾਕਰਾ ਹੋਇਆ । ਚਾਲੀ ਮੁਕਤੇ ਸ਼ਹੀਦ ਹੋ ਗਏ । ਗੁਰੂ ਜੀ ਨੇ ਆਪਣੀ ਹਥੀਂ ਸ਼ਹੀਦਾਂ ਦਾ ਸੰਸਕਾਰ ਕੀਤਾ ਅਤੇ 'ਟੁੱਟੀ ਗੰਢੀ' ।

ਗੁਰੂ ਜੀ ਅਗੇ ਤੁਰ ਪਏ । ਕਈ ਪਿੰਡਾਂ ਵਿਚੋਂ ਹੁੰਦੇ ਹੋਏ 'ਲਖੀ ਜੰਗਲ'

ਪੁਜੇ। ਲਖੀਜੰਗਲ ਵਿਚ ਆਪ ਕੁਝ ਸਮਾਂ ਠਹਿਰੇ। ਫਿਰ ਆਪ 'ਸਾਬੋ ਦੀ ਤਲਵੰਡੀ' ਪੁਜੇ। ਭਾਈ ਡੱਲਾ ਇਥੇ ਆਪ ਦੇ ਦਰਸ਼ਨ ਲਈ ਹਾਜ਼ਰ ਹੋਇਆ। ਭਾਈ ਡੱਲਾ, ਸਿੰਘ ਸਜਿਆ, ਅੰਮ੍ਰਿਤ ਪਾਨ ਕਰ ਕੇ।

'ਸਾਬੋ ਦੀ ਤਲਵੰਡੀ' (ਦਮਦਮਾ ਸਾਹਿਬ) ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਵਾਇਆ ਜਿਸ ਨੂੰ ਦਮਦਮੇ ਵਾਲੀ ਬੀੜ ਆਖਦੇ ਹਨ। ਦਮਦਮੇ ਸਾਹਿਬ ਨੂੰ ਸਿਖਾਂ ਦੀ ਕਾਂਸ਼ੀ ਆਖਦੇ ਹਨ। ਇਥੇ ਹੀ ਫੂਲਵੰਸ ਦੇ ਤਿਲੋਕ ਸਿੰਘ ਤੇ ਰਾਮ ਸਿੰਘ ਨੇ ਸ੍ਰੀ ਦਸਮੇਸ਼ ਜੀ ਤੋਂ ਅੰਮ੍ਰਿਤ ਪਾਨ ਕੀਤਾ। ਗੁਰੂ ਜੀ ਕੋਈ ਨੌਂ ਮਹੀਨੇ ਇਥੇ ਹੀ ਰਹੇ।

ਸੰਨ ੧੭੦੬ (ਕਤਕ ਮਹੀਨਾ) ਗੁਰੂ ਜੀ ਨੇ ਅਗਾਂਹ ਚਾਲੇ ਪਾਏ। ਆਪ ਨੇ ਪਰਵਾਰ ਨੂੰ ਜੋ ਕਿ ਦਮਦਮਾ ਸਾਹਿਬ ਦਿੱਲੀ ਤੋਂ ਆ ਗਿਆ ਸੀ, ਮੁੜ ਦਿੱਲੀ ਭੇਜ ਦਿਤਾ ਅਤੇ ਆਪ ਰਾਜ਼ਪੂਤਾਨੇ ਵਲ ਤੁਰ ਪਏ।

ਆਪ ਨੂੰ ਰਾਜਪੂਤਾਨੇ ਦੇ ਨਗਰ 'ਬਘੌਰ' ਵਿਚ ਖਬਰ ਮਿਲੀ ਕਿ ਔਰੰਗਜ਼ੇਬ ਮਰ ਗਿਆ ਹੈ। ਉਸ ਦੇ ਪੁਤਰਾਂ ਵਿਚ ਸ਼ਾਹੀ ਤਖਤ ਲਈ ਜੰਗ ਸ਼ੁਰੂ ਹੋ ਗਿਆ ਹੈ। ਗੁਰੂ ਜੀ ਨੇ ਬਹਾਦਰ ਸ਼ਾਹ ਦੀ ਸਹਾਇਤਾ ਕੀਤੀ ਅਤੇ ਉਹ ਬਾਦਸ਼ਾਹ ਬਣ ਗਿਆ। ਬਹਾਦਰ ਸ਼ਾਹ ਭਾਈ ਨੰਦ ਲਾਲ ਜੀ ਦਾ ਵਿਦਿਆਰਥੀ ਰਿਹਾ ਸੀ। ਸੰਨ ੧੭੦੭ ਵਿਚ ਬਹਾਦਰ ਸ਼ਾਹ ਦਿੱਲੀ ਦਾ ਬਾਦਸ਼ਾਹ ਬਣਿਆ।

ਉਸ ਨੇ ਗੁਰੂ ਜੀ ਦੇ ਦਰਸ਼ਨਾਂ ਲਈ ਚਾਹ ਪ੍ਰਗਟ ਕੀਤੀ। ਗੁਰੂ ਜੀ ਉਸ ਨੂੰ ਆਗਰੇ ਜਾ ਮਿਲੇ। ਕੁਝ ਚਿਰ ਮਗਰੋਂ ਬਹਾਦਰ ਸ਼ਾਹ ਵੀ ਗੁਰੂ ਜੀ ਨਾਲ ਦਖਣ ਵਲ ਤੁਰ ਪਿਆ। ਗੁਰੂ ਜੀ ੧੭੦੮ ਵਿਚ ਨਾਂਦੇੜ (ਹੈਦਰਾਬਾਦ) ਪਹੁੰਚੇ ਅਤੇ ਬਹਾਦਰ ਸ਼ਾਹ ਤੋਂ ਵਖ ਹੋ ਕੇ ਇਥੇ ਟਿਕ ਗਏ।

ਇਥੇ ਹੀ ਗੁਰੂ ਜੀ ਦਾ ਮੇਲ ਮਾਧੋ ਦਾਸ ਬੈਰਾਗੀ ਨਾਲ ਹੋ ਗਿਆ ਜਿਸ ਨੇ ਗੁਰੂ ਜੀ ਤੋਂ ਅੰਮ੍ਰਿਤ ਪਾਨ ਕੀਤਾ। ਮਾਧੋ ਦਾਸ ਦਾ ਨਾਮ ਬੰਦਾ ਸਿੰਘ ਰਖਿਆ ਗਿਆ। ਗੁਰੂ ਜੀ ਨੇ ਉਸ ਨੂੰ ਸ਼ਸਤਰ ਬਖਸ਼ੇ, ਪੰਜ ਸਿਖ ਨਾਲ ਦਿਤੇ ਅਤੇ ਖਾਲਸੇ ਦਾ ਜਥੇਦਾਰ ਬਣਾ ਕੇ ਪੰਜਾਬ ਵਲ ਭੇਜਿਆ। ਬੰਦਾ ਸਿੰਘ ਨੂੰ ਜ਼ੁਲਮ ਮਿਟਾਣ ਲਈ ਉਦੇਸ਼ ਦਿਤਾ।

ਗੁਰੂ ਜੀ ਨਾਲ ਬਹਾਦਰ ਸ਼ਾਹ ਦਾ ਮੇਲ ਵਧਦਾ ਵੇਖ ਕੇ ਸੂਬਾ ਸਰਹੰਦ ਨੂੰ ਚਿੰਤਾ ਹੋਈ ਕਿ ਕਿਤੇ ਉਸ ਤੋਂ ਬਦਲਾ ਨਾ ਲਿਆ ਜਾਵੇ। ਉਸ ਨੇ ਦੋ ਪਠਾਣ ਗੁਰੂ ਜੀ ਨੂੰ ਖਤਮ ਕਰਨ ਲਈ ਭੇਜੇ। ਇਹ ਪਠਾਣ ਨਾਂਦੇੜ ਆ ਕੇ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਇਕ ਸ਼ਾਮ ਇਕ ਪਠਾਣ ਨੇ ਸਮਾਂ ਤਾੜ ਕੇ ਗੁਰੂ ਜੀ ਦੇ ਪੇਟ ਵਿਚ ਛੁਰਾ ਘੋਂਪ ਦਿਤਾ। ਗੁਰੂ ਜੀ ਇਥੇ ਹੀ ਜੋਤੀ ਜੋਤ ਸਮਾ ਗਏ। ਸੰਨ ੧੭੦੮ ਈ: ੭ ਅਕਤੂਬਰ ਨੂੰ।

ਇਸ ਥਾਂ ਹੁਣ ਤਖਤ ਸ੍ਰੀ ਹਜ਼ੂਰ ਸਾਹਿਬ ਹੈ, ਜੋ ਪੰਥ ਦਾ ਚੌਥਾ ਤਖਤ ਮੰਨਿਆ ਜਾਂਦਾ ਹੈ।

ਦਸਮੇਸ਼ ਜੀ ਨੇ ਜੋਤੀ ਜੋਤ ਸਮਾਣ ਵੇਲੇ ਆਪਣੀ ਥਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜੋਤਿ-ਰੂਪ ਆਤਮਕ ਗੁਰੂ ਸਥਾਪਤ ਕੀਤਾ ਅਤੇ ਪੰਥ ਨੂੰ 'ਗੁਰੂ-ਪੰਥ' ਕਰਕੇ ਨਮਸਕਾਰਿਆ। ਅਗੋਂ ਤੋਂ ਗੁਰਤਾ ਦੇ ਦੋ ਅੰਗ 'ਗੁਰੂ-ਗ੍ਰੰਥ' ਤੇ 'ਗੁਰੂ-ਪੰਥ' ਹੋ ਗਏ। 'ਗੁਰੂ-ਪੰਥ' ਨੇ ਸਦਾ ਗੁਰੂ-ਗ੍ਰੰਥ ਦੀ ਅਗਵਾਈ ਵਿਚ ਪੰਥ ਦੇ ਕੰਮ ਚਲਾਏ ਹਨ।

ਸੰਨ ੧੭੦੫ ਤੋਂ ਅਕਤੂਬਰ ੧੭੦੮ ਤੀਕ ਦਾ ਸਮਾਂ ਗੁਰੂ ਸਾਹਿਬ ਦੇ ਜੀਵਨ ਵਿਚ ਅਤਿਅੰਤ ਹੀ ਜਦੋ-ਜਹਿਦ ਤੇ ਔਕੜਾਂ ਦਾ ਸਮਾਂ ਸੀ। ਸੰਸਾਰ ਦੇ ਥੋੜ੍ਹੇ ਹੀ ਮਹਾਨ ਪੁਰਸ਼ਾਂ ਦੇ ਹਿਸੇ ਇਹੋ ਜਿਹੇ ਦਿਨ ਆਏ ਹਨ ਅਤੇ ਉਸ ਤੋਂ ਵੀ ਥੋੜੇ ਮਹਾਨ ਪੁਰਸ਼ਾਂ ਨੇ ਇਤਨੇ ਸਿਦਕ, ਠਰ੍ਹੰਮੇ ਅਤੇ ਸਵੈ-ਵਿਸ਼ਵਾਸ ਨਾਲ ਐਸੇ ਦਿਨਾਂ ਨੂੰ ਸਵੀਕਾਰ ਕੀਤਾ ਹੈ। ਇਸ ਸਮੇਂ ਗੁਰੂ ਜੀ ਦੀ ਜੋ ਆਤਮਕ-ਮਾਨਸਕ ਦਸ਼ਾ ਰਹੀ ਹੈ, ਉਸ ਦੇ ਸੂਚਕ 'ਜ਼ਫਰਨਾਮਾ', ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਅਤੇ ਹੋਰ ਅਨੇਕ ਸਾਖੀ ਰੂਪ ਵਿਚ ਕੀਤੇ ਬਚਿਤ੍ਰ ਨਾਟਕ ਹਨ। ਇਹ ਆਖਰੀ ਚਾਰ ਸਾਲ ਵੀ ਆਪ ਦੇ ਭਰਪੂਰ ਰੁਝੇਵੇਂ ਦੇ ਸਾਲ ਸਨ—ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਦਾ ਕਿਤਨਾ ਵਡਾ ਕੰਮ ਹੈ।

ਆਪ ਦੇ ਭਰਪੂਰ ਜੀਵਨ ਦਾ ਆਖਰੀ ਕ੍ਰਿਸ਼ਮਾ ਬੰਦਾ ਸਿੰਘ ਨੂੰ ਉਤਸ਼ਾਹਤ ਕਰ ਕੇ ਪੰਜਾਬ ਵਿਚ ਪੰਚਾਇਤੀ ਅਤੇ ਸਾਂਝਾ ਰਾਜ ਕਾਇਮ ਕਰਨ ਲਈ ਭੇਜਣਾ ਸੀ, ਬੰਦਾ ਸਿੰਘ ਪੰਜਾਬ ਪੁਜਿਆ। ਖਾਲਸਾ ਉਸ ਦੇ ਨਾਲ

ਹੋ ਗਿਆ। ਥੋੜੇ ਸਮੇਂ ਵਿਚ ਹੀ ਖਾਲਸੇ ਨੇ, ਬੰਦਾ ਸਿੰਘ ਦੀ ਜਥੇਦਾਰੀ ਥਲੇ, ਸਮਾਨਾ, ਸ਼ਾਹਾਬਾਦ, ਸਿਧੌਰਾ ਜਿੱਤ ਲਏ। ਮੁਖਲਿਸਗੜ੍ਹ ਨੂੰ ਖਾਲਸੇ ਆਪਣਾ ਕੇਂਦਰ ਬਣਾਇਆ। ਥੋੜ੍ਹੇ ਸਮੇਂ ਵਿਚ ਸਰਹੰਦ ਨੂੰ ਜਾ ਮਾਰਿਆ ਅਤੇ ਉਸ ਦੀ ਇੱਟ ਨਾਲ ਇੱਟ ਖੜਕਾ ਦਿਤੀ।

ਜਿਹੜੇ ਇਲਾਕੇ ਬੰਦਾ ਸਿੰਘ ਨੇ ਜਿਤੇ ਉਥੇ ਉਸ ਨੇ ਜ਼ਿਮੀਦਾਰੀ ਖਤਮ ਕਰ ਦਿਤੀ ਅਤੇ ਜ਼ਮੀਨਾਂ ਦੀ ਮਾਲਕੀ ਮੁਜ਼ਾਰਿਆਂ ਨੂੰ ਦੇ ਦਿਤੀ।

ਪਰ ਮੁਗਲਸ਼ਾਹੀ ਨੇ ਬੰਦਾ ਸਿੰਘ ਵਿਰੁਧ ਪੂਰੀ ਕਾਰਵਾਈ ਅਰੰਭ ਦਿਤੀ। ਬੰਦਾ ਸਿੰਘ ਤੇ ਉਸ ਦੇ ਸਾਥੀ ਜੋ ੭੯੪ ਸਨ, ਗੁਰਦਾਸ ਨੰਗਲ ਪਾਸ ਪਕੜੇ ਗਏ ਅਤੇ ਫਰਖਸੀਅਰ ਦੇ ਹੁਕਮ ਨਾਲ ਦਿਲੀ ਵਿਚ ਕਤਲ ਕੀਤੇ ਗਏ। ਬੰਦਾ ਸਿੰਘ ਨੂੰ ੯ ਜੂਨ ੧੭੧੬ ਨੂੰ ਸ਼ਹੀਦ ਕੀਤਾ ਗਿਆ।

ਸਿਖ ਲਹਿਰ ਅਨੇਕ ਪਰਕਾਰ ਦੇ ਘੋਲਾਂ ਵਿਚੋਂ ਲੰਘਦੀ ਮਜ਼ਬੂਤ ਹੁੰਦੀ ਗਈ। ੧੬੯੯ ਸੰਨ ਵਿਚ ਅੰਮ੍ਰਿਤ ਪਾਨ ਕਰਾਇਆ ਗਿਆ ਸੀ। ੧੭੯੯ ਸੰਨ ਵਿਚ ਮਹਾਰਾਜਾ ਰਣਜੀਤ ਸਿੰਘ ਲਾਹੌਰ ਤੇ ਕਾਬਜ਼ ਹੋ ਗਿਆ ਅਤੇ ਮੁਗਲ ਰਾਜ ਖਤਮ ਹੋ ਗਿਆ।

ਨੇਤਾ ਦਾ ਕਰਤੱਵ ਕੇਵਲ ਉਦੇਸ਼ ਦੇਣਾ ਨਹੀਂ, ਸਗੋਂ ਆਪ ਉਸ ਉਦੇਸ਼ ਲਈ ਘੋਲ ਕਰਨਾ ਵੀ ਹੈ ਅਤੇ ਉਸ ਲਈ ਜਫ਼ਰ ਜਾਲਣਾ ਵੀ ਹੈ; ਨੇਤਾ ਨੇ ਕੇਵਲ ਪਿਛੇ ਹਟ ਕੇ ਲੜਾਈ ਨਹੀਂ ਦੇਖਣੀ, ਆਪ ਸ਼ਮਸ਼ੀਰ ਚੁਕ ਕੇ ਉਸ ਨੇ ਅਗੇ ਹੋ ਕੇ ਲੜਨਾ ਵੀ ਹੈ। ਨੇਤਾ ਨੇ ਦੂਜਿਆਂ ਨੂੰ ਸ਼ਹਾਦਤ ਦਾ ਜਾਮ ਪੀਂਦਿਆਂ ਵੇਖਣਾ ਹੀ ਨਹੀਂ, ਉਸ ਨੇ ਆਪਣੇ ਸਰਬੰਸ ਨੂੰ ਵੀ ਇਹ ਜਾਮ ਪਿਲਾਣਾ ਹੈ ਅਤੇ ਆਪ ਪੀਣਾ ਹੈ, ਨੇਤਾ ਨੇ ਕੇਵਲ ਖਾਲਸਾ ਬਨਾਣਾ ਨਹੀਂ ਹੈ, ਆਪ ਉਸ ਦੀ ਤਾਬਿਆ ਰਹਿ ਕੇ ਦਸਣਾ ਹੈ ਜਿਵੇਂ ਚਮਕੌਰ ਦੀ ਗੜ੍ਹੀ ਵਿਚ; ਨੇਤਾ ਨੇ ਆਪਣੇ ਸਾਥੀਆਂ ਨੂੰ ਆਪਣਾ ਸਾਰਾ ਪਿਆਰ ਦੇਣਾ ਹੈ— ਮੁਕਤਸਰ ਦੇ ਜੁਧ ਤੀਕ ਗੁਰੂ ਗੋਬਿੰਦ ਸਿੰਘ ਜੀ ਸਭ ਕੁਝ ਗਵਾ ਬੈਠੇ ਸਨ, ਪਰ ਬੇਦਾਵੇ ਦਾ ਕਾਗਜ਼ ਉਹਨਾਂ ਦੀ ਜੇਬ ਵਿਚ ਸੀ। ਵਿਛੜ ਗਏ ਸਿੰਘਾਂ ਨੂੰ ਆਪ ਨੇ ਗਲ ਲਾਇਆ, ਹਰ ਇਕ ਦਾ ਮੂੰਹ ਚੁੰਮਿਆ, ਆਪਣੀ ਹੱਥੀਂ ਉਹਨਾਂ

ਦਾ ਅੰਗੀਠਾ ਤਿਆਰ ਕੀਤਾ—-ਆਪਣੀ ਜਾਨ ਲਈ ਖਤਰਾ ਮੁਲ ਲੈ ਕੇ ।

ਪੂਰਨ 'ਸੰਤ-ਸਿਪਾਹੀ' ਦਾ ਜੀਵਨ ਦਸਮੇਸ਼ ਜੀ ਨੇ ਪਹਿਲਾਂ ਆਪ ਜੀ ਨੂੰ ਦਸਿਆ ਹੈ, ਇਹੋ ਗੁਰੂ ਘਰ ਦੀ ਵਿਸ਼ੇਸ਼ਤਾ ਹੈ । ਜੋ ਕੁਝ ਆਦਰਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਹਨ, ਗੁਰੂ ਸਾਹਿਬਾਨ ਨੇ ਆਪ ਜੀ ਨੂੰ ਦਸੇ ਹਨ, ਸੇਵਾ ਕਰਕੇ ਦਸੀ ਹੈ, ਭਗਤੀ ਨਿਭਾ ਕੇ ਦਸੀ ਹੈ, 'ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ' ਦਾ ਜੀਵਨ ਜੀ ਕੇ ਦਸਿਆ ਹੈ । 'ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ' ਦਾ ਜੀਵਨ ਤੇ ਹੈ ਹੀ ਸੀ ।

ਇਸੇ ਤੋਂ ਖਾਲਸੇ ਵਿਚ ਸ਼ਹਾਦਤ ਦੀ ਜੁੱਰਤ ਪੈਦਾ ਹੋਈ ਹੈ ।

ਚੌਥਾ ਭਾਗ

ਮੂਦ੍ਾ

ਮੁਦ੍ਰਾ

(੧)

'ਮੁਦ੍ਰਾ' ਦਾ ਅਰਥ ਮੋਹਰ ਛਾਪ, ਚਿੰਨ੍ਹ, ਭੇਖ ਆਦਿ ਹੈ। 'ਮੁਦ੍ਰਾ' ਸਰਕਾਰੀ ਸਿੱਕੇ ਨੂੰ ਵੀ ਆਖਦੇ ਹਨ ਜਿਸ ਤੇ ਸਰਕਾਰ ਦੀ ਮੋਹਰ ਛਾਪ ਹੁੰਦੀ ਹੈ ਅਤੇ ਉਸ ਮੋਹਰ-ਛਾਪ ਦੀ ਸਾਖ ਤੇ ਸਿੱਕਾ ਚਲਦਾ ਰਹਿੰਦਾ ਹੈ। ਖਾਲਸੇ ਦੀ ਮੁਦ੍ਰਾ ਹੈ, ਜੋ ਅਕਾਲ ਪੁਰਖ ਨੇ ਖਾਲਸੇ ਨੂੰ ਬਖਸ਼ੀ ਹੈ। ਖਾਲਸੇ ਦਾ ਮਾਣ ਇਸੇ ਮੁਦ੍ਰਾ ਕਰ ਕੇ ਹੈ। ਸਿੱਕੇ ਦਾ ਸਤਿਕਾਰ ਉਸ ਉਤੇ ਸਰਕਾਰ ਦੀ ਮੋਹਰ-ਛਾਪ ਕਰ ਕੇ ਹੈ, ਖਾਲਸੇ ਦਾ ਮਾਣ ਖਾਲਸੇ ਦੇ ਸਰੀਰ ਉਤੇ ਅਕਾਲ ਪੁਰਖ ਦੀ ਮੋਹਰ-ਛਾਪ ਕਰ ਕੇ ਹੈ।

ਖਾਲਸਈ ਮੁਦ੍ਰਾ ਦੇ ਪੰਜ ਭਾਗ ਹਨ—ਕੇਸ, ਕੰਘਾ, ਕ੍ਰਿਪਾਨ, ਕੜਾ, ਕਛਹਿਰਾ। ਇਹਨਾਂ ਨੂੰ ਪੰਜ ਕੱਕਾਰ ਕਹਿੰਦੇ ਹਨ। ਪੰਜਾਂ ਹੀ ਭਾਗਾਂ ਦੀ ਮਹਾਨਤਾ ਹੈ ਪਰ 'ਕੇਸ'-ਮੁਦ੍ਰਾ ਦੀ ਮਹਾਨਤਾ ਵਿਲਖਣ ਹੈ। ਦਸਮੇਸ਼ ਪਿਤਾ ਜੀ ਨੇ ਆਪ ਹੀ ਇਸ ਮੁਦ੍ਰਾ (ਕੇਸ) ਨੂੰ ਵਿਸ਼ੇਸ਼ ਮਹਾਨਤਾ ਦੇ ਦਿਤੀ ਹੈ। ਕੇਸ-ਮੁਦ੍ਰਾ ਦੇ ਲੋਪ ਹੋਣ ਨਾਲ ਖਾਲਸਾ ਖੋਟੇ-ਬਨਾਵਟੀ ਸਿੱਕੇ ਦੀ ਤਰ੍ਹਾਂ ਖਜ਼ਾਨੇ ਵਿਚੋਂ ਬਾਹਰਵਾਰ ਸੁਟ ਦਿਤਾ ਜਾਂਦਾ ਹੈ। ਕੇਸ-ਮੁਦ੍ਰਾ ਦੇ ਤਿਆਗ ਨਾਲ ਖਾਲਸਾ

ਕਦਾਚਿਤ ਖਾਲਸਾ ਨਹੀਂ ਰਹਿੰਦਾ, ਉਹ ਪਤਿਤ ਹੋ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸ-ਮੁਦ੍ਰਾ ਨੂੰ ਰਹਿਤ ਵਿਚ ਪਹਿਲੇ ਦਰਜੇ ਤੇ ਰਖਿਆ ਅਤੇ ਕੁਰਹਿਤਾਂ ਵਿਚ ਵੀ ਕੇਸਾਂ ਦੀ ਬੇਅਦਬੀ ਨੂੰ ਪ੍ਰਿਥਮ ਕੁਰਹਿਤ ਮੰਨਿਆ। ਭਾਵ ਜੇ ਸਿੰਘ ਕੇਸ-ਮੁਦ੍ਰਾ ਦਾ ਤਿਆਗ ਕਰੇ ਤਾਂ ਉਹ ਸਿਖੀ ਵਿਚੋਂ ਖਾਰਜ ਹੋ ਜਾਂਦਾ ਹੈ, ਪਤਿਤ ਹੋ ਜਾਂਦਾ ਹੈ। ਬਾਕੀ ਚਾਰ ਮੁਦ੍ਰਾ ਵਿਚੋਂ ਕਿਸੇ ਤੋਂ ਹੀਣ ਹੋਣ ਕਾਰਨ 'ਸਿੰਘ' ਪਤਿਤ ਨਹੀਂ ਹੁੰਦਾ, ਦੋਸ਼ੀ ਜਾਂ ਤਨਖਾਹੀਆ ਹੁੰਦਾ ਹੈ।

ਕੇਸ-ਮੁਦ੍ਰਾ ਦੇ ਤਿਆਗ ਦੀ ਦਸ਼ਾ ਨੂੰ 'ਸਿਰਗੁੰਮ' ਵੀ ਕਹਿੰਦੇ ਹਨ। 'ਸਿਰਗੁੰਮ' ਦਾ ਭਾਵ ਨਾਸਤਕ ਜਾਂ 'ਅਨੀਸ਼ਵਰਵਾਦੀ' ਵੀ ਹੈ, ਪਰ ਕੇਸ-ਮੁਦ੍ਰਾ ਦੀ ਇਤਨੀ ਮਹਾਨਤਾ ਹੈ ਕਿ ਇਸ ਦੇ ਤਿਆਗ ਦਾ ਭਾਵ 'ਨਾਸਤਕਤਾ' ਹੀ ਹੈ।

ਕੇਸ ਖਾਲਸੇ ਦੀ ਅਤਿਅੰਤ ਮੋਹਣੀ ਤੇ ਵਚਿਤ੍ਰ ਮੁਦ੍ਰਾ ਹੈ। ਬਾਕੀ ਚਾਰ-ਮੁਦ੍ਰਾ 'ਕੇਸਧਾਰੀ' ਨੂੰ ਹੋਰ ਤੇਜ ਪਰਦਾਨ ਕਰਕੇ ਉਸ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਨੂੰ ਪ੍ਰਭਤਾ ਬਖਸ਼ਦੇ ਹਨ। ਸ਼੍ਰੋਮਣੀ ਮੁਦ੍ਰਾ ਕੇਸ ਹਨ ਅਤੇ ਸਹਾਇਕ ਮੁਦ੍ਰਾ ਚਾਰ ਹਨ।

'ਸਰਬ ਲੋਹ' ਗ੍ਰੰਥ ਵਿਚ ਤ੍ਰੈ ਮੁਦ੍ਰਾ ਤੇ ਜ਼ੋਰ ਦਿਤਾ ਹੈ। ਇਸ ਗ੍ਰੰਥ ਵਿਚ ਖਾਲਸੇ ਦੀ ਮਹਿਮਾ ਵੀ ਬੜੀ ਮਹਾਨ ਦਸੀ ਹੈ।

ਐਸੋ ਗੁਣ ਹਰਿ ਖਾਲਸੇ ਬਖਸ਼ਾ ਭਗਤ ਗਿਆਨੀ ਰਾਜ ਜੋਗੇਸ੍ਵਰ ॥
ਛਤ੍ਰੀ ਬ੍ਰਿਤਿ ਅਨਨਯੋਪਾਸਕ ਤਯਾਗੀ ਹਠੀ ਸੂਰ ਭੁਵੇਨੇਸ਼ਰ ॥
ਐਸੋ ਖਾਲਸਾ ਖਾਲਿਸਾ ਪਦ ਪ੍ਰਾਪਤ ਨਿਰੰਕਾਰੀ ਸ਼ਿਵਰੂਪ ਮਹਾਨੰ ॥
ਸਤਿਗੁਰ ਕੋ ਉਪਦੇਸ਼ ਸਿਖਨ ਪ੍ਰਤਿਭਾ ਤੇ ਮੁਦਾ ਕੱਛ ਕੇਸ ਕ੍ਰਿਪਾਨੰ ॥

ਖਾਲਸਾ ਭਗਤ, ਗਿਆਨੀ, ਰਾਜਾ, ਜੋਗੀਸ਼ਰ, ਛਤ੍ਰੀ, ਇਕ-ਦਾ-ਉਪਾਸ਼ਕ, ਤਿਆਗੀ, ਹਠੀ, ਸੂਰਮਾ ਆਦਿ ਹੈ ਅਤੇ ਉਸ ਦੀ ਇਸ ਆਚਰਨ ਦੀ ਮੁਦ੍ਰਾ ਵਿਸ਼ੇਸ਼ ਕਰਕੇ ਤਿੰਨ ਹਨ—ਕੱਛ, ਕੇਸ, ਕ੍ਰਿਪਾਨ। ਕੇਸ ਮੁਦ੍ਰਾ ਪ੍ਰਿਥਮ ਹੈ, ਇਸ ਦੇ ਨਾਲ ਫਿਰ ਕੱਛ ਤੇ ਕ੍ਰਿਪਾਨ ਖਾਲਸੇ ਦਾ ਪ੍ਰਭਾਵ ਉਭਾਰਦੇ ਹਨ। ਕੇਸ ਧਾਰੀ ਸਾਰੇ ਸੰਸਾਰ ਵਿਚ ਆਪਣੇ ਧਾਰਮਕ-ਆਤਮਕ ਵਿਧਾਨ ਕਰਕੇ, ਕੇਵਲ ਖਾਲਸਾ ਹੈ। ਭਾਵੇਂ ਹੋਰ ਵੀ ਕਈਆਂ ਨੇ ਕੇਸ ਰਖੇ ਹੁੰਦੇ ਹਨ ਪਰ

ਧਾਰਮਕ-ਵਿਧਾਨ ਅਨੁਸਾਰੀ ਉਹ ਪਾਬੰਦ ਨਹੀਂ, ਖਾਲਸਾ ਪਾਬੰਦ ਹੈ। ਕੱਛ ਤੇ ਕ੍ਰਿਪਾਨ ਕਈ ਹੋਰ ਵੀ ਪਾਉਂਦੇ ਹਨ ਪਰ ਇਹ ਖਾਲਸੇ ਲਈ ਵਿਧਾਨ ਅਨੁਸਾਰ ਹੈ। ਇਹ ਦੋ ਮੁਦ੍ਰਾ ਵੀ, ਵਿਸ਼ੇਸ਼ ਹਨ। ਕੰਘਾ ਤੇ ਕੜਾ ਦੋ ਹੋਰ ਸਹਾਇਕ ਮੁਦ੍ਰਾ ਹਨ। ਪੰਜ ਮੁਦ੍ਰਾ ਖਾਲਸੇ ਦੀਆਂ ਹਨ। ਇਹ ਪੰਜ ਮੁਦ੍ਰਾ ਖਾਲਸੇ ਦੇ ਆਚਰਨ ਬਾਰੇ ਦਸਦੀਆਂ ਹਨ ਕਿ ਖਾਲਸਾ ਭਗਤ, ਗਿਆਨੀ, ਰਾਜਾ, ਜੋਗੀ, ਇਕ ਅਕਾਲ ਪੁਰਖ ਦਾ ਉਪਾਸ਼ਕ, ਤਿਆਗੀ, ਹਠੀ, ਸੂਰਮਾ, ਪਰਉਪਕਾਰੀ ਹੈ, ਉਹ ਰਾਜ-ਜੋਗੀ ਹੈ, ਸੰਤ-ਸਿਪਾਹੀ ਹੈ, ਮੀਰੀ ਪੀਰੀ ਦਾ ਮਾਲਕ ਹੈ।

ਖਾਲਸਈ ਮੁਦ੍ਰਾ ਦੀ ਮਹਾਨਤਾ ਇਹਨਾਂ ਅੰਗਾਂ ਅਧੀਨ ਵੇਖਣੀ ਉਚਿਤ ਹੈ।

੧—ਕੱਕਾਰ ਸਿਖ ਲਈ ਗੁਰੂ-ਭਗਤੀ ਦਾ ਰੂਪ ਹਨ।

੨—ਕੱਕਾਰ ਉਹਨਾਂ ਸਦਾਚਾਰਕ ਕੀਮਤਾਂ ਦੇ ਰਾਖੇ ਹਨ ਜੋ ਮਨੁਖ ਨੂੰ ਸਦਾ ਪਿਆਰੀਆਂ ਰਹਿਣਗੀਆਂ।

੩—ਕੱਕਾਰ ਕੌਮੀ ਸਭਿਆਚਾਰ ਦੇ ਚਿੰਨ੍ਹ ਹਨ।

੪—ਕੱਕਾਰ ਕੌਮੀ ਇਤਿਹਾਸ ਵਿਚ ਜਿੱਤ ਦੇ ਵਿਸ਼ੇਸ਼ ਚਿੰਨ੍ਹ ਹਨ।

੫—ਕੱਕਾਰ ਸਿਖ ਜਥੇਬੰਦੀ ਦੇ ਰਖਵਾਲੇ ਹਨ।

੬—ਕੱਕਾਰ ਮਨੁਖੀ ਸ਼ਖਸੀਅਤ ਦੇ ਸੁਹਜਵਾਦੀ ਪੱਖਾਂ ਦੇ ਜ਼ਾਮਨ ਹਨ।

੭—ਕੱਕਾਰ ਖਾਲਸੇ ਦਾ ਪਰੋਪਕਾਰ ਲਈ ਆਤਮ ਸਮਰਪਣ ਹਨ ਅਤੇ ਸੰਸਾਰ ਦੇ ਮਜ਼ਲੂਮਾਂ ਲਈ ਸਹਾਇਤਾ ਪਰਾਪਤੀ ਦਾ ਝੂਲਦਾ ਨਿਸ਼ਾਨ-ਸਾਹਿਬ ਹਨ।

ਇਹਨਾਂ ਅੰਗਾਂ ਅਧੀਨ ਪੰਜ-ਮੁਦ੍ਰਾ ਦੀ ਮਹਾਨਤਾ ਨਿਸਚਿਤ ਕਰਨ ਤੋਂ ਪਹਿਲੇ ਇਸ ਸਿਧਾਂਤ ਨੂੰ ਪਰਖਣ ਦੀ ਲੋੜ ਹੈ ਕਿ ਚਿੰਨ੍ਹ ਮਨੁਖਤਾ ਲਈ ਸਦਾ ਸਹਾਈ ਹੁੰਦੇ ਰਹੇ ਹਨ। ਜਾਂ ਚਿੰਨ੍ਹਾਂ ਦੀ ਮਹਾਨਤਾ ਮਨੁਖੀ ਜੀਵਨ ਦੇ ਹਰ ਖੇਤਰ ਵਿਚ ਰਹੀ ਹੈ। ਚਿੰਨ੍ਹ ਆਦਿ-ਕਾਲ ਤੋਂ ਸਾਧਾਰਨ ਮਨੁਖੀ ਜੀਵਨ, ਧਰਮ, ਵਿਗਿਆਨ, ਗਿਆਨ ਦੇ ਹੋਰ ਅਨੇਕ ਭਾਗਾਂ, ਕਲਾ (ਕਲਾ ਦੇ ਹਰ ਪੱਖ

ਨ੍ਰਿਤਕਾਰੀ, ਸੰਗੀਤ ਸ਼ਿਲਪ ਕਲਾ, ਲਿਖਣ ਕਲਾ, ਬੋਲਣ ਕਲਾ) ਸਹਾਈ ਰਹੇ ਹਨ ਤੇ ਅਧੁਨਿਕ ਹਰ ਅਧਿਐਨ ਵਿਸ਼ੇ ਵਿਚ ਸਹਾਈ ਹਨ। ਚਿੰਨ੍ਹਾਂ ਬਿਨਾਂ ਜੀਵਨ ਚਲਣਾ ਹੀ ਸੰਭਵ ਨਹੀਂ, ਅਸਲ ਵਿਚ ਤੇ ਜਾਪਦਾ ਇਵੇਂ ਹੈ ਕਿ ਕੇਵਲ ਚਿੰਨ੍ਹ ਹੀ ਅਸਲੀਅਤ ਹਨ। ਚਿੰਨ੍ਹਾਂ ਬਿਨਾਂ ਕਿਸੇ ਵੀ ਮਾਨਵੀ ਸੰਕਲਪ ਨੂੰ ਬੋਲੀ, ਰੂਪ, ਰੰਗ, ਰਸ ਵਿਚ ਨਹੀਂ ਚਰਸਾਇਆ ਜਾ ਸਕਦਾ।

(੨)

ਜੀਵਨ ਦੇ ਹਰ ਖੇਤਰ ਵਿਚ ਮੁਦ੍ਰਾ ਜਾਂ ਚਿੰਨ੍ਹਾਂ ਦੀ ਵਰਤੋਂ ਅਵਸ਼ਕ ਹੈ। ਹਰ ਖੇਤਰ ਵਿਚ ਹਰ ਪਰਕਾਰ ਦੀ ਜਥੇਬੰਦੀ ਚਿੰਨ੍ਹ ਤੇ ਆਧਾਰਤ ਅਤੇ ਆਮ ਕਰ ਕੇ ਉਹ ਚਿੰਨ੍ਹ ਵਰਦੀ (Uniform) ਹੈ। ਫੌਜ ਪੁਲੀਸ ਆਦਿ ਦੀ ਜਥੇਬੰਦੀ ਵਰਦੀ ਦੇ ਚਿੰਨ੍ਹ ਤੇ ਆਧਾਰਤ ਹੈ; ਸਕੂਲਾਂ ਦੇ ਵਿਦਿਆਰਥੀਆਂ ਅਤੇ ਉਹਨਾਂ ਦੇ ਟੋਲਿਆਂ, ਜਿਵੇਂ ਸਕਾਊਟਾਂ ਤੇ ਗਰਲ ਗਾਈਡਾਂ ਦਾ ਆਧਾਰਤ ਫਿਰ ਵਰਦੀ ਦਾ ਚਿੰਨ੍ਹ ਹੀ ਹੈ; ਸਾਰੀ ਖੇਡਾਂ ਦੀਆਂ ਟੀਮਾਂ ਦਾ ਆਧਾਰ ਵਰਦੀ ਹੈ। ਹਰ ਟੀਮ, ਟੋਲੀ, ਜਥੇਬੰਦੀ ਦੇ ਆਦਰਸ਼ਾਂ ਨੂੰ ਦਰਸਾਣ ਦਾ ਚਿੰਨ੍ਹ ਉਹਨਾਂ ਦਾ ਝੰਡਾ ਹੈ ਜਿਸ ਤੇ ਕੁਝ ਚਿੰਨ੍ਹ ਉਕਰੇ ਹੁੰਦੇ ਹਨ ਜੋ ਆਦਰਸ਼ਾਂ ਦੇ ਪ੍ਰਤਿਨਿਧ ਹੁੰਦੇ ਹਨ। ਝੰਡੇ ਦਾ ਰੰਗ ਜਾਂ ਉਸ ਵਿਚ ਵਰਤੇ ਕਈ ਰੰਗ ਵੀ ਕਈ ਖਿਆਲਾਂ ਦੇ ਚਿੰਨ੍ਹ ਹਨ।

ਹਸਪਤਾਲਾਂ ਦੇ ਦਰਸਾਣ ਵਾਸਤੇ ਰੈਡ ਕਰਾਸ (Red Cross) ਦੇ ਚਿੰਨ੍ਹ ਹਨ। ਸੜਕਾਂ, ਪਹਾੜਾਂ, ਦਰਿਆਵਾਂ, ਰੇਲਵੇ ਲਾਈਨਾਂ ਦੇ ਪ੍ਰਗਟ ਕਰਨ ਲਈ ਨਕਸ਼ੇ ਤੇ ਚਿੰਨ੍ਹ ਹਨ, ਹਵਾ ਦੀ ਦਿਸ਼ਾ ਦਸਣ ਲਈ ਨਕਸ਼ੇ ਵਿਚ ਚਿੰਨ੍ਹ ਵਰਤੇ ਹੁੰਦੇ ਹਨ। ਸਾਗਰ ਦੇ ਰੰਗ ਨੂੰ ਪ੍ਰਗਟ ਕਰਨ ਲਈ ਨੀਲੇ ਰੰਗ ਦਾ ਚਿੰਨ੍ਹ ਵਰਤਿਆ ਹੋਇਆ ਹੈ। ਹਿਸਾਬ, ਅਲਜਬਰੇ, ਵਿਗਿਆਨ ਦੇ ਹਰ ਖੇਤਰ ਵਿਚ ਚਿੰਨ੍ਹ ਵਰਤੇ ਹੁੰਦੇ ਹਨ। ਜਮ੍ਹਾਂ, ਮਨਫੀ, ਜ਼ਰਬ, ਤਕਸੀਮ ਆਦਿ ਲਈ ਚਿੰਨ੍ਹ ਹਨ; ਸਿੱਧੀ ਲਕੀਰ, ਗੋਲ ਦਾਇਰੇ, ਮੁਸਾਵਾਤ ਦੇ ਪ੍ਰਗਟ ਕਰਨ ਲਈ ਚਿੰਨ੍ਹ ਹਨ। Co. Ho., HCL ਆਦਿ ਅਨੇਕ ਚਿੰਨ੍ਹ ਵਰਤੇ ਜਾਂਦੇ ਹਨ।

ਦੁਕਾਨਦਾਰ) ਰੁਪਏ ਦਸਣ ਲਈ ਚਿੰਨ੍ਹ ਵਰਤਦੇ ਹਨ ।

ਸਾਰੀਆਂ ਬੋਲੀਆਂ ਦੀਆਂ ਲਿੱਪੀਆਂ ਚਿੰਨ੍ਹ ਹਨ; ਲਿਪੀ ਦੇ ਆਖਰ ਆਵਾਜ਼ਾਂ ਲਈ ਚਿੰਨ੍ਹ ਹਨ, ਬੋਲੀ ਦੇ ਸ਼ਬਦ ਵੀ ਚਿੰਨ੍ਹ ਹੀ ਹਨ । ਸਾਰੇ ਹਿੰਦਸੇ ਚਿੰਨ੍ਹ ਹਨ ।

ਅਹੁਦਿਆਂ ਦੇ ਪ੍ਰਗਟ ਕਰਨ ਲਈ ਚਿੰਨ੍ਹ ਬਣਾਏ ਹੋਏ ਹਨ । ਫੌਜੀ ਅਫ਼ਸਰਾਂ ਦੇ ਅਹੁਦੇ ਦਾ ਪਤਾ ਉਹਨਾਂ ਦੇ ਫੀਤਿਆਂ ਸਟਾਰਾਂ, ਕਰਾਊਨਾਂ ਆਦਿ ਤੋਂ ਲਗਦਾ ਹੈ ।

ਕਿਸੇ ਦਾ ਸਤਿਕਾਰ ਕਰਨ ਦੇ ਚਿੰਨ੍ਹ ਮੁਕਰਰ ਹਨ, ਹਥ ਜੋੜਨੇ, ਸਲੂਟ ਕਰਨਾ, ਸੈਨਤਾਂ ਸਭ ਚਿੰਨ੍ਹ ਹਨ । ਸੱਜਾ ਹਥ ਸਤਿਕਾਰ ਦਾ ਚਿੰਨ੍ਹ ਸਭਿਆਚਾਰ ਵਿਚ ਅੰਕਿਤ ਹੈ । ਖੱਬਾ ਹਥ ਅਸਤਿਕਾਰ ਦਾ ਰੂਪ ਮੰਨਿਆ ਜਾਂਦਾ ਹੈ ।

ਕਪੜਿਆਂ ਦੇ ਰੰਗ ਚਿੰਨ੍ਹ ਹਨ ਕਈ ਪਰਕਾਰ ਦੇ ਖਿਆਲਾਂ ਨੂੰ ਪ੍ਰਗਟ ਕਰਦਾ, ਨੀਲਾ ਦਸਤਾਰਾ, ਕਾਲਾ ਦਸਤਾਰਾ, ਕਾਲੀ ਝੰਡੀ, ਲਾਲ ਝੰਡੀ, ਆਦਿ ਸਭ ਚਿੰਨ੍ਹ ਹਨ ।

ਚਿੰਨ੍ਹ ਜੀਵਨ ਦੇ ਹਰ ਖੇਤਰ ਵਿਚ ਹਨ । ਹਰ ਕਲਾ ਵਿਚ ਕੁਝ ਇਸ਼ਾਰਿਆਂ ਤੇ ਚਿੰਨ੍ਹਾਂ ਦੁਆਰਾ ਹੀ ਅੰਤਰੀਵ ਭਾਵਾਂ ਨੂੰ ਪ੍ਰਗਟ ਕਰਦੇ ਹਨ । ਨ੍ਰਿਤ, ਚਿਤਰਕਾਰੀ, ਗਾਇਨ ਸਭ ਵਿਚ ਚਿੰਨ੍ਹ ਵਰਤੇ ਹਨ ।

ਸਾਧਾਰਨ ਮਨੁਖ ਰੁਮਾਲਾਂ ਨੂੰ ਗੰਢਾਂ ਪਾ ਕੇ ਕਈ ਸੁਨੇਹੇ ਚੇਤੇ ਰਖਦੇ ਹਨ ।

ਚਿੰਨ੍ਹ ਹੁੰਦਾ ਕੀ ਹੈ ? ਹਰ ਚਿੰਨ੍ਹ ਐਸੇ ਖਿਆਲ ਨੂੰ ਪ੍ਰਗਟ ਕਰਨ ਦਾ ਵਸੀਲਾ ਹੈ । ਖਿਆਲਾਂ ਨੂੰ ਬੋਲੀ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ ਪਰ ਉਸ ਤੋਂ ਵੀ ਵਧ ਹਾਵਾਂ-ਭਾਵਾਂ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ । ਕੇਵਲ ਹਥ, ਪੈਰ, ਅੱਖ ਦੇ ਇਸ਼ਾਰੇ ਨਾਲ ਅਨੇਕ ਭਾਵ ਪ੍ਰਗਟ ਕੀਤੇ ਜਾਂਦੇ ਹਨ ।

ਜੇ ਇਹ ਸਿਧਾਂਤ ਠੀਕ ਹੈ ਕਿ ਜੀਵਨ ਦੇ ਹਰ ਖੇਤਰ ਵਿਚ ਚਿੰਨ੍ਹ ਹੀ ਕੰਮ ਸਾਰ ਰਹੇ ਹਨ ਤਾਂ ਕੀ ਉਹ ਧਾਰਮਕ-ਖੇਤਰ ਵਿਚ ਲਾਭਦਾਇਕ ਨਹੀਂ ਹੋ ਸਕਦੇ । ਅਵਸ਼ ਹੋ ਸਕਦੇ ਹਨ ਅਤੇ ਧਾਰਮਕ ਜੀਵਨ ਵਿਚ ਸਾਰੇ ਸੰਸਾਰ

ਵਿਚ ਵਰਤੇ ਜਾਂਦੇ ਰਹੇ ਹਨ। ਹਿੰਦੂ, ਮੁਸਲਮਾਨ, ਈਸਾਈ, ਬੋਧੀ, ਜੈਨੀ, ਸਭ ਚਿੰਨ੍ਹਾਂ ਦੀ ਵਰਤੋਂ ਕਰਦੇ ਰਹੇ ਹਨ। ਚਿੰਨ੍ਹਾਂ ਬਿਨਾਂ ਜਥੇਬੰਦੀ ਤਾਂ ਕੋਈ ਕਾਇਮ ਹੀ ਨਹੀਂ ਰਹਿ ਸਕਦੀ।

ਚਿੰਨ੍ਹਾਂ ਦਾ ਸਬੰਧ ਸਾਡੇ ਆਤਮਕ, ਮਾਨਸਕ, ਸਰੀਰਕ ਕਰਮਾਂ ਤੇ ਜਜ਼ਬਿਆਂ ਨਾਲ ਹੁੰਦਾ ਹੈ। ਚਿੰਨ੍ਹ ਸਾਨੂੰ ਆਦਰਸ਼ਾਂ ਦੀ ਯਾਦ ਕਰਾਂਦੇ ਹਨ, ਚਿੰਨ੍ਹ ਸਾਡੇ ਖਿਆਲਾਂ ਨੂੰ ਹਰਕਤ ਦਿੰਦੇ ਹਨ, ਸਾਡੇ ਜਜ਼ਬਿਆਂ ਨੂੰ ਉਭਾਰਦੇ ਹਨ, ਸਾਡੀਆਂ ਇੱਛਾਵਾਂ ਨੂੰ ਉਕਸਾਂਦੇ ਹਨ, ਸਾਨੂੰ ਅਗਵਾਈ ਦਿੰਦੇ ਹਨ, ਸਾਡੇ ਵਿਚ ਗੌਰਵ ਪੈਦਾ ਕਰਦੇ ਹਨ। ਚਿੰਨ੍ਹ ਬੋਲੀ ਤੋਂ ਵਧ ਸ਼ਕਤੀ-ਸ਼ਾਲੀ ਸਾਧਨ ਹਨ।

(੩)

ਖਾਲਸਈ ਮੁਦ੍ਰਾ ਜਾਂ ਚਿੰਨ੍ਹਾਂ ਦਾ ਪ੍ਰਥਮ ਕਰਤਵ ਤੇ ਖਾਲਸੇ ਨੂੰ ਆਤਮ ਸੋਝੀ ਦੇਣਾ ਹੈ। ਇਹ ਮੁਦ੍ਰਾ ਖਾਲਸੇ ਨੂੰ ਸਦਾ ਗੁਰੂ-ਚਰਨਾਂ ਨਾਲ ਜੋੜੀ ਰਖਦੀਆਂ ਹਨ। ਸਿਖ ਨੂੰ ਆਪਣੇ ਕੱਕਾਰਾਂ ਦੇ ਦਰਸ਼ਨ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੁੰਦੇ ਹਨ। ਇਹੋ ਸਰੂਪ ਦਸਮੇਸ਼ ਦਾ ਆਪਣਾ ਸੀ। ਕੱਕਾਰ ਸਿਖ-ਗੁਰੂ ਸਬੰਧ ਦੇ ਸੂਚਕ ਹਨ। ਸਿਖ ਦੀ ਲਿਵ ਸਦਾ ਗੁਰੂ ਚਰਨਾਂ ਵਿਚ ਲਗੀ ਰਹਿੰਦੀ ਹੈ।

ਸਿਖ ਆਪਣੇ ਕੇਸਾਂ ਤੇ ਹੱਥ ਫੇਰਦਾ ਹੈ, ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਮਨਮੋਹਣਾ ਰੂਪ ਪ੍ਰਤੱਖ ਹੋ ਜਾਂਦਾ ਹੈ। ਸਿਖ ਆਪਣੇ ਦਾਹੜੇ ਤੇ ਮੁੱਛਾਂ ਤੇ ਹੱਥ ਫੇਰਦਾ ਹੈ, ਉਸ ਦੇ ਅੰਦਰੋਂ ਗੈਰਤ ਜਾਗਦੀ ਹੈ, ਉਹ ਆਪਣੀ ਜ਼ਿੰਮੇਵਾਰੀ ਬਾਰੇ ਚੇਤਨ ਹੁੰਦਾ ਹੈ। ਪੰਜਾਬ ਵਿਚ ਦਾਹੜੀ ਸਿਆਣਪ, ਗੰਭੀਰਤਾ, ਜ਼ਿੰਮੇਵਾਰੀ ਦਾ ਚਿੰਨ੍ਹ ਪੁਰਾਤਨ ਸਮਿਆਂ ਤੋਂ ਮੰਨਿਆਂ ਹੋਇਆ ਹੈ। ਦਾਹੜੀ ਵਾਲੇ ਨੂੰ ਜ਼ਿਮੇਵਾਰੀ ਦਾ ਚਿੰਨ੍ਹ ਪੁਰਾਤਨ ਸਮਿਆਂ ਤੋਂ ਮੰਨਿਆ ਹੋਇਆ ਹੈ। ਦਾਹੜੀ ਵਾਲੇ ਨੂੰ ਜ਼ਿਮਾਵਾਰ ਸਮਝਿਆ ਜਾਂਦਾ ਹੈ ਅਤੇ ਉਸ ਤੋਂ ਸਿਆਣੀ ਗਲ ਦੀ ਆਸ ਰਖੀ ਜਾਂਦੀ ਹੈ। ਮੁਛ ਗੈਰਤ ਦਾ ਚਿੰਨ੍ਹ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਕੇਸ, ਦਾੜ੍ਹੇ, ਮੁਛਾਂ ਦਾ ਕੁਦਰਤੀ ਰੁਖ ਸਾਨੂੰ ਚਿੰਨ੍ਹਾਂ ਵਜੋਂ ਬਖਸ਼ਿਆ। ਇਹ ਕਿਧਰੋਂ ਲੈਣ ਨਹੀਂ ਜਾਣੇ। ਸੁਤੇ ਸਿਧ ਪਰਾਪਤ ਹੋ ਜਾਣ ਤੇ ਇਸ ਤੇ ਕੁਝ ਖਰਚ ਨਹੀਂ ਹੋਣਾ, ਇਹ ਆਪਣੇ ਆਪ ਗਵਾਚ ਨਹੀਂ ਸਕਦਾ, ਸਰੀਰ ਨਾਲੋਂ ਵਖਰਾ ਨਹੀਂ ਹੋ ਸਕਦਾ, ਇਹ ਕੁਦਰਤੀ ਹੈ, ਮਨੁਖ ਨੂੰ ਮਰਦ-ਪੁਣਾ ਪਰਵਾਨ ਕਰਦਾ ਹੈ। ਇਹ ਕੇਸ-ਮੁਦ੍ਰਾ ਬੜੀ ਹੀ ਬਚਿਤ੍ਰ ਤੇ ਮਹਾਨ ਹੈ।

ਪੰਜੇ ਕੱਕਾਰ ਗੁਰ-ਭਗਤੀ ਦਾ ਰੂਪ ਹਨ। ਗੁਰੂ ਯਾਦ ਆਉਂਦਾ ਹੈ, ਗੁਰੂ ਨਾਲ ਪਿਆਰ ਬਣਦਾ ਹੈ, ਗੁਰੂ ਦੀ ਸਹਾਇਤਾ ਦਾ ਭਰੋਸਾ ਰਹਿੰਦਾ ਹੈ, ਗੁਰੂ ਦੇ ਯੋਗ ਬਣਨ ਲਈ ਹੁਲਾਰਾ ਪੈਂਦਾ ਹੁੰਦਾ ਹੈ। ਕੋਈ ਸਿਖ ਕੜਾ ਪਾ ਕੇ ਕੁਕਰਮ ਨਹੀਂ ਕਰ ਸਕਦਾ, ਕ੍ਰਿਪਾਨ ਧਾਰੀ ਹੋ ਕੇ ਜ਼ੁਲਮ ਨਹੀਂ ਕਰ ਸਕਦਾ, ਨਾ ਜ਼ੁਲਮ ਸਹਿ ਸਕਦਾ ਹੈ। ਉਸ ਦਾ ਵਤੀਰਾ ਉੱਚਾ ਹੁੰਦਾ ਹੈ, ਕੇਵਲ ਗੁਰੂ ਨੂੰ ਪਿਆਰ ਕਰਦਾ ਹੈ। ਜੋ ਸਿਖ ਗੁਰੂ ਨੂੰ ਪਿਆਰ ਕਰਦਾ ਹੈ, ਉਹ ਕੱਕਾਰਾਂ ਨੂੰ ਪਿਆਰ ਕਰਦਾ ਹੈ; ਜੋ ਕੱਕਾਰਾਂ ਨੂੰ ਪਿਆਰ ਕਰਦਾ ਹੈ, ਉਹ ਗੁਰੂ ਨੂੰ ਪਿਆਰ ਕਰਦਾ ਹੈ। ਗੁਰੂ ਦਾ ਪਿਆਰ ਆਚਰਨ ਦਾ ਧਾਰਨੀ ਹੋਣਾ ਹੈ, ਸਰੂਪ ਦਾ ਧਾਰਨੀ ਹੋਣ ਦਾ ਭਾਵ ਹੈ ਆਚਰਨ ਦਾ ਧਾਰਨੀ ਹੋਣਾ।

ਕੇਸਾਂ ਦੀ ਰਹਿਤ ਨਿਭਾਣੀ ਵਰਤਮਾਨ ਸੰਸਾਰ ਵਿਚ ਕਠਨ ਹੁੰਦੀ ਜਾਂਦੀ ਹੈ। ਸਾਰਾ ਸੰਸਾਰ ਹੀ ਕੇਸ-ਹੀਨ ਹੁੰਦਾ ਜਾ ਰਿਹਾ ਹੈ। ਪਰ ਗੁਰੂ-ਸਿਦਕ ਵਾਲੇ, ਗੁਰੂ ਪ੍ਰੇਮ ਵਾਲੇ ਰਹਿਤ ਨਿਭਾ ਰਹੇ ਹਨ, ਨਿਭਾਣਗੇ।

ਕੱਕਾਰਾਂ ਦੀ ਰਹਿਤ ਨਿਭਾਣਾ ਗੁਰੂ ਦਾ ਹੁਕਮ ਮੰਨਣਾ ਹੈ। ਭਾਵੇਂ ਇਹਨਾਂ ਦਾ ਲਾਭ ਪਤਾ ਹੋਵੇ ਜਾਂ ਨਾ, ਸਿਖ ਲਈ ਇਹਨਾਂ ਹੀ ਕਾਫ਼ੀ ਹੈ ਕਿ ਗੁਰੂ ਜੀ ਨੂੰ ਇਹ ਕੱਕਾਰ ਪਿਆਰੇ ਸਨ ਅਤੇ ਉਹਨਾਂ ਨੇ ਹੁਕਮ ਕੀਤਾ ਹੈ ਕਿ ਖਾਲਸਾ ਪੰਜ ਮੁਦ੍ਰਾ ਦਾ ਧਾਰਨੀ ਹੋਵੇ। ਹੁਕਮ ਪਾਲਨਾ ਸਿਖ ਆਚਰਨ ਦਾ ਅੰਗ ਹੈ ਅਤੇ ਸਿਖ—ਜ਼ਬਤ ਦਾ ਪਰਮੁਖ ਰੂਪ ਹੈ। ਸਿਖ ਜ਼ਬਤ ਵਿਚ ਰਹਿਣ ਵਾਲਾ ਹੈ। ਕੱਕਾਰ, ਰਹਿਤ ਜ਼ਬਤ—ਵਾਲੇ ਜੀਵਨ ਦਾ ਨਮੂਨਾ ਹੈ।

ਗੁਰੂ ਨਾਨਕ ਸਾਹਿਬ ਦਾ ਉਪਦੇਸ਼ ਕਰਨ ਦਾ ਇਕ ਤਰੀਕਾ ਇਹ ਸੀ ਕਿ ਆਪ ਕਿਸੇ ਧਰਮ ਭੇਖ ਦੀਆਂ ਮੁਦ੍ਰਾ ਦੀ ਸਦਾਚਾਰਕ ਗੁਣਾਂ ਦੇ ਰੂਪ ਵਿਚ ਵਿਆਖਿਆ ਕਰ ਦਿੰਦੇ ਸਨ ਜਿਵੇਂ ਇਹਨਾਂ ਸਤਰਾਂ ਵਿਚ ਕੀਤੀ ਹੈ :—

(ੳ) ਮੁੰਦਾ ਸੰਤੋਖੁ ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ, ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ, ਮਨਿ ਜੀਤੈ ਜਗੁ ਜੀਤੁ ॥

(ਅ) ਦਇਆ ਕਪਾਹ ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ ॥
ਏਹ ਜਨੇਊ ਜੀਅ ਕਾ, ਹਈ ਤ ਪਾਡੇ ਘਤੁ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੇਖ ਮੁਦ੍ਰਾ ਦੀ ਇਸੇ ਭਾਂਤ ਵਿਆਖਿਆ ਕੀਤੀ :—

(ੳ) ਜਤ ਕੀ ਜਟਾ, ਜੋਗ ਕੋ ਮਜਨੁ, ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ, ਆਤਮ ਉਪਦੇਸਹੁ, ਨਾਮ ਬਿਭੂਤ ਲਗਾਓ ॥

(ਅ) ਰੇ ਮਨ ਇਹ ਬਿਧਿ ਜੋਗੁ ਕਮਾਓ ॥
ਸਿੰਙੀ ਸਾਚ, ਅਕਪਟ ਕੰਠਲਾ, ਧਿਆਨ ਬਿਭੂਤ ਚੜਾਓ ॥
ਤਾਤੀ ਗਹੁ ਆਤਮ ਬਸਿ ਕਰ ਕੀ ਭਿਛਾ ਨਾਮ ਅਧਾਰੰ ॥

ਨਿਸਚੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀਆਂ ਮੁਦ੍ਰਾਂ ਵਿਚ ਇਹਨਾਂ ਹੀ ਸਦਾਚਾਰਕ ਗੁਣਾਂ ਦੀ ਯਾਚਨਾ ਕੀਤੀ ਹੈ। ਜਿਵੇਂ ਸਰਬ ਲੋਹ ਗ੍ਰੰਥ ਨੇ ਵਿਆਖਿਆ ਕੀਤੀ ਹੈ। ਇਹ ਮੁਦ੍ਰਾ ਖਾਲਸੇ ਨੂੰ ਭਗਤ, ਗਿਆਨੀ, ਰਾਜਾ ਤੇ ਜੋਗੀਸ਼ੁਰ ਬਣਾਂਦੇ ਹਨ। ਇਹੋ ਚਿਨ੍ਹ ਉਸ ਨੂੰ ਛਤ੍ਰੀ, ਅਦ੍ਵੈਤੀ, ਤਿਆਗੀ ਅਤੇ ਸੂਰਮਾ ਬਣਾਂਦੇ ਹਨ। ਇਹਨਾਂ ਆਤਮਕ-ਪੱਧਰਾਂ ਤੇ ਪਧਤੀਆਂ ਦੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਹੋਈ ਹੈ—

(ੳ) ਭਗਤ ਦੇ ਗੁਣ ਇਹ ਹਨ ਕਿ ਉਹ 'ਲਬੁ ਲੋਭੁ ਅਹੰਕਾਰੁ ਤਜਿ

ਤ੍ਰਿਸ਼ਨਾ ਬਹੁਤੁ ਨਾਹੀ ਬੋਲਣਾ' ਵਾਲਾ ਹੁੰਦਾ ਹੈ। ਖਾਲਸੇ ਦੀ ਪੰਜੇ ਮੁਦ੍ਰਾ-ਲਬ, ਲੋਭ, ਹੰਕਾਰ, ਤ੍ਰਿਸ਼ਨਾ ਤੇ ਬਹੁਤ ਬੋਲਣਾ (ਹਉਮੈਂ) ਦੇ ਉਲਟ ਹਨ।

(ਅ) ਗਿਆਨੀ ਦੇ ਲਛਣ 'ਬ੍ਰਹਮ ਗਿਆਨੀ' ਦੇ ਸਿਰਲੇਖ ਥਲੇ ਗੁਰੂ ਅਰਜਨ ਸ਼ਾਹਿਬ ਨੇ ਦਸੇ ਹਨ ਕਿ ਉਹ ਨਿਰਲੇਪ,ਨਿਰਦੋਖ, ਸਮਾਨ-ਦ੍ਰਿਸ਼ਟ, ਧੀਰਜਵਾਨ, ਨਿਰਮਲ, ਪ੍ਰਕਾਸ਼ਮਾਨ, ਨਿਮਰ, ਮਾਇਆਧਾਰੀ, ਸਮਦਰਸੀ ਹੁੰਦਾ ਹੈ (ਸੁਖਮਨੀ, ਅਸਟਪਦੀ ੮)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਉਸ ਨੂੰ ਗਿਆਨੀ ਮੰਨਿਆ ਹੈ ਜੋ ਨਾ ਭੈ ਦਿੰਦਾ ਹੈ ਨਾ ਭੈ ਮੰਨਦਾ ਹੈ। ਸੋ ਪੰਜੇ ਮੁਦ੍ਰਾ ਇਹਨਾਂ ਗੁਣਾਂ ਦੀਆਂ ਸੂਚਕ ਹਨ।

(ੲ) ਸੂਰਮੇ ਦੀ ਵਿਆਖਿਆ ਵੀ ਹੋਈ ਹੋਈ ਹੈ ਕਿ ਉਹ ਦੀਨਾਂ ਦੀ ਖਾਤਰ ਲੜੇ (ਕਬੀਰ) 'ਸੁਭ ਕਰਮਨ ਤੇ ਕਬਹੂੰ ਨ ਟਰੋਂ' (ਗੁਰੂ ਗੋਬਿੰਦ ਸਿੰਘ)। 'ਹਰਿ ਰੰਗ ਲਾਗੇ ਹੋਵੇ (ਗੁਰੂ ਅਰਜਨ ਸਾਹਿਬ), ਜਿਨਿ ਵਿਚਹੁ ਦੁਸ਼ਟ ਅਹੰਕਾਰ ਮਾਰਿਆ' ਵਾਲੇ। ਸਿਖ ਮੁਦ੍ਰਾ ਉਸ ਦੀ ਸੂਰਮਗਤੀ ਦੇ ਚਿੰਨ੍ਹ ਹਨ ਤੇ ਇਹਨਾਂ ਗੁਣਾਂ ਦੇ ਲਖਾਇਕ ਹਨ।

(ਸ) ਅਪਰਸ, ਬੈਸਨੋ, ਭਗਉਤੀ, ਪੰਡਿਤ, ਰਾਮਦਾਸ, ਜੀਵਨ ਮੁਕਤਿ ਆਦਿ ਦੀ ਵਿਆਖਿਆ ਗੁਰੂ ਅਰਜਨ ਸਾਹਿਬ ਨੇ ਸੁਖਮਨੀ ਦੀ ੯ਵੀਂ ਅਸ਼ਟਪਦੀ ਵਿਚ ਕੀਤੀ ਹੈ। ਪਾਠ ਕਰ ਕੇ ਵੇਖ ਲਵੋ ਕਿ ਤਿਆਗੀ ਪਰੋਪਕਾਰੀ ਆਦਿ ਦੇ ਵੀ ਸਦਾਚਾਰਕ ਗੁਣ ਹੁੰਦੇ ਹਨ। ਖਾਲਸੇ ਵਿਚ ਹੋਣੇ ਉਚਿਤ ਹਨ ਅਤੇ ਪੰਜ ਮੁਦ੍ਰਾ ਇਹਨਾਂ ਗੁਣਾਂ ਦੀਆਂ ਲਖਾਇਕ ਹਨ।

ਖਾਲਸਈ ਕੱਕਾਰ ਅਤਿ ਪ੍ਰਿਯ ਮਾਨਵੀ ਗੁਣਾਂ ਦੇ ਲਖਾਇਕ ਹਨ। ਕੇਸ—ਤਿਆਗ ਦੇ ਲਖਾਇਕ ਹਨ, ਕ੍ਰਿਪਾਨ—ਸੂਰਬੀਰਤਾ ਦੀ ਲਖਾਇਕ ਹੈ, ਕੱਛ—ਜਤ ਦੀ ਲਖਾਇਕ ਹੈ, ਕੰਘਾ—ਬਿਬੇਕ ਦਾ ਸੂਚਕ ਹੈ, ਕੜਾ—ਸੰਜਮ, ਸ੍ਵੈ-ਅਰਪਨ ਦਾ ਰਸਤਾ ਦਸਦਾ ਹੈ। ਪਰ ਆਚਰਨ ਇਕ ਗੁਣਾਂ ਦੀ ਸਮਿਲਤ

ਸਮੂਹੀ ਵਸਤੂ ਹੈ, ਸ਼ਖਸੀਅਤ ਭੀ ਇਕ ਸਮੂਹੀ ਪ੍ਰਭਾਵ ਹੈ। ਇਸ ਵਾਸਤੇ ਕੱਕਾਰਾਂ ਦਾ ਸਮੂਹੀ ਪ੍ਰਭਾਵ ਤਾਂ ਆਚਰਨ ਹੈ। ਇਹ ਮੁਦ੍ਰਾ ਉਚਤਮ ਮਨੁਖੀ ਗੁਣਾਂ ਦੇ ਜ਼ਾਮਨ ਹਨ।

ਕੱਕਾਰਾਂ ਦੇ ਧਾਰਨੀ ਨੂੰ ਅਣਖ ਟੁੰਬਦੀ ਹੈ ਕਿ ਉਹ ਕੇਸ, ਕ੍ਰਿਪਾਨ ਧਾਰਨ ਕਰਕੇ ਕਾਇਰ, ਬੁਜ਼ਦਿਲ, ਕਾਮੀ, ਕ੍ਰੋਧੀ, ਲਾਲਚੀ, ਹੰਕਾਰੀ ਨਹੀਂ ਹੋ ਸਕਦਾ। ਸਿਖ ਨੂੰ ਆਪਣੇ ਕੱਕਾਰਾਂ ਦੀ ਲਾਜ ਰਖਣੀ ਪੈਂਦੀ ਹੈ ਤੇ ਗੁਰੂ ਨੂੰ ਆਪਣੇ ਸਿਖ ਦੀ ਲਾਜ ਰਖਣੀ ਪੈਂਦੀ ਹੈ।

(੫)

'ਕੱਕਾਰਾਂ' ਦਾ ਪਰਮੁਖ ਕੱਕਾਰ ਕੇਸ ਹਨ ਅਤੇ ਕੇਸ ਭਾਰਤੀ ਸਭਿਆਚਾਰ ਦਾ ਪੁਰਾਤਨ ਸਮੇਂ ਵਿਚ ਸਦਾ ਚਿੰਨ੍ਹ ਰਹੇ ਹਨ। ਚੌਬੀਸ ਅਵਤਾਰਾਂ, ਚੰਡੀ ਚਰਿਤ੍ਰ ਤੇ ਪੁਰਾਣਾਂ ਦਾ ਅਧਿਐਨ ਕੀਤਾ ਜਾਏ ਤਾਂ ਪਰਤਖ ਹੁੰਦਾ ਹੈ ਕਿ ਭਾਰਤੀ ਸਭਿਆਚਾਰ ਧਰਮ ਦੀ ਖਾਤਰ ਲੜਨਾ ਸੀ। ਮਹਾਂ ਭਾਰਤ ਅਤੇ ਰਾਮਾਇਣ ਦੇ ਪ੍ਰਸਿੱਧ ਯੁਧ ਨਿਸ਼ਕਾਮ ਕਰਮ ਤੇ ਧਰਮ ਰਖਸ਼ਾ ਦੇ ਸਾਖੀ ਹਨ। ਗੀਤਾ ਦਾ ਸਿਧਾਂਤ ਇਹ ਹੈ ਕਿ ਜਦੋਂ ਕਿਧਰੇ ਧਰਮ ਦੀ ਹਾਨੀ ਹੁੰਦੀ ਹੈ, ਪਰਮਾਤਮਾ ਆਪ ਜਨਮ ਧਾਰਦਾ ਹੈ ਜਾਂ ਬਿਸ਼ਨ ਨੂੰ ਜਨਮ ਧਾਰਨ ਲਈ ਹੁਕਮ ਦਿੰਦਾ ਹੈ ਤਾਂ ਜੋ, ਉਹ ਯੁਧ ਕਰਕੇ ਦੈਂਤਾਂ ਦਾ ਪਰਹਾਰ ਕਰੇ ਅਤੇ ਦੇਵਤਿਆਂ ਦੀ ਵਿਜੈ ਕਰੇ। ਸੋ ਕਿਰਪਾਨ ਤੇ ਸ਼ਸ਼ਤ੍ਰ ਭਾਰਤੀ ਸਭਿਆਚਾਰ ਦਾ ਜ਼ਰੂਰੀ ਅੰਗ ਬਣੇ।

ਭਾਰਤੀ ਸਭਿਆਚਾਰ ਸੰਜਮ ਦਾ ਸਭਿਆਚਾਰ ਹੈ। ਜਤੀ ਹੋਣਾ ਇਸ ਸਭਿਆਚਾਰ ਵਿਚ ਵਿਸ਼ੇਸ਼ ਮਹਾਨਤਾ ਵਾਲਾ ਦਰਜਾ ਹੈ। ਸਿਧ, ਜੋਗੀ, ਇਸ ਸਭਿਆਚਾਰ ਦਾ ਰੂਪ ਹਨ, ਸਾਧ ਤੇ ਰਿਸ਼ੀ ਵੀ ਇਸੇ ਦਾ ਰੂਪ ਹਨ, ਹਨੂਮਾਨ ਦੀ ਭਗਤੀ ਦਾ ਇਹ ਹੀ ਰੂਪ ਸੀ। 'ਏਕਾ ਨਾਰੀ ਸਦਾ ਜਤੀ' ਵੀ ਰਿਸ਼ੀਆਂ ਦਾ ਰੂਪ ਸੀ। ਸੰਜਮਾਂ ਵਿਚੋਂ ਕਾਮ ਤੇ ਵਸੀਕਾਰ ਪ੍ਰਾਪਤ ਹੋਣਾ ਇਕ ਵਿਸ਼ੇਸ਼ ਮਹਾਨਤਾ ਹੈ। ਕੱਛ ਜਾਂ ਕਛਉਟੀ ਇਸੇ ਦਾ ਚਿੰਨ੍ਹ ਰਹੇ ਹਨ। ਖਾਲਸੇ ਨੇ ਕੱਛ ਦੇ ਕੱਕਾਰ ਦੁਆਰਾ ਭਾਰਤੀ ਸਭਿਆਚਾਰ ਦੇ ਇਸ ਰੂਪ ਨੂੰ ਸੁਰਜੀਤ ਕੀਤਾ ਹੈ।

ਕੰਘਾ—ਸਾਧਾਰਨ ਲੋੜ ਸੀ, ਕੇਸਾਂ ਦੀ ਸਫ਼ਾਈ ਲਈ। ਪਰ ਸੁਤੇ-ਸਿਧ ਇਹ ਬਿਬੇਕਤਾ—ਆਤਮ ਪੜਤਾਲ, ਮਨ ਵਿਚ ਕੰਘੀ ਮਾਰਨ ਦਾ ਵੀ ਚਿੰਨ੍ਹ ਹੈ। ਮਨ ਵਿਚੋਂ ਸਾਰੇ ਔਗੁਣ ਕਢ ਦੇਣ ਦਾ ਵੀ ਚਿੰਨ੍ਹ ਹੈ।

ਕੜਾ—ਆਤਮ ਸਮਰਪਣ ਹੈ, ਮੈਂ ਗੁਰੂ ਦਾ ਹਾਂ, ਇਸ ਭਾਵਨਾ ਦਾ ਚਿੰਨ੍ਹ ਹੈ। ਸਿਖ ਸਾਕੇਸ਼ ਸਰੂਪ ਭਾਰਤੀ ਸਭਿਆਚਾਰ ਦਾ ਪਰਤੱਖ ਨਮੂਨਾ ਹੈ।

(੬)

ਖਾਲਸਈ ਚਿੰਨ੍ਹਾਂ ਦੇ ਪਿਛੇ ਬੜਾ ਇਤਿਹਾਸ ਹੈ। ਭਾਰਤੀ ਧਰਮ ਅਤੇ ਸਭਿਆਚਾਰ ਨੂੰ ਸੁਰਜੀਤ ਕਰਨ ਲਈ ਜੋ ਅੰਦੋਲਨ ਸਿਖਾਂ ਨੇ ੧੪੬੯ ਤੋਂ ੧੭੦੮ ਤੀਕ ਕੀਤਾ ਹੈ, ਇਹ ਚਿੰਨ੍ਹ ਉਸ ਅੰਦੋਲਨ ਦੀ ਜਿੱਤ ਦਾ ਚਿੰਨ੍ਹ ਹਨ। ਬਦੇਸ਼ੀ ਹਕੂਮਤ ਨੇ ਅਠਵੀਂ ਸਦੀ ਈਸਵੀ ਤੋਂ ਹੀ ਭਾਰਤੀਆਂ ਨੂੰ ਜ਼ਲੀਲ ਕਰਨ ਲਈ ਇਹਨਾਂ ਤੇ ਸਭਿਆਚਾਰ ਦੇ ਸੱਟ ਮਾਰਨੀ ਸ਼ੁਰੂ ਕੀਤੀ ਸੀ। ਹਰ ਬਦੇਸ਼ੀ ਸਾਮਰਾਜੀ ਹਕੂਮਤ ਇਹ ਕਰਦੀ ਹੀ ਹੈ। ਭਾਰਤੀ ਕੇਸਾਧਾਰੀ ਸਨ, ਇਹਨਾਂ ਦੇ ਕੇਸ ਹਟਾਏ ਗਏ, ਇਹਨਾਂ ਨੂੰ ਟੋਪੀਆਂ ਪਵਾਈਆਂ ਗਈਆਂ, ਦਸਤਾਰਾਂ ਗੁੰਮ ਹੋ ਗਈਆਂ। ਭਾਰਤੀ ਸ਼ਸਤ੍ਰਧਾਰੀ ਸਨ, ਰਾਜਪੂਤ ਤੇ ਖਤ੍ਰੀ ਸ਼ਸਤ੍ਰਧਾਰੀ ਸਨ, ਪਰ ਹੁਕਮਨ ਇਹਨਾਂ ਨੂੰ ਸ਼ਸਤ੍ਰ-ਹੀਣ ਕੀਤਾ ਗਿਆ ਅਤੇ ਇਹਨਾਂ ਨੂੰ ਘੋੜ-ਸਵਾਰੀ, ਫੌਜੀ ਸਿਖਲਾਈ, ਬਾਵਰਦੀ ਰਹਿਣ ਤੋਂ ਵੰਚਿਤ ਕੀਤਾ ਗਿਆ। ਭਾਰਤੀਆਂ ਦਾ ਤਰੀਕਾ ਝੱਟਕਾ ਸੀ, ਝਟਕੇ ਦੀ ਥਾਂ ਹਲਾਲ ਦਾ ਤਰੀਕਾ ਰਾਇਜ ਹੋਇਆ। ਭਾਰਤੀ ਬੋਲੀਆਂ ਦੀ ਥਾਂ ਤੁਰਕੀ, ਫਾਰਸੀ ਨੇ ਲਈ। ਭਾਰਤੀ ਧਰਮ-ਅਸਥਾਨਾਂ ਦਾ ਨਿਰਾਦਰ ਹੋਇਆ। ਭਾਰਤੀ ਸੰਜਮ, ਰਹਿਣੀ-ਬਹਿਣੀ, ਪਹਿਰਾਵੇ ਨੂੰ ਖਤਮ ਕੀਤਾ ਗਿਆ। ਭਾਰਤੀ ਧਰਮ ਪੁਸਤਕਾਂ ਦਾ ਨਿਰਾਦਰ ਹੋਇਆ। ਗੁਰੂ ਨਾਨਕ ਸਾਹਿਬ ਨੇ ਇਸ ਗਿਰਾਵਟ ਦੇ ਬੜੇ ਢੁਕਵੇਂ ਸੰਕੇਤ ਆਸਾ ਦੀ ਵਾਰ ਦੀ ੧੬ਵੀਂ ਪਉੜੀ ਦੇ ਸਬੰਧਤ ਸਲੋਕਾਂ ਵਿਚ ਕੀਤੇ ਹੋਏ ਹਨ। ਕਿਰਪਾ ਪੂਰਬਕ ਉਥੋਂ ਪੜ੍ਹੋ।

ਗੁਰੂ ਨਾਨਕ ਸਾਹਿਬ ਨੇ ਹੀ ਉਦੇਸ਼ ਦਿਤਾ ਕਿ ਭਾਰਤੀ ਜੀਵਨ ਦੀ ਨਿਰਾਦਰੀ ਅਤੇ ਬੇਗੈਰਤੀ ਨੂੰ ਦੂਰ ਕਰਨਾ ਹੈ। ੧੬੯੯ ਵਿਚ ਅੰਮ੍ਰਿਤ ਪਰਦਾਨ ਕਰਕੇ ਗੁਰੂ ਗੋਬਿੰਦ ਸਿਘ ਜੀ ਨੇ ਉਦੇਸ਼ ਪੂਰਾ ਕਰ ਦਿਤਾ। ਭਾਰਤੀ ਕੇਸਾਧਾਰੀ, ਸ਼ਸਤ੍ਰਧਾਰੀ ਤੇ ਸੁਤੰਤਰ ਰਹਿਣ ਵਾਲੇ ਬਣੇ। ਉਹਨਾਂ ਵਿਚ ਬੀਰਤਾ ਫਿਰ ਉਭਰੀ। ਦੇਸ਼, ਕੌਮ, ਸਭਿਆਚਾਰ ਦਾ ਮਾਣ ਜਾਗਿਆ, ਸੁਤੰਤਰਤਾ ਦੀ ਲਗਨ ਉਠੀ ਅਤੇ ਉਹ ਸੁਤੰਤਰ ਧਰਮ ਤੇ ਕੌਮ ਬਣੇ। ਖਾਲਸਾ ਉਸ ਅੰਦੋਲਨ ਦਾ ਸਾਖਿਆਤ ਰੂਪ ਹੈ।

ਖਾਲਸਈ ਮੁਦ੍ਰਾ ਉਸ ਇਨਕਲਾਬ ਦੀ ਯਾਦ ਹਨ, ਜਿਵੇਂ ਜਿੱਤ ਦੀਆਂ ਸ਼ੀਲਡਾਂ ਹੁੰਦੀਆਂ ਹਨ।

(੭)

ਸੰਸਾਰ ਦੀਆਂ ਸਭ ਜਥੇਬੰਦੀਆਂ ਕਿਸੇ ਪ੍ਰਕਾਰ ਦੀ ਵਰਦੀ (Uniform) ਤੇ ਆਧਾਰਤ ਹਨ। ਖਾਲਸਾ ਜ਼ਥੇਬੰਦੀ ਹੈ। ਖਾਲਸਾ ਅਕਾਲ ਪੁਰਖ ਦੀ ਆਪਣੀ ਫ਼ੌਜ ਹੈ, ਜੋ ਧਰਮ ਹੇਤ ਲੜਨ ਲਈ ਕਾਇਮ ਹੈ। ਇਸ ਫੌਜ ਦੀ ਆਪਣੀ ਵਰਦੀ ਹੈ। ਇਹ ਵਰਦੀ ਸਾਕੇਸ਼ ਰਹਿਣਾ ਹੈ ਅਤੇ ਬਾਕੀ ਚਾਰ ਕੱਕਾਰ ਦਾ ਧਾਰਨੀ ਹੋਣਾ ਹੈ। ਕੱਕਾਰ ਸਾਨੂੰ ਜਥੇਬੰਦ ਕਰਦੇ ਹਨ।

ਜਥੇਬੰਦੀ ਬਿਨਾਂ ਕੋਈ ਵੀ ਕੰਮ ਸਿਧ ਨਹੀਂ ਹੋ ਸਕਦਾ। ਕਿਸੇ ਨ ਕਿਸੇ ਰੂਪ ਵਿਚ ਜਥੇਬੰਦੀਆਂ ਸਦਾ ਕਾਇਮ ਰਹਿਣਗੀਆਂ। ਪੋਲੀਟੀਕਲ ਪਾਰਟੀਆਂ ਜਥੇਬੰਦੀ ਹਨ। ਸਭਿਆਚਾਰਕ ਸੁਸਾਇਟੀਆਂ ਜਥੇਬੰਦੀਆਂ ਹਨ। ਸਾਧੂਆਂ ਦੀਆਂ ਆਪਣੀਆਂ ਜਥੇਬੰਦੀਆਂ ਹਨ।

ਧਰਮ ਵੀ ਜਥੇਬੰਦੀਆਂ ਹਨ ਅਤੇ ਸ਼ੁਭ ਆਦਰਸ਼ ਲਈ ਸਥਾਪਤ ਹਨ। ਕਿਸੇ ਜਥੇਬੰਦੀ ਵਿਚ ਗਿਰਾਵਟ ਹੋ ਸਕਦੀ ਹੈ, ਪਰ ਗਿਰਾਵਟ ਇਸ ਗੱਲ ਦੀ ਦਲੀਲ ਨਹੀਂ ਹੈ ਕਿ ਜਥੇਬੰਦੀ ਬੇਲੋੜੀ ਹੈ ਜਾਂ ਜਥੇਬੰਦੀ ਦਾ ਸਿਧਾਂਤ ਗ਼ਲਤ ਹੈ। ਯਤਨ ਇਹ ਹੋਣਾ ਚਾਹੀਦਾ ਹੈ ਕਿ ਜਥੇਬੰਦੀ ਪਵਿਤਰ ਤੇ ਸ਼ੁਧ ਰਹੇ ਅਤੇ

ਆਪਣੇ ਉਦੇਸ਼ਾਂ ਦੀ ਪੂਰਤੀ ਕਰੇ। ਇਹ ਤਦ ਹੀ ਹੋ ਸਕਦਾ ਹੈ ਜੇ ਖਾਲਸੇ ਵਿਚ ਜਾਂ ਕਿਸੇ ਹੋਰ ਜਥੇਬੰਦੀ ਵਿਚ ਆਚਰਨ ਪੂਰਾ ਰਹੇਗਾ ਅਤੇ ਆਚਰਨ ਬਿਨਾਂ ਤੇ ਭੇਖੀ ਮੂਰਖ ਸਿਖ ਹੋਵੇਗਾ। ਪਵਿਤਰ ਆਚਰਨ ਪਹਿਲੀ ਸ਼ਰਤ ਹੈ, ਜਥੇਬੰਦੀ ਦੀ।

(੮)

ਸੰਸਾਰ ਦੇ ਹੋਰ ਲੋਕ ਵੀ ਸੋਹਣੇ ਹਨ, ਪਰ ਖਾਲਸਾ ਵੀ ਆਪਣੇ ਸਰੂਪ ਵਿਚ ਅਮੋਲਕ ਸੁੰਦਰਤਾ ਦਾ ਧਾਰਨੀ ਹੈ। ਉਸ ਦੇ ਕੇਸਾਂ, ਦਾਹੜੇ ਦਾ ਪ੍ਰਭਾਵ। ਕੇਵਲ ਸਰੀਰਕ ਸੁੰਦਰਤਾ ਦਾ ਨਹੀਂ ਹੈ, ਸਗੋਂ 'ਆਤਮਕ' ਤੇ ਮਾਨਸਕ ਸੁੰਦਰਤਾ ਤੇ ਜ਼ਬਤ ਦਾ ਵੀ ਹੈ। ਸਾਕੇਸ਼ ਸਿਖ, ਕੁਦਰਤ ਦੇ ਆਪਣੇ ਮਨੁਖੀ ਸਰੂਪ ਦੀ ਰਚਨਾ ਹੈ। ਕੋਈ ਹੋਰ ਸ਼ਿੰਗਾਰ ਬਨਾਵਟੀ ਹੈ, ਪਰ ਸਿਖ ਦਾ ਚਿਹਰਾ ਬਨਾਵਟੀ ਨਹੀਂ ਹੈ, ਕੁਦਰਤੀ ਹੈ, ਵਾਹਿਗੁਰੂ ਦੀ ਆਪਣੀ ਰਚਨਾ ਹੈ।

ਕੁਦਰਤ ਨੇ ਮਰਦਾਨਗੀ ਦਾ ਚਿੰਨ੍ਹ ਹੀ ਇਹ ਰੂਪ ਰਖਿਆ ਹੈ। ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਹ ਸਰੂਪ ਇਸ ਗੱਲ ਦੀ ਗਰੰਟੀ ਤੇ ਨਹੀਂ ਕਿ ਸਾਰੇ ਸਿਖ ਬਹਾਦਰ, ਸੂਰਬੀਰ, ਮਰਦ ਅਤੇ ਬ੍ਰਹਮਗਿਆਨੀ ਹਨ, ਪਰ ਇਹ ਸਰੂਪ ਹਰ ਸਿਖ ਨੂੰ ਵੰਗਾਰਦਾ ਹੈ ਕਿ ਉਹ ਸੂਰਬੀਰ, ਮਰਦ ਤੇ ਬ੍ਰਹਮਗਿਆਨੀ ਹੋਵੇ। ਕਲਗੀਆਂ ਵਾਲੇ ਦਾ ਹੱਥ ਸਿਰ ਤੇ ਹੋਵੇ, ਤਾਂ ਖਾਲਸਾ ਅਵੱਸ਼ ਇਹਨਾਂ ਟੀਚਿਆਂ ਤੇ ਪੂਰਾ ਉਤਰੇਗਾ।

(੯)

ਖਾਲਸੇ ਦੇ ਚਿੰਨ੍ਹ ਕਿਸੇ ਵੀ ਮਜ਼ਲੂਮ ਦਾ ਸਹਾਰਾ ਹਨ ਜਿਵੇਂ ਥਾਣਾ, ਪੁਲਸ, ਹਸਪਤਾਲ ਵੇਖ ਕੇ ਆਪਣੇ ਆਪ ਸਹਾਰਾ ਮਿਲਦਾ ਹੈ ਕਿ ਮੈਂ ਇਥੇ ਲੁਟਿਆ ਨਹੀਂ ਜਾ ਸਕਦਾ ਜਾਂ ਮੈਨੂੰ ਬਿਨਾਂ ਯਤਨ ਮਰਨ ਨਹੀਂ ਦਿਤਾ ਜਾਏਗਾ।

ਇਸੇ ਤਰ੍ਹਾਂ ਖਾਲਸੇ ਨੂੰ ਦੇਖਦੇ ਹੀ ਹਰ ਮਜ਼ਲੂਮ ਨੂੰ ਹੌਸਲਾ ਹਣਾ ਚਾਹੀਦਾ ਹੈ, ਕਿ ਉਸ ਦੀ ਮਦਦ ਹੋਵੇਗੀ, ਉਸ ਦੀ ਰਖਿਆ ਕੀਤੀ ਜਾਵੇਗੀ। ਇਹ ਆਦਰਸ਼ ਹੈ ਕਿ ਸਿਖ ਨੂੰ ਵੇਖ ਕੇ ਹੀ ਪਤਾ ਲਗੇ ਕਿ ਇਹ ਮੇਰਾ ਹਿਤੂ, ਮਦਦਗਾਰ ਤੇ ਸਨੇਹੀ ਹੈ। ਸੰਸਾਰ ਵਿਚੋਂ ਜ਼ੁਲਮ ਦੀ ਜੜ੍ਹ ਪੁਟਣ ਲਈ ਖਾਲਸੇ ਦਾ ਜਨਮ ਹੋਇਆ ਹੈ। ਉਸ ਦੇ ਕੇਸ ਝੂਲਦਾ ਨਿਸ਼ਾਨ ਹਨ ਜਿਹੜੇ ਉਸ ਦੀ ਹੋਂਦ ਨੂੰ ਪ੍ਰਗਟਾਇਆ ਕਰਦੇ ਹਨ ਜਿਵੇਂ ਫੌਜ ਤੇ ਪੁਲਸ ਦੀ ਬਰਦੀ। ਖਾਲਸੇ ਨੇ ਆਤਮ ਸਮਰਪਣ ਕੀਤਾ ਹੋਇਆ ਹੈ। ਜ਼ੁਲਮ ਦੇ ਵਿਰੁਧ ਉਸ ਨੇ ਲੜਨਾ ਹੈ।

(੧੦)

ਇਹ ਹਨ ਸੰਖੇਪ ਜਿਹੇ ਸੁਝਾ, ਮੁਦ੍ਹਾ ਖਾਲਸਦੀ ਪੰਜ ਕੱਕਾਰਾਂ ਦੀ ਰਹਿਤ ਨੂੰ ਸਮਝਣ ਲਈ। ਕਰਨੀ ਔਖੀ ਚੀਜ਼ ਹੈ, ਵਿਆਖਿਆ ਸਪਸ਼ਟ ਹੈ।

"ਸਚਹੁ ਓਰੈ ਸਭ ਕੋ, ਉਪਰਿ ਸਚੁ ਅਚਾਰੁ ॥"

ਧਰਮ

(੧)

ਸਾਹਸ (Courage) ਸਹਜ (Balance) ਸਵਾਧੀਨਤਾ (Freedom) ਅਤੇ ਸਮਾਜ (Society) ਖਾਲਸਾ ਸਵਿਧਾਨ ਦੀਆਂ ਚਾਰ ਮੁਖ ਚੀਜ਼ਾਂ ਹਨ। ਇਹਨਾਂ ਦੇ ਚਾਰ ਚਿੰਨ੍ਹ (Symbols) ਨਿਸਚਿਤ ਕੀਤੇ ਗਏ ਹਨ: ਸਾਕੇਸ਼ ਰਹਿਣਾ, ਤਮਾਕੂ ਤੋਂ ਬਚਣਾ, ਕੁੱਠਾ ਨ ਵਰਤਣਾ ਅਤੇ ਪਰਇਸਤ੍ਰੀ-ਗਾਮੀ ਨਾ ਹੋਣਾ। ਸਾਬਤ ਸੂਰਤ ਸਾਕੇਸ਼ ਰਹਿਣੀ 'ਸਾਹਸ' ਦਾ ਚਿੰਨ੍ਹ ਹੈ, ਤਮਾਕੂ—ਨਸ਼ੇ ਤੋਂ ਬਚਣਾ 'ਸਹਜ' ਦਾ ਚਿੰਨ੍ਹ ਹੈ, ਕੁੱਠਾ ਨਾ ਵਰਤਣਾ ਪੂਰਨ 'ਸਵਾਧੀਨਤਾ' ਦਾ ਲਕਸ਼ ਹੈ ਅਤੇ ਪਰਇਸਤ੍ਰੀ-ਗਾਮੀ ਨਾ ਹੋਣਾ, ਸਮਾਜ ਅਤੇ ਗ੍ਰਿਸਤ ਦਾ ਬੁਨਿਆਦੀ ਨਿਯਮ ਹੈ। ਜਦੋਂ ਵੀ 'ਖਾਲਸਾ' ਇਹਨਾਂ ਆਦਰਸ਼ਾਂ ਜਾਂ ਇਹਨਾਂ ਵਿਚੋਂ ਕਿਸੇ ਇਕ ਜਾਂ ਵਧ ਪੱਖਾਂ ਤੋਂ ਗਿਰਦਾ ਹੈ ਤਾਂ ਉਹ 'ਪਤਿਤ' ਹੋ ਜਾਂਦਾ ਹੈ; ਪਤਿਤ ਦਾ ਭਾਵ 'ਗਿਰਿਆ ਹੋਇਆ' ਹੀ ਹੈ। ਖਾਲਸਾ ਜੀਵਨ ਅਤੇ ਜਥੇਬੰਦੀ ਦਾ ਮਹਲ ਇਹਨਾਂ ਚਾਰ ਪੈਰਾਂ ਤੇ ਖੜਾ ਹੈ। 'ਸਿੰਘ' ਦਾ ਜੀਵਨ ਜੀਣਾ, ਇਹਨਾਂ ਚਾਰ ਪੈਰਾਂ ਤੇ ਖੜਾ ਹੋਣਾ ਹੈ—'ਸਿੰਘ' ਦਾ ਚਿੰਨ੍ਹ 'ਸਾਹਸ' ਹੈ, 'ਸਿਘ' ਸਹਜ ਤੇ ਸਵਾਧੀਨਤਾ ਨੂੰ ਨਹੀਂ ਤਿਆਗ ਸਕਦਾ, 'ਸਿੰਘ' ਵਫ਼ਾਦਾਰ

ਹੈ, ਨਿਆਂ, ਨਿਯਮ ਅਤੇ ਨਿੱਜੀ-ਹੱਕਾਂ ਦਾ, ਉਹ ਪਰਾਇਆ ਹੱਕ ਨਹੀਂ ਮਾਰ ਸਕਦਾ, ਨਿਆਂ ਵਿਰੁਧ ਨਹੀਂ ਜਾ ਸਕਦਾ। 'ਸਿੰਘ' 'ਜਾਇ ਚੜ੍ਹੇ ਸਿੰਘਾਸਨ' ਵਾਲੀ ਆਤਮਾ ਦਾ 'ਨਾਮ' ਹੈ, ਜਿਵੇਂ ਬੁਧ ਮਤ ਵਿਚ, 'ਖਾਲਸਾ ਜਾਂ ਸਿੰਘ' ਵੀ 'ਜੀਵਨ-ਮੁਕਤ' ਪੁਰਸ਼ ਦਾ ਨਾਂ ਹੈ।

ਵਿਚਾਰ ਅਸੀਂ ਉਹਨਾਂ ਤੇ ਕਰਨ ਲਗੇ ਹਾਂ ਜਿਨ੍ਹਾਂ ਨੂੰ ਆਮ ਕਰਕੇ 'ਚਾਰ ਕੁਰਹਿਤਾਂ' ਕਹਿੰਦੇ ਹਨ। ਚਾਰ ਕੁਰਹਿਤਾਂ ਤਾਂ ਨਖੇਧਵਾਦੀ ਹਨ, ਪਰ ਹਰ ਨਖੇਧਵਾਦੀ ਚੀਜ਼ ਦੀ ਤਹਿ ਵਿਚ ਕਈ ਉਸਾਰੂ ਬਲਵਾਨ ਆਦਰਸ਼ ਹੁੰਦੇ ਹਨ ਜਿਸ ਕਰਕੇ ਕਿਸੇ ਕਰਤਵ, ਕਰਮ ਜਾਂ ਰਹਿਣੀ ਦਾ ਨਖੇਧ ਕੀਤਾ ਜਾਂਦਾ ਹੈ। ਵਿਚਾਰ ਇਹ ਹੈ ਕਿ ਚਾਰ ਕਰਮਾਂ ਦਾ ਨਖੇਧ ਇਸ ਲਈ ਕੀਤਾ ਗਿਆ ਕਿ ਉਹ ਖਾਲਸਾ-ਜੀਵਨ ਦੇ ਚਾਰ ਪੈਰਾਂ ਤੇ ਕੁਹਾੜਾ ਮਾਰਦੇ ਸਨ।

ਰਹਿਤ ਨੂੰ ਨਿਭਾਣ ਲਈ ਅਤੇ ਕੁਰਹਿਤ ਤੋਂ ਬਚਾਣ ਲਈ ਮੁਖ ਪ੍ਰੇਰਨਾ ਤੇ 'ਗੁਰ-ਭਗਤੀ' ਹੈ ਜਾਂ 'ਦਸਮੇਸ਼-ਭਗਤੀ' ਹੈ। ਜਿਸ ਹਿਰਦੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰੇਮ ਨਹੀਂ ਹੈ, ਉਸ ਲਈ ਕੱਕਾਰਾਂ ਦੀ ਰਹਿਤ ਕੋਈ ਅਰਥ ਨਹੀਂ ਰਖਦੀ ਸਗੋਂ ਕਈ ਵਾਰੀ ਉਹ ਇਸ ਤੇ ਤਰਕ ਵੀ ਕਰਦਾ ਹੈ, ਪਰ ਜਿਥੇ 'ਦਸਮੇਸ਼-ਭਗਤੀ' ਹੈ, ਉਥੇ 'ਰਹਿਣੀ' ਪਿਆਰੀ ਲਗਦੀ ਹੈ, ਕਕਾਰ ਵਿਚੋਂ ਦਸਮੇਸ਼ ਦਾ ਦਰਸ਼ਨ ਪਿਆ ਹੁੰਦਾ ਹੈ। 'ਗੁਰੂ' ਸਿਖ ਦੇ ਅੰਗ-ਸੰਗ 'ਸ਼ਬਦ' ਦੁਆਰਾ ਅਤੇ ਰਹਿਤ ਦੁਆਰਾ ਰਹਿੰਦਾ ਹੈ। ਗੁਰੂ ਦਾ ਸ਼ਬਦ ਜਪੁ-ਜਾਪੁ ਦੀ ਗੂੰਜ ਵਿਚ ਸਿਖ ਦੇ ਦਸਮ ਦੁਆਰ ਵਿਚ ਗੂੰਜਦਾ ਹੈ ਅਤੇ ਗੁਰੂ ਪਰਤੱਖ ਹੋ ਜਾਂਦਾ ਹੈ, ਪਰਮੇਸ਼ਰ ਪਰਤਖ ਹੋ ਜਾਂਦਾ ਹੈ। ਜਦੋਂ ਵੀ ਸਿਖ ਦੇ ਹਿਰਦੇ ਵਿਚੋਂ ਬਾਣੀ ਦਾ ਉਪਦੇਸ਼ ਗੂੰਜ ਉਠੇ, ਉਹ ਸਾਖਿਆਤ ਗੁਰ-ਦਰਬਾਰ ਵਿਚ ਪਹੁੰਚ ਜਾਂਦਾ ਹੈ, ਉਹ ਪਰਮੇਸ਼ਰ ਦੀ ਹਜ਼ੂਰੀ ਵਿਚ ਹੁੰਦਾ ਹੈ। ਇਵੇਂ ਹੀ ਜੋ ਸਿਖ ਆਪਣੇ ਕੇਸਾਂ, ਕੜੇ ਤੇ ਹੋਰ ਕਕਾਰਾਂ ਦਾ ਦਰਸ਼ਨ ਕਰਦਾ ਹੈ, ਉਸ ਨੂੰ ਇਹਨਾਂ ਵਿਚੋਂ ਦਸਮੇਸ਼ ਦੇ ਦਰਸ਼ਨ ਹੁੰਦੇ ਹਨ। ਸਿਖੀ ਮਾਰਗ ਹੀ 'ਪ੍ਰੇਮ' ਦਾ ਹੈ। 'ਰਹਿਤ'-ਭਗਤੀ ਵੀ ਦਸਮੇਸ਼ ਦਾ ਪ੍ਰੇਮ ਹੈ। 'ਕਕਾਰਾਂ' ਨੂੰ ਦਸਮੇਸ਼ ਦਾ ਹੁਕਮ ਮੰਨ ਕੇ ਸਾਰਾ ਜੀਵਨ ਅੰਗ ਸੰਗ ਰਖਣਾ ਹੈ। 'ਦਸਮੇਸ਼' ਸਾਡਾ ਜੀਵਨ-ਸੰਕਲਪ

(Life Image) ਹੈ, ਅਸੀਂ ਉਸ ਸੰਕਲਪ ਤੇ ਆਪਣਾ-ਆਪ ਢਾਲਣਾ ਹੈ । 'ਦਸਮੇਸ਼' ਨੇ ਵੀ ਇਹ ਕਕਾਰ ਧਾਰਨ ਕੀਤੇ ਹੋਏ ਸਨ, ਖਾਲਸੇ ਨੇ ਵੀ ਇਹ ਧਾਰਨ ਕਰਨੇ ਹਨ ।

ਪਰ ਵਿਚਾਰ ਵਾਲੀ ਗਲ ਇਹ ਹੈ ਕਿ ਜਦੋਂ 'ਦਸਮੇਸ਼' ਜੀ ਨੇ ਇਹ 'ਰਹਿਤ' ਅਪਣਾਈ ਜਾਂ ਕੁਰਹਿਤ ਨੂੰ ਵਿਧਾਨ-ਅੰਕਤ ਕੀਤਾ ਤਾਂ ਇਸ ਪਿਛੇ ਅਵਸ਼ ਦੀਰਘ ਵਿਚਾਰ ਵੀ ਰਖੇ,ਕੁਝ ਬੁਨਿਆਦੀ ਗਲਾਂ ਨੂੰ ਧਿਆਨ ਵਿਚ ਰਖ ਕੇ ਹੀ ਆਪ ਨੇ 'ਕਕਾਰਾਂ' ਦੀ ਰਹਿਤ ਦਿਤੀ ਅਤੇ ਚਾਰ ਕੁਰਹਿਤਾਂ ਤੋਂ ਬਚਣ ਲਈ ਆਗਿਆ ਦਿਤੀ । ਇਹ ਵਿਚਾਰ ਲਭਣ ਦਾ ਉਦਮ ਕਰਦੇ ਹਾਂ ।

(੨)

'ਖਾਲਸਾ' ਪਾਹੁਲਪਾਨ ਕਰਨ ਉਪਰੰਤ ਵੀ ਕਈ ਗਲਤੀਆਂ ਕਰ ਸਕਦਾ ਹੈ ਜੋ ਹੋ ਜਾਂਦੀਆਂ ਹਨ ਪਰ ਉਹ ਪਤਿਤ ਨਹੀਂ ਹੁੰਦਾ । ਪਰ ਕੇਸਾਂ ਦੀ ਬੇਅਦਬੀ ਕਰਨ ਨਾਲ ਉਹ ਪਤਿਤ ਹੋ ਜਾਂਦਾ ਹੈ । ਇਸ ਕਰੜੀ ਪਾਬੰਦੀ ਪਿਛੇ ਵਿਚਾਰਧਾਰਾ ਕੀ ਹੈ, ਫ਼ਲਸਫ਼ਾ ਕੀ ਹੈ !

ਉਤਰ ਇਹ ਹੈ ਕਿ ਕੇਸ ਕੇਵਲ ਵਾਲ ਨਹੀਂ ਹਨ । ਇਹਨਾਂ ਕੇਸਾਂ ਨੂੰ ਦਸਮੇਸ਼ ਜੀ ਨੇ 'ਸਾਹਸ' ਦਾ ਚਿੰਨ੍ਹ ਮਿਥਿਆ ਹੈ । ਜਿਸ ਵਿਚ ਸਾਹਸ ਨਹੀਂ ਹੈ, ਉਹ 'ਖਾਲਸਾ' ਨਹੀਂ ਹੈ । ਸਿੰਘ ਨਹੀਂ ਹੈ । ਕਿਸ ਗਲੇ ਸਾਹਸ ਲੋੜੀਂਦੀ ਹੈ, ਖਾਲਸੇ ਵਿਚ ਸਿੰਘ ਵਿਚ ?

(ੳ) ਪਹਿਲਾ 'ਸਾਹਸ' ਹੈ, ਇਸ ਗਲ ਦਾ ਕਿ ਉਹ ਆਪਣੇ ਧਾਰਮਕ, ਰਾਜਸੀ, ਸਮਾਜਕ ਵਿਸਵਾਸ਼ਾਂ ਨੂੰ ਖੁਲ੍ਹੇ ਮੈਦਾਨ ਅਪਣਾ ਸਕੇ । ਗੁਰੂ ਸਾਹਿਬ ਨੇ ਐਸਾ ਪ੍ਰਬੰਧ ਕੀਤਾ ਕਿ ਕੋਈ ਖਾਲਸਾ ਆਪਣੇ ਧਰਮ ਤੇ ਧਰਮ ਅਵਿਸ਼ਵਾਸਾਂ ਤੋਂ ਮੁਨਕਰ ਨਹੀਂ ਹੋ ਸਕਦਾ ਭਾਵੇਂ ਉਸ ਨੂੰ ਕਿਤਨੀ ਮੁਸੀਬਤ ਦਾ ਟਾਕਰਾ ਕਰਨਾ ਪਏ । ਖਾਲਸਾ ਆਪਣੇ ਸਰੂਪ ਵਿਚੋਂ ਹੀ ਪਹਿਚਾਨਿਆ ਜਾ ਸਕਦਾ ਹੈ । ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ਼ਹੀਦ ਹੋ ਗਏ ਤੇ ਕਿਸੇ ਨੇ ਇਹ ਨਾ ਕਿਹਾ

ਕਿ ਮੈਂ ਸਿਖ ਹਾਂ । ਉਸ ਸਮੇਂ ਸਿਖਾਂ ਦਾ ਸਰੂਪ 'ਨਿਆਰਾ' ਨਹੀਂ ਸੀ, ਇਸ ਲਈ ਉਹ ਆਪਣੇ ਧਾਰਮਕ ਵਿਸ਼ਵਾਸ ਨੂੰ ਵੀ ਲੁਕਾ ਸਕਦੇ ਸਨ । ਹੁਣ ਕੋਈ 'ਸਿੰਘ' ਇਨਕਾਰ ਨਹੀਂ ਕਰ ਸਕਦਾ ਕਿ ਉਹ 'ਸਿਖ' ਜਾਂ 'ਸਿੰਘ' ਨਹੀਂ ਹੈ । ਉਸ ਦਾ ਧਰਮ ਪਰਤੱਖ ਤੇ ਪ੍ਰਗਟ ਹੈ, ਉਸ ਦਾ ਗੁਰੂ ਪ੍ਰਤੱਖ ਤੇ ਪ੍ਰਗਟ ਹੈ। ਜਿਸ 'ਸਿੰਘ' ਨੇ ਬਾਣਾ ਸਿੰਘ ਦਾ ਪਾਇਆ ਹੋਇਆ ਹੈ, ਉਹ ਇਨਕਾਰ ਕਿਵੇਂ ਕਰ ਸਕਦਾ ਹੈ ਕਿ ਉਹ ਸਿੰਘ ਨਹੀਂ ਹੈ । ਆਪਣੇ ਵਿਸ਼ਵਾਸ ਰਖਣ ਦਾ ਸਾਹਸ (Courage of Conviction) ਜੀਂਦੇ ਮਨੁਖ ਦੀ ਨਿਸ਼ਾਨੀ ਹੈ । 'ਸਿੰਘ' ਦੋ ਚਿਤਾ ਨਹੀਂ ਹੋ ਸਕਦਾ, 'ਸਿੰਘ' ਕਿਸੇ ਲਾਭ ਲਈ ਆਪਣੇ ਵਿਸ਼ਵਾਸਾਂ ਦਾ ਤਿਆਗ ਨਹੀਂ ਕਰ ਸਕਦਾ, 'ਸਿੰਘ' ਕਿਸੇ ਭੈ ਵਿਚ ਆ ਕੇ ਵਿਸ਼ਵਾਸਾਂ ਤੋਂ ਮੁਨਕਰ ਨਹੀਂ ਹੋ ਸਕਦਾ, ਸਿੰਘ ਕਿਸੇ ਭੇਦ ਦੀ ਆੜ ਵਿਚ ਕਿਸੇ ਨੂੰ ਗ਼ਲਤੀ ਵਿਚ ਨਹੀਂ ਰਖ ਸਕਦਾ। ਸਿੰਘ ਜੋ ਹੈ, ਉਹ ਕੁਝ ਹੀ ਹੈ ਅਤੇ ਉਹ ਪਰਤੱਖ ਹੈ । ਸਿੰਘ ਕੇਵਲ ਸਾਕੇਸ਼ ਰੂਪ ਤੋਂ ਹੀ ਪਛਾਣੇ ਜਾਂਦੇ ਸਨ ਅਤੇ ਮੀਰ ਮਨੂੰ ਆਦਿ ਉਹਨਾਂ ਦੇ ਸਿਰਾਂ ਦੇ ਮੁਲ ਰਖ ਕੇ ਉਹਨਾਂ ਨੂੰ ਮਰਵਾ ਸਕਦੇ । ਜੇ ਉਹਨਾਂ ਦੇ ਕੇਸ ਨਾ ਹੁੰਦੇ ਤਾਂ ਉਹਨਾਂ ਦਾ ਨਿਆਰਾਪਨ ਕੀ ਸੀ ਜਿਸ ਤੋਂ ਉਨ੍ਹਾਂ ਨੂੰ ਪਛਾਣਿਆ ਜਾਂਦਾ ਅਤੇ ਉਹਨਾਂ ਦਾ ਸ਼ਿਕਾਰ ਖੇਡਿਆ ਜਾਂਦਾ । ਸਿੰਘਾਂ ਨੇ ਆਪਣੇ ਧਾਰਮਿਕ ਵਿਸ਼ਵਾਸ ਦਾ ਤਿਆਗ ਨਹੀਂ ਕੀਤਾ, ਭਾਵੇਂ ਉਹਨਾਂ ਦੇ ਸਿਰਾਂ ਦਾ ਮੁਲ ਪੈ ਰਿਹਾ ਸੀ । ਇਹੋ ਹੈ 'ਵਿਸ਼ਵਾਸ ਦਾ ਸਾਹਸ' । ਜੇ ਉਸ ਵੇਲੇ ਉਹ ਕੇਸਾਂ ਦਾ ਤਿਆਗ ਕਰ ਦਿੰਦੇ ਤਾਂ ਭੁਲੇਖਾ ਹੋ ਸਕਦਾ ਸੀ ਕਿ ਖਬਰੇ ਕੋਈ ਸਿੰਘ ਹੈ ਜਾਂ ਨਹੀਂ । ਜਿਤਨੇ ਸਿੰਘ ਸ਼ਹੀਦ ਹੁੰਦੇ ਰਹੇ ਹਨ, ਉਹਨਾਂ ਸਾਹਮਣੇ ਇਹ ਪੇਸ਼ਕਸ਼ ਹੁੰਦੀ ਰਹੀ ਸੀ ਕਿ ਜੇ ਉਹ ਕੇਸ-ਤਿਆਗ ਦੇਣ ਤਾਂ ਉਹ ਮੁਸਲਮਾਨ ਸਮਝੇ ਜਾਣਗੇ ਅਤੇ ਉਹਨਾਂ ਨੂੰ ਸਾਰੇ ਮਾਇਆ ਦੇ ਸੁਖ ਆਰਾਮ ਮਿਲ ਸਕਦੇ ਸਨ । ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀ ਲਿਆ, ਪਰ ਕੇਸਾਂ ਨੂੰ ਤਲਾਂਜਲੀ ਨਾ ਦਿਤੀ। ਇਹੋ ਹੀ 'ਵਿਸ਼ਵਾਸ ਦਾ ਸਾਹਸ' ਹੈ ਅਤੇ ਇਹ 'ਮਰਦਾਨਗੀ' ਦੀ ਨਿਸ਼ਾਨੀ ਹੈ । 'ਸਿੰਘ' 'ਮਰਦਾਨਗੀ' ਦਾ ਚਿੰਨ੍ਹ ਹੈ ਅਤੇ ਆਪਣੇ ਸੁਤੰਤਰ 'ਵਿਸ਼ਵਾਸ ਰਖ ਸਕਣ ਦਾ ਸਾਹਸ' ਮਰਦਾਨਗੀ ਦਾ ਪਹਿਲਾ ਚਿੰਨ੍ਹ ਹੈ ।

(ਅ) ਕੇਸ, ਇਸ ਤਰ੍ਹਾਂ ਵੀ ਖਾਲਸਾ ਆਦਰਸ਼ ਦਾ ਮੁਖ ਚਿੰਨ੍ਹ ਹੈ ਕਿ ਇਹ ਗ਼ੈਰਤ ਦਾ ਸੰਕੇਤ ਹਨ। ਜਿਨ੍ਹਾਂ ਇਤਿਹਾਸਕ ਹਾਲਾਤ ਵਿਚੋਂ ਭਾਰਤੀ ਸਮਾਜ ਲੰਘਿਆ ਸੀ, ਉਹਨਾਂ ਵਿਚ ਗ਼ੈਰਤ ਲੋਪ ਹੋ ਗਈ ਸੀ। ਭਾਰਤੀ ਲੋਕ ਪੁਰਾਤਨ ਸਮੇਂ ਤੋਂ ਸਾਕੇਸ਼ ਸਨ ਪਰ ਇਸਲਾਮੀ ਗੁਲਾਮੀ ਅਧੀਨ ਉਹਨਾਂ ਦੇ ਕੇਸ ਉਤਾਰੇ ਗਏ। ਖਾਲਸੇ ਨੇ ਪੁਰਾਤਨ ਭਾਰਤੀ ਗੈਰਤ ਨੂੰ ਮੁੜ ਸੁਰਜੀਤ ਕਰਨ ਲਈ ਕੇਸ-ਦਾਹੜਾ ਰਖਿਆ। ਬਿਦੇਸ਼ੀ ਹਕੂਮਤ ਨੂੰ ਇਹ ਲਲਕਾਰ ਸੀ। ਕੇਸ ਦਸਦੇ ਸਨ ਕਿ 'ਸਿੰਘ' ਬਿਦੇਸ਼ੀ ਹਕੂਮਤ ਦੇ ਵਿਰੁਧ ਇਨਕਲਾਬ ਪੈਦਾ ਕਰ ਰਹੇ ਸਨ। ਵਿਸ਼ਵਾਸਾਂ ਦਾ 'ਸਾਹਸ' ਇਸ ਚਿੰਨ੍ਹ ਵਿਚੋਂ ਪਰਤੱਖ ਸੀ ਅਤੇ ਬੇ-ਗੈਰਤੀ ਵਿਰੁਧ ਇਨਕਲਾਬ ਵੀ ਪਰਤੱਖ ਸੀ। ਹੁਣ ਵੀ ਸਿੰਘ ਬੇ-ਗੈਰਤੀ ਨਾਲ ਸਮਝੋਤਾ ਨਹੀਂ ਕਰ ਸਕਦਾ। 'ਕੇਸ' ਇਹ ਐਲਾਨ ਕਰਦੇ ਹਨ।

(ੲ) ਕੇਸ 'ਮਰਦਾਨਗੀ' ਬੀਰਤਾ ਦਾ ਚਿੰਨ੍ਹ ਹਨ। ਸਿੰਘ 'ਸਿਪਾਹੀ' ਹੈ ਜੋ ਸੰਤ-ਰਖਸ਼ਾ ਲਈ ਸੰਘਰਸ਼ ਲਈ ਸਦਾ ਤਿਆਰ ਹੈ, ਜੋ ਨਿਆਂ ਲਈ ਸਦਾ ਲੜਨ ਦਾ ਪ੍ਰਣ ਕੀਤੀ ਬੈਠਾ ਹੈ। ਅਨਿਆ ਵਿਰੁਧ ਲੜਨ ਦਾ ਸਾਹਸ ਵੀ 'ਵਿਸ਼ਵਾਸਾਂ' ਦੇ ਸਾਹਸ ਦਾ ਹੀ ਰੂਪ ਹੈ।

(ਸ) ਕੇਸ ਕੁਦਰਤੀ ਸਾਦੇ ਜੀਵਨ ਦਾ ਸੰਕੇਤ ਵੀ ਦਿੰਦੇ ਹਨ। ਸਿੰਘ ਸ੍ਰੀਰਕ ਸਜਾਵਟ ਦੇ ਫੈਸ਼ਨਾਂ ਦਾ ਸ਼ਿਕਾਰ ਨਹੀਂ ਹੋ ਸਕਦਾ, ਉਸ ਨੇ ਪ੍ਰਣ ਕੀਤਾ ਹੈ ਕਿ ਉਹ ਪੂਰਨ ਕੁਦਰਤੀ, ਸੁਭਾਵਕ ਅਤੇ ਸਹਿਜ ਰੂਪ ਦਾ ਧਾਰਨੀ ਰਹੇਗਾ।

(ਹ) 'ਕੇਸ' ਸੰਨਿਆਸ ਦਾ ਸਹੀ ਚਿੰਨ੍ਹ ਹਨ। ਇਹ ਸੰਤ ਦਾ ਚਿੰਨ੍ਹ ਹਨ। ਸੰਸਾਰ ਦੇ ਮਹਾਂ ਪੁਰਸ਼ ਅਤੇ ਸੰਤ ਸਦਾ ਕੇਸਾਂ ਦੇ ਧਾਰਨੀ ਰਹੇ ਹਨ। 'ਕੇਸ' ਕਿਉਂਕਿ ਸਿੰਘ ਨੂੰ 'ਨਿਆਰਾ' ਕਰਦੇ ਹਨ ; ਇਸ ਲਈ ਇਹ ਉਸ ਨੂੰ ਕਿਸੇ ਵੀ ਕੁਕਰਮ ਤੋਂ ਬਚਾਣ ਦਾ ਸਾਧਨ ਵੀ ਬਣ ਜਾਂਦੇ ਹਨ। 'ਸਿੰਘ' ਕੋਈ ਕਰਮ ਕਰਦਿਆਂ ਝਟ ਪਛਾਣਿਆਂ ਜਾਂਦਾ ਹੈ ਕਿ ਸਿੰਘ ਨੇ ਇਹ ਕਰਮ ਕੀਤਾ। ਇਸ ਲਈ ਬਹੁਤ ਸਾਰੀਆਂ ਗਿਰਾਵਟਾਂ ਤੋਂ ਸਿੰਘ ਸੁਤੇਸਿਧ ਹੀ ਬਚ ਜਾਂਦਾ ਹੈ। ਸਗੋਂ ਕੇਸ ਸਿੰਘ ਨੂੰ ਉੱਚੇ ਆਦਰਸ਼ਾਂ ਅਨੁਸਾਰ ਜੀਣ ਲਈ ਸਾਹਸ ਦੇਂਦੇ ਹਨ, ਫ਼ੌਜੀ ਸਿੰਘ ਰਣ ਨੂੰ ਪਿਠ ਨਹੀਂ ਦੇ ਸਕਦਾ, ਉਹ ਜਾਂ ਸ਼ਹੀਦ ਹੋਵੇਗਾ ਜਾਂ

ਜਿਤੇਗਾ—ਕੇਸ ਹੀ ਉਸ ਵਿਚ ਇਹ ਗ਼ੈਰਤ ਪੈਦਾ ਕਰਦੇ ਹਨ। ਇਹ ਵੀਚਾਰ ਸਦਾ ਮਨ ਵਿਚ ਰਹਿੰਦਾ ਹੈ ਕਿ ਕੋਈ ਕੀ ਕਹੇਗਾ ਕਿ ਸਿੰਘ ਹਾਰ ਗਿਆ ਹੈ, ਸਿੰਘ ਹਾਰ ਨਹੀਂ ਸਕਦਾ। ਤੇ ਸਿੰਘ ਕੇਸਾਂ ਕਰ ਕੇ ਪਛਾਣਿਆ ਜਾਂਦਾ ਹੈ। ਕਿਸੇ ਟੀਮ ਵਿਚ ਖੇਡਦਾ ਸਿੰਘ ਪਛਾਣਿਆ ਜਾਂਦਾ ਹੈ ਇਸ ਲਈ ਉਹ ਜਾਨ ਤੋੜ ਕੇ ਖੇਡਦਾ ਹੈ ਅਤੇ ਜਿਤਦਾ ਹੈ। ਕੇਸਾਂ ਦਾ ਨਿਆਰਾਪਨ ਉਸ ਵਿਚ ਖੇਡ ਦਾ ਸਾਹਸ, ਮੁਕਾਬਲੇ ਦਾ ਸਾਹਸ, ਜਿਤ ਲਈ ਸਾਹਸ ਪੈਦਾ ਕਰਦੇ ਹਨ।

(ਹ) ਕੇਸ ਤੇ ਦਾਹੜੀ ਸਦਾ ਗੰਭੀਰਤਾ ਤੇ ਬੁਧੀਮਾਨਤਾ ਦਾ ਚਿੰਨ੍ਹ ਰਹੇ ਹਨ। ਸਿੰਘ ਹੋਛਾ, ਛੁਹਰਪੁਣੇ ਦੇ ਸੁਭਾ ਵਾਲਾ ਨਹੀਂ ਹੋ ਸਕਦਾ। ਉਸ ਦਾ ਦਾਹੜਾ ਉਸ ਦੀ ਬੁਧੀਮਾਨਤਾ ਦਾ ਜ਼ਾਮਨ ਹੈ। ਸਿੰਘ ਸਦਾ ਬੁਧੀਮਾਨ ਹੋਵੇਗਾ। ਕੇਸ ਇਸ ਬੁਧੀਮਾਨਤਾ ਦੇ ਸੂਚਕ ਹਨ।

(ਕ) ਕੇਸ ਆਦਰਸ਼ਕ ਸ਼ਖ਼ਸੀਅਤ ਦੇ ਜ਼ਾਮਨ ਹਨ। ਸਿੰਘ ਦੀ ਆਪਣੀ ਵਿਲਖਣ ਸ਼ਖਸੀਅਤ ਸਦਾ ਰਹਿਣੀ ਹੈ ਅਤੇ ਉਸ ਨੇ ਸ਼ਖਸੀਅਤ ਵਾਲਾ ਹੋਣਾ ਹੈ। ਹਰ ਸਿੰਘ ਆਪਣੀ ਸ਼ਖਸੀਅਤ ਬਾਰੇ ਚੇਤੰਨ ਰਹਿੰਦਾ ਹੈ।

(ਖ) 'ਕੇਸ' ਨਿਰੇ ਕੇਸ ਨਹੀਂ, ਇਹ ਤੇ ਕੇਸਗੜ੍ਹ ਹਨ, ਇਹ ਸਿੰਘਾਂ ਨੂੰ 'ਕੇਸਗੜ੍ਹ' ਤੋਂ ਹੀ ਪ੍ਰਾਪਤ ਹਨ। 'ਕੇਸ' 'ਸਿੰਘ' ਲਈ 'ਗੜ੍ਹ' ਜਾਂ 'ਕਿਲ੍ਹਾ' ਹਨ ਜੋ ਉਸ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚਾਂਦੇ ਹਨ। ਜਦੋਂ ਤੀਕ ਸਿੰਘ ਇਸ 'ਗੜ੍ਹ' ਵਿਚ ਹੈ, ਗੁਰੂ ਦਾ ਉਸ ਤੇ ਪਹਿਰਾ ਹੈ ਅਤੇ ਕੋਈ ਮੰਦ-ਵਾਸ਼ਨਾ ਉਸ ਦੇ ਹਿਰਦੇ ਵਿਚ ਪਰਵੇਸ਼ ਨਹੀਂ ਕਰ ਸਕਦੀ।

'ਕੇਸ' ਇਹਨਾਂ ਸਾਰਿਆਂ ਪੱਖਾਂ ਦਾ ਸੰਕੇਤ ਹਨ। ਪਰ ਇਹ ਸਾਰੇ ਪੱਖ ਕੇਵਲ ਇਸ ਸਾਹਸ ਅਧੀਨ ਹਨ ਕਿ ਕੋਈ ਪ੍ਰਵਾਨ ਕਰ ਲਏ ਕਿ ਉਹ ਸਿੰਘ ਹੈ ਅਤੇ ਸਿੰਘ ਦਾ ਜੀਵਨ ਜੀਅ ਕੇ ਦਸੇਗਾ। ਕੇਸ ਤਾਂ ਸਿੰਘ ਦਾ ਝੂਲਦਾ ਨਿਸ਼ਾਨ ਹਨ। ਇਹੋ ਹੀ ਨਿਸ਼ਾਨ-ਸਾਹਿਬ ਹਨ। ਦੂਰੋਂ ਹੀ ਪਤਾ ਲਗਦਾ ਹੈ ਕਿ ਇਹ ਸਿੰਘ ਹੈ, ਇਸ ਤੋਂ ਹਰ ਦੁਖੀਏ ਨੂੰ ਆਸ ਹੋ ਸਕਦੀ ਹੈ, ਇਸ ਤੋਂ ਹਰ ਮਜ਼ਲੂਮ ਨੂੰ ਆਸ ਹੋ ਸਕਦੀ ਹੈ ਕਿ ਉਸ ਤੋਂ ਨਿਆਂ ਪ੍ਰਾਪਤ ਕੀਤਾ ਜਾਏਗਾ, ਇਸ ਤੋਂ ਹਰ ਭੁਖੇ ਨੂੰ ਆਸ ਹੋ ਸਕਦੀ ਹੈ ਕਿ ਉਸ ਨੂੰ ਵੰਡ-ਛਕਣ ਵਾਲਾ ਮਿਲ ਪਿਆ

ਹੈ ਅਤੇ ਉਸ ਦੀ ਭੁਖ ਦੂਰ ਹੋਵੇਗੀ, ਇਸ ਤੋਂ ਆਸ ਹੋ ਸਕਦੀ ਹੈ ਕਿ ਜਿਥੇ ਸਿੰਘ ਦਾ ਰਾਜ ਹੈ, ਉਥੇ ਰਛਿਆ ਰਿਆਇਤ ਹੋਵੇਗੀ। 'ਕੇਸ' ਇਹ ਐਲਾਨ ਹਨ ਕਿ ਸਿੰਘ ਹਰ ਦੁਖੀਏ, ਮਜ਼ਲੂਮ, ਭੁਖੇ ਦਾ ਸਹਾਇਕ ਹੈ। ਕੇਸ ਇਸ ਐਲਾਨ ਦਾ ਚਿੰਨ੍ਹ ਹਨ। ਇਹੋ ਸਿੰਘ ਦਾ ਵਿਸ਼ਵਾਸ਼ ਹਨ ਉਹ ਅਨਿਆ, ਧੱਕਾ, ਭੁਖ ਨਹੀਂ ਰਹਿਣ ਦੇਵੇਗਾ। ਜਦੋਂ ਤੀਕ ਸਿੰਘ ਨੇ ਕੇਸ ਧਾਰਨ ਕੀਤੇ ਹੋਏ ਹਨ, ਉਸ ਨੇ ਅਨਿਆ, ਧਕੇ ਤੇ ਭੁਖ ਵਿਰੁਧ ਲੜਨ ਦਾ ਸਾਹਸ ਵੀ ਦਸਣਾ ਹੈ। ਇਹੋ ਖਾਲਸੇ ਦਾ ਪਹਿਲਾ ਬੁਨਿਆਦੀ ਧਰਮ ਹੈ। ਇਹੋ ਸੰਸਾਰ ਧਰਮ ਦਾ ਪਹਿਲਾ ਪੈਰ ਹੈ। ਕੇਸ ਇਸ ਧਰਮ ਦਾ ਚਿੰਨ੍ਹ ਹਨ।

ਜਦੋਂ ਅਨਿਆ, ਧਕੇ, ਭੁਖ ਵਿਰੁਧ ਸਿੰਘ ਵਿਚ ਸਾਹਸ ਨਾ ਰਹਿ ਜਾਏ, ਉਹ ਪਤਿਤ ਹੋ ਜਾਂਦਾ ਹੈ। 'ਕੇਸ' ਇਸ ਸਾਹਸ ਦੇ ਸੂਚਕ ਹਨ।

ਇਹ ਉਪਰ ਨਿਰੂਪਣ ਕੀਤਾ ਧਰਮ ਕੋਈ ਇਕੱਲਾ ਨਹੀਂ ਨਿਭਾ ਸਕਦਾ, ਇਸ ਲਈ ਖਾਲਸਾ ਜੀ ਦਾ ਰੂਪ ਜਥੇਬੰਦ ਹੈ, ਪੰਥ ਹੈ। 'ਪੰਥ' ਦੀ ਜਥੇਬੰਦੀ ਦਾ ਚਿੰਨ੍ਹ ਇਹ ਕੇਸ ਹਨ। ਜਥੇਬੰਦ ਲੋਕ ਹੀ ਅਨਿਆ ਵਿਰੁਧ ਲੜ ਸਕਦੇ ਹਨ, ਧੱਕੇ ਨੂੰ ਰੋਕ ਸਕਦੇ ਹਨ ਅਤੇ ਕਿਸੇ ਹੋਰ ਦੀ ਭੁਖ ਦੀ ਨਵਿਰਤੀ ਕਰ ਸਕਦੇ ਹਨ। ਸੇਵਾ, ਭੁਖ ਦੂਰ ਕਰਦੀ ਹੈ। ਸੇਵਾ, ਜਥੇਬੰਦੀਆਂ ਹੀ ਕਰ ਸਕਦੀਆਂ ਹਨ। ਜਿਵੇਂ ਈਸਾਈ ਲੋਕਾਂ ਨੇ ਸੇਵਾ ਕੀਤੀ ਹੈ। ਅਨਿਆ ਵਿਰੁਧ ਲੜਨਾ ਵੀ ਬੜੀ ਭਾਰੀ ਸੇਵਾ ਹੈ, ਪਰ ਲੰਗਰ, ਵਿਦਿਆ ਆਦਿ ਦੇ ਰੂਪ ਵਿਚ ਸੇਵਾ ਕਰਨੀ ਹੋਵੇ, ਤਦ ਵੀ ਜਥੇਬੰਦੀ ਦੀ ਲੋੜ ਹੈ। ਕੇਸ ਜਥੇਬੰਦੀ ਦਾ ਪਰਮੁਖ ਚਿੰਨ੍ਹ ਹਨ, ਨਿਸ਼ਾਨ-ਸਾਹਿਬ ਹਨ।

ਸੋ ਕੇਸ, 'ਸਿੰਘ' ਤੇ ਖਾਲਸੇ ਦਾ ਪੰਥਕ ਚਿੰਨ੍ਹ ਹੋਏ।

(੩)

'ਸਿੰਘ' ਲਈ 'ਤਮਾਕੂ' ਦੀ ਕਿਸੇ ਰੂਪ ਵਿਚ ਵਰਤੋਂ ਕੁਰਹਿਤ ਹੈ। 'ਤਮਾਕੂ' ਵੀ ਸੰਕੇਤ ਮਾਤਰ ਹੈ। ਇਹ ਸਾਰਿਆਂ ਨਸ਼ਿਆਂ ਦਾ ਸੂਚਕ ਹੈ ਜਿਵੇਂ

ਕਿ ਭੰਗ, ਚਰਸ, ਅਫ਼ੀਮ, ਸ਼ਰਾਬ ਆਦਿ। 'ਸਿੰਘ' ਲਈ ਕਿਸੇ ਵੀ ਨਸ਼ੇ ਦੀ ਵਰਤੋਂ ਕੁਰਹਿਤ ਹੈ, ਇਹ ਕਿਉਂ ?

ਹਰ ਨਸ਼ਾ ਮਨੁਖੀ ਜੀਵਨ ਨੂੰ ਕਿਸੇ ਨਾ ਕਿਸੇ ਰੂਪ ਵਿਚ ਉਲਾਰ ਕਰਦਾ ਹੈ। ਨਸ਼ੇ ਦੀ ਵਰਤੋਂ ਬਨਾਵਟੀ ਜੀਵਨ ਹੈ।

(ੳ) 'ਸਿੰਘ' ਦਾ ਮਾਰਗ 'ਸਹਜ' ਮਾਰਗ ਹੈ। ਉਸ ਨੇ ਕਿਸੇ ਵੀ ਕੰਮ ਵਿਚ ਉਲਾਰ ਨਹੀਂ ਹੋਣਾ। ਇਹੋ ਉਸ ਦੇ ਜੀਵਨ ਦਾ ਆਦਰਸ਼ ਹੈ। 'ਸਿੰਘ' ਗ੍ਰਿਸਤ ਦਾ ਜੀਵਨ ਬਤੀਤ ਕਰੇਗਾ, ਵਿਆਹ ਕਰੇਗਾ ਪਰ ਕਾਮੀ ਨਹੀਂ ਹੋਵੇਗਾ, ਇਹ 'ਸਹਜ' ਹੈ। 'ਸਿੰਘ' ਵਪਾਰ ਕਰੇਗਾ ਪਰ (ਬਲੈਕ ਮਾਰਕੀਟੀਆ) ਚੋਰ ਬਾਜ਼ਾਰੀ ਨਹੀਂ ਹੋਵੇਗਾ, 'ਸਿੰਘ' ਜਾਇਜ਼ ਨਫ਼ਾ ਲਵੇਗਾ ਪਰ ਮੁਨਾਫ਼ਾਬਾਜ਼ ਨਹੀਂ ਹੋਵੇਗਾ। ਉਸ ਦੇ ਹਰ ਕੰਮ ਵਿਚ ਸਹਜ ਹੋਣਾ ਹੈ। ਕਾਮ, ਕ੍ਰੋਧ, ਲੋਭ, ਮੋਹ ਵਿਚ ਉਹ ਉਲਾਰ ਨਹੀਂ ਹੁੰਦਾ। ਉਹ ਆਪਣੇ ਧਰਮ ਨੂੰ ਪਿਆਰ ਕਰਦਾ ਹੈ, ਪਰ ਕਿਸੇ ਧਰਮ ਨੂੰ ਘ੍ਰਿਣਾ ਨਹੀਂ ਕਰਦਾ, ਇਹ 'ਸਹਜ' ਹੈ; ਉਹ ਆਪਣੇ ਗੁਰੂਆਂ ਮਹਾਂਪੁਰਸ਼ਾਂ ਦਾ ਸਤਿਕਾਰ ਕਰਦਾ ਹੈ ਪਰ ਕਿਸੇ ਹੋਰ ਦੇ ਗੁਰੂ-ਪੀਰਾਂ ਦਾ ਅਸਤਿਕਾਰ ਨਹੀਂ ਕਰਦਾ—ਇਹ 'ਸਹਜ' ਹੈ।

ਪਰ ਹਰ 'ਨਸ਼ਾ' ਜੀਵਨ ਨੂੰ ਉਲਾਰ (Unbalanced) ਕਰਦਾ ਹੈ। 'ਸ਼ਰਾਬ' ਇਸ ਕੰਮ ਵਿਚ ਸਭ ਤੋਂ ਵਧ ਮਾੜੀ ਹੈ। ਪਰ ਬਾਕੀ 'ਨਸ਼ੇ' ਵੀ ਕਰਤਵ ਇਹੋ ਕਰਦੇ ਹਨ। 'ਸਿੰਘ' ਜੀਵਨ ਨਸ਼ੇ ਵਿਚ ਨਹੀਂ ਗੁਜ਼ਾਰਦਾ ਜਿਸ ਨੂੰ ਆਲੇ ਦੁਆਲੇ ਦੀ ਚੇਤੰਨਤਾ ਨਾ ਰਹੇ ਅਤੇ ਉਹ ਉਸ ਨਾਲ ਨਿਆਂ ਨਾ ਕਰ ਸਕੇ।

(ਅ) 'ਨਸ਼ੇ' ਦਾ ਜੀਵਨ ਜ਼ਰੂਰ ਅਨਿਆਇਸ਼ੀਲ (Irrational) ਹੁੰਦਾ ਹੈ। ਇਹ 'ਬਰਲ' ਮਤਿ ਵਾਲਾ ਜੀਵਨ ਹੈ। 'ਸਿੰਘ' ਨੇ 'ਨਿਆਂ' ਦਾ ਪੱਖ ਪੂਰਨਾ ਹੈ ਪਰ ਜੇ ਉਹ ਨਸ਼ੇ ਵਿਚ ਹੈ ਤਾਂ ਉਸ ਨੂੰ ਨਿਆਂ ਦਾ ਕੀ ਪਤਾ ਹੈ, ਸਿੰਘ ਨੇ ਧਰਮ ਨਿਭਾਣਾ ਹੈ, ਪਰ ਜੇ ਉਹ ਨਸ਼ੇ ਵਿਚ ਹੈ ਤਾਂ ਉਸ ਨੂੰ 'ਧਰਮ' ਦਾ ਕੀ ਪਤਾ ਹੈ, ਸਿੰਘ ਨੇ ਕਿਸੇ ਦੇ ਦਰਦ ਨੂੰ ਪਛਾਨਣਾ ਹੈ, ਪਰ ਜੇ ਉਹ ਨਸ਼ੇ ਵਿਚ ਹੈ, ਤਾਂ ਉਹ ਕਿਵੇਂ ਦਰਦ ਪਛਾਣੇਗਾ ? ਸਹਜ ਵਿਚ ਵਿਚਰਦਾ

ਮਨੁਖ ਹੀ ਜੀਵਨ ਅਸਲੀਅਤ ਨੂੰ ਪਛਾਣ ਸਕਦਾ ਹੈ। ਇਸ ਲਈ ਨਸ਼ੇ ਦਾ ਨਖੇਧ ਹੈ।

(ੲ) 'ਸਿੰਘ' ਨੇ ਜੀਵਨ ਦਾ ਮੁਕਾਬਲਾ ਕਰਨਾ ਹੈ (Facing Life) ਉਹ 'ਗ਼ਮ-ਗ਼ਲਤ' ਕਰਨ ਦਾ ਆਦੀ ਨਹੀਂ। 'ਸਿੰਘ' ਜੀਵਨ ਦੀਆਂ ਔਕੜਾਂ, ਦੁਖਾਂ ਨਾਲ ਘੋਲ ਕਰਦਾ ਹੈ, ਉਹ ਇਹ ਨਹੀਂ ਕਰ ਸਕਦਾ ਕਿ ਨਸ਼ੇ ਵਿਚ ਮਸਤ ਹੋ ਜਾਵੇ ਅਤੇ ਜੀਵਨ ਕਰਤਵ ਜਾਂ ਘੋਲ ਨੂੰ ਭੁਲਾ ਦੇਵੇ। ਦਰਦ ਸਹਾਰਨਾ ਉਹ ਜਾਣਦਾ ਹੈ। 'ਝੂਠੇ ਮਦ' ਅਧੀਨ ਉਹ 'ਗ਼ਮ-ਗ਼ਲਤ' ਨਹੀਂ ਕਰਦਾ। ਜ਼ਿੰਦਗੀ ਦਾ ਮੁਕਾਬਲਾ ਹੀ 'ਸਿੰਘ' ਦਾ ਕਰਤਵ ਹੈ।

(ਸ) 'ਸਿੰਘ' ਜ਼ਬਤ ਦਾ ਜੀਵਨ ਜੀਣ ਵਾਲਾ ਹੈ। ਪਰ ਨਸ਼ੇ ਵਿਚ ਕੋਈ ਕਿਵੇਂ ਜ਼ਬਤ ਵਿਚ ਰਹਿ ਸਕਦਾ ਹੈ ਜਾਂ ਆਪਣੇ ਆਪ ਨੂੰ ਜ਼ਬਤ ਵਿਚ ਰਖ ਸਕਦਾ ਹੈ। 'ਨਸ਼ੇ ਵਿਚ ਤੇ ਹਰ ਪ੍ਰਕਾਰ ਦੀਆਂ ਸਭਿਆਚਾਰਕ, ਧਾਰਮਕ ਹੱਦਾਂ ਟੱਪੀਆਂ ਜਾਂਦੀਆਂ ਹਨ। ਇਸ ਵਿਚ ਜੋਸ਼ ਹੁੰਦਾ ਹੈ ਜੋ ਨਸ਼ਾ ਹਟਣ ਤੇ ਬੁਜ਼ਦਿਲੀ ਵਿਚ ਬਦਲ ਜਾਂਦਾ ਹੈ।

ਇਸ ਲਈ ਕਿਸੇ ਨਸ਼ੇ ਦੀ ਵਰਤੋਂ 'ਸਿੰਘ' ਲਈ ਵਰਜਿਤ ਹੈ। ਜੀਵਨ ਲਈ ਨਸ਼ਾ ਹਰ ਤਰ੍ਹਾਂ ਹਾਨੀਕਾਰਕ ਹੈ। ਪਰ ਸੰਸਾਰ ਵਿਚ ਹਰ ਪ੍ਰਕਾਰ ਦੇ ਨਸ਼ੇ ਦੀ ਵਰਤੋਂ ਵਧ ਰਹੀ ਹੈ, ਵਿਸ਼ੇਸ਼ ਕਰ ਕੇ ਤਮਾਕੂ ਅਤੇ ਸ਼ਰਾਬ। ਇਹਨਾਂ ਨਾਲ ਹੀ ਐਬ-ਕੁਕਰਮ ਵਧ ਰਹੇ ਹਨ, ਸਿਹਤ ਘਟ ਰਹੀ ਹੈ। 'ਸਿੰਘ' ਨੇ ਬਚਣਾ ਹੈ ਅਤੇ ਮਨੁਖਤਾ ਲਈ ਚਾਨਣ-ਮੁਨਾਰਾ ਬਣਨਾ ਹੈ।

(੪)

ਕੁੱਠਾ (ਮੁਸਲਮਾਨੀ ਤਰੀਕੇ ਦਾ ਬਣਿਆ ਮਾਸ, ਕੋਸ਼ਰ ਮਾਸ) 'ਸਿੰਘ' ਲਈ ਵਰਜਿਤ ਹੈ। ਕੁੱਠੇ ਦੀ ਵਰਤੋਂ ਕਰਨ ਵਾਲਾ ਪਤਿਤ ਹੋ ਜਾਂਦਾ ਹੈ।

'ਅਭਾਖਿਆ ਕਾ ਕੁੱਠਾ ਬਕਰਾ' ਗੁਰੂ ਨਾਨਕ ਸਾਹਿਬ ਨੇ ਵਰਜਿਆ ਹੈ। ਕਾਰਨ ਇਹ ਹੈ ਕਿ ਇਹ ਰਾਜਸੀ, ਧਾਰਮਕ, ਸਮਾਜਕ ਗੁਲਾਮੀ ਦਾ ਸੰਕੇਤ ਬਣ ਗਿਆ ਸੀ। ਮੁਸਲਮਾਨੀ ਰਾਜ ਹੋ ਜਾਣ ਨਾਲ ਹਿੰਦੂਆਂ—ਰਾਜਪੂਤਾਂ ਆਪਣਾ

ਪੁਰਾਤਨ ਤਰੀਕਾ ਛੱਡ ਦਿਤਾ ਸੀ ਕਿਉਂਕਿ ਇਸ ਤਰ੍ਹਾਂ ਮੁਸਲਮਾਨ ਹਾਕਮਾਂ ਦੀ ਕ੍ਰੋਪੀ ਹੁੰਦੀ ਸੀ। ਉਹ ਕੋਸ਼ਰ ਮਾਸ ਖਾਣ ਵਾਲੇ ਸਨ, ਝਟਕਾ ਭਾਰਤੀ ਤਰੀਕਾ ਸੀ। ਮੁਸਲਮਾਨਾਂ ਨੇ ਜਬਰਨ ਵੀ ਝਟਕਾ ਬੰਦ ਕੀਤਾ ਤਾਂ ਜੋ ਭਾਰਤੀਆਂ ਵਿਚ ਬੀਰਤਾ ਤੇ ਜੁਧ ਦੀ ਭਾਵਨਾ ਨਾ ਰਹੇ। ਇਸ ਤਰ੍ਹਾਂ 'ਕੁੱਠਾ' ਪਰਾਧੀਨਤਾ ਦਾ ਚਿੰਨ੍ਹ ਬਣ ਗਿਆ। ਪਰ 'ਸਿੰਘ' 'ਸਵਾਧੀਨਤਾ' ਦਾ ਸੰਦੇਸ਼ ਲੈ ਕੇ ਆਇਆ ਹੈ, ਉਹ ਨਾ ਪਰਾਧੀਨ ਰਹਿ ਸਕਦਾ ਹੈ, ਨਾ ਕਿਸੇ ਨੂੰ ਪਰਾਧੀਨ ਵੇਖ ਸਕਦਾ ਹੈ। 'ਸਿੰਘ' ਜ਼ਾਲਮ ਨਹੀਂ ਪਰ ਉਹ 'ਅਨਿਆ' ਵਿਰੁਧ ਲੜਨ ਲਈ ਜੁਧ ਤੋਂ ਸੰਕੋਚ ਨਹੀਂ ਕਰਦਾ। ਉਹ ਕਿਸੇ ਰੂਪ ਵਿਚ ਗੁਲਾਮੀ ਨਹੀਂ ਪਰਵਾਨ ਕਰ ਸਕਦਾ।

'ਸਿਘ' ਸਭ ਤੋਂ ਪਹਿਲਾਂ ਆਪਣੇ ਆਪ ਦੀ ਗੁਲਾਮੀ ਵਿਚੋਂ ਨਿਕਲਦਾ ਹੈ। ਉਹ ਕਾਮਾਤਰ ਨਹੀਂ ਹੋ ਸਕਦਾ, ਉਹ ਕ੍ਰੋਧ ਅਧੀਨ ਨਹੀਂ ਹੋ ਸਕਦਾ। ਉਹ ਲੋਭ ਮੋਹ ਪਰਵਸ ਨਹੀਂ ਹੋ ਸਕਦਾ, 'ਸਿੰਘ' ਆਪਣੇ ਆਪ ਨੂੰ ਇਹਨਾਂ ਦੀ ਪਰਾਧੀਨਤਾ ਤੋਂ ਸੁਤੰਤਰ ਕਰਦਾ ਹੈ। ਫਿਰ ਉਹ ਆਪਣੇ ਆਪ ਨੂੰ ਹੋਰ ਹਰ ਪ੍ਰਕਾਰ ਦੀ ਪਰਾਧੀਨਤਾ ਤੋਂ ਸੁਤੰਤਰ ਕਰਦਾ ਹੈ। ਫਿਰ ਉਹ ਹੋਰਾਂ ਨੂੰ ਵੀ ਸੁਤੰਤਰ ਕਰਦਾ ਹੈ ਜੋ ਕਿਸੇ ਤਰ੍ਹਾਂ ਪਰਵਸ ਹੋ ਗਏ ਹੋਣ।

'ਸਿੰਘ' ਤੇ ਆਪ ਸ਼ਿਕਾਰ ਮਾਰ ਕੇ ਖਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਤੋਂ 'ਸਿਘਾਂ' ਨੇ ਸ਼ਿਕਾਰ ਖੇਡਣਾ ਅਰੰਭ ਕੀਤਾ ਸੀ ਅਤੇ ਮਗਰੋਂ ਸਦਾ ਗੁਰੂ ਸਾਹਿਬਾਨ ਵੀ ਸ਼ਿਕਾਰ ਲਈ ਜਾਂਦੇ ਰਹੇ। 'ਸਿੰਘ' ਕਿਸੇ ਦੀ ਕਮਾਈ ਵੀ ਨਹੀਂ ਖਾ ਸਕਦਾ। 'ਸਿੰਘ' ਲਈ ਹੁਕਮ ਹੈ ਕਿ ਆਪ ਸ਼ਿਕਾਰ ਮਾਰਕੇ ਹੀ ਮਾਸ ਖਾਏ— ਅਸਲ ਝਟਕਾ ਤੇ ਇਹ ਹੈ। ਪਰ ਸਾਰੀਆਂ ਹਾਲਤਾਂ ਵਿਚ ਇਹ ਸੰਭਵ ਨਹੀਂ ਹੈ। ਉਦੋਂ 'ਸਿੰਘ' ਕੇਵਲ ਝਟਕਾ ਵਰਤੇ।

ਬੁਨਿਆਦੀ ਗਲ ਝਟਕੇ ਵਿਚ ਬੀਰਤਾ ਦੀ ਹੈ, ਪਰ ਫਲ ਇਹ ਹੈ ਕਿ ਬੀਰ-ਕੌਮਾਂ ਪਰਾਧੀਨ ਨਹੀਂ ਹੁੰਦੀਆਂ। ਸਿੰਘ' ਪਰਾਧੀਨ ਨਹੀਂ ਹੋ ਸਕਦਾ। ਪਰਾਧੀਨਤਾ ਤਾਂ 'ਸਿੰਘ' ਲਈ 'ਕੁਰਹਿਤ' ਹੈ।

'ਸਿੰਘ' ਕੁਕਰਮੀ, ਦੁਰਾਚਾਰੀ, ਵੇਸ਼ਵਾਗਾਮੀ, ਪਰਇਸਤ੍ਰੀਗਾਮੀ ਨਹੀਂ ਹੋ ਸਕਦਾ। ਇਹ ਕੁਰਹਿਤ ਹੈ। ਸਿੰਘ ਪਰਇਸਤ੍ਰੀਗਾਮੀ ਹੋ ਕੇ ਪੱਤਿਤ ਹੋ ਜਾਂਦਾ ਹੈ। ਗਲ ਅਸੂਲ ਦੀ ਹੈ।

'ਪਰਇਸਤ੍ਰੀਗਮਨ' ਸ਼ਖਸੀਅਤ ਤੇ ਸਮਾਜ ਦੀ ਬੁਨਿਆਦ ਤੇ ਸੱਟ ਮਾਰਨਾ ਹੈ। ਸਮਾਜ ਦਾ ਢਾਂਚਾ ਗ੍ਰਿਸਤ ਦੀ ਪਵਿਤਰਤਾ ਤੇ ਖੜਾ ਹੈ। ਜਦੋਂ ਗ੍ਰਿਸਤ ਦੀ ਪਵਿਤਰਤਾ ਭੰਗ ਹੋ ਜਾਵੇ ਸਮਾਜ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਸ਼ਖਸੀਅਤ ਦੀ ਨੀਂਹ ਨਿਆਂ, ਦੂਜਿਆਂ ਦੇ ਹੱਕਾਂ ਦਾ ਸਤਿਕਾਰ, ਵਿਸ਼ਵਾਸ, ਵਫ਼ਾ ਹਨ। ਜਿਸ ਜੀਵਨ ਵਿਚ ਅਸੀਂ ਆਪਣੇ ਸਾਥੀ ਨਾਲ ਨਿਆਂ ਨਹੀਂ ਕਰਦੇ, ਉਥੇ ਸਮਾਜ ਤੇ ਸ਼ਖਸੀਅਤ ਪਰਫੁਲਤ ਨਹੀਂ ਹੋ ਸਕਦੇ। ਪਰਇਸਤ੍ਰੀਗਾਮੀ ਪੁਰਸ਼ ਅਤੇ ਪਰ ਪੁਰਸ਼ ਗਾਮੀ ਇਸਤ੍ਰੀ ਆਪਣੇ ਸਾਥੀ ਨਾਲ ਬੇਵਫ਼ਾਈ ਕਰਦੇ ਹਨ। ਜਿਸ ਸਮਾਜ ਵਿਚ ਵਿਸ਼ਵਾਸ-ਵਫ਼ਾ ਨਹੀਂ ਹੈ, ਉਥੇ ਹੋਰ ਕੀ ਹੈ ? ਸਮਾਜ ਵਿਸ਼ਵਾਸ (Faith) ਵਫ਼ਾ (Loyalty) ਅਤੇ ਨਿਆਂ (Justice) ਤੇ ਆਧਾਰਤ ਹੈ।

ਦੁਰਾਚਾਰੀ ਹੋਣ ਦਾ ਭਾਵ ਇਹ ਹੈ ਕਿ ਮਨੁਖ ਸਾਥੀਆਂ ਦੇ ਹੱਕਾਂ ਦੀ ਪਵਿਤ੍ਰਤਾ ਨੂੰ ਨਹੀਂ ਸਮਝਦਾ। ਇਸ ਹਾਲਤ ਵਿਚ ਵੀ ਸਮਾਜ ਕਾਇਮ ਨਹੀਂ ਰਹਿ ਸਕਦਾ।

'ਸਿੰਘ' ਤਾਂ ਜੁੱਧਾਂ ਵਿਚ ਵੀ ਸ਼ਤਰੂ ਦੀਆਂ ਇਸਤ੍ਰੀਆਂ ਦਾ ਨਿਰਾਦਰ ਨਹੀਂ ਕਰ ਸਕਦਾ। ਉਹ ਜ਼ਾਲਮ ਨਹੀਂ ਹੋ ਸਕਦਾ, ਉਹ ਦੁਰਾਚਾਰੀ ਨਹੀਂ ਹੋ ਸਕਦਾ। ਸਾਰੀਆਂ ਬੀਰ-ਕੌਮਾਂ ਦੁਰਾਚਾਰੀ ਹੋਣ ਕਰ ਕੇ ਪਤਨ ਨੂੰ ਪਰਾਪਤ ਹੁੰਦੀਆਂ ਰਹੀਆਂ ਹਨ। ਕੌਮਾਂ ਐਸ਼-ਇਸ਼ਰਤ ਵਿਚ ਪੈ ਜਾਣ ਨਾਲ ਹੀ ਪਤਨ ਨੂੰ ਪ੍ਰਾਪਤ ਹੁੰਦੀਆਂ ਰਹੀਆਂ ਹਨ। 'ਸਿੰਘ' ਨੇ ਸੰਤ-ਸਿਪਾਹੀ ਬਣਨਾ ਹੈ; ਜ਼ਾਲਮ, ਦੁਰਾਚਾਰੀ, ਵਿਸ਼ਈ, ਨਹੀਂ ਬਣਨਾ।

ਸੋ ਦੁਰਾਚਾਰ ਸਮਾਜ ਵਿਰੁਧ ਜੁਰਮ ਹੈ। 'ਸਿੰਘ' ਸਮਾਜਕ-ਗ੍ਰਿਸਤੀ ਜੀਵਨ ਦਾ ਸਮਰਥਕ ਹੈ (Social Life)।

ਸਾਰੀ ਰਹਿਤ ਜੀਵਨ ਨੂੰ ਮਜ਼ਬੂਤ ਬਣਾਨ ਲਈ ਹੈ। 'ਸਿੰਘ' ਨੇ ਸਮੁਚੇ ਜੀਵਨ ਨੂੰ ਚੰਗੇਰੀ-ਉਚੇਰੀ ਆਦਰਸ਼ਕ ਸੇਧ ਦੇਣੀ ਹੈ। ਸਿੰਘ ਨੇ ਆਪ ਜ਼ਬਤ ਵਿਚ ਰਹਿਣਾ ਹੈ। ਦਸਮੇਸ਼ ਜੀ ਨੇ ਸਿੰਘ ਨੂੰ ਜ਼ਬਤ ਸਿਖਾਇਆ ਹੈ। 'ਕੁਰਹਿਤ' ਦੇ ਰੂਪ ਵਿਚ ਸਮਾਜ ਬ੍ਰਿਧੀ ਲਈ ਚਾਰ ਮਹਾਨ ਬੁਨਿਆਦੀ ਸਿਧਾਂਤ ਦਿਤੇ ਹਨ। ਜੀਵਨ ਸਾਹਸ, ਸਹਜ, ਸਵਾਧੀਨ ਤੇ ਸਮਾਜ-ਉਸਾਰੀ ਵਾਲਾ ਹੋਣਾ ਚਾਹੀਦਾ ਹੈ। ਜੋ ਗਲਾਂ ਇਹਨਾਂ ਪੱਖਾਂ ਤੇ ਸੱਟ ਮਾਰਦੀਆਂ ਹਨ। ਉਹਨਾਂ ਤੋਂ 'ਸਿੰਘ' ਨੇ ਬਚਣਾ ਹੈ।

ਨਿਸ਼ੇਧ

ਜੋ ਕੁਰਹਿਤੀਏ ਜਗ ਦਰਸਾਵਤ ॥
ਪਾਹੁਲ ਪੀਇ ਕੁਕਰਮ ਕਮਾਵਤ ॥
ਤਿਨ ਸੋ ਵਰਜਣ ਨਾਹਿ ਮਿਲਾਵੈ ॥
ਰਹਿ ਨਿਰਲੇਪ ਪਰਮ ਸੁਖ ਪਾਵੈ ॥

(ਰਹਤਨਾਮਾ ਭਾਈ ਦੇਸਾ ਸਿੰਘ ਜੀ ਕਾ)

(੧)

ਭੱਦਣ (ਕੇਸ ਮੁਨਾਣਾ, ਕਟਾਣਾ ਆਦਿ) ਧੂਮਰਪਾਨ (ਤਮਾਕੂ ਪੀਣਾ) ਪਰ-ਇਸਤਰੀ-ਗਮਨ ਤੇ ਕੁੱਠਾ ਖਾਣਾ ਚਾਰ ਕੁਰਹਿਤਾਂ ਮੰਨੀਆਂ ਹਨ। ਇਹਨਾਂ ਚਾਰ ਕੁਕਰਮਾਂ ਵਿਚੋਂ ਕੋਈ ਵੀ ਕਰਨ ਨਾਲ ਸਿਖ ਪਤਿਤ ਹੋ ਜਾਂਦਾ ਹੈ ਅਤੇ ਉਸ ਨੂੰ ਮੁੜ ਪੰਥ ਵਿਚ ਪਰਵੇਸ਼ ਕਰਨ ਲਈ ਮੁੜ ਅੰਮ੍ਰਿਤਪਾਨ ਕਰਨਾ ਪੈਂਦਾ ਹੈ। ਇਹ ਚਾਰ ਮੁਖ ਨਿਸ਼ੇਧ ਕਰਮ ਹਨ। ਨਿਸ਼ੇਧ ਕਰਮ ਤੋਂ ਭਾਵ ਉਹ ਕਰਮ ਹਨ, ਜਿਨ੍ਹਾਂ ਦੀ ਨਿਖੇਧੀ ਕੀਤੀ ਗਈ ਹੈ। ਇਹ ਨਿਖੇਧੀ ਦਸਮ ਪਿਤਾ ਜੀ ਨੇ ਅੰਮ੍ਰਿਤ ਛਕਾਣ ਵੇਲੇ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ

ਕਰਮਾਂ ਦੀ ਨਿਖੇਧੀ ਕੀਤੀ ਹੋਈ ਹੈ, ਦਸਮ ਗ੍ਰੰਥ ਵਿਚ ਇਹਨਾਂ ਕਰਮਾਂ ਦੀ ਨਿਖੇਧੀ ਕੀਤੀ ਹੋਈ ਹੈ, ਪੰਥ ਦੇ ਵਿਦਵਾਨਾਂ ਤੇ ਪੰਥ ਨੇ ਇਹਨਾਂ ਦੀ ਨਿਖੇਧੀ ਕੀਤੀ ਹੈ। ਕਿਸੇ ਨਾ ਕਿਸੇ ਥਾਂ ਤੇ ਉਪਰਲੇ ਚਾਰ ਕਰਮਾਂ ਦੀ ਨਿਖੇਧੀ ਕੀਤੀ ਗਈ ਹੈ। ਇਹ ਚਾਰ ਬਜਰ ਕੁਰਹਿਤਾਂ ਮੰਨ ਕੇ ਇਹਨਾਂ ਦੀ ਨਿਖੇਧੀ ਕੀਤੀ ਗਈ ਹੈ।

ਪਰ ਹੋਰ ਵੀ ਕੁਝ ਕੁਕਰਮ ਹਨ ਜਿਨ੍ਹਾਂ ਦੀ ਨਿਖੇਧੀ ਕਿਸੇ ਨਾ ਕਿਸੇ ਗ੍ਰੰਥ ਆਦਿ ਵਿਚ ਕੀਤੀ ਹੋਈ ਹੈ। ਇਹ ਕੁਕਰਮ ਐਸੇ ਹਨ, ਜਿਨ੍ਹਾਂ ਦੇ ਕਰਨ ਨਾਲ ਸਿਖ ਪਤਿਤ ਤਾਂ ਨਹੀਂ ਹੁੰਦਾ ਪਰ ਤਨਖਾਹੀਆ ਹੋ ਜਾਂਦਾ ਹੈ। ਉਸ ਨੂੰ ਸੰਗਤ ਵਿਚ ਹਾਜ਼ਰ ਹੋ ਕੇ ਇਹਨਾਂ ਨਿਸ਼ੇਧੇ ਹੋਏ ਕਰਮਾਂ ਦੀ ਭੁਲ ਬਖਸ਼ਾਣੀ ਪੈਂਦੀ ਹੈ।

'ਨਿਸ਼ੇਧ ਵਾਕਯ' ਸਿਰਲੇਖ ਅਧੀਨ 'ਗੁਰਮਤ ਮਾਰਤੰਡ' ਵਿਚ ਭਾਈ ਕਾਹਨ ਸਿੰਘ ਜੀ ਨਾਭਾ ਨੇ ਇਹਨਾਂ ਕੁਕਰਮਾਂ ਦੀ ਸੂਚੀ ਇਸ ਪ੍ਰਕਾਰ ਬਣਾਈ ਹੈ:—(੧) ਇਕ ਅਕਾਲ ਤੋਂ ਛੁਟ ਕਿਸੇ ਦੇਵੀ, ਦੇਵਤਾ, ਅਵਤਾਰ ਔਰ ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ, (੨) ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਹੋਰ ਕਿਸੇ ਧਰਮ-ਪੁਸਤਕ ਨੂੰ ਆਪਣਾ ਧਰਮ-ਗ੍ਰੰਥ ਨਹੀਂ ਮੰਨਣਾ, (੩) ਜੰਤ੍ਰ ਮੰਤ੍ਰ, ਸ਼ਕੁਨ, ਮਹੂਰਤ ਗ੍ਰਹ-ਰਾਸ਼ੀ, ਸ਼੍ਰਾਧ ਹੋਮ ਅਤੇ ਤਰਪਣ ਆਦਿਕ ਭਰਮ-ਰੂਪ ਕਰਮਾਂ ਪੁਰ ਸ਼ਰਧਾ ਨਹੀਂ ਕਰਨੀ, (੪) ਸਿਖ ਬਿਨਾਂ ਹੋਰ ਕਿਸੇ ਨਾਲ ਸਾਕ ਸਬਧ ਨਹੀਂ ਕਰਨਾ, (੫) ਮੀਣੇ, ਮਸੰਦ, ਧੀਰਮਲੀਏ, ਰਾਮ ਰਾਈਏ, ਨੜੀਮਾਰ ਕੁੜੀਮਾਰ ਅਤੇ ਸਿਰਗੁੰਮ ਨਾਲ ਵਰਤੋਂ-ਵਿਵਹਾਰ ਨਹੀਂ ਕਰਨਾ, (੬) ਚੋਰੀ ਯਾਰੀ, ਝੂਠ, ਅਨਆਇ, ਨਿੰਦਾ, ਛਲ, ਕਪਟ, ਵਿਸ਼ਵਾਸ-ਘਾਤ ਜੂਆ ਆਦਿਕ ਅਵਗੁਣਾਂ ਦਾ ਸਦਾ ਤਿਆਗ ਕਰਨਾ, (੭) ਮਦਿਰਾ ਆਦਿਕ ਸ ਰੇ ਅਮਲ (ਨਸ਼ੇ) ਬੁਧੀ ਅਤੇ ਬਲ ਵਿਨਾਸ਼ਕ ਜਾਣ ਕੇ ਨਹੀਂ ਵਰਤਣੇ, (੮) ਸਿਖ ਦਾ ਅਧੂਰਾ ਨਾਉਂ ਨਹੀਂ ਲੈਣਾ, (੯) ਵਚਨ ਕਰਕੇ ਕਦੇ ਨਹੀਂ ਹਾਰਨਾ; (੧੦) ਚੰਚਲ ਇਸਤਰੀਆਂ ਦੇ ਪਹਿਰਨੇ ਯੋਗਯ ਕਸੁੰਭੇ ਆਦਿਕ ਰੰਗ ਅਰ ਗਹਿਣੇ ਨਹੀਂ ਪਹਿਰਨੇ, ਸ਼ਸਤ੍ਰਾਂ ਨੂੰ ਆਪਣਾ ਭੂਸ਼ਨ ਸਮਝ ਕੇ ਸਦੈਵ ਧਾਰਨ ਕਰਨਾ,

(੧੧) ਕੁੱਠਾ, ਤਮਾਕੂ, ਮੁੰਡਨ ਅਤੇ ਪਰ-ਇਸਤ੍ਰੀ ਨੂੰ ਧਰਮ-ਨਾਸ਼ਕ ਜਾਣ ਕੇ ਸਦਾ ਤਿਆਗ ਕਰਨਾ, (੧੨) ਕਿਸੇ ਦੇਵੀ ਦੇਵਤਾ ਅਤੇ ਮੜ੍ਹੀ ਮੱਠ ਪੁਰ ਪ੍ਰਸ਼ਾਦ ਅਰਪਨ ਨਹੀਂ ਕਰਨਾ, (੧੩) ਕਿਸੀ ਪ੍ਰਕਾਰ ਦੀ ਸੁਖਣਾ ਨਹੀਂ ਸੁਖਣੀ; (੧੪) ਬੇਗਾਨਾ ਹੱਕ (ਰਿਸ਼ਵਤ ਆਦਿਕ) ਕਦੇ ਨਹੀਂ ਲੈਣਾ; (੧੫) ਗੁਰਦੁਆਰਿਆਂ ਤੋਂ ਬਿਨਾਂ ਹੋਰ ਕੋਈ ਆਪਣਾ ਧਰਮ ਤੀਰਥ ਅਥਵਾ ਧਾਮ ਨਹੀਂ ਸਮਝਣਾ; (੧੬) ਗੁਰੂ ਨਾਨਕ ਪੰਥੀ ਜਿਤਨੇ ਭੇਖ ਮਾਤ੍ਰ ਅਤੇ ਗੁਰੂ ਘਰ ਦੇ ਸਿਦਕੀ ਸਿਖ ਹਨ, ਉਹਨਾਂ ਨਾਲ ਪ੍ਰੇਮ ਨਾਲ ਵਰਤਣਾ, ਕਦੇ ਵੈਰ ਵਿਰੋਧ ਈਰਖਾ ਨਹੀਂ ਕਰਨੀ, ਅਰ ਕਿਸੇ ਨੂੰ ਹਾਨੀ ਪਹੁੰਚਾਉਣ ਦਾ ਸੰਕਲਪ ਤਕ ਮਨ ਵਿਚ ਨਹੀਂ ਲਿਆਉਣਾ; (੧੭) ਕਲਫ਼ ਨਹੀਂ ਲਾਉਣੀ, ਚਿਟੇ ਕੇਸ ਨਹੀਂ ਚੁਗਣੇ; (੧੮) ਕੰਨਿਆ ਦਾ ਧਨ ਅੰਗੀਕਾਰ ਨਹੀਂ ਕਰਨਾ, (੧੯) ਯਾਚਨਾ (ਮੰਗ ਕੇ ਖਾਣਾ ?) ਕਦੇ ਨਹੀਂ ਕਰਨੀ; (੨੦) ਰਣ ਵਿਚ ਪਿਠ ਨਹੀਂ ਦੇਣੀ; (੨੧) ਰੋਮਾਂ ਦਾ ਰੰਗ ਬਦਲਣ ਲਈ ਕੋਈ ਰੰਗ ਨਹੀਂ ਵਰਤਨਾ। ਰੋਮ ਸਰੀਰ ਦਾ ਕੋਈ ਨਹੀਂ ਕਟਣਾ; (੨੨) ਹੁਕਈ ਦੇ ਹੱਥ ਦਾ, ਅਣਅੰਮ੍ਰਿਤੀਏ ਨਾਲ ਨਹੀਂ ਖਾਣਾ।

ਜੇ ਇਹਨਾਂ ਨਿਸ਼ੇਧ ਵਾਕਾਂ ਦਾ ਧਿਆਨ ਨਾਲ ਵਿਚਾਰ ਕੀਤਾ ਜਾਏ ਤਾਂ ਇਹਨਾਂ ਦੇ ਪੰਜ ਵਰਗ ਬਣ ਜਾਣਗੇ: (੧) ਪਹਿਲਾ ਵਰਗ ਉਹਨਾਂ ਕਰਮਾਂ ਦਾ ਹੈ, ਜਿਨ੍ਹਾਂ ਦੁਆਰਾ ਇਸ਼ਟ, ਗ੍ਰੰਥ, ਪੰਥ, ਗੁਰਧਾਮ ਆਦਿ ਤੋਂ ਅਵਿਸ਼ਵਾਸ ਪ੍ਰਗਟ ਹੁੰਦਾ ਹੈ ਜਾਂ ਵਿਸ਼ਵਾਸ ਦ੍ਰਿੜ੍ਹ ਨਹੀਂ ਹੈ; (੨) ਦੂਜਾ ਵਰਗ ਉਹਨਾਂ ਕਰਮਾਂ ਦਾ ਹੈ ਜਿਨ੍ਹਾਂ ਤੋਂ ਭਰਮ, ਕਰਮਕਾਂਡ ਅਤੇ ਪਾਖੰਡ ਵਿਚ ਬਿਰਤੀ ਫਸਦੀ ਦਿਸਦੀ ਹੈ; (੩) ਤੀਜਾ ਵਰਗ ਉਹਨਾਂ ਕਰਮਾਂ ਦਾ ਹੈ ਜਿਨ੍ਹਾਂ ਵਿਚ ਕੁਸੰਗਤ ਤੋਂ ਵਰਜਿਆ ਹੈ; (੪) ਚੌਥਾ ਵਰਗ ਉਹਨਾਂ ਕਰਮਾਂ ਦਾ ਹੈ ਜਿਨ੍ਹਾਂ ਵਿਚ ਦੁਰਾਚਾਰੀ ਹੋਣ ਦੀ ਨਖੇਧੀ ਕੀਤੀ ਹੈ; (ਖ) ਪੰਜਵਾਂ ਵਰਗ ਉਹਨਾਂ ਕੰਮਾਂ ਦਾ ਹੈ ਜਿਨ੍ਹਾਂ ਵਿਚ ਕਾਇਰਤਾ ਦੀ ਨਿਖੇਧੀ ਕੀਤੀ ਹੈ।

ਅਸਲ ਇਹ ਪੰਜ ਮਨੋਵਿਗਿਆਨਕ ਰੋਗ ਹਨ। ਇਹ ਪੰਜ ਉਸ ਮਨ ਦੀ ਦਸ਼ਾ ਨੂੰ ਪ੍ਰਗਟ ਕਰਦੇ ਹਨ ਜਿਥੇ ਵਿਸ਼ਵਾਸ ਹੀਣਤਾ (Lack of

Faith) ਹੈ, ਪਾਖੰਡ, ਵਹਮ, ਭਰਮ (Hypocrisy, Show, Superstition) ਹੈ, ਮਾੜੀ ਸੰਗਤ (Bad Company) ਹੈ, ਦੁਰਾਚਾਰ (Lack of Character) ਹੈ ਅਤੇ ਕਾਇਰਤਾ (Cowardice) ਹੈ। ਜਿਥੇ ਵਿਸ਼ਵਾਸ ਦੀ ਘਾਟ ਹੈ, ਉਥੇ ਕੁਝ ਵੀ ਨਹੀਂ, ਮਨੁਖ ਦਾ ਕਿਸੇ ਇਸ਼ਟ, ਕੁਝ ਅਸੂਲਾਂ, ਕੁਝ ਕੀਮਤਾਂ ਤੇ ਆਪਣੀ ਯੋਗਤਾ ਮਿਹਨਤ, ਆਚਰਨ ਤੇ ਸਾਥੀ ਵਿਚ ਵਿਸ਼ਵਾਸ ਹੋਣਾ, ਚੰਗੇ ਸੰਤੁਲਨ ਜੀਵਨ ਲਈ ਅਤਿਅੰਤ ਜ਼ਰੂਰੀ ਹੈ। ਵਿਸ਼ਵਾਸ ਵਿਚ ਹੀ ਜੀਵਨ ਦਾ ਅਨੰਦ ਹੈ। ਆਪਣੇ ਆਪ ਤੇ, ਆਪਣੇ ਸਾਥੀਆਂ ਤੇ, ਆਪਣੀ ਕੌਮ ਦੀ ਮਹਾਨਤਾ ਵਿਚ ਜੇ ਵਿਸ਼ਵਾਸ ਨਾ ਹੋਵੇ ਤਾਂ ਜੀਵਨ ਵਿਚ ਕੋਈ ਸੁਆਦ ਨਹੀਂ ਰਹਿ ਜਾਂਦਾ ਅਤੇ ਨਾ ਹੀ ਕੋਈ ਮਹਾਨ ਕਰਤਵ ਹੋ ਸਕਦਾ ਹੈ। ਅਸੂਲਾਂ, ਕਾਨੂੰਨਾਂ, ਕੀਮਤਾਂ, ਆਚਾਰ, ਵਿਹਾਰ ਦਾ ਵਿਸ਼ਵਾਸ ਜ਼ਰੂਰੀ ਹੈ। ਵਿਸ਼ਵਾਸ ਹੀ ਚੜ੍ਹਦੀ ਕਲਾ ਹੈ; ਵਿਸ਼ਵਾਸ ਹੀ 'ਜਾਗਤ ਜੋਤ' ਹੈ, ਵਿਸ਼ਵਾਸ ਹੀ 'ਖਾਲਸਾ' ਹੈ; ਵਿਸ਼ਵਾਸ ਹੀ 'ਫਤਹ' ਹੈ, ਵਿਸ਼ਵਾਸ ਹੀ 'ਨਿਹਾਲ' (ਜੋ ਬੋਲੇ ਸੋ ਨਿਹਾਲ) ਹੈ। ਅਕਾਲ ਪੁਰਖ, ਗੁਰੂ ਗ੍ਰੰਥ, ਦਸ ਗੁਰੂ, ਗੁਰਧਾਮ, ਗੁਰਨਿਸ਼ਾਨਾਂ, ਪੰਥ, ਸਭ ਕਰਮਨ ਦੇ ਵਿਸ਼ਵਾਸ ਦਾ ਭਾਵ ਇਹ ਹੈ ਕਿ ਇਹ ਕੀਮਤਾਂ ਮੇਰੇ ਲਈ ਅਟਲ, ਅਬਨਾਸ਼ੀ ਹਨ, ਮੈਂ ਇਹਨਾਂ ਲਈ ਜੀਣਾ ਹੈ ਅਤੇ ਇਹਨਾਂ ਲਈ ਹੀ ਮਰਨਾ ਹੈ। ਇਹ ਮੇਰੀ ਜ਼ਿੰਦਗੀ ਦੇ ਨਿਸ਼ਾਨ ਜਾਂ ਉਦੇਸ਼ ਹਨ। ਮੈਂ ਇਕ ਸੱਚ (ਅਕਾਲ) ਨੂੰ ਪੂਜਣਾ ਹੈ। ਗ੍ਰੰਥ ਦੇ ਅਸੂਲਾਂ ਨੂੰ ਧਾਰਨ ਕਰਨਾ ਹੈ, ਗੁਰਧਾਮ ਮੇਰੇ ਲਈ ਪ੍ਰੇਰਨਾ ਦਾ ਸੋਮਾ ਹਨ। ਕਿਸੇ ਥਾਂ ਤੇ ਵਿਸ਼ਵਾਸ ਟਿਕਾਣ ਵਿਚ ਹੀ ਜੀਵਨ ਦੀ ਕਲਿਆਣ ਹੈ। ਸਾਧਾਰਨ ਜੀਵਨ ਵਿਚ ਮਾਤਾ ਪਿਤਾ, ਅਧਿਆਪਕ, ਭੈਣ ਭਰਾ, ਸਾਥੀਆਂ ਸਬੰਧੀਆਂ ਵਿਚ ਵਿਸ਼ਵਾਸ ਤੋਂ ਬਿਨਾਂ ਕਿਵੇਂ ਕੰਮ ਚਲਦਾ ਹੈ। ਇਸ ਲਈ ਵਿਸ਼ਵਾਸ ਜੀਵਨ ਲਈ ਬੜੀ ਜ਼ਰੂਰੀ ਚੀਜ਼ ਹੈ। ਵਿਸ਼ਵਾਸ ਬਿਨਾਂ ਮਨੁਖ ਪਾਗ਼ਲ ਹੋ ਜਾਂਦਾ ਹੈ। ਬਹੁਤ ਪਾਗ਼ਲ ਉਹ ਹੀ ਹਨ ਜਿਨ੍ਹਾਂ ਦਾ ਆਪਣੀ ਪਤਨੀ, ਸਾਥੀਆਂ, ਸਮਾਜ, ਇਲਮ, ਆਚਾਰ ਵਿਚ ਵਿਸ਼ਵਾਸ ਨਹੀਂ ਹੈ। ਉਹ ਸਾਰੇ ਕਰਮ 'ਨਿਸ਼ੇਧ' ਹਨ ਜੋ ਮਨੁਖ ਵਿਚ ਵਿਸ਼ਵਾਸ ਦੀ ਘਾਟ ਪੈਦਾ ਕਰਦੇ ਹਨ। ਸਿਖ ਆਚਰਨ-ਕੀਮਤਾਂ ਤੇ ਆਦਰਸ਼ ਦੇ ਵਿਸ਼ਵਾਸ ਦਾ

ਆਚਰਨ ਹੈ । ਸਿਖ ਕਿਸੇ ਚੰਗੀ ਦੁਨੀਆਂ ਦੀ ਉਸਾਰੀ ਦੇ ਵਿਸ਼ਵਾਸ ਤੇ ਜੀਅ ਰਿਹਾ ਹੈ । ਵਿਸ਼ਵਾਸ-ਹੀਣਤਾ ਪਾਪ ਹੈ ।

(੨) ਵਿਸ਼ਵਾਸ ਹੀਣਤਾ ਵਿਚੋਂ ਹੀ 'ਭਟਕਣਾ' (Wavering ਪੈਦਾ ਹੁੰਦੀ ਹੈ, ਮਨ ਸੰਸੇ, ਭਰਮ, ਵਹਿਮ ਵਿਚ ਡੋਲਦਾ ਰਹਿੰਦਾ ਹੈ, ਜੰਤ੍ਰ ਮੰਤ੍ਰ, ਸ਼ਗਣ, ਮਹੂਰਤ, ਗ੍ਰਹਿ ਰਾਸ਼ੀ ਮਨਾਂਦਾ ਹੈ, ਦੇਵੀ, ਦੇਵਤੇ, ਮੜੀ, ਮਸਾਣ, ਮਠ ਪੂਜਣਾ, ਸੁਖਣਾ ਆਦਿ । ਕਿਸੇ ਥਾਂ, ਅਸੂਲ, ਕਾਨੂੰਨ, ਆਚਾਰ ਤੇ ਵਿਸ਼ਵਾਸ ਆ ਜਾਵੇ ਫਿਰ ਭਟਕਣਾ ਨਹੀਂ ਹੁੰਦੀ । ਭਟਕਣਾ ਵਿਚ ਕੋਈ ਸੂਰਮਾ, ਜੋਧਾ ਨਹੀਂ ਬਣ ਸਕਦਾ, ਚੜ੍ਹਦੀ ਕਲਾ ਵਿਚ ਨਹੀਂ ਰਹਿ ਸਕਦਾ, ਦ੍ਰਿੜ ਤੇ ਸਪਸ਼ਟ ਨਹੀਂ ਹੋ ਸਕਦਾ, ਸ੍ਵੈ-ਵਿਸ਼ਵਾਸ ਵਾਲਾ ਨਹੀਂ ਹੋ ਸਕਦਾ । ਦ੍ਰਿੜ੍ਹਤਾ ਵਿਚ ਹੀ ਜੀਵਨ ਦੀ ਸਫਲਤਾ ਹੈ । ਸਿਖ ਉਦਮ ਦਾ ਵਿਸ਼ਵਾਸੀ ਹੈ, ਪ੍ਰਭੂ ਕਿਰਪਾ ਦਾ ਵਿਸ਼ਵਾਸੀ ਹੈ । 'ਠਾਕਰ' ਨੂੰ ਛਡ ਕੇ ਉਹ 'ਚੇਰੀ' ਦੀ ਸੇਵਾ ਨਹੀਂ ਕਰਦਾ, ਉਸ ਦੀਆਂ ਸ਼ਕਤੀਆਂ ਦੀ ਪੂਜਾ ਨਹੀਂ ਕਰਦਾ । ਭਰਮ, ਸੰਸਾ ਭਟਕੇ ਹੋਏ ਮਨ (Confused mind) ਦੇ ਚਿੰਨ੍ਹ ਹਨ । ਇਹ ਦਸ਼ਾ ਮਾਨਸਕ ਰੋਗ ਦੀ ਦਸ਼ਾ ਹੈ । ਸਿਖ ਨੇ ਭਟਕਣਾ ਨਹੀਂ, ਦ੍ਰਿੜ੍ਹ ਵਿਸ਼ਵਾਸ ਵਾਲਾ ਬਣਨਾ ਹੈ ।

(੩) ਸਰਬ ਦੇਸ਼-ਕਾਲ ਵਿਚ ਨਿੰਦਤ ਕਰਮ ਜਿਵੇਂ ਕਿ ਚੋਰੀ, ਯਾਰੀ, ਝੂਠ, ਅਨਆਇ, ਨਿੰਦਾ, ਛਲ, ਕਪਟ, ਵਿਸ਼ਵਾਸਘਾਤ, ਬੇਗਾਨਾ ਹੱਕ ਮਾਰਨਾ ਆਦਿ ਦੁਰਾਚਾਰ ਹਨ । ਇਹ ਆਪਣੇ ਸਾਥੀਆਂ ਵਿਰੁਧ ਪਾਪ ਹਨ, ਸਮਾਜ ਵਿਰੁਧ ਜੁਰਮ ਹਨ, ਆਪਣੇ ਆਪ ਨਾਲ ਧੋਖਾ ਹਨ । ਇਹ ਕੁਕਰਮ ਮਨੁਖਤਾ ਦੀ ਹਾਨੀ ਹਨ । ਇਹ ਵੀ 'ਵਿਸ਼ਵਾਸ ਹੀਣਤਾ' ਵਿਚੋਂ ਉਪਜਦੇ ਹਨ । ਜਿਸ ਨੂੰ ਆਪਣੀ ਮਿਹਨਤ ਦਾ ਵਿਸ਼ਵਾਸ ਹੈ, ਉਹ ਚੋਰੀ ਕਿਉਂ ਕਰੇ, ਜਿਸ ਨੂੰ ਆਪਣੀ ਪਤਨੀ ਦੇ ਪਿਆਰ ਦਾ ਵਿਸ਼ਵਾਸ ਹੈ, ਉਹ ਯਾਰੀ ਨਹੀਂ ਕਰ ਸਕਦਾ, ਜਿਸ ਨੂੰ ਆਪਣੇ ਠੀਕ ਹੋਣ ਦਾ ਵਿਸ਼ਵਾਸ ਹੈ ਉਹ ਝੂਠ ਨਹੀਂ ਬੋਲ ਸਕਦਾ, ਜਿਸ ਨੂੰ ਪ੍ਰਭੂ ਵਿਸ਼ਵਾਸ ਹੈ ਉਹ ਅਨਿਆ ਨਹੀਂ ਕਰਦਾ, ਜਿਸ ਨੂੰ ਆਪਣੇ ਚੰਗੇਪਣ ਦਾ ਵਿਸ਼ਵਾਸ ਹੈ, ਉਹ ਨਿੰਦਕ ਨਹੀਂ ਹੋ ਸਕਦਾ, ਜਿਸ ਨੂੰ ਆਪਣੀ ਕਰਣੀ ਦਾ ਵਿਸ਼ਵਾਸ ਹੈ, ਉਹ ਛਲ ਕਪਟ ਨਹੀਂ ਕਰਦਾ, ਵਿਸ਼ਵਾਸਘਾਤ

ਨਹੀਂ ਕਰਦਾ, ਬੇਗਾਨਾ ਹੱਕ ਨਹੀਂ ਮਾਰਦਾ, 'ਦੁਰਾਚਾਰ' ਸਦਾ ਸ੍ਵੈ-ਵਿਸ਼ਵਾਸ ਦੀ ਘਾਟ ਵਿਚੋਂ ਪੈਦਾ ਹੁੰਦਾ ਹੈ। 'ਦੁਰਾਚਾਰ' ਮਨੁਖ ਵਿਚ ਮਾਨਵਤਾ ਦੀ ਹੀਣਤਾ ਹੈ। ਮਨੁਖ ਅੰਦਰਲੇ ਰੱਬ ਦਾ ਨਿਰਾਦਰ ਹੈ, ਸਮਾਜ ਦਾ ਅਵਿਸ਼ਵਾਸੀ ਹੋਣਾ ਹੈ। ਖਾਲਸਾ ਦੁਰਾਚਾਰੀ ਨਹੀਂ ਹੋ ਸਕਦਾ।

(੪) ਕੁਸੰਗਤ ਹਰ ਤਰ੍ਹਾਂ ਹਾਨੀਕਾਰਕ ਹੈ। ਮਨੋਵਿਗਿਆਨ ਨੇ ਸੰਗਤ ਦੀ ਮਹਾਨਤਾ ਪੂਰੀ ਭਾਂਤ ਸਵੀਕਾਰ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੰਗੀ ਸੰਗਤ (ਗੁਰ ਸੰਗਤਿ, ਸਾਧੂ ਸੰਗ) ਆਦਿ ਤੇ ਬੜਾ ਜ਼ੋਰ ਹੈ। ਮਾੜੇ ਲੋਕਾਂ ਦੀ ਸੰਗਤ ਕਾਰਨ ਮਨੁਖੀ ਸੁਭਾ ਤੇ ਬੜਾ ਭੈੜਾ ਪ੍ਰਭਾਵ ਪੈਂਦਾ ਹੈ ਅਤੇ ਉਹ ਆਪਣੇ ਨਿਯਮਾਂ, ਅਸੂਲਾਂ, ਉਦੇਸ਼ਾਂ, ਆਦਰਸ਼ਾਂ ਤੋਂ ਡਿਗ ਸਕਦਾ ਹੈ। ਇਹ ਵੀ ਗੱਲ ਮੰਨੀ ਪਰਮੰਨੀ ਹੈ ਕਿ ਭੈੜੀ ਸੰਗਤ ਦਾ ਪ੍ਰਭਾਵ ਛੇਤੀ ਹੁੰਦਾ ਹੈ ਅਤੇ ਚੰਗੀ ਦਾ ਹੌਲੇ ਹੌਲੇ, ਮਨੁਖ 'ਚੰਗਿਆਈ ਆਲਕ' ਕਰਦਾ ਹੈ ਅਤੇ 'ਬੁਰਾਈ ਸ਼ੇਰ' ਹੁੰਦਾ ਹੈ। ਇਸ ਵਾਸਤੇ ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ, ਨੜੀਮਾਰ, ਕੁੜੀਮਾਰ, ਸਿਰ ਗੁੰਮ, ਨਸ਼ਿਆਂ ਦਾ ਸੇਵਨ ਕਰਨ ਵਾਲਿਆਂ, ਚੋਰਾਂ ਯਾਰਾਂ, ਹਰਾਮਖੋਰਾਂ, ਨਿੰਦਕਾਂ, ਛਲੀਆਂ, ਕਪਟੀਆਂ, ਅਣ-ਅੰਮ੍ਰਿਤੀਏ ਦੀ ਸੰਗਤ ਤੋਂ ਵਰਜਿਆ ਹੈ। ਇਹਨਾਂ ਨਾਲ ਸੰਗਤ ਦੀ ਨਿਕਟਤਾ, ਖਾਣ-ਪੀਣ, ਵਰਤੋਂ ਵਿਹਾਰ ਦੀ ਸਾਂਝ ਹੈ, ਉਸ ਤੋਂ ਵਰਜਿਆ ਹੈ। ਜਿਸ ਸੰਗਤ ਵਿਚ ਖਾਣ ਪੀਣ ਤੇ ਰਿਸ਼ਤੇ ਨਾਤਿਆਂ ਦੀ ਸਾਂਝ ਆ ਜਾਏ, ਉਥੇ ਬਾਕੀ ਗਿਰਾਵਟ ਛੇਤੀ ਆ ਜਾਂਦੀ ਹੈ। ਸੰਗਤ ਦੀ ਰੰਗਤ ਚੜ੍ਹਨੀ ਸ਼ੁਰੂ ਹੋ ਜਾਂਦੀ ਹੈ।

ਕੁਸੰਗਤ ਤੋਂ ਬਚਣਾ ਚਾਹੀਦਾ ਹੈ—ਇਸ ਸਿਧਾਂਤ ਤੇ ਕਿਸੇ ਚਰਚਾ ਦੀ ਲੋੜ ਨਹੀਂ ਹੈ।

(੫) ਜਿਥੇ ਸ੍ਵੈ-ਵਿਸ਼ਵਾਸ ਮਨੁਖੀ ਸ਼ਖਸੀਅਤ ਦਾ ਵਿਸ਼ੇਸ਼ ਭੂਸ਼ਣ ਹੈ, ਉਥੇ ਕਾਇਰਤਾ ਮਨੁਖੀ ਆਚਰਨ ਦਾ ਵਡਾ ਦੋਸ਼ ਹੈ। ਕਾਇਰ ਲਈ ਜੀਵਨ ਵਿਚ ਕੋਈ ਉਦੇਸ਼ ਸੰਭਵ ਨਹੀਂ ਹੈ, ਉਹ ਕਿਸੇ ਅਸੂਲ ਦੀ ਖਾਤਰ ਕੁਰਬਾਨੀ ਨਹੀਂ ਕਰ ਸਕਦਾ। ਕਾਇਰ ਤੋਂ ਕਿਸੇ ਡਿਊਟੀ ਧਰਮ ਤੇ ਪਹਿਰਾ ਦੇ ਸਕਣਾ ਅਸੰਭਵ ਹੈ।

ਕਾਇਰਤਾ ਦੇ ਭਿੰਨ ਭਿੰਨ ਰੂਪ ਹੋ ਸਕਦੇ ਹਨ। ਇਹ ਮਨੁਖੀ ਵਤੀਰੇ ਦੇ ਅਨੇਕ ਪੱਖਾਂ ਵਿਚੋਂ ਪ੍ਰਗਟ ਹੁੰਦੀ ਹੈ। ਕਲਫ ਲਾਉਣੀ, ਚਿੱਟੇ ਕੇਸ ਚੁਗਣੇ, ਰੋਮਾਂ ਦਾ ਰੰਗ ਬਦਲਣ ਲਈ ਰੰਗ ਵਰਤਣਾ—ਇਹ ਵੀ ਮਨ ਦੀ ਕਾਇਰਤਾ ਦੇ ਹੀ ਰੂਪ ਹਨ ਜੋ ਵਤੀਰੇ ਵਿਚੋਂ ਪ੍ਰਗਟ ਹੋ ਰਹੇ ਹੁੰਦੇ ਹਨ। ਜਿਸ ਮਨੁਖ ਨੂੰ ਜੁਰਤ ਨਹੀਂ ਹੁੰਦੀ ਕਿ ਉਹ ਅਸਲ ਰੂਪ ਵਿਚ ਪ੍ਰਗਟ ਹੋਏ (ਕਈ ਕਾਰਨਾਂ ਕਰਕੇ) ਉਹ ਕੇਸ-ਦਾਹੜਾ ਰੰਗਦਾ ਹੈ। ਸਦਾ ਦੀ ਜਵਾਨੀ, ਕੇਸਾਂ ਦੇ ਰੰਗ ਤੇ ਨਹੀਂ ਹੈ, ਸਗੋਂ ਵਿਚਾਰਾਂ ਦੇ ਬਲ ਤੇ ਹੈ। ਪਰ ਕਾਇਰ ਮਨੁਖ ਇਹ ਨਹੀਂ ਮੰਨਦਾ। ਜੰਤ੍ਰਾਂ ਮੰਤ੍ਰਾਂ, ਸ਼ਗਨਾਂ, ਮਹੂਰਤਾਂ ਦਾ ਭਰਮ ਵੀ ਕਾਇਰਤਾ ਹੈ ਜੋ ਬਾਹੂ-ਬਲ ਦੀ ਕਮਜ਼ੋਰੀ ਵਿਚੋਂ ਪੈਦਾ ਹੁੰਦਾ ਹੈ। ਸ਼ਰਾਧ ਦੀ ਵਰਤੋਂ ਵੀ ਇਕ ਕਾਇਰਤਾ ਹੈ ਜੋ ਸੰਸਾਰ ਦੀ ਕਠੋਰ ਅਸਲੀਅਤ ਦਾ ਮੁਕਾਬਲਾ ਕਰਨ ਦੀ ਅਸਮਰਥਾ ਵਿਚੋਂ ਪੈਦਾ ਹੁੰਦੀ ਹੈ। ਚੰਚਲ ਪਹਿਰਾਵੇ ਦੀ ਰੁਚੀ ਆਪਣੇ ਹੁਸਨ-ਲਿਆਕਤ ਦੇ ਅਵਿਸ਼ਵਾਸ ਵਿਚੋਂ ਪੈਦਾ ਹੁੰਦੀ ਹੈ। ਬਚਨ ਕਰਕੇ ਹਾਰਨਾ ਮਹਾਨ ਵਡੀ ਕਾਇਰਤਾ ਹੈ। ਬਚਨ ਕਰ ਦਿਤਾ, ਫਿਰ ਭਾਵੇਂ ਨੁਕਸਾਨ ਹੋਵੇ ਭਾਵੇਂ ਲਾਭ, ਉਸ ਤੇ ਦ੍ਰਿੜ੍ਹ ਰਹਿਣਾ ਉਚਿਤ ਹੈ। ਦੇਵੀ, ਦੇਵਤੇ, ਮਠ, ਮੜੀ ਦੀ ਪੂਜਾ ਵੀ ਕਾਇਰਤਾ ਦਾ ਹੀ ਇਕ ਰੂਪ ਹੈ। ਕੰਨਿਆ ਮਾਰਨਾ ਅਤੇ ਕੰਨਿਆ ਦਾ ਧਨ ਅੰਗੀਕਾਰ ਕਰਨਾ ਵੀ ਕਾਇਰਤਾ ਦੇ ਰੂਪ ਹਨ।

ਸਿਖ ਕਾਇਰ ਨਹੀਂ ਹੋ ਸਕਦਾ।

ਨਿਸਚੇ ਨਰੋਏ ਸਵਸਥ ਜੀਵਨ ਲਈ ਨਿਯਮਾਂ ਤੇ ਪਰਹੇਜ਼ ਦੀ ਲੋੜ ਹੈ। ਸਿਖ ਦਾ ਆਸ਼ਾ ਸਰੀਰਕ, ਮਾਨਸਕ, ਆਤਮਕ ਤੌਰ ਤੇ ਨਰੋਇਆ ਸਵਸਥ ਜੀਵਨ ਜੀਣਾ ਹੈ। ਸਾਰੇ ਧਰਮਾਂ ਦਾ ਇਹੋ ਆਸ਼ਾ ਰਿਹਾ ਹੈ ਕਿ ਉਹ ਮਨੁਖ ਨੂੰ ਉਤਮ ਸਵਸਥ ਜੀਵਨ ਦੇ ਸਕਣ। ਨਿਸ਼ੇਧਵਾਦੀ ਨਿਯਮ ਪਰਹੇਜ਼ ਹਨ, ਇਹ ਸੰਜਮ ਹਨ।

ਇਹ 'ਨਿਸ਼ੇਧ ਵਾਕਯ' ਅਸਲ ਭਾਵਨਾ ਵਿਚ ਨਿਸ਼ੇਧ ਨਹੀਂ ਹੁੰਦੇ,ਇਹਨਾਂ ਦਾ ਆਸ਼ਾ ਸਦਾ ਮਨੁਖ ਨੂੰ ਉਤਮ ਬਿਰਤੀ ਪਰਦਾਨ ਕਰਨਾ ਹੁੰਦਾ ਹੈ ਅਤੇ ਮੰਦ ਬਿਰਤੀ ਤੋਂ ਵਰਜਣਾ ਹੁੰਦਾ ਹੈ।

'ਨਿਸ਼ੇਧ' ਵਿਚ ਜੋ ਗੱਲਾਂ ਕਹੀਆਂ ਹਨ, ਉਹਨਾਂ ਦਾ ਪਰਹੇਜ਼ ਮਨੁਖ ਨੂੰ ਵਿਸ਼ਵਾਸ (Faith) ਬਿਬੇਕ (Discrimination) ਸਦਾਚਾਰ (Morality) ਸਤਸੰਗਤ (Good Association) ਅਤੇ ਸਾਹਸ (Courage) ਪਰਦਾਨ ਕਰਦਾ ਹੈ। ਇਹ ਪੰਜੇ ਤੱਤ ਮਨੁਖੀ ਜੀਵਨ ਤੇ ਆਚਰਨ ਦੀ ਉਸਾਰੀ ਲਈ ਬਹੁਤ ਜ਼ਰੂਰੀ ਹਨ ਅਤੇ ਮਾਨਵੀ ਸਮਾਜ ਨੂੰ ਸਵਸਥ ਬਨਾਣ ਲਈ ਬੜੇ ਅਵੱਸ਼ਕ ਹਨ।

(੩)

ਧਰਮ, ਪੰਥ ਤੇ ਮਜ਼ਬ ਦੇ ਕਰਤਵ ਬੜੀਂ ਵਿਸ਼ੇਸ਼ਤਾ ਰਖਦੇ ਹਨ। ਧਰਮ ਉਤਮ ਮਨੁਖ ਬਣਨ ਦੀ ਭਾਵਨਾ ਹੈ, ਪੰਥ ਉਤਮ ਪੁਰਸ਼ (ਖਾਲਸਾ) ਬਣਨ ਲਈ ਜਥੇਬੰਦੀ ਹੈ ਅਤੇ ਰਹਿਤ ਧਾਰਨੀ ਹੈ ਅਤੇ ਮਜ਼ਬ ਸ਼ਰ੍ਹਾ-ਸ਼ਰੀਅਤ ਹੈ ਜਿਸ ਵਿਚ 'ਵਿਧਿ ਵਾਕਯ' ਅਤੇ 'ਨਿਸ਼ੇਧ ਵਾਕਯ' ਦੋਵੇਂ ਪ੍ਰਕਾਰ ਦੇ ਕਰਮ ਆਉਂਦੇ ਹਨ। ਧਰਮ-ਉਦੇਸ਼ ਸਾਰੀ ਮਨੁਖਤਾ ਦਾ ਇਕ ਹੈ। ਧਰਮ-ਉਦੇਸ਼ ਮਨੁਖ ਨੂੰ ਸਹੀ ਅਰਥਾਂ ਵਿਚ ਮਨੁਖ ਬਨਾਣਾ ਹੈ।

ਧਰਮ ਤੇ ਮਨੋਵਿਗਿਆਨ ਦਾ ਡੂੰਘਾ ਸਬੰਧ ਹੈ। ਕੇਵਲ ਮਨੋਵਿਗਿਆਨਕ ਸੂਝ ਨਾਲ ਹੀ ਕੋਈ ਧਰਮ-ਪੱਧਰ ਮਨੁਖ ਵਿਚ ਲਿਆਂਦਾ ਜਾ ਸਕਦਾ ਹੈ।

ਧਰਮ ਦਾ ਕਰਤਵ ਸੰਸਾਰ ਵਿਚ ਸਦਾ ਸਤਿਕਾਰ ਯੋਗ ਮੰਨਿਆ ਜਾਏਗਾ। ਹੁਣ ਤੇ ਹੋਰ ਪ੍ਰਕਾਰ ਦਾ ਗਿਆਨ ਵੀ ਧਰਮ ਦੀ ਉਦੇਸ਼-ਪੂਰਤੀ ਵਿਚ ਸਹਾਇਕ ਹੋਣ ਲਗ ਪਿਆ ਹੈ। ਪਰ ਪਹਿਲਾਂ ਪਹਿਲ ਮਨੁਖ ਮਾਤਰ ਨੂੰ ਸਭਿਅਤਾ ਧਰਮ ਨੇ ਹੀ ਦਿਤੀ ਹੈ। ਧਰਮ ਨੇ ਮਨੁਖ ਨੂੰ ਸਭਯ (Civilised) ਬਣਾਇਆ ਹੈ, ਮਨੁਖ ਨੂੰ ਸਭਿਆਚਾਰਕ (Cultured) ਬਣਾਇਆ ਹੈ, ਮਨੁਖ ਨੂੰ ਸਦਾਚਾਰ (Morality) ਦਿਤੀ ਹੈ, ਮਨੁਖ ਨੂੰ ਆਦਰਸ਼ਵਾਦ (Idealism) ਦਿਤਾ ਹੈ,ਮਨੁਖ ਅੰਦਰ ਦਰਸ਼ਨ,ਫਲਸਫਾ (Philosophy) ਪੈਦਾ ਕਰਕੇ ਉਸ ਵਿਚ ਸਹਜ (Wisdom) ਤੇ ਗਿਆਨ (Knowledge)

ਪੈਦਾ ਕੀਤੇ ਹਨ। ਧਰਮ ਨੇ ਹੀ ਮਨੁਖ ਵਿਚ ਹਰ ਪ੍ਰਕਾਰ ਦੇ ਗਿਆਨ (ਭੂਗੋਲ, ਖਗੋਲ, ਰਸਾਇਣ) ਦੀ ਉਤੇਜਨਾ ਪੈਦਾ ਕੀਤੀ ਹੈ। ਧਰਮ ਦੀ ਛਤਰ-ਛਾਇਆ ਥਲੇ ਹੀ ਪਹਿਲਾ ਸਾਹਿਤ, ਵਿਆਕਰਣ, ਜੋਤਿਸ਼, ਇਤਿਹਾਸ, ਵੇਦ, ਪੁਰਾਣ ਉਭਰੇ ਹਨ।

ਸੰਸਾਰ ਦਾ ਕੋਈ ਵੀ ਪ੍ਰੈਕਟੀਕਲ ਪੰਥ ਐਸਾ ਨਹੀਂ ਹੈ ਜਿਸ ਵਿਚ ਕੋਈ ਪਰਹੇਜ਼, ਸੰਜਮ, ਨਿਯਮ-ਅਨਕੂਲਤਾ ਜ਼ਰੂਰੀ ਨਾ ਹੋਵੇ। ਮਸ਼ੀਨ ਨੂੰ ਵੀ ਚਲਾਣ ਦੇ ਨਿਯਮ ਹਨ ਅਤੇ ਉਸ ਨੂੰ ਠੀਕ ਦਸ਼ਾ ਵਿਚ ਸਵਸਥ ਰਖਣ ਦੇ ਵੀ ਨਿਯਮ ਹਨ। ਜੇ ਮਸ਼ੀਨ ਨਾਲ ਵੀ ਅਸੀਂ ਅਵੇਸਲਾ-ਪਨ ਵਰਤੀਏ ਤਾਂ ਉਹ ਵੀ ਖਰਾਬ ਹੋ ਕੇ ਨਿਗੁਣੀ ਹੋ ਜਾਵੇਗੀ। ਪੜ੍ਹਾਈ ਕਰਨ ਲਈ ਮਨ ਨੂੰ ਠੀਕ ਦਸ਼ਾ ਵਿਚ ਰਖਣ ਲਈ ਨਿਯਮਬਧ ਹੋਣ ਦੀ ਲੋੜ ਹੈ, ਪਰਹੇਜ਼ਾਂ ਦੀ ਵੀ ਲੋੜ ਹੈ, ਵਿਧੀ ਦੀ ਵੀ ਲੋੜ ਹੈ। ਫਿਰ ਮਾਨਸਕ ਦਸ਼ਾ ਸਦਾਚਾਰ ਲਈ ਨਿਯਮਬਧਤਾ ਦੀ ਕਿਉਂ ਲੋੜ ਨਹੀਂ। ਪਰਹੇਜ਼ ਅਤੇ ਵਿਧੀ ਦੀ ਲੋੜ ਹੈ।

(੪)

ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਵਿਚ 'ਨਿਸ਼ੇਧ ਵਾਕਯ' ਇਸ ਰੂਪ ਵਿਚ ਨਹੀਂ ਲਿਖੇ ਗਏ ਜਿਵੇਂ ਪਿਛੇ 'ਗੁਰਮਤ ਮਾਰਤੰਡ' ਵਿਚੋਂ ਦਿਤੇ ਗਏ ਹਨ ਜਾਂ ਜਿਵੇਂ ਰਹਤ ਨਾਮਿਆਂ ਤੇ ਤਨਖਾਹ ਨਾਮਿਆਂ ਵਿਚ ਦਰਜ ਹਨ। ਸ੍ਰੀ ਗੁਰੂ ਗ੍ਰੰਥ ਤੇ ਦਸਮ ਗ੍ਰੰਥ ਵਿਚ 'ਅਸੂਲਾਂ' ਤੇ ਸਿਧਾਂਤਾਂ ਦਾ ਵਿਚਾਰ ਹੈ। ਪਿਛੇ ਦਿਤੇ ਪੰਜੇ ਸਿਧਾਂਤ ਪੂਜਯ ਗ੍ਰੰਥਾਂ ਦੇ ਸਿਧਾਂਤ ਹਨ। ਪੂਜਯ ਗ੍ਰੰਥਾਂ ਵਿਚ ੧. ਸ਼ਰਧਾ-ਵਿਸ਼ਵਾਸ, ੨. ਬਿਬੇਕ (ਭਰਮ ਪਾਖੰਡ ਵਿਰੁਧ), ੩. ਸਦਾਚਾਰ (ਕਾਮਾਦਿਕ ਤੋਂ ਬਚਣਾ), ੪. ਸਤਸੰਗਤ (ਸ਼ੁਭ ਸੰਗਤ, ਸਾਧ ਸੰਗਤ) ਅਤੇ ੫. ਸਾਹਸ (ਚੰਗੇ ਉਦੇਸ਼ਾਂ ਲਈ ਕੁਰਬਾਨੀ) ਤੇ ਬਲ ਦਿਤਾ ਹੋਇਆ ਹੈ।

੧. (ੳ) ੧ ੴ ਦਾ ਵਿਸ਼ਵਾਸ ਦ੍ਰਿੜ੍ਹਾਇਆ ਹੈ, ਦੇਵੀ, ਦੇਵਤਿਆਂ, ਅਵਤਾਰਾਂ, ਮੰਤ੍ਰ-ਤੰਤ੍ਰਾਂ, ਮੜ੍ਹੀ ਮਸਾਣਾਂ ਦਾ ਵਿਸ਼ਵਾਸ਼ ਨਹੀਂ ਦ੍ਰਿੜ੍ਹ ਕਰਾਇਆ।

ਕੇਵਲ ਪਾਰਬ੍ਰਹਮ ਪਰਮੇਸ਼ਰ ਨੂੰ ਇਸ਼ਟ ਕਰਕੇ ਪੂਜਣਾ ਹੈ ।

'ਸੋਦਰੁ' ਤੇ ਸਾਰੇ ਦੇਵੀ ਦੇਵਤਾ, ਰਿਧੀਆਂ, ਸਿਧੀਆਂ, ਰਾਗ ਰਾਗਣੀਆਂ, ਮੋਹਣੀਆਂ—ਸੂਰਮੇ, ਤੱਤ ਤੇ ਸ਼ਕਤੀਆਂ, ਪਾਰਬ੍ਰਹਮ ਦੀ ਪੂਜਾ ਗਾਇਨ ਕਰ ਰਹੇ ਹਨ, ਫਿਰ 'ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ' ਤੇ ਇਕੋ ਹੋਇਆ । ਇਕੋ ਹੈ ਭਾਈ ਏਕੋ ਹੈ । ਕੇਵਲ ਉਸ ਵਿਚ ਵਿਸ਼ਵਾਸ ਰਖਣਾ ਹੈ ਅਤੇ ਉਸ ਨੂੰ ਇਸ਼ਟ ਮੰਨਣਾ ਹੈ ।

(ਅ) ਵਿਚਾਰਨਾ ਹੈ—

ਸਵੈਯਾ ॥ ਪਾਂਇ ਗਹੇ ਜਬ ਤੇ ਤੁਮਰੇ ਤਬ ਤੇ
ਕੋਊ ਆਂਖ ਤਰੇ ਨਹੀਂ ਆਨਜੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ
ਕਹੈਂ ਮਤ ਏਕ ਨ ਮਾਨਜੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ
ਭੇਦ ਕਹੈਂ ਹਮ ਏਕ ਨ ਜਾਨਜੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ
ਮੈਂ ਨ ਕਹਜੋ ਸਭ ਤੋਹਿ ਬਖਾਨਜੋ ॥

(ੲ) ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੋ ਦੁਆਰ ॥
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥

੨. ਇਸ਼ਟ ਗੁਰੂ ਗ੍ਰੰਥ ਹੈ: 'ਸਤਿਗੁਰ ਦੀ ਬਾਣੀ ਸਤਿ ਸਤਿ ਕਰਿ ਜਾਨਹੁ ॥'

(ੳ) ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥

(ਅ) ਸਿੰਮ੍ਰਿਤ ਸਾਸਤ੍ਰ ਬੇਦ ਸਭੈ
ਬਹੁ ਭੇਦ ਕਹੈਂ ਹਮ ਏਕ ਨ ਜਾਨਜੋ ॥

(ੲ) ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

੩. ਸਭ ਧਰਮਾਂ ਦੇ ਅਨੁਸਾਰੀਆਂ ਨੂੰ ਸਦਾਚਾਰ ਦੀ ਪਰੇਰਨਾ ਦਿਤੀ ਹੈ:

(ੳ) ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥

(ਅ) ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

(ੲ) ਰੇ ਮਨ ਐਸੋ ਕਰ ਸੰਨਿਆਸਾ ॥
ਬਨ ਸੇ ਸਦਨ ਸਬੈ ਕਰ ਸਮਝਹੁ
ਮਨ ਹੀ ਮਾਹਿ ਉਦਾਸਾ ॥ ੧ ॥ ਰਹਾਉ ॥
ਜਤ ਕੀ ਜਟਾ ਜੋਗ ਕੋ ਮੱਜਨੁ ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥

੪. ਉਤਮ ਸੰਗਤ ਲਈ ਪਰੇਰਨਾ ਹੈ:—

(ੳ) ਸਤਸੰਗਤਿ ਕੈਸੀ ਜਾਣੀਐ ਜਿਥੈ ਏਕੋ ਨਾਮ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ॥

(ਅ) ਸਾਧਕੈ ਸੰਗਿ ਮੁਖ ਊਜਲ ਹੋਤ ॥
ਸਾਧ ਸੰਗਿ ਮਲੁ ਸਗਲੀ ਖੋਤ ॥
ਸਾਧ ਕੈ ਸੰਗਿ ਮਿਟੈ ਅਭਿਮਾਨੁ ॥
ਸਾਧ ਕੈ ਸੰਗਿ ਪ੍ਰਗਟੈ ਸੁ ਗਿਆਨੁ ॥

(ੲ) ਐ ਜੁਹੇ ਸੁਹਬਤ ਕਿ ਖ਼ਾਕ ਕਸੀਰ ਕਰਦ ॥
ਨਾ ਕਸੇ ਰਾ ਸਾਹਬੇ ਤਦਬੀਰ ਕਰਦ ॥ (ਜ਼ਿੰਦਗੀ ਨਾਮਹ)

੫. ਸਚਾਈ ਦੇ ਜੀਵਨ ਲਈ 'ਸਾਹਸ' ਦ੍ਰਿੜ੍ਹ ਕਰਾਉਣਾ ਹੈ :

(ੳ) ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

(ਅ) ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥
ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨਿ ॥

(ਦ) ਦੇਹਿ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰਿ ਆਪਨੀ ਜੀਤ ਕਰੋਂ ॥
ਅਰੁ ਸਿਖ ਹੋ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਣ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋਂ ॥

ਪੂਜਯ ਗ੍ਰੰਥਾਂ ਵਿਚ ਮੁਖ ਅਸੂਲਾਂ, ਸਿਧਾਂਤਾਂ, ਉਦੇਸ਼ਾਂ, ਕੀਮਤਾਂ ਤੇ ਵਿਚਾਰ ਹੈ, ਵੇਰਵੇ ਤੇ ਨਹੀਂ ਹੈ। ਇਸ ਲਈ ਵਿਧਿ ਅਤੇ ਨਿਸ਼ੇਧ ਵਾਕ ਉਸ ਰੂਪ ਵਿਚ ਨਹੀਂ ਦਿਤੇ ਗਏ। ਪਰ ਉਪਰਲੀਆਂ ਤੁਕਾਂ ਤੋਂ ਸਪਸ਼ਟ ਹੈ ਕਿ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਵਿਚ ਮੁਖ ਅਸੂਲ ਹੀ ਇਹੋ ਦ੍ਰਿੜ ਕਰਾਏ ਗਏ ਹਨ ਕਿ ਇਕ ਪ੍ਰਭੂ ਦੀ ਉਪਾਸ਼ਨਾ ਕਰੋ, ਇਕ ਗੁਰੂ ਦੇ ਲੜ ਲਗੋ, ਸੁਭ ਕਰਨੀ ਕਰੋ, ਸ਼ੁਭ ਸੰਗਤ ਕਰੋ ਅਤੇ ਸੁਤੰਤਰਤਾ, ਤੇ ਸਾਹਸ ਦਾ ਜੀਵਨ ਜੀਵੋ। ਇਹ ਵੀ ਸਪਸ਼ਟ ਦ੍ਰਿੜ੍ਹ ਕਰਾਇਆ ਹੈ ਕਿ ਠਾਕੁਰ ਨੂੰ ਛੋਡ ਕੇ ਦਾਸੀ ਦੀ ਪੂਜਾ ਨਾ ਕਰੋ, ਗੁਰੂ ਲਈ ਇਧਰ ਉਧਰ ਨਾ ਭਟਕੋ, ਦੁਰਾਚਾਰ ਤੋਂ ਬਚੋ, ਕੁਸੰਗਤ ਵਿਚ ਪਤਿਵਿਰਤ ਨਾ ਹੋਵੋ ਅਤੇ ਭੈ ਨਾ ਮੰਨੋ।

ਪੂਜਯ ਗ੍ਰੰਥ ਪਰਚਾਰ ਕਰਦੇ ਹੋਏ ਵੀ ਪਰਚਾਰ ਕਰਦੇ ਪਰਤੀਤ ਨਹੀਂ ਹੁੰਦੇ ਪਰ ਰਹਤਨਾਮੇ ਤੇ ਤਨਖਾਹ ਨਾਮੇ ਪ੍ਰਗਟ ਰੂਪ ਵਿਚ ਪਰਚਾਰਕ ਵੀ ਹਨ ਅਤੇ ਨਿਖੇਧੀ ਵੀ ਕਰਦੇ ਹਨ।

(੬)

ਨਿਰਸੰਦੇਹ ੧੬੯੯ ਦੀ ਵਿਸਾਖੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਤਨੇ ਵੇਰਵੇ ਸਹਿਤ ਰਹਿਤ-ਕੁਰਹਿਤ ਨਹੀਂ ਦਸੀ ਜਿੰਨੇ ਵੇਰਵੇ ਨਾਲ ਰਹਤਨਾਮਿਆਂ

ਅ ਦਿ ਵਿਚ ਅੰਕਤ ਹੈ । ਪਰ ਇਹ ਸਪਸ਼ਟ ਹੈ ਕਿ ਅਸੂਲਾਂ ਦੇ ਤੌਰ ਤੇ ਇਸ ਵੇਰਵੇ ਵਿਚ ਕੁਝ ਵੀ ਗੁਰੂ ਆਸ਼ੇ ਵਿਰੁਧ ਨਹੀਂ ਹੈ। ਇਸ ਵੇਰਵੇ ਵਿਚ ਕਟਰਪੁਣਾ ਜ਼ਰੂਰ ਹੈ, ਪਰ ਮਨਮਤਿ ਨਹੀਂ ਹੈ। ਕਟਰਪੁਣੇ ਬਿਨਾ ਜਥੇਬੰਦੀ ਕੋਈ ਨਹੀਂ ਕਾਇਮ ਰਹਿ ਸਕਦੀ। ਰਹਤਨਾਮਿਆਂ ਦੇ ਲੇਖਕ ਨਾ ਕੇਵਲ ਗੁਰੂ ਜੀ ਦੇ ਸਮਕਾਲੀ ਸਨ ਸਗੋਂ ਉਨ੍ਹਾਂ ਦੇ ਨਿਕਟਵਰਤੀ ਵੀ ਸਨ ਅਤੇ ਵਿਸਾਖੀ ਦੇ ਸੀਸ ਭੇਟ ਨਾਟਕ ਸਮੇਂ ਹਾਜ਼ਰ ਵੀ ਸਨ। ਭਾਈ ਨੰਦ ਲਾਲ, ਭਾਈ ਚੌਪਾ ਸਿੰਘ, ਭਾਈ ਦੇਸਾ ਸਿੰਘ, ਭਾਈ ਪ੍ਰਹਿਲਾਦ ਸਿੰਘ ਰਹਤਨਾਮਿਆਂ ਦੇ ਲੇਖਕ ਹਨ। ਭਾਈ ਦਯਾ ਸਿੰਘ ਜੀ ਦਾ ਰਹਤਨਾਮਾ ਵੀ ਮੌਜੂਦ ਹੈ।

ਰਹਤਨਾਮੇ ਬੜੀ ਸਰਲ, ਸਪਸ਼ਟ, ਸਿਧੀ ਸਾਦੀ ਬੋਲੀ ਵਿਚ ਹਨ। ਇਥੇ ਕੇਵਲ ਤਨਖਾਹਨਾਮਿਆਂ ਵਿਚੋਂ 'ਨਿਸ਼ੇਧ ਵਾਕਯ' ਦਰਸਾਂਦੇ ਹਾਂ ਕਿਉਂਕਿ ਵਿਸ਼ਾ ਲੇਖ ਦਾ ਇਹੋ ਹੈ :

੧. ਰਹਤਨਾਮਾ ਭਾਈ ਦੇਸਾ ਸਿੰਘ ਜੀ ਕਾ

ਦ੍ਰਿੜ੍ਹ ਹੈ ਸੋਈ ਕਾਰ ਕਮਾਵੈ ॥
ਚੋਰੀ ਡਾਕੇ ਕਬੂ ਨ ਜਾਵੈ ॥
ਮਸਲੀ ਡੂਮਣਿ ਦੂਤੀ ਚੇਲੀ ॥
ਵਿਭਚਾਰਣਿ ਜੋ ਫਿਰੈ ਇਕੇਲੀ ॥
ਅਵਰ ਜੁ ਆਨ ਵਰਣ ਕੀ ਨਾਰਿ ॥
ਇਨ ਸੇ ਸਿੰਘ ਨ ਕਰੇ ਪਯਾਰ ॥
ਪਯਾਰ ਕਰੈ ਹੋਵੈ ਕੁਲਹਾਨੀ ॥
ਤਾਂ ਤੇ ਇਨ ਕੋ ਤਜੈ ਗਯਾਨੀ ॥
ਕੁੱਠਾ ਹੁੱਕਾ ਚਰਸ ਤਮਾਕੂ ॥
ਗਾਂਜਾ ਟੋਪੀ ਤਾੜੀ ਖਾਕੂ ॥
ਇਨ ਕੀ ਓਰ ਨ ਕਬਹੂੰ ਦੇਖੈ ॥
ਰਹਤਵਾਨ ਸੁ ਸਿੰਘ ਵਿਸੇਖੈ ॥

... ...

ਨਮਤ ਸੁਭਾਵ ਨ ਕਬਹੂੰ ਤਯਾਗੇ ॥
ਦੁਰਜਨ ਦੇਖ ਦੂਰ ਤੇ ਭਾਗੇ ॥
ਦੁਰਜਨ ਕੀ ਸੰਗਤ ਸੁਖ ਨਾਹੀ ॥
ਕਰ ਬਿਚਾਰ ਦੇਖੋ ਮਨ ਮਾਹੀਂ ॥

... ...

ਵਿਨਯ ਬਿਬੇਕ ਧਰਮ ਦ੍ਰਿੜ ਰਾਖੈ ॥
ਮਿਥਯਾ ਬਚਨ ਨ ਕਬਹੂੰ ਭਾਖੈ ॥
ਜਗਤ ਮਾਹਿ ਹੈਂ ਪੰਥ ਸੁ ਜੇਤੇ ॥
ਕਰੈ ਨਿੰਦ ਨਹਿ ਕਬਹੂੰ ਤੇਤੇ ॥
ਵਢੀ ਲੇਕਰ ਨਯਾਯ ਨ ਕਰੀਏ ॥
ਝੂਠੀ ਸਾਖਾ ਕਬੂੰ ਨ ਭਰੀਏ ॥

੨. ਰਹਤਨਾਮਾ ਭਾਈ ਚੌਪਾ ਸਿੰਘ ਦਾ :

ਗੁਰੂ ਕਾ ਸਿਖ ਸ਼ਰਾਬ ਕਬੀ ਨ ਪੀਵੇ, ਸਾਖ 'ਜਿਤ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥' ਗੁਰੂ ਕਾ ਸਿਖ ਕੰਨਯਾ ਨਾ ਮਾਰੇ, ਕੁੜੀ ਮਾਰ ਨਾਲ ਨ ਵਰਤੇ। ਕੰਨਯਾ ਦਾ ਪੈਸਾ ਨਾ ਖਾਇ। ਨਾਤਾ ਗੁਰੂ ਕੇ ਸਿਖ ਨਾਲ ਕਰੇ। ਗੁਰੂ ਕਾ ਸਿਖ ਜੰਞੂ ਟਿਕੇ ਦੀ ਕਾਣ ਨ ਕਰੇ।......ਚੋਰੀ ਯਾਰੀ ਨਾ ਕਰੇ। ਜੂਆ ਨ ਖੇਡੇ। ......ਕਾਰਯੋਂ ਕੇ ਆਦਿ ਮੇਂ ਅਰਦਾਸ ਕਰੇ। ਆਪਣੇ ਗੁਰੂ ਬਿਨਾ ਹੋਰ ਨਾ ਜਾਣੇ। .....ਗੁਰੂ ਦੀ ਬਾਣੀ ਬਿਨਾ ਹੋਰ ਨਾ ਪੜ੍ਹੇ ਨਾ ਸੁਣੇ।... ਸ਼ਸਤ੍ਰ ਰਖਣੇ। ਮਸੰਦਾਂ ਨੂੰ ਨਹੀਂ ਮੰਨਣਾ। ਰਣ ਮੇਂ ਪਿੱਠ ਨਹੀਂ ਦੇਣੀ।

੩. ਰਹਤਨਾਮਾ ਭਾਈ ਦਯਾ ਸਿੰਘ ਜੀ ਦਾ :

ਗੁਰੂ ਕਾ ਸਿੱਖ—ਮਟ, ਬੁਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਬ੍ਰਾਹਮਣ ਪੁਛਣਾ, ਸੁਖਣ*, ਤਰਪਨ, ਗਾਯਤ੍ਰੀ, ਕਿਤੇ ਵਲ ਚਿਤ ਦੇਵੇ ਨਾਹੀ। ਖਾਲਸਾ ਸੋ ਜਿਨ ਤਨ ਮਨ ਧਨ ਅਕਾਲ ਪੁਰਖ ਨੂੰ ਸੌਂਪਿਆ ਹੈ। ਕਿਸੀ ਕਾ ਕਾਰਜ ਹੋਵੇ ਉਸ ਕੋ ਸਵਾਰੇ। ਗੁਰਦੁਆਰੇ ਜਾਵੇ ਮਾਰਗ ਮੇਂ ਬ੍ਰਹਮਚਾਰਜ ਧਾਰੇ। ...ਨਾਕ ਕਾਨ ਨ ਛੇਦੇ, ਅਖੰਡ ਰਹੇ।...ਹਿੰਦੂ

ਮੁਸਲਮਾਨ ਕੀ ਕਾਣ ਕੋ ਮੇਟੇ। ਘੋੜੇ ਔਰ ਸ਼ਸਤ੍ਰ ਕੀ ਸਾਰ ਰਖੇ।

ਇਹ ਹਨ ਰਹਤਨਾਮਿਆਂ ਦੇ ਨਮੂਨੇ। ਆਧੁਨਿਕ ਰਹਤ ਸੰਬੰਧੀ ਸਾਹਿਤ ਇਹਨਾਂ ਦੇ ਆਧਾਰ ਤੇ ਰਚਿਆ ਗਿਆ ਹੈ। ਇਸ ਦੀ ਭਾਵਨਾ ਦਰਸ਼ਨ ਹੈ। ਸਿਖ ਨੇ ਸਦਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟਣਾ' ਹੈ। ਕਿਸੇ ਦੀ ਰਹਤ, ਸ਼ਰ੍ਹਾ ਨਾਲ ਵਿਰੋਧ ਨਹੀਂ ਹੈ, ਪਰ ਸਿਖਾਂ ਦੀ ਆਪਣੀ ਰਹਤ ਪ੍ਰਗਟ, ਸਪਸ਼ਟ ਅਤੇ ਦ੍ਰਿੜ੍ਹ ਹੈ। ਉਸ ਤੇ ਉਸ ਨੇ ਕਾਇਮ ਰਹਿਣਾ ਹੈ।

(੭)

ਆਪਣੀ ਕਮਜ਼ੋਰੀ ਨੂੰ ਲੁਕਾਣ ਲਈ ਜਾਂ ਉਸ ਤੇ ਪਰਦਾ ਪਾਣ ਲਈ 'ਨਿਸ਼ੇਧ' ਜਾਂ 'ਵਿਧਿ' ਨੂੰ ਨਿੰਦਣਾ ਠੀਕ ਨਹੀਂ ਇਹਨਾਂ ਦੀ ਭਾਵਨਾ ਸਮਝਣੀ ਉਚਿਤ ਹੈ। ਜ਼ਬਤ, ਪਰਹੇਜ਼, ਸੰਜਮ ਬਿਨਾ ਕੋਈ ਉਸਾਰੀ ਸੁਭਾ ਦੀ ਸੰਭਵ ਨਹੀਂ ਹੈ।

ਸੱਚ ਪੁਰਾਣਾ ਨਹੀਂ ਹੁੰਦਾ। ਇਹ ਰਹਤ, ਰਹਿਣੀ ਹੁਣ ਵੀ ਸੱਚ ਤੇ ਸ੍ਰੇਸ਼ਟ ਹੈ।

ਕੋਈ ਗਿਆਨ ਦਰੁਸਤ ਨਹੀਂ ਜਾਪਦਾ ਜੇ ਹਮਦਰਦੀ, ਨਿਰਪੱਖਤਾ ਤੇ ਗੰਭੀਰਤਾ ਨਾਲ ਉਸ ਤੇ ਵਿਚਾਰ ਨਾ ਕੀਤੀ ਜਾਵੇ। ਬੇਲਾਗ, ਨਿਰਪੱਖ ਹੋ ਕੇ ਵਿਚਾਰਨ ਨਾਲ ਨਿਸ਼ੇਧ ਅਤੇ ਵਿਧਿ ਰਹਤ ਵਿਚੋਂ ਲਾਭ ਪਰਤੱਖ ਦਿਸ ਪਏਗਾ।

'ਜਾਗਤ ਜੋਤਿ'

(੧)

ਜਾਗਤ ਜੋਤਿ ਜਪੈ ਨਿਸਬਾਸਰ,
ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜੀ ਮਠ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ,
ਤਬ ਖਾਲਸ ਤਾਹਿ ਨਿਖਾਲਸ ਜਾਨੈ ।੧॥

(ਸਵੈਯੇ ਪਾਤਸ਼ਾਹੀ ੧੦)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਜਾਗਤ ਜੋਤਿ' ਉਸੇ 'ਹੋਂਦ' - 'ਹਸਤੀ ਲਈ ਵਰਤਿਆ ਹੈ ਜਿਸ ਨੂੰ ਆਪ ਨੇ 'ਕਾਲ, ਸਰਬ ਕਾਲ, ਸਰਬ ਲੋਹ', ਅਸਧੁਜ, ਅਸਕੇਤ, ਅਸਪਾਨ, ਖੰਡਾ, ਲੋਕੇਸ੍ਰ ਕਿਹਾ ਹੈ ਅਤੇ ਜਿਸ ਦੀ ਅਦਭੁਤ ਵਿਆਖਿਆ 'ਜਾਪੁ' ਵਿਚ ਕੀਤੀ ਹੈ ਜੋ ਕਿ ਆਪ ਦੀ ਦਸਮ-ਗ੍ਰੰਥ ਦੀ ਰਚਨਾ ਦੀ ਸਿਰਮੌਰ ਬਾਣੀ ਹੈ। 'ਜਾਗਤ-ਜੋਤਿ' ਹਸਤੀ ਦੀ ਇਕ 'ਅਵਸਥਾ' ਹੈ ਜੋ ਇਸ ਭਾਂਤ ਦੀ ਦਸੀ ਹੈ :

ਕਿ ਜ਼ਾਹਰ ਜ਼ਹੂਰ ਹੈਂ ॥ ਕਿ ਹਾਜ਼ਰ ਹਜ਼ੂਰ ਹੈਂ ॥
ਹਮੇਸੁਲ ਸਲਾਮ ਹੈਂ ॥ ਸਮਸਤੁਲ ਕਲਾਮ ਹੈਂ ॥੧੫੦॥
ਕਿ ਸਾਹਿਬ ਦਿਮਾਗ਼ ਹੈਂ ॥ ਕਿ ਹੁਸਨਲ ਚਰਾਗ਼ ਹੈਂ ॥
ਕਿ ਕਾਮਲ ਕਰੀਮ ਹੈਂ ॥ ਕਿ ਰਾਜ਼ਕ ਰਹੀਮ ਹੈਂ ॥ ੧੫੧ ॥
ਕਿ ਰੋਜ਼ੀ ਦਹਿੰਦ ਹੈਂ ॥ ਕਿ ਰਾਜ਼ਕ ਰਹਿੰਦ ਹੈਂ ॥
ਕਰੀਮੁਲ ਕਮਾਲ ਹੈਂ ॥ ਕਿ ਹੁਸਨੁਲ ਜਮਾਲ ਹੈਂ ॥੧੫੨॥
ਗ਼ਨੀਮੁਲ ਖ਼ਿਰਾਜ ਹੈਂ ॥ ਗ਼ਰੀਬੁਲ ਨਿਵਾਜ ਹੈਂ ॥
ਹਰੀਫੁਲ ਸ਼ਿਕੰਨ ਹੈਂ ॥ ਹਿਰਾਸੁਲ ਫਿਕੰਨ ਹੈਂ ॥੧੫੩॥
ਕਲੰਕੰ ਪ੍ਰਣਾਸ ਹੈਂ ॥ ਸਮਸਤੁਲ ਨਿਵਾਸ ਹੈਂ ॥
ਅਗੰਜੁਲ ਗ਼ਨੀਮ ਹੈਂ ॥ ਰਜ਼ਾਇਕ ਰਹੀਮ ਹੈਂ ॥੧੫੪॥

'ਜਾਗਤ ਜੋਤਿ' ਚਕ੍ਰ ਚਿਹਨ, ਬਰਨ ਜਾਤਿ ਅਰੁ ਪਾਤਿ, ਰੂਪ ਰੰਗ ਰੇਖ ਭੇਖ ਰਹਿਤ ਹੈ, ਅਚਲ ਮੂਰਤਿ ਤੇ ਅਨਭਉ ਪ੍ਰਕਾਸ ਹੈ । 'ਜਾਗਤ ਜੋਤਿ' ਸਰਬ ਵਿਆਪਕ, ਅਬਿਨਾਸ਼ੀ, ਚਿਤ ਰੂਪ, ਸੁੰਦਰ ਪ੍ਰਕਾਸ਼, ਦਇਆ ਨਿਧ ਜ਼ੁਰਅਤਿ ਜਮਾਲ, ਅਚਲੰ ਪ੍ਰਕਾਸ, ਅਜਬ ਸਰੂਪ, ਫਤਹ ਦੀ ਮਾਲਕ ਹੈ । 'ਜਾਗਤ ਜੋਤਿ, ਵਾਹਿਗੁਰੂ ਹੈ, ਅਜਬ ਪ੍ਰਕਾਸ਼ ਹੈ । 'ਜਗਤ ਜੋਤਿ' ਨੂੰ ਜਪਿਆ ਜਾ ਸਕਦਾ ਹੈ, ਸੋ ਉਹ 'ਵਾਹਿਗੁਰੂ' ਹੀ ਹੈ ।

ਪਰ ਸਪਸ਼ਟ ਹੈ ਕਿ ਇਹ 'ਵਾਹਿਗੁਰੂ' ਦੀ ਉਹ ਅਵਸਥਾ ਹੈ ਜਿਸ ਦਾ ਨਿਰੂਪਣ 'ਅੰਧਕਾਰ' (ਨਮੋ ਅੰਧਕਾਰੇ) ਦੇ ਉਲਟ ਵਿਚ ਕੀਤਾ ਗਿਆ ਹੈ । ਪਰ ਇਸ 'ਅਵਸਥਾ' ਨੂੰ ਸਮਝਣ ਲਈ ਦੋਵੇਂ ਪੱਖ 'ਅੰਧਕਾਰ-ਪੱਖ' ਅਤੇ 'ਤੇਜ-ਪੱਖ' (ਨਮੋ ਤੇਜ ਤੇਜ) ਦੋਵੇਂ ਵਿਚਾਰੇ ਜਾਣੇ ਉਚਿਤ ਹਨ ।

ਦਸਮੇਸ਼ ਰਚਿਤ ਇਸ ਲੇਖ ਦੇ ਅਰੰਭ ਵਿਚ ਦਿਤੇ ਸਵੈਯੇ ਤੋਂ ਪ੍ਰਗਟ ਹੈ ਕਿ 'ਜਾਗਤ ਜੋਤਿ' ਨਾਮ ਤੇ 'ਵਾਹਿਗੁਰੂ-ਪ੍ਰਮਾਤਮਾ' ਦਾ ਹੈ ਪਰ ਇਸ ਦਾ ਉਲੇਖ 'ਮਨੁਖੀ-ਅਵਸਥਾ' ਦੁਆਰਾ ਹੀ ਹੋ ਸਕਦਾ ਹੈ । 'ਜਾਗਤ ਜੋਤਿ' ਨੇ ਮਨੁਖੀ ਆਤਮਾ ਵਿਚੋਂ ਪ੍ਰਕਾਸ਼ਮਾਨ ਹੋਣਾ ਹੈ । ਜੇ ਮਨੁੱਖ ਅੰਦਰ ਇਹ ਜੋਤਿ ਪਰਜ੍ਵਲਤ ਨਹੀਂ ਹੋਈ ਤਾਂ ਅਵਸਥਾ ਅਧਕਾਰ ਹੈ, ਜੇ ਪਰਜ੍ਵਲਤ ਹੋ ਗਈ

ਹੈ ਤਾਂ ਅਵਸਥਾ 'ਖਲਸਾ' ਹੈ । ਜਦੋਂ ਮਨੁਖੀ ਅਵਸਥਾ ਅੰਧਕਾਰ ਦੀ ਹੈ ਤਾਂ ਉਥੇ ਪ੍ਰਭੂ-ਭਗਤੀ (ਜਪੈ) ਨਾਮ ਹੈ, ਦ੍ਵੈਤ ਜਾਂ ਮਾਇਆ-ਭਗਤੀ ਹੈ, ਜਿਥੇ ਹਿਰਦਾ ਪ੍ਰਕਾਸ਼ਮਾਨ ਹੈ, ਉਥੇ 'ਇਕ' ਦੀ ਭਗਤੀ ਹੈ, ਅੰਧਕਾਰ ਬੇਪ੍ਰਤੀਤੀ, ਪ੍ਰੇਮ ਰਹਿਤ ਅਵਸਥਾ ਹੈ ਅਤੇ ਉਥੇ ਬੁਤ, ਗੋਰ, ਮੜੀ, ਮਠ ਪੂਜਾ ਹੈ, ਉਥੇ ਤੀਰਥਾਂ, ਤਪਾਂ, ਸੰਜਮਾਂ ਤੇ ਜ਼ੋਰ ਹੈ ਪਰ ਜਿਥੇ ਜੋਤਿ ਪ੍ਰਕਾਸ਼ਮਾਨ ਹੈ, ਉਥੇ ਕੇਵਲ ਪ੍ਰੇਮਾ-ਭਗਤੀ ਹੈ, ਅਟੱਲ ਵਿਸ਼ਵਾਸ ਹੈ ਏਕਤਾ ਦਾ। ਏਕਤਾ ਦੇ ਵਿਸ਼ਵਾਸ ਵਿਚੋਂ ਖਾਲਸਾਪਨ ਉਪਜਦਾ ਹੈ। ਬੇਪ੍ਰਤੀਤੀ ਵਿਚੋਂ ਹੀ ਭਰਮ ਉਪਜਦਾ ਹੈ, ਭਰਮ ਵਿਚ ਹੀ ਦ੍ਵੈਤ ਦਿਸਦੀ ਹੈ. ਦ੍ਵੈਤ ਵਿਚੋਂ ਹੀ ਖੋਟ ਪੈਦਾ ਹੁੰਦਾ ਹੈ ਜੋ ਖਾਲਸ-ਨਿਖਾਲਸ ਦੇ ਉਲਟ ਅੰਧਕਾਰ-ਅਵਸਥਾ ਹੈ।

(੨)

ਦਸ ਗੁਰ ਜੋਤੀ ਨੂੰ ਵੀ 'ਜਾਗਤ – ਜੋਤਿ' ਮੰਨਿਆ ਹੈ। ਦਸਾਂ ਗੁਰੂਆਂ ਨੇ 'ਜੋਤਿ' ਜਗਾਣ ਦਾ ਯਤਨ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਮਨੁਖੀ ਹਿਰਦੇ ਅੰਧਕਾਰ ਵਿਚੋਂ ਨਿਕਲ ਕੇ 'ਜਾਗਤ ਜੋਤਿ' ਦੇ ਪ੍ਰਕਾਸ਼ ਵਿਚ ਆ ਰਹੇ ਹਨ।

ਗੁਰੂ ਨਾਨਕ ਸਾਹਿਬ ਨੇ ਇਸ 'ਜੋਤਿ' ਨੂੰ 'ਦੀਵਾ' ਕਿਹਾ ਹੈ। ਜਿਥੇ ਇਹ 'ਦੀਵਾ' ਪ੍ਰਕਾਸ਼ਮਾਨ ਹੁੰਦਾ ਹੈ, ਉਥੇ ਮਾਇਆ ਤੇ ਹੁਸਨ ਕਿਸੇ ਨੂੰ ਛਲ ਨਹੀਂ ਸਕਦੇ, ਉਥੇ ਦੁਖ-ਸੁਖ ਇਕੋ ਜਿਹੇ ਜਾਪਦੇ ਹਨ, ਉਥੇ ਧਰਮ ਪੁਸਤਕ ਵਾਦ-ਵਿਵਾਦ ਦਾ ਮਸਾਲਾ ਨਹੀਂ, ਕਰਨੀ ਲਈ ਆਦੇਸ਼ ਮੰਨੇ ਜਾਂਦੇ ਹਨ, ਉਥੇ ਪ੍ਰਭੂ-ਭਉ ਵਿਚ ਜੀਵਿਆ ਜਾਂਦਾ ਹੈ, ਸਚ ਨੂੰ ਸਮਝਣ ਲਈ ਉਦਮ ਹੁੰਦਾ ਹੈ। ਇਸ ਅਵਸਥਾ ਦਾ ਪਰਮਾਣ 'ਸੇਵਾ' ਲਈ ਤੱਤਪਰਤਾ ਵਿਚੋਂ ਮਿਲਦਾ ਹੈ। 'ਅੰਧਕਾਰ'ਅਵਸਥਾ ਲੋਭ,ਲਾਲਚ,ਖ਼ੁਦਗਰਜ਼ੀ, ਅਗਿਆਨਤਾ, ਕਾਮ, ਝੂਠ ਮਨੁਖਤਾ ਦੀ ਹੈ ਅਤੇ 'ਜਾਗਤ ਜੋਤਿ, ਅਵਸਥਾ ਤਿਆਗ, ਪਰਉਪਕਾਰ, ਸੇਵਾ, ਸਚ, ਉਦਮ ਦੀ ਹੁੰਦੀ ਹੈ। ਇਸ ਸ਼ਬਦ ਵਿਚ ਇਸੇ ਦੀਵੇ ਦਾ ਉਲੇਖ ਹੈ।

ਸਿਰੀ ਰਾਗ ਮਹਲਾ ੧

ਅਛਲ ਛਲਾਈ ਨਹ ਛਲੈ,
ਨਹ ਘਾਉ ਕਟਾਰਾ ਕਰਿ ਸਕੈ ॥
ਜਿਉ ਸਾਹਿਬੁ ਰਾਖੈ ਤਿਉ ਰਹੈ,
ਇਸੁ ਲੋਭੀ ਕਾ ਜੀਉ ਟਲਪਲੈ ॥ ੧ ॥
ਬਿਨੁ ਤੇਲ ਦੀਵਾ ਕਿਉ ਜਲੈ ॥ ੧ ॥ ਰਹਾਉ ॥
ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਣਿ ਜਲਾਈਐ ॥੨॥
ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥
ਇਤੁ ਤਨਿ ਲਾਗੈ ਬਾਣੀਆ ॥
ਸੁਖੁ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥੩।
ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥੪। ੩੩।

'ਦੀਵਾ' ਇਕ ਦੀ ਭੁਗਤੀ ਦੀ ਅਵਸਥਾ ਹੈ ਜੋ ਮਨੁਖ ਨੂੰ ਮੁਕਤੀ ਪਰਦਾਨ ਕਰਦੀ ਹੈ ਅਤੇ ਦੁਖਾਂ ਦਾ ਨਾਸ਼ ਕਰ ਕੇ ਸੁਖ ਵਿਚ ਮਨੁਖ ਦਾ ਪਰਵੇਸ਼ ਕਰਦੀ ਹੈ।

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਇਆ ਤੇਲੁ ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ ੧ ॥
(ਆਸਾ ਮ: ੧)

'ਦੀਵਾ' 'ਸੁਰਤੀ ਸੁਰਤਿ' ਰਲਾਣ, ਤ੍ਰਿਸ਼ਨਾ ਮਾਰਨ, ਹਛੀ ਸੋਝੀ (ਸ਼ੁਭ) ਕਰਣੀ ਦੁਆਰਾ ਪ੍ਰਕਾਸ਼ਮਾਨ ਹੁੰਦਾ ਹੈ। ਇਹ 'ਜੋਤਿ' ਜਗ ਪਵੇ ਤਾਂ ਫਿਰ

ਬੁਝਦੀ ਨਹੀਂ, ਪਰ ਜਗਦੀ ਵੀ ਕਿਧਰੇ ਹੀ ਹੈ। 'ਜਾਗਤ ਜੋਤਿ' ਭਗਤੀ, ਤ੍ਰਿਸ਼ਨਾ ਰਹਿਤ, ਸ਼ੁਭ ਵਿਚਾਰ, ਸ਼ੁਭ ਵਿਹਾਰ ਦੀ ਅਵਸਥਾ ਹੈ, ਇਹੋ ਮੁਕਤੀ ਹੈ।

ਰਾਮਕਲੀ ਮਹਲਾ ੧ ॥

ਸੁਰਤੀ ਸੁਰਤਿ ਰਲਾਈਐ ਏਤੁ ।
ਤਨੁ ਕਰਿ ਤੁਲਹਾ ਲੰਘਹਿ ਜੇਤੁ ॥
ਅੰਤਰਿ ਭਾਹਿ ਤਿਸੈ ਤੂ ਰਖੁ ॥
ਅਹਿਨਿਸਿ ਦੀਵਾ ਬਲੈ ਅਥਕੁ ॥ ੧ ॥
ਐਸਾ ਦੀਵਾ ਨੀਰਿ ਤਰਾਇ ॥
ਜਿਤੁ ਦੀਵੈ ਸਭ ਸੋਝੀ ਪਾਇ ॥ ੧ ॥ ਰਹਾਉ ॥
ਹਛੀ ਮਿਟੀ ਸੋਝੀ ਹੋਇ ॥
ਤਾ ਕਾ ਕੀਆ ਮਾਨੈ ਸੋਇ ॥
ਕਰਣੀ ਤੇ ਕਰਿ ਚਕਹੁ ਢਾਲਿ ॥
ਐਥੈ ਓਥੈ ਨਿਬਹੀ ਨਾਲਿ ॥ ੨ ॥
ਆਪੇ ਨਦਰਿ ਕਰੇ ਜਾ ਸੋਇ ॥
ਗੁਰਮੁਖਿ ਵਿਰਲਾ ਬੂਝੈ ਕੋਇ ॥
ਤਿਤੁ ਘਟਿ ਦੀਵਾ ਨਿਹਚਲੁ ਹੋਇ ॥
ਪਾਣੀ ਮਰੈ ਨ ਬੁਝਾਇਆ ਜਾਇ ॥
ਐਸਾ ਦੀਵਾ ਨੀਰਿ ਤਰਾਇ ॥ ੩ ॥
ਡੋਲੈ ਵਾਉ ਨ ਵਡਾ ਹੋਇ ॥
ਜਾਪੈ ਜਿਉ ਸਿੰਘਾਸਣਿ ਲੋਇ ॥
ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ ॥
ਨਿਰਤਿ ਨ ਪਾਈਆ ਗਣੀ ਸਹੰਸ ॥
ਐਸਾ ਦੀਵਾ ਬਾਲੇ ਕੋਇ ॥
ਨਾਨਕ ਸੋ ਪਾਰੰਗਤਿ ਹੋਇ ॥ ੪ ॥ ੭ ॥

'ਜੋਤਿ' ਹਰ ਸਰੀਰ ਵਿਚ ਮੌਜੂਦ ਹੈ, ਪਰ ਪ੍ਰਕਾਸ਼ਮਾਨ 'ਨਦਰਿ' ਦੁਆਰਾ ਹੁੰਦੀ ਹੈ। ਜਿਥੇ 'ਜੋਤਿ' ਪ੍ਰਕਾਸ਼ਮਾਨ ਹੁੰਦੀ ਹੈ ਉਥੇ 'ਇਕੰਕਾਰ ਦੀ ਭਗਤੀ' ਦ੍ਰਿੜ੍ਹ ਹੁੰਦੀ ਹੈ। ਇਹ 'ਭਗਤੀ' ਅਨੰਦ ਮੁਕਤੀ, ਖੇੜਾ ਪਰਦਾਨ ਕਰਦੀ ਹੈ। ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:—

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ
ਤਾ ਤੂ ਜਗ ਮਹਿ ਆਇਆ ॥
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ ॥
ਹਰਿ ਆਪੇ ਮਾਤਾ ਆਪੇ ਪਿਤਾ
ਜਿਨਿ ਜੀਉ ਉਪਾਇ ਜਗਤੁ ਦਿਖਾਇਆ ॥
ਗੁਰਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ
ਜੋਤਿ ਰਾਖੀ ਤਾ ਤੂ ਜਗ ਮਹਿ ਆਇਆ ॥ ੩੩ ॥

(ਅਨੰਦੁ ਰਾਮਕਲੀ ਮ: ੩)

'ਜੋਤਿ' ਵਾਲੇ ਜੀਵ 'ਗੁਰਮੁਖਿ' ਹਨ ਅਤੇ ਕਦੇ ਬੁਢੇ ਨਹੀਂ ਹੁੰਦੇ। 'ਜੋਤਿ' ਵਾਲੇ ਜੀਵਾਂ ਵਿਚ ਗਿਆਨ, ਭਗਤੀ, ਸਹਜ, ਧਿਆਨ, ਬਿਬੇਕ ਉਪਜਦੇ ਹਨ ਅਤੇ ਉਹ ਦੁਖ ਸੁਖ ਨੂੰ ਸਮਾਨ ਮੰਨਦੇ ਹਨ।

ਸਲੋਕ ਮ: ੩ ॥

ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥
ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥

ਮ: ੩

ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ
ਜਿਨਾ ਅੰਤਰਿ ਹਰਿ ਸੁਰਤਿ ਨਾਹੀ ॥

ਵਿਚਿ ਹਉਮੈ ਕਰਮ ਕਮਾਵਦੇ
ਸਭ ਧਰਮਰਾਇ ਕੈ ਜਾਂਹੀ ॥

ਗੁਰੂ ਅਰਜਨ ਸਾਹਿਬ ਨੇ ਇਸੇ 'ਜਾਗਤ ਜੋਤਿ' ਅਵਸਥਾ ਨੂੰ 'ਬ੍ਰਹਮ-ਗਿਆਨ' ਕਿਹਾ ਹੈ। ਜਿਥੇ 'ਬ੍ਰਹਮਗਿਆਨ' ਹੈ ਉਥੇ 'ਸਚ-ਭਗਤੀ' ਹੈ; ਇਕੰਕਾਰ ਦੀ ਭਗਤੀ ਹੈ।

ਮਨਿ ਸਾਚਾ ਮੁਖਿ ਸਾਚਾ ਸੋਇ ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥
ਨਾਨਕ ਇਹ ਲਛਣ ਬ੍ਰਹਮਗਿਆਨੀ ਹੋਇ ॥

ਜਿਥੇ 'ਬ੍ਰਹਮਗਿਆਨ' ਹੈ, ਉਥੇ ਮਾਨਸਕ ਅਵਸਥਾ ਇਹ ਹੁੰਦੀ ਹੈ ਕਿ ਮਨੁਖ ਨਿਰਲੇਪ, ਨਿਰਦੋਖ, ਦ੍ਰਿਸਟਿ ਸਮਾਨੀ, ਧੀਰਜ ਧਾਰੀ, ਸਹਜਵਾਨ, ਨਿਰਮਲਾ, ਨਿਰਅਭਿਮਾਨੀ, ਸਮਦਰਸੀ, ਪਰਉਪਕਾਰੀ ਹੋ ਜਾਂਦਾ ਹੈ। 'ਬ੍ਰਹਮ ਗਿਆਨੀ ਆਪਿ ਨਿਰੰਕਾਰੁ' ਹੈ। ਸੋ ਮਾਇਆ ਵਿਚ ਲਿਪਤ ਹੋਣਾ, ਕਾਮਾਦਿਕ ਦੋਸ਼ਾਂ ਦਾ ਮਾਰਿਆ ਹੋਣਾ, ਵਿਤਕਰੇ ਕਰਨਾ, ਮੈਲਾ, ਖ਼ੁਦਗ਼ਰਜ਼ ਹੋਣਗੇ ਅੰਧਕਾਰ ਅਵਸਥਾ ਹਨ ਅਤੇ ਇਸ ਦੇ ਉਲਟ ਅਵਸਥਾ 'ਜਾਗਤ ਜੋਤਿ' ਅਵਸਥਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਨੇ 'ਜਾਗਤ ਜੋਤਿ' ਵਾਲੇ ਨੂੰ ਨਿਰਾ ਗਿਆਨ ਕਿਹਾ ਹੈ, ਭੈ ਨੂੰ ਅੰਧਕਾਰ ਮੰਨਿਆ ਹੈ ਅਤੇ ਨਿਰਭੈਤਾ ਗਿਆਨੀ ਦਾ ਖਾਸਾ ਪਰਵਾਨਿਆ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥

(ਸਲੋਕ ਮ: ੯)

ਗਿਆਨੀ ਲਈ ਦੁਖ-ਸੁਖ, ਉਸਤਤ ਨਿੰਦਾ, ਮਾਨ ਅਪਮਾਨ, ਹਰਖ ਸੋਗ, ਆਸ ਨਿਰਾਸਾ ਦੀ ਦ੍ਵੈਤ ਨਹੀਂ ਹੈ, ਕੇਵਲ 'ਇਕ' ਦੀ ਰਜ਼ਾ ਦਾ ਗਿਆਨ ਹੈ, ਅਤੇ ਉਸ ਦੇ ਭਾਣੇ ਵਿਚ ਰਹਿਣਾ 'ਇਕੰਕਾਰ-ਭਗਤੀ' ਹੈ। ਜਿਥੇ ਸਦਾ ਦ੍ਵੈਤ, ਭਰਮ, ਸੰਸਾ ਬਣੇ ਰਹਿੰਦੇ ਹਨ, ਉਥੇ 'ਅੰਧਕਾਰ' ਹੈ, ਜਿਥੇ ਭਾਣੇ ਵਿਚ

ਪ੍ਰਸੰਨਤਾ ਨਹੀਂ, ਉਥੇ ਭਗਤੀ ਨਹੀਂ, ਨਾ ਹੀ ਉਥੇ 'ਜਾਗਤ ਜੋਤਿ' ਦਾ ਪ੍ਰਕਾਸ਼ ਹੈ।

(੩)

'ਜੋਤਿ' ਦੀ ਲੋੜ 'ਅੰਧਕਾਰ' ਵਿਚ ਹੁੰਦੀ ਹੈ। ਰਾਤ ਅੰਧਕਾਰ ਦੀ ਸੂਚਕ ਹੈ। 'ਸੋਹਿਲਾ' ਬਾਣੀ ਰਾਤ ਦੇ ਨੇਮ ਦੀ ਹੈ। 'ਸੋਹਿਲਾ' 'ਜੋਤਿ' ਦਾ ਸੂਚਕ ਹੈ। ਸੋਹਿਲਾ ਵਿਚ ਪੰਜ ਸ਼ਬਦ ਹਨ ਅਤੇ ਹਰ ਸ਼ਬਦ ਵਿਚ ਇਕ ਇਕ ਅੰਧਕਾਰ ਦਾ ਰੂਪ ਦਸਿਆ ਹੈ ਅਤੇ ਇਕ ਇਕ 'ਜੋਤਿ' ਦਾ ਰੂਪ। ਦਸਮ ਗ੍ਰੰਥ' ਵਿਚ ਵੀ ਇਹੋ 'ਅੰਧਕਾਰ' ਅਤੇ 'ਜੋਤਿ' ਦੇ ਰੂਪ ਮਹਾਨ ਮੰਨੇ ਗਏ ਹਨ।

'ਸੋਹਿਲੇ' ਵਿਚ 'ਅੰਧਕਾਰ' ਦੇ ਪੰਜ ਰੂਪ ਜਨਮ ਮਰਨ, ਰੋਜ਼ੀ ਦੀ ਚਿੰਤਾ, ਧਾਰਮਕ—ਦਾਰਸ਼ਨਿਕ—ਸਮਾਜ ਵਿਤਕਰੇ, ਰੰਗ—ਬੂ—ਨਸਲ ਦੇ ਆਧਾਰ ਤੇ ਮਨੁਖਤਾ ਦੀਆਂ ਵੰਡੀਆਂ, ਕਾਮ—ਕ੍ਰੋਧ—ਲੋਭ ਗ੍ਰਸਤ ਹੋਣਾ, ਜੀਵਨ ਦੀ ਮਹਾਨਤਾ ਤੋਂ ਅਗਿਆਤ ਹੋਣਾ ਹਨ ਅਤੇ 'ਜੋਤਿ' ਇਹ ਹੈ ਕਿ ਪ੍ਰਭੂ-ਪ੍ਰਤੀਤ ਕਰਨੀ, ਧਰਮਾਂ ਦਰਸ਼ਨਾਂ ਦੀ ਸਮਾਨਤਾ ਦਾ ਵਿਸ਼ਵਾਸੀ ਹੋਣਾ, ਮਨੁਖਤਾ ਦੀ ਬਰਾਬਰੀ ਦਾ ਵਿਸ਼ਵਾਸੀ ਹੋਣਾ, ਕਾਮਾਦਿਕ ਨੂੰ ਖੰਡਨ ਦਾ ਯਤਨ ਕਰਨਾ ਅਤੇ ਜੀਵਨ ਨੂੰ ਸੰਤ-ਟਹਿਲ ਵਿਚ ਲਗਾਣਾ।

੧. ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥
ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥

੨. ਛਿਅ ਘਰ ਛਿਅ ਗੁਰ ਛਿਅ ਉਪਦੇਸ ॥
ਗੁਰੁ ਗੁਰੁ ਏਕੋ ਵੇਸ ਅਨੇਕ ॥

੩. ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ ॥
ਗੁਰਸਾਖੀ ਜੋਤਿ ਪ੍ਰਗਟੁ ਹੋਇ ॥

੪. ਕਾਮਿ ਕਰੋਧਿ ਨਗਰੁ ਬਹੁ ਭਰਿਆ
ਮਿਲਿ ਸਾਧੂ ਖੰਡਨ ਖੰਡਾ ਹੇ ॥

ਪੂਰਬਿ ਲਿਖਤ ਲਿਖੇ ਗੁਰੁ ਪਾਇਆ
ਮਨਿ ਹਰਿ ਲਿਵ ਮੰਡਲ ਮੰਡਾ ਹੇ ॥
੫. ਅਉਧ ਘਟੈ ਦਿਨਸੁ ਰੈਣਾ ਰੇ ॥
ਮਨ, ਗੁਰ ਮਿਲਿ ਕਾਜ ਸਵਾਰੇ ॥

'ਜਾਗਤ-ਜੋਤਿ' ਦਾ ਨਿਰੂਪਣ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਹੀ ਭਾਵਨਾ ਦੁਆਰਾ ਕੀਤਾ ਹੈ ਜੋ 'ਸੋਹਿਲੇ' ਵਿਚ ਵਿਦਮਾਨ ਹਨ :

(੧) ਕੰਦ੍ਰਾਂ ਵਿਚ ਰਹਿਣਾ, ਬਨਾਂ ਵਿਚ ਭ੍ਰਮਣਾ, ਉਦਾਸ ਫਿਰਨਾ, ਭੇਖ ਧਾਰਨੇ, ਬ੍ਰਤ ਰਖਣੇ, ਦਾਨ-ਪੁੰਨ ਕਰਨੇ, ਸੰਨਿਆਸ ਧਾਰਨਾ ਆਦਿ ਅੰਧਕਾਰ ਕਰਮ ਹਨ, ਕੇਵਲ ਸਿਮਰਨ 'ਜਾਗਤ ਜੋਤਿ' ਜਪਣਾ ਹੀ ਗਿਆਨਵਾਨ ਕਰਤਵ ਹਨ ।

ਇਕੰਤ ਕੂੰਟ ਬਾਸਨੰ ॥ ਭ੍ਰਮੰਤੰ ਕੋਟਕੰ ਬਨੰ ॥
ਉਤਾਟ ਨਾਦ ਕਰਮਣੰ ॥ ਅਨੇਕ ਉਦਾਸ ਭਰਮਣੰ ॥
ਅਨੇਕ ਭੇਖ ਆਸਨੰ ॥ ਕਰੋਰ ਕੋਟਕੰ ਬ੍ਰਤੰ ॥
ਦਿਸਾ ਦਿਸਾ ਭ੍ਰਮੇਸਨੰ ॥ ਅਨੇਕ ਭੇਖ ਪੇਖਨੰ ॥
ਕਰੋਰ ਕੋਟ ਦਾਨਕੰ ॥ ਅਨੇਕ ਜਗਯ ਕ੍ਰਤਬਯੰ ॥
ਸੰਨਿਆਸ ਆਦਿ ਧਰਮਣੰ ॥ ਉਦਾਸ ਨਾਮ ਕਰਮਣੰ ॥
ਅਨੇਕ ਪਾਠ ਪਾਠਨੰ ॥ ਅਨੰਤ ਠਾਟ ਠਾਟਨੰ ॥
ਨ ਏਕ ਨਾਮ ਕੇ ਸਮੰ ॥ ਸਮਸਤ ਸ੍ਰਿਸਟਿ ਕੇ ਭ੍ਰਮ ॥
(ਗਿਆਨ ਪ੍ਰਬੋਧ)

(੨) ਦੇਹੁਰਾ ਮਸੀਤ ਤੇ ਪੁਰਾਨ-ਕੁਰਾਨ ਨੂੰ ਇਕ ਸਮਾਨ ਜਾਣਨਾ ਗਿਆਨਵਾਨ ਦੀ ਨਿਸ਼ਾਨੀ ਹੈ ਅਤੇ ਵਿਤਕਰੇਬਾਜ਼ੀ ਅੰਧਕਾਰ ਦੀ—

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥

ਏਕੈ ਨੈਨ ਏਕ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥

(ਅਕਾਲ ਉਸਤਤਿ)

(੩) ਗਿਆਨਵਾਨ ਲਈ ਸਾਰੀ ਮਨੁਖਤਾ ਇਕ ਸਮਾਨ ਹੈ :

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿਗੇ ॥
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਗੇ ॥

(ਅਕਾਲ ਉਸਤਤਿ)

(੫) 'ਜਾਗਤ ਜੋਤਿ' ਦੀ ਅਵਸਥਾ ਜ਼ਬਤ, ਸੰਜਮ ਦੀ ਅਵਸਥਾ ਹੈ ਜਿਥੇ ਕਾਮਾਦਿਕ ਨੂੰ ਮਲ ਦਲ ਦਿਤਾ ਜਾਂਦਾ ਹੈ।

ਰੇ ਮਨ ਐਸੋ ਕਰ ਸੰਨਿਆਸਾ ॥
ਬਨਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ ॥
ਜਤ ਕੀ ਜਟਾ ਜੋਗ ਕੋ ਮਜਨੁ ਨੇਮ ਕੇ ਨਖਨ ਬਢਾਓ ॥
ਗਿਆਨ ਗੁਰੂ ਆਤਮ ਉਪਦੇਸਹੁ ਨਾਮ ਬਿਭੂਤ ਲਗਾਓ ॥
ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ।
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ ॥
ਕਾਮ ਕ੍ਰੋਧ ਅਹੰਕਾਰ ਲੋਭ ਹਠ ਮੋਹ ਨ ਮਨ ਸਿਓ ਲਯਾਵੈ ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ ॥

(ਰਾਮਕਲੀ ਪਾ: ੧੦)

(੬) ਜੀਵਨ ਨੂੰ ਸ਼ੁਭ ਪਾਸੇ, ਪਰਉਪਕਾਰ, ਸੰਤ-ਸੇਵਾ ਵਿਚ ਲਗਾਣਾ 'ਜਾਗਤ ਜੋਤਿ' ਅਵਸਥਾ ਹੈ :—

ਦੇਹਿ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰਿ ਆਪਨੀ ਜੀਤ ਕਰੋਂ ॥
ਅਰੁ ਸਿਖ ਹੋ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਣ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋਂ ॥

(ਚੰਡੀ ਚਰਿਤ੍ਰ)

ਇਹ 'ਜਾਗਤ ਜੋਤਿ' ਵਾਲੇ ਦੀ ਅਵਸਥਾ ਹੋਈ।

(੪)

'ਜਾਗਤ ਜੋਤਿ' ਅਵਸਥਾ ਦਾ ਮਾਲਕ 'ਖਾਲਸਾ' ਹੈ। 'ਖਾਲਸਾ' ਪਾਹੀ' ਹੈ ਜਿਸ ਦੇ ਬਲ ਦਾ ਭੇਦ 'ਸੰਤ' ਹੋਣ ਵਿਚ ਹੈ—ਖਾਲਸਾ 'ਸੰਤ' ਪਹਿਲਾਂ ਹੈ ਅਤੇ 'ਸਿਪਾਹੀ' ਮਗਰੋਂ ਹੈ। ਭਗਤੀ ਦੁਆਰਾ 'ਜੋਤਿ' ਅੰਦਰ ਜਗਦੀ ਹੈ। ਕਬੀਰ ਜੀ ਇਸੇ ਪ੍ਰਕਾਰ ਦੇ 'ਖਾਲਸੇ' ਬਣੇ :—

ਸੋਰਠਿ ਕਬੀਰ ਜੀ

ਬੇਦ ਪੁਰਾਨ ਸਭੈ ਮਤ ਸੁਨਿ ਕੈ
ਕਰੀ ਕਰਮ ਕੀ ਆਸਾ ॥
ਕਾਲ ਗ੍ਰਸਤ ਸਭ ਲੋਗ ਸਿਆਨੇ
ਉਠਿ ਪੰਡਤ ਪੈ ਚਲੇ ਨਿਰਾਸਾ ॥ ੧ ॥
ਮਨ ਰੇ ਸਰਿਓ ਨ ਏਕੈ ਕਾਜਾ ॥
ਭਜਿਓ ਨ ਰਘੁਪਤਿ ਰਾਜਾ ॥ ੧ ॥ ਰਹਾਉ ॥

ਬਨਖੰਡ ਜਾਇ ਜੋਗੁ ਤਪੁ ਕੀਨੋ
ਕੰਦ ਮੂਲੁ ਚੁਨਿ ਖਾਇਆ ॥
ਨਾਦੀ ਬੇਦੀ ਸਬਦੀ ਮੋਨੀ
ਜਮ ਕੇ ਪਟੈ ਲਿਖਾਇਆ ॥ ੨ ॥
ਭਗਤਿ ਨਾਰਦੀ ਰਿਦੈ ਨ ਆਈ
ਕਾਛਿ ਕੂਛਿ ਤਨੁ ਦੀਨਾ ॥
ਰਾਗ ਰਾਗਨੀ ਡਿੰਭ ਹੋਇ ਬੈਠਾ
ਉਨਿ ਹਰਿ ਪਹਿ ਕਿਆ ਲੀਨਾ ॥ ੩ ॥
ਪਰਿਓ ਕਾਲੁ ਸਭੈ ਜਗ ਊਪਰ
ਮਾਹਿ ਲਿਖੇ ਭ੍ਰਮ ਗਿਆਨੀ ॥
ਕਹੁ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤਿ ਜਿਹ ਜਾਨੀ ॥ ੪ ॥ ੩ ॥

'ਜਾਗਤ ਜੋਤਿ ਜਪੈ ਨਿਸਬਾਸਰ' ਵਾਲਾ ਬੁਤ, ਗੋਰ, ਮੜੀ, ਮਠ, ਤੀਰਥ, ਦਾਨ, ਦਇਆ,ਤਪ ਸੰਜਮ ਦਾ ਵਿਸ਼ਵਾਸੀ ਨਹੀਂ, 'ਇਕੋ' ਦਾ ਵਿਸ਼ਵਾਸੀ ਹੈ ਅਤੇ 'ਖਾਲਸ' ਬਣਦਾ ਹੈ। ਕਬੀਰ ਜੀ ਵੀ ਇਸੇ ਪ੍ਰਕਾਰ ਖਾਲਸੇ ਬਣੇ। ਕਰਮ, ਜੋਗ, ਤਪ, ਨਾਦ, ਬੇਦ, ਮੋਨ, ਭਰਮ ਛਡ ਕੇ ਆਪਣੀ 'ਪ੍ਰੇਮਾ ਭਗਤੀ' ਕੀਤੀ ਅਤੇ ਖਾਲਸੇ ਹੋ ਗਏ। ਭਗਤੀ ਦੁਆਰਾ ਜੋਤਿ ਅੰਦਰ ਜਗਦੀ ਹੈ। ਭਗਤੀ 'ਨਦਰਿ' ਦੁਆਰਾ ਪ੍ਰਾਪਤ ਹੁੰਦੀ ਹੈ। 'ਨਦਰਿ' ਨਾਲ ਮਨੁਖ 'ਖਾਲਸਾ' ਹੋ ਜਾਂਦਾ ਹੈ, 'ਪੂਰਨ ਜੋਤਿ' ਵਾਲਾ 'ਖਾਲਸਾ'।

ਜੋ 'ਖਾਲਸਾ' ਦਸਮ ਪਿਤਾ ਜੀ ਨੇ ੧੬੯੯ ਸੰਨ ਵਿਚ ਪ੍ਰਗਟ ਕੀਤਾ, ਉਹ 'ਗੁਰੂ ਗ੍ਰੰਥ' ਅਤੇ 'ਦਸਮ ਗ੍ਰੰਥ' ਦਾ ਮੁਖ ਉਦੇਸ਼ ਸੀ। ਸਾਰੇ 'ਭਗਤਾਂ' ਨੇ ਉਸ ਖਾਲਸੇ ਦੀ ਵਿਆਖਿਆ ਕੀਤੀ ਹੋਈ ਸੀ। ਖਾਲਸਾ 'ਜਾਗਤ ਜੋਤਿ' ਆਚਰਨ ਹੈ, ਮਨ, ਬੁਧੀ, ਆਤਮਾ ਦੀ ਅਵਸਥਾ ਹੈ।

'ਜਾਗਤ ਜੋਤੀ' ਮਨੁਖੀ ਵਿਕਾਸ਼ ਦਾ ਅੰਤਮ ਪੜਾ ਹੈ। ਆਦਰਸ਼ਕ ਮਨੁਖ ਹੀ 'ਗੁਰੂ ਗ੍ਰੰਥ' ਅਤੇ 'ਦਸਮ ਗ੍ਰੰਥ' ਦਾ 'ਮੁਖ ਪਾਤਰ' ਅਤੇ 'ਮੁਖ ਉਦੇਸ਼'

ਹੈ। ਇਸੇ ਲਈ ਸਾਧ, ਸੰਤ, ਬ੍ਰਹਮਗਿਆਨੀ, ਸੇਵਕ, ਆਸ਼ਕ, ਸਚਿਆਰ, ਭਗਤ, ਗੁਰਮੁਖਿ ਸ਼ਬਦ ਵਰਤੇ ਗਏ ਹਨ। ਐਸੇ ਪੁਰਸ਼ ਦਾ ਸਬੂਤ ਉਸ ਦਾ ਅਮਲੀ ਵਤੀਰਾ ਹੁੰਦਾ ਹੈ ਜਿਸ ਦਾ ਆਧਾਰ ਧਰਮ, ਦਇਆ, ਸੰਤੋਖ, ਜਤ, ਧੀਰਜ, ਮਤਿ, ਵੇਦ, ਗਿਆਨ, ਭਉ, ਭਾਉ, ਸਰਮ, ਧਿਆਨ ਹੁੰਦੇ ਹਨ। ਇਸੇ ਪੁਰਸ਼ ਨੂੰ ਇਹ ਅਵਸਥਾ ਪਰਾਪਤ ਹੁੰਦੀ ਹੈ—

ਖੇਮ ਸਾਂਤਿ ਰਿਧਿ ਨਵਨਿਧਿ ॥
ਬੁਧਿ ਗਿਆਨੁ ਸਰਬ ਤਹ ਸਿਧਿ ॥
ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥
ਗਿਆਨੁ ਸ੍ਰੇਸਟ ਊਤਮ ਇਸਨਾਨੁ ॥
ਚਾਰਿ ਪਦਾਰਥ ਕਮਲ ਪ੍ਰਗਾਸ ॥
ਸਭ ਕੈ ਮਧਿ ਸਗਲ ਤੇ ਉਦਾਸ ॥
ਸੁੰਦਰੁ ਚਤੁਰੁ ਤਤ ਕਾ ਬੇਤਾ ॥
ਸਮਦਰਸੀ ਏਕ ਦ੍ਰਿਸਟੇਤਾ ॥
ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥
ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥

(ਸੁਖਮਨੀ)

ਸਿਮਰਨ ਨਾਲ ਵਿਕਾਸ਼ ਦੀ ਇਹ ਅਵਸਥਾ ਬਣਦੀ ਹੈ।